**Buying/Selling *in Michigan***



All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150, Plymouth, MI 48170
Call: 734-751-4455
rajsshergill@yahoo.com
Raj Shergill
*Associate Broker*





ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419



**Singh Accounting & Tax Services**
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com



Sarbjit Singh Khakh (Sabhi)
*Accountant*



Twentieth Year of Publication
ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 20, Issue 20, May 18, 2019 20451 N. Plum Grove Rd., Palatine, IL 60074 Ph:847-359-0746, Fax:847-705-9388


## ਸਿਆਸੀ ਧਿਰਾਂ ਵਲੋਂ ਸਿੱਖ ਮਸਲਿਆਂ ਦੀ ਓਟ

### ਪ੍ਰਾਪਤੀਆਂ ਗਿਣਾਉਣ ਲਈ ਕਿਸੇ ਕੋਲ ਕੁਝ ਵੀ ਨਹੀਂ

**ਚੰਡੀਗੜ੍ਹ:** ਇਸ ਵਾਰ ਲੋਕ ਸਭਾ ਚੋਣਾਂ ਵਿਚ ਸਿਆਸੀ ਧਿਰਾਂ ਨੇ ਸਿੱਖ ਮਸਲਿਆਂ ਨੂੰ ਸਿਆਸੀ ਢਾਲ ਬਣਾਇਆ ਹੋਇਆ ਹੈ। ਇਹ ਪਹਿਲੀ ਵਾਰ ਹੈ ਜਦੋਂ ਕੇਂਦਰੀ ਸਿਆਸਤ ਇਨ੍ਹਾਂ ਮਸਲਿਆਂ ਦੀ ਓਟ ਲੈ ਰਹੀ ਹੈ। ਆਮ ਕਰਕੇ ਚੋਣਾਂ ਵੇਲੇ ਇਹ ਮਸਲੇ ਪੰਜਾਬ ਦੀ ਸਿਆਸਤ ਤੱਕ ਸੀਮਤ ਰਹਿੰਦੇ ਸਨ ਪਰ ਇਸ ਵਾਰ ਦਿੱਲੀ ਤੋਂ ਪ੍ਰਚਾਰ ਲਈ ਆਏ ਸਿਆਸੀ ਆਗੂ ਪੰਜਾਬ ਦਾ ਕੋਈ ਹੋਰ ਮੁੱਦਾ ਚੁੱਕਣ ਦੀ ਥਾਂ ਸਿੱਖਾਂ ਲਈ ਆਪਣੀਆਂ ਪ੍ਰਾਪਤੀਆਂ ਗਿਣਵਾ ਰਹੇ ਹਨ।

ਪੰਜ ਸਾਲ ਕੇਂਦਰੀ ਸੱਤਾ ਵਿਚ ਰਹੀ ਭਾਜਪਾ ਦਾਅਵਾ ਕਰ ਰਹੀ ਹੈ ਕਿ ਉਸ ਨੇ 1984 ਸਿੱਖ ਕਤਲੇਆਮ ਪੀੜਤਾਂ ਨੂੰ ਨਿਆਂ ਦਿਵਾਇਆ ਹੈ। ਸਿੱਖਾਂ ਲਈ ਕਰਤਾਰਪੁਰ ਲਾਂਘਾ ਖੋਲ੍ਹ ਕੇ ਕੌਮ ਨੂੰ ਵੱਡੀ ਰਾਹਤ ਦਿੱਤੀ ਹੈ। ਉਧਰ, ਕਾਂਗਰਸ ਬੇਅਦਬੀ ਦੇ ਮੁੱਦੇ ਚੁੱਕ ਕੇ ਅਕਾਲੀਆਂ ਨੂੰ ਘੇਰ ਰਹੀ ਹੈ। ਦਰਅਸਲ, ਭਾਜਪਾ ਨੇ ਇਨ੍ਹਾਂ ਸਿੱਖ ਮਸਲਿਆਂ ਨੂੰ ਪਹਿਲਾਂ ਹੀ ਚੋਣ ਪ੍ਰਚਾਰ ਦਾ ਹਿੱਸਾ ਬਣਾਉਣ ਦੀ ਤਿਆਰੀ ਕੀਤੀ ਹੋਈ ਸੀ ਪਰ ਕਾਂਗਰਸ ਆਗੂ ਸੈਮ ਪਿਤਰੋਦਾ ਦੇ 84 ਦੇ ਸਿੱਖ ਕਤਲੇਆਮ ਬਾਰੇ 'ਹੂਆ ਤੋ ਹੂਆ' ਬਿਆਨ ਨੇ ਭਾਜਪਾ ਨੂੰ ਵੱਡਾ ਮੌਕਾ ਦੇ ਦਿੱਤਾ। ਇਹ ਬਿਆਨ ਉਸ ਸਮੇਂ ਆਇਆ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਵਿਚ ਚੋਣ ਪ੍ਰਚਾਰ ਲਈ ਆਉਣਾ ਸੀ। ਮੋਦੀ ਨੇ ਆਪਣੀ ਪੰਜਾਬ ਫੇਰੀ ਦੌਰਾਨ ਹਰ ਰੈਲੀ ਨੂੰ 84 ਸਿੱਖ ਕਤਲੇਆਮ ਦੁਆਲੇ ਘੁਮਾਇਆ ਅਤੇ ਕਾਂਗਰਸ ਨੂੰ ਰੱਜ ਕੇ ਭੰਡਿਆ।

ਉਨ੍ਹਾਂ ਦਾਅਵਾ ਕੀਤਾ ਕਿ 'ਚੌਕੀਦਾਰ' ਨੇ 84 ਦੇ ਦੋਸ਼ੀਆਂ ਨੂੰ ਸਜ਼ਾ ਦਿਵਾ ਕੇ ਸਿੱਖ ਕੌਮ ਨੂੰ ਇਨਸਾਫ ਦਿਵਾਇਆ ਜਦੋਂਕਿ ਨਾਮਦਾਰ (ਰਾਹੁਲ ਗਾਂਧੀ) ਨੇ ਸਿਰਫ ਦਿਖਾਵਾ ਕਰ ਛੱਡਿਆ। ਨਾਮਦਾਰ ਦੇ ਸਿਆਸੀ ਗੁਰੂ ਸੈਮ ਪਿਤਰੋਦਾ ਨੇ 84 ਬਾਰੇ 'ਹੂਆ ਤੋ ਹੂਆ' ਆਖ ਕੇ ਘਰ ਦਾ ਭੇਤ ਜਨਤਕ ਤੌਰ 'ਤੇ ਖੋਲ੍ਹ ਦਿੱਤਾ ਹੈ। ਦਰਅਸਲ, ਕਾਂਗਰਸ ਨੇ ਅਕਾਲੀਆਂ ਤੇ ਭਾਜਪਾ ਨੂੰ ਘੇਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਗੋਲੀਕਾਂਡ ਨੂੰ ਹਥਿਆਰ ਬਣਾਇਆ ਹੋਇਆ ਸੀ। ਅਕਾਲੀ ਤੇ ਉਨ੍ਹਾਂ ਦੇ ਭਾਈਵਾਲ ਇਸ ਮਸਲੇ ਉਤੇ ਆਪਣੇ ਆਪ ਨੂੰ ਘਿਰਿਆ ਮਹਿਸੂਸ ਕਰ ਰਹੇ ਸਨ ਪਰ ਕਾਂਗਰਸੀ ਆਗੂ ਦੇ ਬਿਆਨ ਨੇ ਭਾਜਪਾ ਨੂੰ ਵੱਡਾ ਮੌਕਾ ਦੇ ਦਿੱਤਾ। ਦਰਅਸਲ, ਚੋਣ ਮਾਹੌਲ ਵਿਚ ਕਾਂਗਰਸ ਅਜਿਹੀਆਂ ਕੁਤਾਹੀਆਂ ਕਰਨ ਵਿਚ ਹਮੇਸ਼ਾ ਚਰਚਾ ਵਿਚ ਰਹੀ ਹੈ ਅਤੇ ਭਾਜਪਾ ਨੇ ਅਜਿਹਾ ਮੌਕਾ ਕਦੇ ਨਹੀਂ ਖੁੰਝਾਇਆ। ਪਿਤਰੋਦਾ ਦੇ ਬਿਆਨ ਨੇ ਕਾਂਗਰਸ ਨੂੰ ਚੋਣਾਂ ਤੋਂ ਪਹਿਲਾਂ ਕੀਤੀਆਂ ਜਾਣ ਵਾਲੀਆਂ ਕੋਤਾਹੀਆਂ ਚੇਤੇ ਕਰਵਾ ਦਿੱਤੀਆਂ। ਸੀਨੀਅਰ ਆਗੂ ਮਨੀ ਸ਼ੰਕਰ ਅਈਅਰ ਨੇ 2014 'ਚ ਚੋਣਾਂ ਤੋਂ ਐਨ ਪਹਿਲਾਂ ਭਾਜਪਾ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਨਰਿੰਦਰ ਮੋਦੀ ਨੂੰ 'ਚਾਹ ਵਾਲਾ' ਆਖੇ ਜਾਣ 'ਤੇ ਕਾਂਗਰਸ ਨੂੰ ਭਾਰੀ ਨੁਕਸਾਨ ਦਾ ਸਾਹਮਣਾ ਕਰਨਾ ਪਿਆ ਸੀ।

ਇਸੇ ਤਰ੍ਹਾਂ 2017 'ਚ ਗੁਜਰਾਤ ਵਿਧਾਨ ਸਭਾ ਚੋਣਾਂ ਵੇਲੇ ਅਈਅਰ ਵਲੋਂ ਸ੍ਰੀ ਮੋਦੀ 'ਤੇ ਜਾਤ ਨਾਲ ਸਬੰਧਤ ਟਿੱਪਣੀ ਕਰਨ 'ਤੇ ਕਾਂਗਰਸ ਨੂੰ ਨਮੋਸ਼ੀ ਹੋਈ ਸੀ। ਐਤਕੀਂ ਸੈਮ ਪਿਤਰੋਦਾ ਦੇ 'ਹੂਆ ਤੋ ਹੂਆ' ਬਿਆਨ ਦੇ ਕੇ ਹੁਕਮਰਾਨ ਧਿਰ ਨੂੰ ਮੁੱਦਾ ਫੜਾ ਦਿੱਤਾ। ਉਂਜ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਜਨਤਕ ਤੌਰ 'ਤੇ ਆਪਣੇ ਸਲਾਹਕਾਰ ਪਿਤਰੋਦਾ ਦੀ ਝਾੜ-ਝੰਬ ਕਰਦਿਆਂ ਉਸ ਨੂੰ ਮੁਆਫੀ ਮੰਗਣ ਲਈ ਕਿਹਾ ਸੀ ਪਰ ਭਾਜਪਾ ਇਸ ਮੁੱਦੇ ਨੂੰ ਕਿਸੇ ਵੀ ਕੀਮਤ ਉਤੇ ਹੱਥੋਂ ਜਾਣ ਨਹੀਂ ਦੇਣਾ ਚਾਹੁੰਦੀ ਸੀ। ਯਾਦ ਰਹੇ ਕਿ 2014 ਦੀਆਂ ਲੋਕ ਸਭਾ ਚੋਣਾਂ ਵੇਲੇ ਜਦੋਂ ਮੋਦੀ ਚੋਣ ਪ੍ਰਚਾਰ ਲਈ ਪੰਜਾਬ ਆਏ ਸਨ ਤਾਂ ਉਨ੍ਹਾਂ ਨੇ ਕਿਸਾਨ ਮਸਲਿਆਂ ਤੇ ਰੁਜ਼ਗਾਰ ਦੇਣ ਨੂੰ ਪਹਿਲ ਦਿੱਤੀ। ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦਾ ਐਲਾਨ ਕੀਤੇ। ਗੁਜਰਾਤ ਵਿਚ ਪੰਜਾਬੀ ਕਿਸਾਨਾਂ ਦੇ ਮਸਲੇ ਹੱਲ ਕਰਨ ਦਾ ਭਰੋਸਾ ਦਿੱਤਾ ਪਰ ਪੰਜ ਸਾਲ ਸੱਤਾ ਭੋਗਦੇ ਹੋਏ ਭਾਜਪਾ ਨੇ ਇਨ੍ਹਾਂ ਮੁੱਦਿਆਂ ਦਾ ਕਦੇ ਜ਼ਿਕਰ ਨਹੀਂ ਕੀਤਾ। ਉਹੀ ਗੁਜਰਾਤ ਦੇ ਪੰਜਾਬੀ ਕਿਸਾਨ ਹੁਣ ਬਠਿੰਡਾ ਵਿਚ ਬਾਦਲਾਂ ਖਿਲਾਫ ਮੋਰਚਾ ਲਾਈ ਬੈਠੇ ਹਨ। ਰੁਜ਼ਗਾਰ ਦੇ ਮੁੱਦੇ ਉਤੇ ਮੋਦੀ ਸਰਕਾਰ ਪੂਰੇ ਦੇਸ਼ ਵਿਚ ਘਿਰੀ ਹੋਈ ਹੈ। ਹੁਣ ਜਦੋਂ ਮੋਦੀ ਇਹ ਸੋਚ ਰਿਹਾ ਸੀ ਕਿ ਉਹ ਕਿਹੜਾ ਮੂੰਹ ਲੈ ਕੇ ਪੰਜਾਬ ਜਾਵੇ ਤਾਂ ਕਾਂਗਰਸ ਨੇ ਸਿੱਖ ਕਤਲੇਆਮ ਦਾ ਮੁੱਦਾ ਉਨ੍ਹਾਂ ਦੀ ਝੋਲੀ ਪਾ ਦਿੱਤਾ।

## ਚੋਣਾਂ ਮੌਕੇ ਸਿੱਧੂ ਜੋੜੇ ਦੇ ਬਾਗੀ ਸੁਰ

**ਚੰਡੀਗੜ੍ਹ:** ਚੋਣ ਮਾਹੌਲ ਵਿਚ ਵੀ ਧੜੇਬੰਦੀ ਕਾਂਗਰਸ ਦਾ ਖਹਿੜਾ ਨਹੀਂ ਛੱਡ ਰਹੀ। ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਖੂੰਜੇ ਲਾਉਣ ਦਾ ਮਸਲਾ ਇਸ ਸਮੇਂ ਭਖਿਆ ਹੋਇਆ ਹੈ। ਕੈਪਟਨ ਅਮਰਿੰਦਰ ਸਿੰਘ ਸਮੇਤ ਹੋਰ ਆਗੂ ਭਾਵੇਂ ਇਸ ਗੱਲ ਉਤੇ ਪਰਦਾ ਪਾ ਰਹੇ ਸਨ ਪਰ ਸਿੱਧੂ ਅਤੇ ਉਨ੍ਹਾਂ ਦੀ ਪਤਨੀ ਨਵਜੋਤ ਕੌਰ ਸਿੱਧੂ ਹੁਣ ਇਸ ਮੁੱਦੇ ਉਤੇ ਖੁੱਲ੍ਹ ਕੇ ਸਾਹਮਣੇ ਆ ਗਏ ਹਨ।

ਨਵਜੋਤ ਕੌਰ ਸਿੱਧੂ ਨੇ ਤਾਂ ਕੈਪਟਨ ਨੂੰ ਵੱਡੇ ਉਲਾਂਭੇ ਦਿੱਤੇ ਹਨ। ਬੀਬੀ ਸਿੱਧੂ ਨੇ ਇਥੋਂ ਤੱਕ ਆਖ ਦਿੱਤਾ ਹੈ ਕਿ ਕੈਪਟਨ ਅਤੇ ਆਸ਼ਾ ਕੁਮਾਰੀ ਦੇ ਕਹਿਣ ਉਤੇ ਉਨ੍ਹਾਂ ਨੂੰ ਟਿਕਟ ਨਹੀਂ ਦਿੱਤੀ ਗਈ। ਉਨ੍ਹਾਂ ਨੇ ਮੁੱਖ ਮੰਤਰੀ ਨੂੰ 'ਛੋਟਾ ਕੈਪਟਨ' ਅਤੇ ਰਾਹੁਲ ਨੂੰ 'ਵੱਡਾ ਕੈਪਟਨ' ਆਖ ਕੇ ਵੀ ਆਪਣੀ ਨਾਰਾਜ਼ਗੀ ਜ਼ਾਹਿਰ ਕੀਤੀ। ਉਧਰ, ਨਵਜੋਤ ਸਿੱਧੂ ਵੀ ਕੈਪਟਨ ਤੋਂ ਕਾਫੀ ਨਾਰਾਜ਼ ਹਨ। ਚੇਤੇ ਰਹੇ ਕਿ ਸਿੱਧੂ ਨੂੰ ਪੰਜਾਬ ਵਿਚ ਚੋਣ ਪ੍ਰਚਾਰ ਤੋਂ ਦੂਰ ਰੱਖਿਆ ਗਿਆ ਪਰ ਚੋਣਾਂ ਤੋਂ ਕੁਝ ਦਿਨ ਪਹਿਲਾਂ ਉਹ ਅਚਾਨਕ ਪ੍ਰਿਅੰਕਾ ਗਾਂਧੀ ਦੀ ਰੈਲੀ ਵਿਚ ਪਹੁੰਚ ਗਏ ਤੇ ਆਖ ਦਿੱਤਾ ਕਿ ਉਹ ਸਿਰਫ ਪ੍ਰਿਅੰਕਾ ਦੇ ਕਹਿਣ ਉਤੇ ਪ੍ਰਚਾਰ ਲਈ ਆਏ ਹਨ। ਰੈਲੀ ਵਿਚ ਕੈਪਟਨ ਅਮਰਿੰਦਰ ਸਿੰਘ ਵੀ ਮੌਜੂਦ ਸਨ ਪਰ ਸਿੱਧੂ ਨੇ ਨਜ਼ਰਾਂ ਮਿਲਾਉਣ ਦੀ ਥਾਂ 5 ਮਿੰਟ ਰੈਲੀ ਨੂੰ ਸੰਬੋਧਨ ਕੀਤਾ ਅਤੇ ਤੁਰਦੇ ਬਣੇ।




ਯਾਦ ਰਹੇ ਕਿ ਨਵਜੋਤ ਸਿੱਧੂ ਆਪਣੀ ਪਤਨੀ ਨੂੰ ਚੰਡੀਗੜ੍ਹ ਤੋਂ ਟਿਕਟ ਨਾ ਮਿਲਣ ਕਰਕੇ ਖਫਾ ਹਨ। ਉਨ੍ਹਾਂ ਦੀ ਪਤਨੀ ਨੇ ਸਪਸ਼ਟ ਕਿਹਾ


*(ਬਾਕੀ ਸਫਾ 6 ਉਤੇ)*



**Tanya`s Beauty Salon**




*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave., Jackson Heights, NY 11373
Ph: 718-205-7832





WorldWide Travel
866 66 INDIA
46342
BEST FARE GUARANTEE





734 838 9998
24 ਘੰਟੇ ਐਮਰਜੰਸੀ ਸੇਵਾ
Please call our office for more details on latest fares



Ad Space Available Please Call
Ph: 847-359-0746

# ਪ੍ਰਧਾਨ ਮੰਤਰੀ ਮੋਦੀ 'ਤੇ ਸੈਮ ਪਿਟਰੋਦਾ ਦਾ ਬਿਆਨ ਤੋੜ ਮਰੋੜ ਕੇ ਪੇਸ਼ ਕਰਨ ਦਾ ਦੋਸ਼

**ਨਿਊ ਯਾਰਕ (ਬਿਊਰੋ):** ਇੰਡੀਅਨ ਓਵਰਸੀਜ਼ ਕਾਂਗਰਸ, ਯੂ.ਐਸ.ਏ. ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜ਼ੀਆਂ ਨੇ ਇਕ ਬਿਆਨ ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਚੇਅਰਮੈਨ ਸੈਮ ਪਿਟਰੋਦਾ ਦੇ ਬਿਆਨ ਨੂੰ ਤੋੜ ਮਰੋੜ ਕੇ ਤੇ ਉਸ ਨੂੰ ਵਾਰ ਵਾਰ ਦੁਹਰਾ ਕੇ ਨੀਵੇਂ ਪੱਧਰ ਦੀ ਸਿਆਸਤ ਹੀ ਨਹੀਂ ਖੇਡੀ, ਸਗੋਂ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਵੀ ਨੀਵਾਂ ਬਣਾ ਦਿਤਾ ਹੈ।



*ਮਹਿੰਦਰ ਸਿੰਘ ਗਿਲਜ਼ੀਆਂ*

ਸ. ਗਿਲਜ਼ੀਆਂ ਨੇ ਸਪੱਸ਼ਟੀਕਣ ਦਿੰਦਿਆਂ ਕਿਹਾ ਕਿ ਸੈਮ ਪਿਟਰੋਦਾ ਨੇ 1984 ਦੇ ਸੰਤਾਪ ਬਾਰੇ ਪੁੱਛੇ ਇਕ ਸਵਾਲ ਦੇ ਜਵਾਬ ਵਿਚ ਆਪਣੀ ਰਾਇ ਪੇਸ਼ ਕਰਦਿਆਂ ਕਿਹਾ ਸੀ ਕਿ 'ਇਹ ਬੇਹੱਦ ਦੁੱਖਦਾਈ ਤੇ ਮਾੜਾ ਹੋਇਆ ਸੀ, ਪਰ ਜੋ ਹੋ ਗਿਆ, ਸੋ ਹੋ ਗਿਆ, ਹੁਣ ਇਸ ਤੋਂ ਅਗੇ ਤੁਰਨ ਦੀ ਲੋੜ ਹੈ। ਦੇਸ਼ ਨੂੰ ਅਗੇ ਲਿਜਾਣ ਦੀ ਲੋੜ ਹੈ।' ਪਰ ਮੋਦੀ ਨੇ ਉਨ੍ਹਾਂ ਦੀ ਰਾਇ ਦੀ ਇਕ ਸਤਰ ਪ੍ਰਸੰਗ ਤੋਂ ਅਲੱਗ ਕਰਕੇ, ਕਾਂਗਰਸ ਉਪਰ ਹਮਲਾ ਕਰਨ ਲਈ ਇਸ ਨੂੰ ਸਮੁੱਚੀ ਕਾਂਗਰਸ ਦੀ ਨੀਤੀ 'ਜੋ ਹੂਆ, ਸੋ ਹੂਆ' ਬਣਾ ਕੇ ਵਾਰ ਵਾਰ ਦੁਹਰਾਉਣਾ ਸ਼ੁਰੂ ਕਰ ਦਿਤਾ ਹੈ।

ਸ. ਗਿਲਜ਼ੀਆਂ ਨੇ ਕਿਹਾ ਹੈ ਕਿ ਸੈਮ ਪਿਟਰੋਦਾ ਸੱਚੇ ਸੁੱਚੇ ਭਾਰਤੀ ਹਨ, ਤੇ ਵਿਗਿਆਨੀ ਹਨ। ਉਨ੍ਹਾਂ ਨੇ ਅਮਰੀਕਾ ਦੀ ਸੁਖ ਆਰਾਮ ਵਾਲੀ ਜ਼ਿੰਦਗੀ ਤਿਆਗ ਕੇ ਭਾਰਤ ਦੀ ਸਮਾ ਵਿਹਾ ਚੁਕੀ ਸੰਚਾਰ ਪ੍ਰਣਾਲੀ ਦਾ ਆਧੁਨਿਕੀਕਰਣ ਕੀਤਾ ਅਤੇ ਭਾਰਤ ਨੂੰ ਆਈ. ਟੀ. ਦੇ ਖੇਤਰ ਵਿਚ ਸੁਪਰ ਪਾਵਰ ਬਣਾਇਆ। ਉਨ੍ਹਾਂ ਦੇ ਬਿਆਨ ਨੂੰ ਗਲਤ ਢੰਗ ਨਾਲ ਵਰਤ ਕੇ ਪ੍ਰਧਾਨ ਮੰਤਰੀ ਨੇ ਸੈਮ ਪਿਟਰੋਦਾ ਦੀ ਵਿਗਿਆਨਕ ਦੇਣ ਦਾ ਵੀ ਮਜ਼ਾਕ ਉਡਾਇਆ ਹੈ ਅਤੇ ਵਿਗਿਆਨ ਦੇ ਖੇਤਰ ਵਿਚ ਆਪਣੀ ਅਗਿਆਨਤਾ ਦਾ ਪ੍ਰਗਟਾਵਾ ਵੀ ਕੀਤਾ ਹੈ।

ਉਨ੍ਹਾਂ ਹੋਰ ਕਿਹਾ ਕਿ ਇਸ ਵਾਰ ਦੀਆਂ ਦੀਆਂ ਲੋਕ ਸਭਾ ਚੋਣਾਂ ਵਿਚ ਭਾਰਤ ਦੀ ਜਨਤਾ ਨੇ ਨਰਿੰਦਰ ਮੋਦੀ ਦੀ ਪੰਜ ਸਾਲ ਦੀ ਕਾਰਗੁਜ਼ਾਰੀ ਵਾਰੇ ਫੈਸਲਾ ਦੇਣਾ ਹੈ। ਜਨਤਾ ਉਨ੍ਹਾਂ ਦੀ ਕਾਰਵਾਈ ਬਾਰੇ ਸਵਾਲ ਪੁਛ ਰਹੀ ਹੈ, ਪਰ ਮੋਦੀ ਹਰ ਹਰਬਾ ਵਰਤ ਕੇ ਲੋਕਾਂ ਦਾ ਧਿਆਨ ਅਸਲ ਮੁਦਿਆਂ ਤੋਂ ਲਾਂਭੇ ਲਿਜਾਣਾ ਚਾਹੁੰਦੇ ਹਨ। ਉਹ ਆਪਣੀਆਂ ਨਾਕਾਮੀਆਂ ਨੂੰ ਪਿਛਲੇ 70 ਸਾਲਾਂ ਦੇ ਇਤਿਹਾਸ ਪਿਛੇ ਲੁਕਾਉਣਾ ਚਾਹੁੰਦੇ ਹਨ। ਅਜਿਹਾ ਕਰਦਿਆਂ ਉਹ ਭੁਲ ਜਾਂਦੇ ਹਨ ਕਿ ਪਿਛਲੇ 70 ਸਾਲਾਂ ਵਿਚ ਬੀ. ਜੇ. ਪੀ. ਦਾ ਰਾਜ ਵੀ ਰਿਹਾ ਹੈ। ਇਸ ਤੋਂ ਉਨ੍ਹਾਂ ਦੀ ਇਤਿਹਾਸ ਬਾਰੇ ਅਗਿਆਨਤਾ ਵੀ ਨੰਗੀ ਹੋ ਜਾਂਦੀ ਹੈ। ਜੇ ਮੋਦੀ ਨੇ ਇਤਿਹਾਸ ਦਾ ਹੀ ਸਹਾਰਾ ਲੈਣਾ ਹੈ ਤਾਂ ਉਹ ਆਪਣੇ ਮੁਖ ਮੰਤਰੀ ਕਾਲ ਵਿਚ ਗੁਜਰਾਤ ਵਿਚ ਹੋਏ ਮੁਸਲਮਾਨਾਂ ਦੇ ਕਤਲੇਆਮ ਬਾਰੇ ਵੀ ਗੱਲ ਕਰਨ ਤੇ ਦੱਸਣ ਕਿ ਕਿਉਂ ਉਨ੍ਹਾਂ ਨੇ ਅੱਜ ਤੱਕ ਇਸ ਬਾਰੇ ਭਾਰਤ ਵਾਸੀਆਂ ਤੋਂ ਮੁਆਫੀ ਨਹੀਂ ਮੰਗੀ?

ਮਹਿੰਦਰ ਸਿੰਘ ਗਿਲਜ਼ੀਆਂ ਨੇ ਕਿਹਾ ਹੈ ਕਿ ਇਤਿਹਾਸ ਕਿਸੇ ਨੂੰ ਮੁਆਫ ਨਹੀਂ ਕਰਦਾ। ਨਰਿੰਦਰ ਮੋਦੀ, ਜੋ ਪੰਜ ਸਾਲ ਸਮੁੱਚੇ ਭਾਰਤ ਵਾਸੀਆਂ ਦੇ ਪ੍ਰਧਾਨ ਮੰਤਰੀ ਬਣੇ ਰਹਿਣ ਦੀ ਥਾਂ ਕੁਝ ਇਕ ਅਮੀਰਾਂ ਦੀ ਕਠਪੁਤਲੀ ਬਣੇ ਰਹੇ ਹਨ, ਦੀ ਬਦੌਲਤ 23 ਮਈ ਤੋਂ ਬਾਅਦ ਉਨ੍ਹਾਂ ਨੇ ਵੀ ਇਤਿਹਾਸ ਦਾ ਇਕ ਪੰਨਾ ਬਣ ਕੇ ਰਹਿ ਜਾਣਾ ਹੈ।

# ਟੈਕਸੀ ਡਰਾਈਵਰ ਨੂੰ ਸਸਤਾ ਟਰਿੱਪ ਪਿਆ ਮਹਿੰਗਾ, 700 ਡਾਲਰ ਦੀ ਟਿਕਟ

**ਕੈਲਗਰੀ, ਕੈਨੇਡਾ (ਸੁਖਵੀਰ ਗਰੇਵਾਲ):** ਕੈਲਗਰੀ ਏਅਰਪੋਰਟ 'ਤੇ ਇੱਕ ਟੈਕਸੀ ਡਰਾਈਵਰ ਨੂੰ ਉਸ ਸਮੇਂ 700 ਡਾਲਰ ਜੁਰਮਾਨਾ ਭਰਨਾ ਪਿਆ, ਜਦੋਂ ਉਸ ਨੇ ਇੱਕ ਸਵਾਰੀ ਨੂੰ ਸਿਰਫ ਇਸ ਕਰ ਕੇ ਲਿਜਾਣ ਤੋਂ ਨਾਂਹ ਕਰ ਦਿੱਤੀ ਕਿ ਉਸ ਨੇ ਏਅਰ ਪੋਰਟ ਦੇ ਨਜ਼ਦੀਕ ਹੀ ਜਾਣਾ ਸੀ। ਦੱਸਣਯੋਗ ਹੈ ਕਿ ਇਸ ਤਰ੍ਹਾਂ ਕਰਨਾ ਕੈਲਗਰੀ ਦੇ ਟੈਕਸੀ ਨਿਯਮਾਂ ਦੀ ਉਲੰਘਣਾ ਹੈ। ਇਸ ਕੁਤਾਹੀ ਲਈ ਜੁਰਮਾਨੇ ਤੋਂ ਇਲਾਵਾ ਡਰਾਈਵਰ ਦਾ ਟੈਕਸੀ ਲਾਈਸੈਂਸ ਥੋੜ੍ਹੇ ਸਮੇਂ ਲਈ ਮੁਲਤਵੀ ਵੀ ਕੀਤਾ ਗਿਆ।

ਇਹ ਘਟਨਾ ਕੈਲਗਰੀ ਏਅਰ ਪੋਰਟ 'ਤੇ ਉਸ ਦਿਨ ਵਾਪਰੀ ਜਦੋਂ ਸ਼ਹਿਰ ਵਿਚ ਬਰਫ ਦਾ ਭਾਰੀ ਤੂਫਾਨ ਆਇਆ ਹੋਇਆ ਸੀ। ਮੌਸਮ ਦੇ ਅਚਾਨਕ ਬਦਲਣ ਕਾਰਨ ਕਈ ਫਲਾਈਟਾਂ ਵਿਚ ਦੇਰੀ ਹੋ ਗਈ ਤੇ ਕਈ ਰੱਦ ਵੀ ਹੋ ਗਈਆਂ। ਅਜਿਹੀ ਹਾਲਤ ਵਿਚ ਏਅਰ ਲਾਈਨਾਂ ਆਪਣੇ ਗਾਹਕਾਂ ਨੂੰ ਨੇੜੇ ਦੇ ਹੋਟਲਾਂ ਵਿਚ ਠਹਿਰਾਉਣ ਦਾ ਇੰਤਜ਼ਾਮ ਕਰਦੀਆਂ ਹਨ। 17 ਸਾਲਾ ਓਂਟਾਰੀਓ ਵਾਸੀ ਆਵਾ ਉਸ ਦਿਨ ਕੈਲਗਰੀ ਵਿਚ ਰੁੱਕਣ ਤੋਂ ਬਾਅਦ ਵਾਪਿਸ ਓਂਟਾਰੀਓ ਜਾ ਰਹੀ ਸੀ ਤਾਂ ਉਸ ਦੀ ਉਡਾਣ ਖਰਾਬ ਮੌਸਮ ਕਰਕੇ ਰੱਦ ਹੋ ਗਈ। ਏਅਰ ਲਾਈਨ ਨੇ ਰਿਹਾਇਸ਼ ਦਾ ਇੰਤਜ਼ਾਮ ਕਰਦਿਆਂ ਉਸ ਨੂੰ ਨੇੜੇ ਦੇ ਸੈਂਡਮੈਨ ਹੋਟਲ ਵਿਚ ਠਹਿਰਨ ਲਈ ਕਿਹਾ। ਇਸ ਸਮੇਂ ਏਅਰ ਪੋਰਟ 'ਤੇ ਟੈਕਸੀਆਂ ਦੀ ਮੰਗ ਬਹੁਤ ਵੱਧ ਗਈ ਸੀ।

ਦੱਸਣਯੋਗ ਹੈ ਕਿ ਕੈਲਗਰੀ ਏਅਰਪੋਰਟ ਦਾ ਠੇਕਾ ਸਿਰਫ ਇੱਕ ਕੰਪਨੀ ਕੋਲ ਹੋਣ ਕਾਰਨ ਦੂਜੀ ਕਿਸੇ ਵੀ ਕੰਪਨੀ ਨੂੰ ਇੱਥੋਂ ਸਵਾਰੀ ਚੁੱਕਣ ਦੀ ਮਨਾਹੀ ਹੈ। ਹਰ ਡਰਾਈਵਰ ਦੀ ਇੱਛਾ ਹੁੰਦੀ ਹੈ ਕਿ ਉਸ ਨੂੰ ਏਅਰਪੋਰਟ ਤੋਂ ਚੰਗੀ ਕਮਾਈ ਵਾਲਾ ਟਰਿੱਪ ਮਿਲੇ, ਪਰ ਇਸ ਡਰਾਈਵਰ ਨੂੰ ਸ਼ਾਰਟ ਟਰਿੱਪ ਨੂੰ ਨਾਂਹ ਕਰਨਾ ਮਹਿੰਗਾ ਪਿਆ।

ਜਦੋਂ ਟੈਕਸੀ ਡਰਾਈਵਰ ਨੂੰ ਇਹ ਪਤਾ ਲੱਗਾ ਕਿ ਹੋਟਲ ਨਜ਼ਦੀਕ ਹੋਣ ਕਾਰਨ ਜ਼ਿਆਦਾ ਮੀਟਰ ਨਹੀਂ ਚੱਲੇਗਾ ਤਾਂ ਉਸ ਨੇ ਸਵਾਰੀ ਨੂੰ ਟੈਕਸੀ 'ਚੋਂ ਉਤਰਨ ਲਈ ਕਿਹਾ। ਡਰਾਈਵਰ ਦੇ ਜ਼ੋਰ ਪਾਉਣ 'ਤੇ ਆਵਾ ਨਾਮੀ ਸਵਾਰੀ ਉਤਰ ਤਾਂ ਗਈ ਬਾਅਦ ਵਿਚ ਉਸ ਨੇ ਟੈਕਸੀ ਕਮਿਸ਼ਨ ਕੋਲ ਸ਼ਿਕਾਇਤ ਕਰ ਦਿੱਤੀ। ਕੈਲਗਰੀ ਪੁਲਿਸ ਅਤੇ ਹੋਰ ਜਾਂਚ ਅਧਿਕਾਰੀਆਂ ਨੇ ਡਰਾਈਵਰ ਨੂੰ ਟੈਕਸੀ ਨਿਯਮਾਂ ਦੀ ਉਲੰਘਣਾ ਵਿਚ ਦੋਸ਼ੀ ਪਾਇਆ। ਮੁੱਖ ਲਾਈਵਰੀ ਇੰਸਪੈਕਟਰ ਅਬਦੂਲ ਰਫੀਹ ਨੇ ਦੱਸਿਆ ਕਿ ਹਰ ਸਾਲ ਵਿਚ 40 ਦੇ ਕਰੀਬ ਅਜਿਹੇ ਕੇਸ ਸਾਹਮਣੇ ਆਉਂਦੇ ਹਨ। ਉਨ੍ਹਾਂ ਕਿਹਾ ਕਿ 311 'ਤੇ ਕਾਲ ਕਰਕੇ ਕੋਈ ਵੀ ਟੈਕਸੀ ਸਰਵਿਸ ਬਾਰੇ ਆਪਣੀ ਰਾਏ ਦੇ ਸਕਦਾ ਹੈ। ਇਸ ਮਾਮਲੇ ਵਿਚ ਸ਼ਾਮਿਲ ਡਰਾਈਵਰ ਦਾ ਨਾਂ ਜਨਤਕ ਨਹੀਂ ਕੀਤਾ ਗਿਆ।

## ਮੇਘਾਲਿਆ ਸਰਕਾਰ ਵੱਲੋਂ ਪੰਜਾਬੀ ਲੇਨ ਦੇ ਵਾਸੀਆਂ ਨੂੰ ਇਕ ਮਹੀਨੇ ਦਾ ਸਮਾਂ

**ਸ਼ਿਲਾਂਗ:** ਮੇਘਾਲਿਆ ਸਰਕਾਰ ਵੱਲੋਂ ਬਣਾਈ ਗਈ ਉਚ ਪੱਧਰੀ ਕਮੇਟੀ (ਐਚ.ਐਲ.ਸੀ.) ਨੇ ਪੰਜਾਬੀ ਲੇਨ ਵਿਚ ਰਹਿਣ ਵਾਲਿਆਂ ਨੂੰ ਇਕ ਮਹੀਨੇ ਦਾ ਸਮਾਂ ਦਿੱਤਾ ਹੈ ਜਿਸ ਵਿਚ ਉਨ੍ਹਾਂ ਨੂੰ ਸਾਬਤ ਕਰਨਾ ਹੋਵੇਗਾ ਕਿ ਉਹ ਇਥੇ ਕਾਨੂੰਨੀ ਤੌਰ 'ਤੇ ਵਸੇ ਸਨ। ਦੱਸਣਯੋਗ ਹੈ ਕਿ ਪੰਜਾਬੀ ਲੇਨ 'ਚ ਰਹਿੰਦੇ ਲੋਕਾਂ ਨੂੰ 200 ਸਾਲ ਪਹਿਲਾਂ ਬਰਤਾਨਵੀ ਅਧਿਕਾਰੀਆਂ ਵੱਲੋਂ ਇਥੇ ਲਿਆਂਦਾ ਗਿਆ ਸੀ। ਉਪ ਮੁੱਖ ਮੰਤਰੀ ਪਰਿਸਟੋਨ ਤੇਂਸਾਂਗ ਨੇ ਕਿਹਾ ਕਿ ਅਸੀਂ ਬੈਠਕ ਵਿਚ ਇਹ ਫੈਸਲਾ ਕੀਤਾ ਹੈ ਕਿ ਇਥੇ ਵਸਣ ਵਾਲੇ ਲੋਕਾਂ ਨੂੰ ਆਪਣੀ ਕਾਨੂੰਨੀ ਰਿਹਾਇਸ਼ ਸਾਬਤ ਕਰਨ ਲਈ ਇਕ ਮਹੀਨੇ ਦਾ ਸਮਾਂ ਦਿੱਤਾ ਜਾਵੇ।

## ਰਾਮ ਜਨਮਭੂਮੀ-ਬਾਬਰੀ ਮਸਜਿਦ ਬਾਰੇ ਪੈਨਲ ਦੀ ਮਿਆਦ 15 ਅਗਸਤ ਤੱਕ ਵਧੀ

**ਨਵੀਂ ਦਿੱਲੀ:** ਸਿਆਸੀ ਤੌਰ 'ਤੇ ਸੰਵੇਦਨਸ਼ੀਲ ਰਾਮ ਜਨਮਭੂਮੀ-ਬਾਬਰੀ ਮਸਜਿਦ ਮਸਲੇ ਦੇ ਹੱਲ ਲਈ ਸੁਪਰੀਮ ਕੋਰਟ ਵੱਲੋਂ ਗਠਿਤ ਪੈਨਲ ਦੀ ਮਿਆਦ ਸਿਖਰਲੀ ਅਦਾਲਤ ਨੇ 15 ਅਗਸਤ ਤੱਕ ਵਧਾ ਦਿੱਤੀ ਹੈ। ਇਸ ਪੈਨਲ ਦੀ ਅਗਵਾਈ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਐਫ.ਐਮ.ਆਈ. ਕਲੀਫੁੱਲਾ ਕਰ ਰਹੇ ਹਨ ਤੇ ਇਹ ਦੋਵਾਂ ਧਿਰਾਂ ਵਿਚਾਲੇ ਇਸ ਮੁੱਦੇ 'ਤੇ ਸਹਿਮਤੀ ਬਣਾ ਕੇ ਸਦਭਾਵਨਾ ਵਾਲਾ ਹੱਲ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੈ।

ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਪੰਜ ਮੈਂਬਰੀ ਬੈਂਚ ਨੇ ਕਿਹਾ ਕਿ ਪੈਨਲ ਨੇ ਦਾਖਲ ਕੀਤੀ ਰਿਪੋਰਟ ਵਿਚ 15 ਅਗਸਤ ਤੱਕ ਦਾ ਸਮਾਂ ਮੰਗਿਆ ਹੈ। ਚੀਫ ਜਸਟਿਸ ਨੇ ਕਿਹਾ ਕਿ ਇਹ ਮਸਲਾ ਕਈ ਸਾਲਾਂ ਤੋਂ ਲਟਕਿਆ ਹੋਇਆ ਹੈ ਤੇ ਪੈਨਲ ਨੂੰ ਸਮਾਂ ਦੇਣ ਵਿਚ ਕੋਈ ਹਰਜ਼ ਨਹੀਂ। ਹਿੰਦੂ ਤੇ ਮੁਸਲਿਮ ਧਿਰਾਂ ਵੱਲੋਂ ਪੇਸ਼ ਹੋਏ ਵਕੀਲਾਂ ਨੇ ਪੈਨਲ ਦੇ ਯਤਨਾਂ 'ਤੇ ਤਸੱਲੀ ਪ੍ਰਗਟਾਈ ਹੈ।

ਗੁਰਦੁਆਰਾ ਪੈਲਾਟਾਈਨ ਲਈ ਲਾਂਗਰੀ ਦੀ ਲੋੜ ਹੈ
ਲਾਂਗਰੀ ਅੰਮ੍ਰਿਤ ਧਾਰੀ, ਰਹਿਤ ਅਤੇ ਗੁਰ ਮਰਿਆਦਾ ਦਾ ਧਾਰਨੀ ਹੋਵੇ। ਸ਼ੁੱਧ ਬਾਣੀ ਵੀ ਪੜ੍ਹਦਾ ਹੋਵੇ। ਘੱਟ ਤੋਂ ਘੱਟ ਪੰਜ ਸਾਲ ਦਾ ਕਿਸੇ ਗੁਰਦੁਆਰਾ ਸਾਹਿਬ ਵਿਚ ਸੇਵਾ ਦਾ ਤਜ਼ਰਬਾ ਹੋਵੇ। ਗ੍ਰੀਨ ਕਾਰਡ ਵਾਲੇ ਉਮੀਦਵਾਰ ਨੂੰ ਪਹਿਲ। ਗੁਰਦੁਆਰਾ ਸਾਹਿਬ ਵੱਲੋਂ ਸਮੇਂ ਸਮੇਂ ਦਿਤੀਆਂ ਜਾਂਦੀਆਂ ਹੋਰ ਸੇਵਾਵਾਂ ਨਿਭਾ ਸਕੇ।
ਉਮੀਦਵਾਰ ਅਰਜੀਆਂ ਹੇਠ ਲਿਖੇ ਪਤੇ 'ਤੇ ਜਾਂ ਈ-ਮੇਲ ਰਾਹੀਂ ਭੇਜਣ ਦੀ ਕਿਰਪਾਲਤਾ ਕਰਨ।
e-mail: president@srschicago.org
SIKH Religious Society PALATINE GURDWARA
Sikh Religious Society
1280 Winnetka St., Palatine IL 60067 Phone: (847) 358-1117
www.srschicago.org e-mail: president@srschicago.org

Windermere Western View Properties
484 Bovard, Dallas, OR 97338
To Buy Or Sell Properties House Or Business
ਘਰ ਜਾਂ ਬਿਜਨਸ ਖਰੀਦਣ/ਵੇਚਣ ਲਈ ਸੰਪਰਕ ਕਰੋ, ਸੰਨੀ ਪਾਲ
Cell: 503-400-9883
Office: 503-623-2333



Sunny Pal
Real Estate Broker
(Licensed In Oregon)



# ਨੀਟੂ ਕਾਹਲੋਂ ਨੂੰ ਸਦਮਾ, ਮਾਤਾ ਭਗਵੰਤ ਕੌਰ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ), ਸ਼ਿਕਾਗੋ ਦੇ ਪ੍ਰਬੰਧਕੀ ਬੋਰਡ ਦੇ ਮੈਂਬਰ, ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਟਾਈਮਜ਼ ਦੇ ਸਹਿਯੋਗੀ ਜੈਰਾਮ ਸਿੰਘ (ਨੀਟੂ) ਕਾਹਲੋਂ ਨੂੰ ਉਦੋਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਮਾਤਾ ਬੀਬੀ ਭਗਵੰਤ ਕੌਰ ਕਾਹਲੋਂ ਲੰਘੀ 11 ਮਈ ਨੂੰ ਵਾਹਿਗੁਰੂ ਦੀ ਬਖਸ਼ੀ ਆਰਜਾ ਭੋਗ ਕੇ ਸਦੀਵੀ ਵਿਛੋੜਾ ਦੇ ਗਏ। ਉਹ 75 ਸਾਲ ਦੇ ਸਨ। ਉਨ੍ਹਾਂ ਦੇ ਪਤੀ ਸ. ਸੁਖਜੀਤ ਸਿੰਘ ਕਾਹਲੋਂ 2014 ਵਿਚ ਪ੍ਰਲੋਕ ਸਿਧਾਰ ਗਏ ਸਨ।

ਬੀਬੀ ਭਗਵੰਤ ਕੌਰ ਦਾ ਅੰਤਿਮ ਸਸਕਾਰ 16 ਮਈ, ਵੀਰਵਾਰ ਨੂੰ ਡੇਵਨਪੋਰਟ ਫੈਮਿਲੀ ਫਿਊਨਰਲ ਹੋਮ (941 ਸਾਊਥ ਓਲਡ ਰੈਂਡ ਰੋਡ, ਲੇਕ ਜ਼ਿਊਰਿਕ) ਵਿਖੇ ਸਵੇਰੇ 11 ਤੋਂ 1 ਵਜੇ ਦਰਮਿਆਨ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਪੈਲਾਟਾਈਨ (1280 ਵਿਨੇਟਕਾ ਸਟਰੀਟ, ਪੈਲਾਟਾਈਨ) ਵਿਖੇ ਬਾਅਦ ਦੁਪਹਿਰ ਦੋ ਵਜੇ ਹੋਵੇਗੀ।

ਬੀਬੀ ਭਗਵੰਤ ਕੌਰ ਕਾਹਲੋਂ ਆਪਣੇ ਪਿਛੇ ਤਿੰਨ ਪੁੱਤਰਾਂ-ਜੈਰਾਮ ਸਿੰਘ (ਨੀਟੂ) ਕਾਹਲੋਂ, ਗੁਰਧਿਆਨ ਸਿੰਘ (ਮਿੱਕੀ) ਕਾਹਲੋਂ ਤੇ ਓਂਕਾਰ ਸਿੰਘ (ਡਿੰਪੂ) ਕਾਹਲੋਂ ਅਤੇ ਇਕ ਧੀ ਗੁਰਪ੍ਰੀਤ ਕੌਰ ਤੋਂ ਇਲਾਵਾ ਦੋਹਤਰਿਆਂ-ਪੋਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦਾ ਪੇਕਾ ਪਿੰਡ ਰਾਣੇਵਾਲੀ, ਜਿਲਾ ਅੰਮ੍ਰਿਤਸਰ ਸੀ। ਉਨ੍ਹਾਂ ਦੇ ਪਿਤਾ ਸ. ਸੁਰਜੀਤ ਸਿੰਘ ਰੰਧਾਵਾ ਅਤੇ ਮਾਤਾ ਸੁਖਵਿੰਦਰ ਕੌਰ ਸਨ। ਉਹ ਆਪਣੇ ਪਿਛੇ ਦੋ ਭੈਣਾਂ ਅਤੇ ਤਿੰਨ ਭਰਾ ਛੱਡ ਗਏ ਹਨ।

1986 ਵਿਚ ਉਹ ਅਮਰੀਕਾ ਆ ਗਏ। ਪਿਛਲੇ 10-11 ਸਾਲ ਤੋਂ ਓਰਲ ਕੈਂਸਰ ਦੇ ਭਿਆਨਕ ਰੋਗ ਨਾਲ ਜੂਝ ਰਹੇ ਸਨ। ਉਨ੍ਹਾਂ ਦੀ ਦੋ ਵਾਰ ਸਰਜਰੀ ਹੋਈ ਅਤੇ ਕੀਮੋ ਤੇ ਰੇਡੀਏਸ਼ਨ



ਆਦਿ ਇਲਾਜ ਹੁੰਦੇ ਰਹੇ। ਅਥਾਹ ਪੀੜ ਦੇ ਬਾਵਜੂਦ ਉਨ੍ਹਾਂ ਕਦੇ 'ਹਾਏ' ਨਹੀਂ ਕੀਤੀ, ਹਿੰਮਤ ਨਹੀਂ ਹਾਰੀ। ਉਹ ਬਹੁਤ ਨਿਮਰ ਤੇ ਵਾਹਿਗੁਰੂ ਦੀ ਰਜ਼ਾ ਵਿਚ ਰਹਿਣ ਵਾਲੀ ਬਹੁਤ ਬਲਵਾਨ ਸ਼ਖਸੀਅਤ ਸਨ। ਪਰਿਵਾਰ ਲਈ ਉਹ ਘਰ ਦਾ ਜਿੰਦਰਾ ਸਨ। ਹਮੇਸ਼ਾ ਹੀ ਖਿੜ੍ਹੇ ਮੱਥੇ ਸੇਵਾ ਭਾਵਨਾ ਨਾਲ ਆਏ-ਗਏ ਦੀ ਸੇਵਾ ਕਰਨਾ ਅਤੇ ਹਰ ਵੇਲੇ ਹੀ ਕੁਝ ਨਾ ਕੁਝ ਕਰਦੇ ਰਹਿਣਾ ਉਨ੍ਹਾਂ ਦੇ ਸੁਭਾਅ ਦਾ ਹਿੱਸਾ ਸੀ। ਬਿਮਾਰੀ ਦੀ ਹਾਲਤ ਵਿਚ ਵੀ ਆਪਣੇ ਪਰਿਵਾਰ ਦਾ ਹਮੇਸ਼ਾ ਧਿਆਨ ਰੱਖਿਆ। ਪਰਿਵਾਰ ਨੂੰ ਸਥਾਪਤ ਕਰਨ ਵਿਚ ਅਹਿਮ ਰੋਲ ਅਦਾ ਕੀਤਾ। ਉਹ ਸਹਿਜ, ਸਿਦਕ, ਸਾਦਗੀ ਤੇ ਸਮਰਪਣ ਦੀ ਮੂਰਤ ਸਨ। ਹਰ ਕਿਸੇ ਨੂੰ ਸੁਚੱਜੇ ਵਿਚਾਰਾਂ ਰਾਹੀਂ ਜ਼ਿੰਦਗੀ ਵਿਚ ਹਮੇਸ਼ਾ ਅਗੇ ਵੱਧਣ ਲਈ ਉਤਸ਼ਾਹਿਤ ਕਰਦੇ, ਜਿਸ ਕਰਕੇ ਉਨ੍ਹਾਂ ਸਭ ਤੋਂ ਪਿਆਰ ਤੇ ਸਤਿਕਾਰ ਖੱਟਿਆ। ਆਪਣੇ ਪ੍ਰੌੜ ਅਨੁਭਵ ਨਾਲ ਘਰ ਪਰਿਵਾਰ ਨੂੰ ਇੱਕਠਾ ਰੱਖਣ ਲਈ ਅਹਿਮ ਰੋਲ ਅਦਾ ਕੀਤਾ।

ਇਹ ਮਾਂ ਦੀ ਹਲਾਸ਼ੇਰੀ, ਚੰਗੇ ਸੰਸਕਾਰ ਤੇ ਉਸਾਰੂ ਸੇਧ ਹੀ ਹੈ ਕਿ ਸੇਵਾ ਤੇ ਚੰਗੇ ਕਾਰਜ ਕਰਨ ਦੀ ਗੁੜ੍ਹਤੀ ਉਨ੍ਹਾਂ ਦੇ ਬੇਟੇ ਨੀਟੂ ਕਾਹਲੋਂ ਨੂੰ ਮਿਲੀ, ਜਿਨ੍ਹਾਂ ਪਹਿਲਾਂ ਪੰਜਾਬੀ ਹੈਰੀਟੇਜ ਸੰਸਥਾ ਨਾਲ ਜੁੜ ਕੇ ਪੰਜਾਬੀ ਸੱਭਿਆਚਾਰ ਦੀ ਸੇਵਾ ਕੀਤੀ। ਦੀਨ-ਦੁਖੀਆਂ, ਲੋੜਵੰਦਾਂ, ਬੇਆਸਰਿਆਂ ਦੇ ਆਸਰੇ ਪਿੰਗਲਵਾੜਾ ਸੰਸਥਾ ਨਾਲ ਜੁੜ ਕੇ ਸੰਸਥਾ ਲਈ ਹਰ ਸਾਲ ਹਜਾਰਾਂ ਡਾਲਰ ਇੱਕਠਾ ਕਰ ਕੇ ਭੇਜਦੇ ਹਨ। ਗੁਰਦੁਆਰਾ ਪੈਲਾਟਾਈਨ ਦੀ ਕਾਰ ਸੇਵਾ ਕਰ ਕੇ ਗੁਰੂਘਰ ਦੇ ਲੱਖਾਂ ਡਾਲਰ ਬਚਾਏ। ਇਹ ਮਾਂ ਦਾ ਅਸੀਰਵਾਦ ਤੇ ਚੰਗੇ ਕਾਰਜ ਕਰਨ ਦੀ ਪ੍ਰੇਰਨਾ ਹੀ ਹੈ ਕਿ ਹੁਣ ਨੀਟੂ ਕਾਹਲੋਂ ਸਿੱਖ ਰਿਲੀਜੀਅਸ ਸੁਸਾਇਟੀ ਦੇ ਬੋਰਡ ਮੈਂਬਰ ਬਣ ਕੇ ਭਾਈਚਾਰੇ ਦੀ ਸੇਵਾ ਕਰ ਰਹੇ ਹਨ।

ਪਰਿਵਾਰ ਨਾਲ ਸੰਪਰਕ ਜੈਰਾਮ ਸਿੰਘ ਕਾਹਲੋਂ ਫੋਨ: 224-456-8096 ਰਾਹੀਂ ਕੀਤਾ ਜਾ ਸਕਦਾ ਹੈ।

## ਗੁਰਦੁਆਰੇ 'ਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਤੇ ਰੁਮਾਲੇ ਅਗਨ ਭੇਟ

**ਅਮਰਗੜ੍ਹ:** ਪਿੰਡ ਹਥੋਆ ਦੇ ਗੁਰਦੁਆਰਾ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੀੜ, ਪਾਲਕੀ, ਪੀਹੜਾ ਅਤੇ ਰੁਮਾਲੇ ਆਦਿ ਅਗਨ ਭੇਟ ਹੋ ਗਏ ਹਨ। ਇਹ ਅੱਗ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਦੀ ਅਣਗਹਿਲੀ ਕਾਰਨ ਲੱਗੀ। ਹਾਲਾਂਕਿ ਗ੍ਰੰਥੀ ਨੇ ਆਪਣੇ ਆਪ ਨੂੰ ਬਚਾਉਣ ਲਈ ਝੂਠੀ ਕਹਾਣੀ ਘੜ ਲਈ ਤੇ ਆਖ ਦਿੱਤਾ ਕਿ ਸਵੇਰੇ 4 ਵਜੇ ਜਦੋਂ ਉਹ ਉਠਿਆ ਤਾਂ ਬਾਹਰਲੇ ਗੇਟ ਦਾ ਤਾਲਾ ਟੁੱਟਿਆ ਹੋਇਆ ਸੀ ਤੇ ਗੁਰਦੁਆਰੇ ਦੇ ਅੰਦਰੋਂ ਧੂੰਆਂ ਨਿਕਲ ਰਿਹਾ ਸੀ। ਜਦੋਂ ਉਸ ਨੇ ਅੰਦਰ ਜਾ ਕੇ ਵੇਖਿਆ ਤਾਂ ਪਾਲਕੀ ਸਮੇਤ ਗੁਰੂ ਗ੍ਰੰਥ ਸਾਹਿਬ ਅਗਨ ਭੇਟ ਹੋ ਚੁੱਕੇ ਸਨ, ਪਰ ਬਾਅਦ ਵਿਚ ਪੁਲਿਸ ਵੱਲੋਂ ਕੀਤੀ ਪੁੱਛਗਿੱਛ ਵਿਚ ਸੱਚਾਈ ਸਾਹਮਣੇ ਆਈ ਤੇ ਪਤਾ ਲੱਗਾ ਕਿ ਇਹ ਅੱਗ ਪੱਖੇ ਕਾਰਨ ਲੱਗੇ ਸੀ। ਹਾਲਾਂਕਿ ਮੌਕੇ ਉਤੇ ਪਹੁੰਚੇ ਸਤਿਕਾਰ ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ ਦੇ ਆਗੂ ਬਸਾਖਾ ਸਿੰਘ ਦੇ ਨਾਲ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਪੁਲਿਸ ਪ੍ਰਸ਼ਾਸਨ ਤੇ ਸ਼੍ਰੋਮਣੀ ਕਮੇਟੀ 'ਤੇ ਦੋਸ਼ ਲਾਇਆ ਕਿ ਉਹ ਸਬੂਤ ਮਿਟਾ ਕੇ ਅਗਨੀ ਕਾਂਡ ਦਾ ਮਾਮਲਾ ਖੁਰਦ-ਬੁਰਦ ਕਰਨ ਦੀ ਤਾਕ ਵਿਚ ਹਨ, ਜਿਸ ਨਾਲ ਗੁਰਦੁਆਰੇ ਵਿਚ ਮਾਮਲਾ ਭਖ ਗਿਆ ਜਦਕਿ ਪਿੰਡ ਵਾਸੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਅੰਗਾਂ ਨੂੰ ਗੋਇੰਦਵਾਲ ਸਾਹਿਬ ਵਿਖੇ ਸਸਕਾਰ ਲਈ ਭੇਜਣ ਖਾਤਰ ਸਹਿਮਤ ਸਨ।

**Sunoco Gas Station For Sale**

***in Ohio with property.***

**Annual store sales $550,000**

**Gas & Diesel 600,000 gallons.**

**Full bar & grill restaurant with d5&d6 license.**

**Owner has health issues, wants to retire.**

**Quick sale $379,000 firm.**

***Only serious buyers contact***

**Ph: 419-206-9153**

19

# Matrimonials

### ਲੜਕੀ ਦੀ ਲੋੜ ਹੈ

Jatt Sikh 28, 5'-8", only boy, B.Com, own business & properties in Jalandhar City. Like to settle in California. Family is looking for girl with moral values. Contact, Ph: 805-889-4848 17-20

Looking for Punjabi Jatt (Girl), Bachelor in 3-D animation from Canada, did one year advance program of sketching in London (UK). Working in (Hollywood Movie studio, The Mill) Canada. Contact, Ph: 216-471-0305 16-

Looking for Punjabi Jatt (Girl) for smart, handsome boy, Age 22. Graduate in Hotel Management from Kolata. Living in Colorado, USA. On work visa. Contact, Ph: 440-901-8806 16-

### ਲੜਕੇ ਦੀ ਲੋੜ ਹੈ

ਗਿੱਲ ਜੱਟ ਸਿੱਖ, ਉਮਰ 23 ਸਾਲ, ਕੱਦ 5'-4", ਬੀ. ਏ. ਕੰਪਿਊਟਰ ਡਿਪੋਲਮਾ, ਸੁਸ਼ੀਲ, ਸੁੰਦਰ ਲੜਕੀ, ਜੋ ਇਸ ਸਮੇਂ ਅਮਰੀਕਾ ਵਿਚ ਵਿਜ਼ਿਟਰ/ਬਿਜਨਸ ਵੀਜ਼ੇ 'ਤੇ ਪਿਛਲੇ ਕਰੀਬ ਦੋ ਮਹੀਨੇ ਤੋਂ ਹੈ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ: mank86575@gmail.com ਜਾਂ ਫੋਨ: 765-212-9289 20-23

### ਲੜਕੀ ਦੀ ਲੋੜ ਹੈ

Well established, educated small Jatt Sikh, Sekhon Family seeks a US born, or Green Card holder match for their well educated, hard worker, 23 years old son, 6'-1", currently doing Business Administration in a Private University, on F1 visa. He is in the United States since 2015. Clean record. Contact, Ph: 561-221-7559, 815-276-3557 or e-mail: sherisekhon88@gmail.com

Wanted US citizen Suitable girl for Dental specialist Arora Sikh boy, 30, 5'-10", practicing and teaching endodontic. Mother senior professor, father retired Deputy Director, Department of animal husbandry, well settled. Caste no bar. Contact: 91-94174-05453 {Punjab} 13-16

### ਜੀਵਨ ਸਾਥੀ ਦੀ ਲੋੜ ਹੈ

Senior US citizen, physically/ financially stable, own house, looking for a life partner. The lady should be senior in age, good health, good looking, educated and from US Gur Sikh family. Contact, Ph: 347-561-2529 20

## ਜੌਰਜੀਆ ਦਾ ਜਹਾਜ ਭਟਕ ਕੇ ਭਾਰਤ ਪੁੱਜਿਆ

**ਨਵੀਂ ਦਿੱਲੀ:** ਭਾਰਤੀ ਏਅਰ ਫੋਰਸ ਨੇ ਭਾਰਤੀ ਹਵਾਈ ਸੀਮਾ ਵਿਚ ਦਾਖਲ ਹੋਏ ਜੌਰਜੀਆ ਦੇ ਏਐਨ 12 ਹਵਾਈ ਜਹਾਜ਼ ਨੂੰ ਫੌਰੀ ਕਾਰਵਾਈ ਕਰਦਿਆਂ ਜੈਪੁਰ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਉਤਾਰ ਲਿਆ। ਜਹਾਜ਼ ਦੇ ਅਮਲੇ ਤੋਂ ਜੈਪੁਰ ਵਿਚ ਪੁੱਛਗਿਛ ਕੀਤੀ ਗਈ। ਜਾਂਚ ਦੌਰਾਨ ਜਹਾਜ਼ ਵਿਚ ਕੁਝ ਵੀ ਸ਼ੱਕੀ ਨਹੀਂ ਮਿਲਿਆ। ਏਅਰ ਫੋਰਸ ਅਧਿਕਾਰੀ ਨੇ ਦੱਸਿਆ ਕਿ ਜਹਾਜ਼ ਨੇ ਨਿਰਧਾਰਤ ਰੂਟ ਦੀ ਪਾਲਣਾ ਨਹੀਂ ਕੀਤੀ। ਇਹ ਹਵਾਈ ਜਹਾਜ਼ ਉਤਰੀ ਗੁਜਰਾਤ ਸੈਕਟਰ ਵਿਚ ਭਾਰਤੀ ਹਵਾਈ ਸੀਮਾ ਵਿਚ ਦਾਖਲ ਹੋਇਆ ਤੇ ਇਸ ਨੇ ਕਰਾਚੀ ਤੋਂ ਉਡਾਣ ਭਰੀ ਸੀ।

**ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ**

**ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ।**

**ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ**

***ਸੰਪਰਕ ਕਰੋ: ਮਿ. ਸਿੰਘ***

**ਫੋਨ: 515-291-1961**

17-20

**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

***Live on Jas TV***

**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

**Michigan Truck Driving School**

**6405 Middlebelt Road, Romulus, MI 48174**

**ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!**

**ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ**




***ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ**

***3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ**

**Raj Jamarai Cell:734-644-1010 Office:734-747-4298**

# ਸਿਆਸਤ 'ਚ ਔਰਤਾਂ ਦੀ ਨੁਮਾਇੰਦਗੀ ਤੋਂ ਭੱਜੀਆਂ ਸਿਆਸੀ ਧਿਰਾਂ

**ਚੰਡੀਗੜ੍ਹ:** ਪੰਜਾਬ ਦੀ ਸਿਆਸਤ ਵਿਚ ਔਰਤਾਂ ਦੀ ਹਿੱਸੇਦਾਰੀ ਦਾ ਸੰਕੇਤ 17ਵੀਆਂ ਲੋਕ ਸਭਾ ਚੋਣਾਂ ਦੌਰਾਨ ਮਾਨਤਾ ਪ੍ਰਾਪਤ ਪਾਰਟੀਆਂ ਵੱਲੋਂ ਦਿੱਤੀਆਂ ਟਿਕਟਾਂ ਤੋਂ ਮਿਲ ਜਾਂਦਾ ਹੈ। ਸੂਬੇ ਦੇ ਸਿਆਸੀ ਏਜੰਡੇ, ਪਾਰਟੀਆਂ ਦੇ ਚੋਣ ਮਨੋਰਥ ਪੱਤਰਾਂ ਵਿਚੋਂ ਔਰਤਾਂ ਨਾਲ ਸਬੰਧਤ ਮੁੱਦੇ ਗਾਇਬ ਹਨ। ਪੰਜਾਬ ਦੇ ਚਾਰ ਲੋਕ ਸਭਾ ਹਲਕਿਆਂ ਹੁਸ਼ਿਆਰਪੁਰ, ਲੁਧਿਆਣਾ, ਗੁਰਦਾਸਪੁਰ ਅਤੇ ਫਿਰੋਜ਼ਪੁਰ ਦੇ ਕੁੱਲ 67 ਉਮੀਦਵਾਰਾਂ ਵਿਚੋਂ ਇਕ ਵੀ ਔਰਤ ਉਮੀਦਵਾਰ ਮੈਦਾਨ ਵਿਚ ਨਹੀਂ ਹੈ। ਅੰਮ੍ਰਿਤਸਰ ਹਲਕੇ ਤੋਂ 30 ਉਮੀਦਵਾਰਾਂ ਵਿਚੋਂ ਸਿਰਫ ਸੀ.ਪੀ.ਆਈ. ਦੀ ਦਸਵਿੰਦਰ ਕੌਰ ਇਕੱਲੀ ਉਮੀਦਵਾਰ ਹੈ। ਜਲੰਧਰ ਦੇ 19 ਉਮੀਦਵਾਰਾਂ ਵਿਚੋਂ ਅੰਬੇਦਕਰ ਨੈਸ਼ਨਲ ਕਾਂਗਰਸ ਦੀ ਉਰਮਿਲਾ ਇਕੱਲੀ ਉਮੀਦਵਾਰ ਹੈ।

ਪੰਜਾਬ ਦੀਆਂ ਸਾਰੀਆਂ 13 ਸੀਟਾਂ ਤੋਂ ਚੋਣ ਲੜ ਰਹੇ 278 ਉਮੀਦਵਾਰਾਂ ਵਿਚੋਂ ਸਿਰਫ 25 ਭਾਵ 8.99 ਫੀਸਦ ਔਰਤ ਉਮੀਦਵਾਰ ਹਨ। ਪੰਜਾਬ ਵਿਧਾਨ ਸਭਾ ਨੇ ਆਪਣੇ ਆਖਰੀ ਸੈਸ਼ਨ ਵਿਚ ਔਰਤਾਂ ਨੂੰ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿਚ 33 ਫੀਸਦੀ ਰਾਖਵਾਂਕਰਨ ਦੇਣ ਦਾ ਮਤਾ ਪਾਸ ਕੀਤਾ ਸੀ ਪਰ ਹਕੀਕਤ ਇਹ ਹੈ ਕਿ ਪਾਰਟੀਆਂ ਰਸਮੀ ਕਾਰਵਾਈ ਕਰਕੇ ਹੀ ਬੁੱਤਾ ਸਾਰਨ ਵਿਚ ਯਕੀਨ ਰੱਖਦੀਆਂ ਹਨ। ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਨੇ 42 ਫੀਸਦੀ ਔਰਤਾਂ ਨੂੰ ਲੋਕ ਸਭਾ ਦੀਆਂ ਟਿਕਟਾਂ ਦਿੱਤੀਆਂ ਹਨ। ਬੀਜੂ ਜਨਤਾ ਦਲ ਨੇ ਉੜੀਸਾ ਵਿਚ ਔਰਤਾਂ ਨੂੰ 33 ਫੀਸਦੀ ਟਿਕਟਾਂ ਦਿੱਤੀਆਂ ਹਨ। ਇਹ ਦੋਵੇਂ ਆਪੋ ਆਪਣੇ ਸੂਬੇ ਦੀਆਂ ਸੱਤਾਧਾਰੀ ਪਾਰਟੀਆਂ ਹਨ।

ਪੰਜਾਬ ਦੀਆਂ ਮਾਨਤਾ ਪ੍ਰਾਪਤ ਪਾਰਟੀਆਂ ਵੱਲੋਂ ਸਿਰਫ 7 ਔਰਤ ਉਮੀਦਵਾਰਾਂ ਨੂੰ ਟਿਕਟ ਦਿੱਤੀ ਗਈ ਹੈ। ਇਨ੍ਹਾਂ ਨੇ ਆਪਣੇ 52 ਉਮੀਦਵਾਰ ਖੜ੍ਹੇ ਕੀਤੇ ਹੋਏ ਹਨ। ਅਕਾਲੀ-ਭਾਜਪਾ ਗੱਠਜੋੜ ਵਿੱਚੋਂ ਅਕਾਲੀ ਦਲ ਨੇ 2 ਔਰਤਾਂ ਨੂੰ ਟਿਕਟ ਦਿੱਤੀ ਹੈ। ਅਕਾਲੀ ਦਲ ਨੇ ਬਾਦਲ ਪਰਿਵਾਰ ਦੀ ਨੂੰਹ ਦਸ ਸਾਲਾਂ ਤੋਂ ਬਠਿੰਡਾ ਤੋਂ ਸੰਸਦ ਮੈਂਬਰ ਚਲੀ ਆ ਰਹੀ ਹਰਸਿਮਰਤ ਕੌਰ ਬਾਦਲ ਅਤੇ ਬੀਬੀ ਜਗੀਰ ਕੌਰ ਨੂੰ ਖਡੂਰ ਸਾਹਿਬ ਤੋਂ ਟਿਕਟ ਦਿੱਤੀ ਹੈ। ਇਸ ਦੀ ਭਾਈਵਾਲ ਭਾਜਪਾ ਨੇ ਆਪਣੀਆਂ ਤਿੰਨਾਂ ਸੀਟਾਂ ਵਿਚੋਂ ਇਕ ਵੀ ਸੀਟ ਔਰਤ ਨੂੰ ਨਹੀਂ ਦਿੱਤੀ। ਕਾਂਗਰਸ ਨੇ ਕੁੱਲ 13 ਸੀਟਾਂ ਵਿਚੋਂ ਕੇਵਲ ਸਾਬਕਾ ਕੇਂਦਰੀ ਮੰਤਰੀ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਨੂੰ ਟਿਕਟ ਦਿੱਤੀ ਹੈ। 'ਆਪ' ਨੇ ਦੋ ਔਰਤਾਂ ਨੂੰ ਮੈਦਾਨ ਵਿਚ ਉਤਾਰਿਆ ਹੈ। ਇਕ ਬਲਜਿੰਦਰ ਕੌਰ ਤਲਵੰਡੀ ਸਾਬੋ ਤੋਂ ਵਿਧਾਇਕ ਹੈ ਅਤੇ ਦੂਸਰੀ ਨੀਨਾ ਮਿੱਤਲ ਪਟਿਆਲਾ ਤੋਂ ਮੈਦਾਨ ਵਿਚ ਹੈ। ਪੰਜਾਬ ਡੈਮੋਕ੍ਰੇਟਿਕ ਅਲਾਇੰਸ ਨੇ ਖਡੂਰ ਸਾਹਿਬ ਤੋਂ ਬੀਬੀ ਪਰਮਜੀਤ ਕੌਰ ਖਾਲੜਾ ਅਤੇ ਅਲਾਇੰਸ



ਦੀ ਮੈਂਬਰ ਸੀ.ਪੀ.ਆਈ. ਨੇ ਦਸਵਿੰਦਰ ਸਿੰਘ ਨੂੰ ਅੰਮ੍ਰਿਤਸਰ ਤੋਂ ਟਿਕਟ ਦਿੱਤੀ ਹੈ। ਕਿਸਾਨ-ਮਜ਼ਦੂਰ ਖੁਦਕੁਸ਼ੀ ਪੀੜਤ ਪਰਿਵਾਰ ਕਮੇਟੀ ਵੱਲੋਂ ਵੀਰਪਾਲ ਕੌਰ ਰੱਲਾ ਖੁਦਕੁਸ਼ੀ ਪੀੜਤ ਪਰਿਵਾਰਾਂ ਅਤੇ ਕਿਸਾਨੀ ਦਾ ਮੁੱਦਾ ਉਭਾਰਨ ਦੇ ਵਿਸ਼ੇਸ਼ ਮਕਸਦ ਨਾਲ ਚੋਣ ਮੈਦਾਨ ਵਿਚ ਹੈ।

ਬਹੁਤ ਸਾਰੀਆਂ ਜਨਤਕ ਜਥੇਬੰਦੀਆਂ ਜਿਵੇਂ ਆਂਗਨਵਾੜੀ ਵਰਕਰ, ਮਿਡ-ਡੇਅ ਮੀਲ ਕੁੱਕ, ਆਸ਼ਾ ਵਰਕਰ, ਮਗਨਰੇਗਾ ਮਜ਼ਦੂਰ ਔਰਤਾਂ ਦੀਆਂ ਆਗੂ ਸੰਘਰਸ਼ ਦੇ ਮੈਦਾਨ ਵਿਚ ਆਪੋ ਆਪਣੇ ਜਥੇਬੰਦੀਆਂ ਦੀ ਅਗਵਾਈ ਕਰ ਰਹੀਆਂ ਹਨ। ਪੜ੍ਹਾਈ 'ਚ ਹਰ ਫਰੰਟ ਉਤੇ ਕੁੜੀਆਂ ਬਾਜ਼ੀ ਮਾਰ ਰਹੀਆਂ ਹਨ। ਇਸ ਦੇ ਬਾਵਜੂਦ ਸਿਆਸਤ ਲਈ ਔਰਤ ਆਗੂਆਂ ਦੇ ਨਾ ਮਿਲਣ ਦੀ ਦਲੀਲ ਸਮਝ ਵਿਚ ਆਉਣ ਵਾਲੀ ਦਿਖਾਈ ਨਹੀਂ ਦਿੰਦੀ। ਔਰਤਾਂ ਲਗਭਗ ਹਰ ਚੋਣ ਵਿਚ ਹੁਣ ਮਰਦਾਂ ਤੋਂ ਵੱਧ ਗਿਣਤੀ ਵਿਚ ਵੋਟ ਦਿੰਦੀਆਂ ਹਨ। ਉਨ੍ਹਾਂ ਦੀ ਨੁਮਾਇੰਦਗੀ ਦੀ ਰਫਤਾਰ ਬਹੁਤ ਘੱਟ ਹੈ। ਪੰਜਾਬ ਵਿਚ ਔਰਤਾਂ ਘਰਾਂ ਦੀਆਂ ਮੁਖੀ ਬਹੁਤ ਖਾਸ ਹਾਲਤ ਵਿਚ ਹੀ ਬਣਦੀਆਂ ਹਨ। ਇਨ੍ਹਾਂ ਵਿਚ ਜਾਂ ਤਾਂ ਪਰਿਵਾਰ ਦਾ ਕਮਾਊ ਵਿਅਕਤੀ ਖੁਦਕੁਸ਼ੀ ਕਰਕੇ ਜਾਂ ਕਿਸੇ ਹੋਰ ਕਾਰਨ ਕਰਕੇ ਚੱਲ ਵਸਿਆ, ਜਾਂ ਗੰਭੀਰ ਬਿਮਾਰੀ ਨਾਲ ਗ੍ਰਸਤ ਹੁੰਦਾ ਹੈ। ਬਹੁਤ ਥਾਵਾਂ ਉਤੇ ਤਲਾਕਸ਼ੁਦਾ ਔਰਤਾਂ ਆਪੋ ਆਪਣਾ ਘਰ ਚਲਾ ਰਹੀਆਂ ਹਨ।

ਇਹ ਹੀ ਕਾਰਨ ਹੈ ਕਿ ਔਰਤਾਂ ਦੀ ਸੁਰੱਖਿਆ, ਉਨ੍ਹਾਂ ਦੇ ਜਾਇਦਾਦ, ਸਿਆਸਤ ਅਤੇ ਸਮਾਜਿਕ ਸਥਾਨ ਵਿਚ ਬਰਾਬਰੀ ਦੇ ਮੁੱਦੇ ਆਮ ਤੌਰ 'ਤੇ ਕਿਸੇ ਸਿਆਸੀ ਬਹਿਸ ਦਾ ਮੁੱਦਾ ਨਹੀਂ ਬਣਦੇ। ਕਿਸੇ ਬਹੁਤ ਹੀ ਦਰਦਨਾਕ ਹਾਦਸਿਆਂ ਜਾਂ ਘਟਨਾਵਾਂ ਤੋਂ ਬਾਅਦ ਹੀ ਔਰਤਾਂ ਦਾ ਮੁੱਦਾ ਉਠਦਾ ਹੈ। ਪਿਛਲੇ ਸਮੇਂ ਤੋਂ ਚੱਲੀ 'ਮੀ-ਟੂ' ਲਹਿਰ ਇਹ ਦੱਸਣ ਲਈ ਕਾਫੀ ਹੈ ਕਿ ਕਿਸ ਤਰ੍ਹਾਂ ਔਰਤਾਂ ਕੰਮਕਾਜੀ ਥਾਵਾਂ ਉਤੇ ਵੀ ਮਹਿਫੂਜ਼ ਨਹੀਂ ਹਨ। ਜ਼ਮੀਨ ਵਿਚ ਹਿੱਸੇਦਾਰੀ ਦੇ ਮਾਮਲੇ ਵਿਚ ਭਾਵੇਂ ਕੁੜੀਆਂ ਨੂੰ ਆਪਣੇ ਪਿਤਾ ਦੀ ਜਾਇਦਾਦ ਦੇ ਬਰਾਬਰ ਦਾ ਹੱਕ ਮਿਲ ਗਿਆ ਹੈ। ਸਮੁੱਚੀ ਸਮਾਜਿਕ ਮਾਨਸਿਕਤਾ 2005 ਤੋਂ ਲੈ ਕੇ ਹੁਣ ਤੱਕ ਇਸ ਕਾਨੂੰਨ ਨੂੰ ਲਾਗੂ ਕਰਨ ਵੱਲ ਅੱਗੇ ਨਹੀਂ ਵਧ ਸਕੀ। ਜੋ ਵੀ ਕੁੜੀ ਆਪਣਾ ਹਿੱਸਾ ਮੰਗ ਲਵੇ ਤਾਂ ਰਿਸ਼ਤਾ ਖਤਮ ਹੋਣ ਦਾ ਡਰ ਉਸ ਉੱਤੇ ਹਮੇਸ਼ਾਂ ਭਾਰੂ ਰਹਿੰਦਾ ਹੈ।

## *ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦਾ ਅਕਾਲੀ ਦਲ ਨੂੰ ਸਮਰਥਨ*

**ਅੰਮ੍ਰਿਤਸਰ:** ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਨੇ ਸੰਸਦੀ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਇਹ ਐਲਾਨ ਜਥੇਬੰਦੀ ਦੇ ਪ੍ਰਧਾਨ ਅਮਰਬੀਰ ਸਿੰਘ ਢੋਟ ਨੇ ਕੀਤਾ।

ਮੀਡੀਆ ਨਾਲ ਗੱਲਬਾਤ ਕਰਦਿਆਂ ਸ. ਢੋਟ ਨੇ ਆਖਿਆ ਕਿ ਸਿੱਖਾਂ ਦੀ ਵੱਡੀ ਧਿਰ ਹੋਣ ਕਾਰਨ ਇਸ ਨੂੰ ਹਮੇਸ਼ਾ ਹੀ ਕਮਜ਼ੋਰ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਮੌਕੇ ਸਿੱਖ ਆਗੂਆਂ ਨੇ ਕਾਂਗਰਸ ਨੂੰ ਸਿੱਖ ਵਿਰੋਧੀ ਜਮਾਤ ਕਰਾਰ ਦਿੱਤਾ ਅਤੇ ਉਸ ਨੂੰ ਸਿੱਖ ਨਸਲਕੁਸ਼ੀ ਲਈ ਦੋਸ਼ੀ ਆਖਿਆ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਨੇ ਹਮੇਸ਼ਾ ਹੀ ਸਿੱਖ ਭੇਸ ਵਿਚ ਸਿੱਖ ਮਾਮਲਿਆਂ ਵਿਚ ਦਖਲਅੰਦਾਜ਼ੀ ਦਾ ਯਤਨ ਕੀਤਾ ਹੈ। ਸਿੱਖ ਆਗੂਆਂ ਨੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਸੀ ਜਾਤੀਵਾਦ ਤੋਂ ਉੱਪਰ ਉਠ ਕੇ ਪੰਥ ਦੇ ਵੱਡੇ ਹਿੱਤਾਂ ਨੂੰ ਮੁੱਖ ਰਖਦਿਆਂ ਅਕਾਲੀ ਉਮੀਦਵਾਰਾਂ ਨੂੰ ਸਮਰਥਨ ਦੇਣ।

# ਪੰਜਾਬ ਦੇ 14 ਫੀਸਦੀ ਉਮੀਦਵਾਰਾਂ 'ਤੇ ਅਪਰਾਧਿਕ ਕੇਸ

**ਚੰਡੀਗੜ੍ਹ:** ਪੰਜਾਬ ਦੀਆਂ ਸੰਸਦੀ ਸੀਟਾਂ ਲਈ ਚੋਣ ਮੈਦਾਨ ਵਿਚ ਨਿੱਤਰੇ 278 ਉਮੀਦਵਾਰਾਂ ਵਿਚੋਂ 14 ਫੀਸਦੀ ਵਿਰੁਧ ਅਪਰਾਧਿਕ ਕੇਸ ਦਰਜ ਹਨ ਤੇ 6 ਫੀਸਦੀ ਪੜ੍ਹਾਈ ਦੇ ਪੱਖ ਤੋਂ ਕੋਰੇ ਹਨ। ਸੂਬੇ ਦੇ ਸਿਆਸਤਦਾਨਾਂ ਦੇ ਅਸਾਸਿਆਂ ਵਿਚ ਹੋ ਰਹੇ ਵਾਧੇ ਦੌਰਾਨ 24 ਫੀਸਦੀ ਅਜਿਹੇ ਨਾਮ ਵੀ ਸਾਹਮਣੇ ਆਏ ਹਨ ਜਿਨ੍ਹਾਂ ਨੂੰ ਕਰੋੜਪਤੀ ਮੰਨਿਆ ਗਿਆ ਹੈ।

ਤਿੰਨ ਪ੍ਰਮੁੱਖ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਾਰੇ ਉਮੀਦਵਾਰ ਹੀ ਕਰੋੜਪਤੀਆਂ ਵਿਚ ਸ਼ੁਮਾਰ ਹਨ। ਕੌਮੀ ਪੱਧਰ 'ਤੇ ਚੋਣ ਸੁਧਾਰਾਂ ਲਈ ਕੰਮ ਕਰਨ ਵਾਲੀ ਸੰਸਥਾ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏ.ਡੀ.ਆਰ.) ਅਤੇ ਪੰਜਾਬ ਇਲੈਕਸ਼ਨ ਵਾਚ ਨੇ ਪੰਜਾਬ ਤੋਂ ਲੋਕ ਸਭਾ ਚੋਣਾਂ ਲੜ ਰਹੇ ਉਮੀਦਵਾਰਾਂ ਵੱਲੋਂ ਚੋਣ ਕਮਿਸ਼ਨ ਨੂੰ ਦਿੱਤੇ ਹਲਫੀਆ ਬਿਆਨਾਂ ਦਾ ਅਧਿਐਨ ਕਰਕੇ ਇਹ ਤੱਥ ਜਾਰੀ ਕੀਤੇ ਗਏ ਹਨ। ਜਥੇਬੰਦੀ ਦੇ ਨੁਮਾਇੰਦਿਆਂ ਨੇ ਦੱਸਿਆ ਕਿ 39 (14 ਫੀਸਦੀ) ਉਮੀਦਵਾਰਾਂ ਨੇ ਮੰਨਿਆ ਕਿ ਉਨ੍ਹਾਂ 'ਤੇ ਅਪਰਾਧਿਕ ਮਾਮਲੇ ਦਰਜ ਹਨ। ਇਨ੍ਹਾਂ ਵਿਚੋਂ 29 (10 ਫੀਸਦੀ) 'ਤੇ ਬਹੁਤ ਹੀ ਗੰਭੀਰ ਦੋਸ਼ਾਂ ਵਾਲੇ ਕੇਸ ਦਰਜ ਹਨ। ਪਾਰਟੀ ਦੇ ਆਧਾਰ 'ਤੇ ਦੇਖਿਆ ਜਾਵੇ ਤਾਂ ਸ਼੍ਰੋਮਣੀ ਅਕਾਲੀ ਦਲ ਦੇ 10 ਵਿਚੋਂ 7, ਆਮ ਆਦਮੀ ਪਾਰਟੀ ਦੇ 13 ਵਿਚੋਂ 4, ਕਾਂਗਰਸ ਦੇ 13 'ਚੋਂ 1 ਉਮੀਦਵਾਰਾਂ ਖਿਲਾਫ ਅਪਰਾਧਿਕ ਮਾਮਲੇ ਦਰਜ ਹਨ। ਭਾਜਪਾ ਦੇ ਤਿੰਨ ਉਮੀਦਵਾਰਾਂ 'ਚੋਂ ਕਿਸੇ 'ਤੇ ਕੋਈ ਵੀ ਮਾਮਲਾ ਦਰਜ ਨਹੀਂ ਹੈ। ਪੰਜਾਬ ਏਕਤਾ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ 3-3 ਉਮੀਦਵਾਰਾਂ 'ਚੋਂ 1-1 ਉਤੇ ਅਪਰਾਧਿਕ ਮਾਮਲੇ ਦਰਜ ਹਨ।

ਭਾਰਤੀ ਕਮਿਊਨਿਸਟ ਪਾਰਟੀ ਦੇ 2 'ਚੋਂ 1 ਉਮੀਦਵਾਰ 'ਤੇ ਅਪਰਾਧਿਕ ਮਾਮਲੇ ਦਰਜ ਹਨ। ਅਮੀਰੀ ਪੱਖੋਂ ਦੇਖਿਆ ਜਾਵੇ ਤਾਂ 67 (24 ਫੀਸਦੀ) ਦੀ ਜਾਇਦਾਦ ਕਰੋੜਾਂ ਵਿਚ ਹੈ। ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਸਾਰੇ ਉਮੀਦਵਾਰ ਕਰੋੜਪਤੀ ਹਨ। 'ਆਪ' ਦੇ 13 ਵਿਚੋਂ 8 (62 ਫੀਸਦੀ), ਬਸਪਾ, ਪੰਜਾਬ ਏਕਤਾ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਤਿੰਨ-ਤਿੰਨ ਉਮੀਦਵਾਰਾਂ ਵਿਚੋਂ ਦੋ-ਦੋ (67 ਫੀਸਦੀ) ਉਮੀਦਵਾਰ ਕਰੋੜਪਤੀ ਹਨ। ਦੇਣਦਾਰੀਆਂ ਦੇ ਮਾਮਲੇ ਵਿਚ ਸਭ ਤੋਂ ਉਪਰ ਸੁਖਬੀਰ ਸਿੰਘ ਬਾਦਲ, ਹਰਸਿਮਰਤ ਕੌਰ ਬਾਦਲ (95 ਕਰੋੜ) ਅਤੇ ਅਜੇ ਸਿੰਘ ਧਰਮਿੰਦਰ ਦਿਓਲ ਉਰਫ ਸਨੀ ਦਿਓਲ (53 ਕਰੋੜ) ਆਉਂਦੇ ਹਨ। ਆਮਦਨ ਦਿਖਾਉਣ 'ਚ ਕਾਂਗਰਸ ਦੇ ਸੰਗਰੂਰ ਤੋਂ ਉਮੀਦਵਾਰ ਕੇਵਲ ਸਿੰਘ ਢਿੱਲੋਂ ਸਭ ਤੋਂ ਉਪਰ ਹਨ।

ਕਾਂਗਰਸ ਦੇ ਇਸ ਉਮੀਦਵਾਰ ਨੇ ਤਾਜ਼ਾ ਇਨਕਮ ਟੈਕਸ ਰਿਟਰਨ ਵਿਚ ਆਪਣੀ ਆਮਦਨ 2 ਕਰੋੜ 82 ਲੱਖ ਦਿਖਾਈ ਹੈ। ਹਾਲਾਂਕਿ ਉਨ੍ਹਾਂ ਦੀ ਆਪਣੀ ਆਮਦਨ 65 ਲੱਖ ਸਾਲਾਨਾ ਹੈ। ਸੁਖਬੀਰ ਸਿੰਘ ਬਾਦਲ ਤੇ ਹਰਸਿਮਰਤ ਕੌਰ ਬਾਦਲ ਨੇ ਆਪਣੀ ਇਨਕਮ ਟੈਕਸ ਰਿਟਰਨ 2 ਕਰੋੜ 62 ਲੱਖ ਭਰੀ ਹੈ। ਹਾਲਾਂਕਿ ਸੁਖਬੀਰ ਨੇ ਆਪਣੀ ਆਮਦਨ 2 ਕਰੋੜ 42 ਲੱਖ ਰੁਪਏ ਅਤੇ ਹਰਸਿਮਰਤ ਕੌਰ ਬਾਦਲ ਨੇ ਆਪਣੀ ਆਮਦਨ 18 ਲੱਖ 86 ਹਜ਼ਾਰ ਰੁਪਏ ਸਾਲਾਨਾ ਦਿਖਾਈ ਹੈ। ਸਭ ਤੋਂ ਵੱਧ ਜਾਇਦਾਦ ਦਿਖਾਉਣ ਵਾਲੇ ਤਿੰਨ ਉਮੀਦਵਾਰ 'ਚ ਫਿਰੋਜ਼ਪੁਰ ਤੋਂ ਸੁਖਬੀਰ ਬਾਦਲ, ਬਠਿੰਡਾ ਤੋਂ ਹਰਸਿਮਰਤ ਬਾਦਲ (218 ਕਰੋੜ) ਤੇ ਅਨੰਦਪੁਰ ਸਾਹਿਬ ਤੋਂ ਸੋਢੀ ਵਿਕਰਮ ਸਿੰਘ (140 ਕਰੋੜ) ਆਉਂਦੇ ਹਨ।

ਜੇਕਰ ਸਾਰੇ ਉਮੀਦਵਾਰਾਂ ਦੀ ਔਸਤਨ ਜਾਇਦਾਦ ਦੀ ਕੀਮਤ ਕੱਢੀ ਜਾਵੇ ਤਾਂ ਇਹ 5 ਕਰੋੜ ਬਣਦੀ ਹੈ ਜਦਕਿ ਤਿੰਨ ਆਜ਼ਾਦ ਉਮੀਦਵਾਰਾਂ ਨੇ ਆਪਣੀ ਜਾਇਦਾਦ ਦੀ ਕੀਮਤ ਕ੍ਰਮਵਾਰ 5 ਹਜ਼ਾਰ, 3 ਹਜ਼ਾਰ ਤੇ ਸਿਰਫ 295 ਰੁਪਏ ਵੀ ਦੱਸੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਦੀ ਔਸਤਨ ਜਾਇਦਾਦ 51 ਕਰੋੜ ਰੁਪਏ, ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰਾਂ ਦੀ 47 ਕਰੋੜ, ਬੀ.ਜੇ.ਪੀ. ਦੇ ਉਮੀਦਵਾਰਾਂ ਦੀ 41 ਕਰੋੜ, ਕਾਂਗਰਸ ਦੇ ਉਮੀਦਵਾਰਾਂ ਦੀ 23 ਕਰੋੜ, ਪੰਜਾਬ ਏਕਤਾ ਪਾਰਟੀ ਦੇ ਉਮੀਦਵਾਰਾਂ ਦੀ 20 ਕਰੋੜ ਅਤੇ 'ਆਪ' ਦੇ ਉਮੀਦਵਾਰਾਂ ਦੀ 3 ਕਰੋੜ ਰੁਪਏ ਬਣਦੀ ਹੈ। ਉਮਰ ਦੇ ਆਧਾਰ 'ਤੇ ਉਮੀਦਵਾਰਾਂ ਨੂੰ ਦੇਖਿਆ ਜਾਵੇ ਤਾਂ 25 ਤੋਂ 30 ਸਾਲ ਤੱਕ ਦੇ 24 ਉਮੀਦਵਾਰ ਹਨ। ਇਸੇ ਤਰ੍ਹਾਂ 31 ਤੋਂ 40 ਤੱਕ ਦੇ 75, 41 ਤੋਂ 50 ਤੱਕ ਦੇ 71, 51 ਤੋਂ 60 ਤੱਕ ਦੇ 49, 61 ਤੋਂ 70 ਤੱਕ ਦੇ 44 ਤੇ 71 ਤੋਂ 80 ਉਮਰ ਵਰਗ ਦੇ 10 ਉਮੀਦਵਾਰ ਮੈਦਾਨ 'ਚ ਹਨ। ਇਕ ਵਿਅਕਤੀ 81 ਸਾਲ ਤੋਂ ਵੀ ਉਪਰ ਦਾ ਹੈ।

# ਅਕਾਲੀ ਦਲ ਟਕਸਾਲੀ ਵੱਲੋਂ ਡਾ. ਗਾਂਧੀ ਦੀ ਹਮਾਇਤ ਦਾ ਐਲਾਨ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ 'ਟਕਸਾਲੀ' ਨੇ ਅੱਜ ਪਟਿਆਲਾ ਲੋਕ ਸਭਾ ਹਲਕੇ ਤੋਂ ਨਵਾਂ ਪੰਜਾਬ ਪਾਰਟੀ ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਹੈ। ਉਂਜ ਇਸ ਫੈਸਲੇ ਦੌਰਾਨ ਟਕਸਾਲੀ ਧਿਰ ਦੇ ਆਗੂਆਂ ਨੇ ਡਾ. ਗਾਂਧੀ ਦੇ ਚੋਣ ਏਜੰਡੇ ਵਿਚ ਪੰਜਾਬ ਅੰਦਰ ਅਫੀਮ ਤੇ ਭੁੱਕੀ ਦੇ ਸਰਕਾਰੀ ਪੱਧਰ 'ਤੇ ਠੇਕੇ ਖੋਲ੍ਹਣ ਤੇ ਇਸ ਦੀ ਲੋੜੀਂਦੀ ਖੇਤੀ ਕਰਨ ਦੀ ਕੀਤੀ ਜਾ ਰਹੀ ਮੰਗ ਨਾਲ ਅਸਹਿਮਤੀ ਵੀ ਜਤਾਈ। ਸ਼੍ਰੋਮਣੀ ਅਕਾਲੀ ਦਲ 'ਟਕਸਾਲੀ' ਦੇ ਸਕੱਤਰ ਜਨਰਲ ਸੇਵਾ ਸਿੰਘ ਸੇਖਵਾਂ, ਜਨਰਲ ਸਕੱਤਰ ਗੁਰਸੇਵ ਸਿੰਘ ਹਰਪਾਲਪੁਰ ਤੇ ਕਰਨੈਲ ਸਿੰਘ ਪੀਰਮੁਹੰਮਦ ਡਾ. ਗਾਂਧੀ ਦੇ ਘਰ ਪੁੱਜੇ ਤੇ ਉਨ੍ਹਾਂ ਨੂੰ ਖੁੱਲ੍ਹੀ ਹਮਾਇਤ ਦੇਣ ਦਾ ਫੈਸਲਾ ਸੁਣਾਇਆ।

ਦੱਸਣਯੋਗ ਹੈ ਕਿ ਡਾ. ਗਾਂਧੀ ਨੂੰ ਪੰਜਾਬ ਡੈਮੋਕਰੈਟਿਕ ਅਲਾਇੰਸ ਵੱਲੋਂ ਪਹਿਲਾਂ ਹੀ ਹਮਾਇਤ ਹਾਸਲ ਸੀ, ਅਜਿਹੇ ਵਿੱਚ ਹੁਣ ਅਕਾਲੀ ਦਲ ਟਕਸਾਲੀ ਵੱਲੋਂ ਸਮਰਥਨ ਮਿਲਣ ਨਾਲ ਡਾ.ਗਾਂਧੀ ਨੂੰ ਚੋਣ ਪਿੜ ਵਿਚ ਹੋਰ ਹੁਲਾਰਾ ਮਿਲ ਸਕਦਾ ਹੈ। ਟਕਸਾਲੀ ਧਿਰ ਦੇ ਸਕੱਤਰ ਜਨਰਲ ਸੇਵਾ ਸਿੰਘ ਸੇਖਵਾਂ ਨੇ ਕਿਹਾ ਕਿ ਉਹ ਪਾਰਟੀ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਦੀ ਸਹਿਮਤੀ ਮਗਰੋਂ ਅੱਜ ਡਾ.ਗਾਂਧੀ ਨੂੰ ਹਮਾਇਤ ਦੇਣ ਆਏ ਹਨ। ਉਨ੍ਹਾਂ ਦੱਸਿਆ ਕਿ ਭਾਵੇਂ ਪਟਿਆਲਾ ਜ਼ਿਲ੍ਹੇ ਵਿਚ ਪਾਰਟੀ ਦਾ ਹਾਲੇ ਜਥੇਬੰਦਕ ਢਾਂਚਾ ਕਾਇਮ ਨਹੀਂ




ਹੋ ਸਕਿਆ, ਫਿਰ ਵੀ ਇਸ ਲੋਕ ਸਭਾ ਹਲਕੇ ਵਿਚ ਵੱਡੀ ਗਿਣਤੀ ਅਜਿਹੇ ਲੋਕ ਹਨ, ਜਿਹੜੇ ਟਕਸਾਲੀ ਧਿਰ ਦੀ ਸੋਚ 'ਤੇ ਪਹਿਰਾ ਦੇਣ ਲਈ ਤਿਆਰ ਬਰ ਤਿਆਰ ਹਨ।

ਇਸ ਮੌਕੇ ਡਾ.ਗਾਂਧੀ ਵੱਲੋਂ ਪੰਜਾਬ 'ਚ ਅਫੀਮ ਤੇ ਭੁੱਕੀ ਦੀ ਖੇਤੀ ਤੇ ਠੇਕੇ ਖੋਲ੍ਹਣ ਦੀ ਕੀਤੀ ਜਾ ਰਹੀ ਮੰਗ ਸਬੰਧੀ ਪੁੱਛੇ ਜਾਣ 'ਤੇ ਖਹਿੜਾ ਛੁਡਾਉਂਦਿਆਂ ਸ੍ਰੀ ਸੇਖਵਾਂ ਨੇ ਕਿਹਾ ਕਿ ਨਸ਼ਿਆਂ ਦੇ ਮੁੱਦੇ 'ਤੇ ਉਹ ਡਾ. ਗਾਂਧੀ ਨਾਲ ਬਿਲਕੁਲ ਵੀ ਸਹਿਮਤ ਨਹੀਂ ਹਨ। ਅਫੀਮ ਤੇ ਭੁੱਕੀ ਦੇ ਠੇਕੇ ਖੋਲ੍ਹਣ ਦਾ ਮਾਮਲਾ ਡਾ. ਗਾਂਧੀ ਦਾ ਨਿੱਜੀ ਹੈ, ਉਹ ਅਜਿਹੇ ਚੋਣ ਏਜੰਡੇ ਨਾਲ ਸਹਿਮਤ ਨਹੀਂ।

# ਤੀਜੇ ਫਰੰਟ ਦੀ ਨਾਕਾਮੀ ਪਿੱਛੋਂ ਸਿਆਸੀ ਬਾਜ਼ੀ ਮੁੜ ਰਵਾਇਤੀ ਧਿਰ ਹੱਥ

**ਚੰਡੀਗੜ੍ਹ:** ਬੀਤੇ ਸਮੇਂ ਦੌਰਾਨ ਪੰਜਾਬ 'ਚ ਕਈ ਪਾਰਟੀਆਂ ਹੋਂਦ 'ਚ ਆਈਆਂ ਪਰ ਜ਼ਿਆਦਾ ਸਮਾਂ ਕਾਇਮ ਨਹੀਂ ਰਹਿ ਸਕੀਆਂ ਅਤੇ ਕਈ ਆਪਣਾ ਜਨ ਆਧਾਰ ਨਹੀਂ ਵਧਾ ਸਕੀਆਂ। ਇਹੋ ਜਿਹਾ ਮਾਹੌਲ ਹੀ ਇਕ ਵਾਰ ਫਿਰ ਲੋਕ ਸਭਾ ਚੋਣਾਂ ਦੌਰਾਨ ਦੇਖਣ ਨੂੰ ਮਿਲ ਰਿਹਾ ਹੈ। ਚੋਣਾਂ ਦੇ ਇਸ ਸਮੇਂ ਦੌਰਾਨ ਉਹ ਵੋਟਰ ਜੋ ਨਵੀਆਂ ਪਾਰਟੀਆਂ ਵੱਲ ਆਕਰਸ਼ਿਤ ਹੋਏ ਸਨ, ਹੁਣ ਫਿਰ ਤੋਂ ਰਵਾਇਤੀ ਪਾਰਟੀਆਂ ਵੱਲ ਮੁੜ ਰਹੇ ਹਨ।

ਇਸ ਕਾਰਨ ਕਈ ਨਵੀਆਂ ਤੇ ਪੁਰਾਣੀਆਂ ਪਾਰਟੀਆਂ ਦੇ ਜਨ ਆਧਾਰ ਨੂੰ ਚੋਣਾਂ ਦੌਰਾਨ ਵੱਡਾ ਖੋਰਾ ਲੱਗ ਰਿਹਾ ਹੈ। ਇਥੋਂ ਤੱਕ ਕਿ ਇਨ੍ਹਾਂ ਪਾਰਟੀਆਂ ਲਈ ਸਰਗਰਮ ਹੋਏ ਅਨੇਕਾਂ ਆਗੂ ਵੀ ਹੁਣ ਅਕਾਲੀ ਦਲ ਬਾਦਲ, ਭਾਜਪਾ ਤੇ ਕਾਂਗਰਸ 'ਚ ਸ਼ਾਮਲ ਹੋ ਰਹੇ ਹਨ, ਜਿਸ ਤੋਂ ਪੰਜਾਬ 'ਚ ਇਕ ਵਾਰ ਫਿਰ ਤੋਂ ਕੋਈ ਵੀ ਮਜ਼ਬੂਤ ਤੀਸਰੀ ਧਿਰ ਉਸਰਨ ਦੀ ਉਮੀਦ ਦੂਰ ਤੱਕ ਦਿਖਾਈ ਨਹੀਂ ਦੇ ਰਹੀ। ਇਸ ਵਾਰ ਫਿਰ ਤੋਂ ਮੁੱਖ ਮੁਕਾਬਲਾ ਅਕਾਲੀ-ਭਾਜਪਾ ਅਤੇ ਕਾਂਗਰਸ ਦਰਮਿਆਨ ਹੀ ਦਿਖਾਈ ਦੇ ਰਿਹਾ ਹੈ। ਜੇਕਰ ਪਿਛਲੇ ਇਤਿਹਾਸ 'ਤੇ ਝਾਤੀ ਮਾਰੀ ਜਾਵੇ ਤਾਂ 1992 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਜਦੋਂ ਬਸਪਾ ਦੇ 9 ਉਮੀਦਵਾਰ ਜਿੱਤੇ ਸਨ ਤਾਂ ਉਸ ਸਮੇਂ ਲੋਕਾਂ 'ਚ ਇਸ ਦਾ ਚੰਗਾ ਪ੍ਰਭਾਵ ਗਿਆ ਸੀ। ਫਿਰ 1996 ਦੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਤੋਂ 3 ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਪਰ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਬਸਪਾ ਵੱਲੋਂ ਖੜ੍ਹੇ ਕੀਤੇ ਕਿਸੇ ਵੀ ਉਮੀਦਵਾਰ ਦੀ ਜ਼ਮਾਨਤ ਵੀ ਨਹੀਂ ਬਚੀ। ਜੇਕਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਗੱਲ ਕੀਤੀ ਜਾਵੇ ਤਾਂ ਇਸ ਪਾਰਟੀ ਦੇ 1989 ਦੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਤੋਂ 7 ਉਮੀਦਵਾਰ ਜਿੱਤੇ ਸਨ ਪਰ ਫਿਰ 1999 'ਚ ਸਿਰਫ ਸੰਗਰੂਰ ਤੋਂ ਇਕ ਸੀਟ ਹੀ ਮਿਲੀ ਜਦੋਂ ਕਿ 2012 ਤੇ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਸ ਨੂੰ ਕੋਈ ਸੀਟ ਨਹੀਂ ਮਿਲੀ। ਇਸ ਦੇ ਨਾਲ ਹੀ ਖੱਬੀਆਂ ਪਾਰਟੀਆਂ ਵੀ ਪੰਜਾਬ 'ਚ ਤੀਸਰੀ ਵਿਰੋਧੀ ਧਿਰ ਬਣਨ ਲਈ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੀਆਂ ਹਨ। ਇਨ੍ਹਾਂ ਤੋਂ ਇਲਾਵਾ ਪੀਪਲਜ਼ ਪਾਰਟੀ ਆਫ ਪੰਜਾਬ, ਲੋਕ ਭਲਾਈ ਪਾਰਟੀ, ਅਕਾਲੀ ਦਲ ਲੌਂਗੋਵਾਲ ਅਤੇ ਅਵਾਜ਼-ਏ-ਪੰਜਾਬ ਆਦਿ ਪਾਰਟੀਆਂ ਕੁਝ ਹਾਸਲ ਨਾ ਹੁੰਦਾ ਦੇਖ ਕੇ ਦੂਸਰੀਆਂ ਪਾਰਟੀਆਂ 'ਚ ਰਲੇਵਾਂ ਕਰ ਚੁੱਕੀਆਂ ਹਨ।

ਇਸ ਦੇ ਨਾਲ ਹੀ ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ ਅਤੇ ਸੁੱਚਾ ਸਿੰਘ ਛੋਟੇਪੁਰ ਦੀ ਆਪਣਾ ਪੰਜਾਬ ਪਾਰਟੀ ਬੇਸ਼ੱਕ ਅਜੇ ਚੱਲ ਰਹੀ ਹੈ ਪਰ ਇਹ ਵੀ ਤੀਸਰੀ ਧਿਰ ਬਣਨ ਦੇ ਨੇੜੇ-ਤੇੜੇ ਵੀ ਦਿਖਾਈ ਨਹੀਂ ਦਿੰਦੀਆਂ।

ਇਸੇ ਤਰ੍ਹਾਂ ਆਮ ਆਦਮੀ ਪਾਰਟੀ ਨੇ ਜਦੋਂ 2014 ਦੌਰਾਨ ਹੋਈਆਂ ਲੋਕ ਸਭਾ ਚੋਣਾਂ ਮੌਕੇ ਦੇਸ਼ ਅੰਦਰ ਆਪਣੇ 434 ਉਮੀਦਵਾਰ ਖੜ੍ਹੇ ਕੀਤੇ ਸਨ ਤਾਂ ਇਨ੍ਹਾਂ 'ਚੋਂ ਸਿਰਫ 4 ਉਮੀਦਵਾਰ ਪੰਜਾਬ ਤੋਂ ਹੀ ਜਿੱਤੇ ਸਨ। ਫਿਰ ਪਿਛਲੀਆਂ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਕੁੱਲ 177 ਸੀਟਾਂ ਵਿਚੋਂ 20 ਸੀਟਾਂ ਹਾਸਲ ਕਰਕੇ ਇਹ ਪਾਰਟੀ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਵਜੋਂ ਖੜ੍ਹੀ ਹੋ ਗਈ ਪਰ ਹੁਣ ਇਸ ਪਾਰਟੀ ਦਾ ਜਨ ਆਧਾਰ ਬਹੁਤ ਜ਼ਿਆਦਾ ਘੱਟ ਚੁੱਕਾ ਹੈ।

ਸਿਰਫ ਵਰਕਰ ਹੀ ਨਹੀਂ ਸਗੋਂ ਇਸ ਦੀਆਂ ਟਿਕਟਾਂ 'ਤੇ ਲੋਕ ਸਭਾ ਅਤੇ ਖਾਸ ਕਰਕੇ ਵਿਧਾਨ ਸਭਾ ਦੀਆਂ ਚੋਣਾਂ ਲੜਨ ਵਾਲੇ ਕਰੀਬ ਸਾਰੇ ਹੀ ਆਗੂ ਰਵਾਇਤੀ ਪਾਰਟੀਆਂ 'ਚ ਸ਼ਾਮਲ ਹੋ ਚੁੱਕੇ ਹਨ। ਇਸ ਤਰ੍ਹਾਂ ਮਜ਼ਬੂਤ ਤੀਸਰੀ ਧਿਰ ਖੜ੍ਹੀ ਨਾ ਹੁੰਦੀ ਵੇਖਦੇ ਹੋਏ ਆਮ ਵੋਟਰ ਜਿਹੜੇ ਉਕਤ ਪਾਰਟੀਆਂ ਵੱਲ ਆਕਰਸ਼ਿਤ ਹੋਏ ਸਨ ਰਵਾਇਤੀ ਪਾਰਟੀਆਂ ਦੇ ਵੱਲ ਮੁੜ ਰਹੇ ਹਨ।

# ਜਾਗਰੂਕ ਵੋਟਰਾਂ ਦੇ ਸਵਾਲਾਂ ਨੇ ਕਰਵਾਏ ਉਮੀਦਵਾਰਾਂ ਦੇ ਹੱਥ ਖੜ੍ਹੇ

**ਚੰਡੀਗੜ੍ਹ:** ਲੋਕ ਸਭਾ ਚੋਣ ਲੜ ਰਹੇ ਪ੍ਰਮੁੱਖ ਉਮੀਦਵਾਰਾਂ ਦਾ ਰੈਲੀਆਂ ਮੌਕੇ ਹੋ ਰਿਹਾ ਤਿੱਖਾ ਵਿਰੋਧ ਉਨ੍ਹਾਂ ਲਈ ਵੱਡੀ ਸਿਰਦਰਦੀ ਬਣਿਆ ਹੋਇਆ ਹੈ। ਵਿਰੋਧ ਦੇ ਡਰੋਂ ਜਿਥੇ ਉਮੀਦਵਾਰਾਂ ਨੇ ਆਪਣੀ ਨਿਜੀ ਸੁਰੱਖਿਆ ਵਧਾ ਲਈ ਹੈ, ਉਥੇ ਪਾਰਟੀ ਵਰਕਰਾਂ ਨੂੰ ਸਖਤ ਦਿਸ਼ਾ-ਨਿਰਦੇਸ਼ ਦਿੱਤੇ ਹਨ ਕਿ ਵਿਰੋਧੀਆਂ ਦੇ ਨਾਲ ਹੀ ਵਿਰੋਧ ਦੀ ਆੜ 'ਚ ਸ਼ਰਾਰਤੀ ਅਨਸਰਾਂ 'ਤੇ ਤਿੱਖੀ ਨਜ਼ਰ ਰੱਖੀ ਜਾਵੇ। ਉਮੀਦਵਾਰਾਂ ਤੋਂ ਇਲਾਵਾ ਕਈ ਨੇਤਾਵਾਂ ਨੇ ਆਪਣੀ ਸੁਰੱਖਿਆ ਲਈ ਬਾਊਂਸਰ ਵੀ ਰੱਖ ਲਏ ਹਨ।





ਇਸੇ ਦੇ ਚਲਦਿਆਂ ਰਾਜ ਦੀਆਂ ਖੁਫੀਆ ਏਜੰਸੀਆਂ ਸੁਚੇਤ ਹੋ ਗਈਆਂ ਹਨ। ਵਧੀਕ ਡਾਇਰੈਕਟਰ ਜਨਰਲ ਪੁਲਿਸ (ਸੁਰੱਖਿਆ) ਨੇ ਉਮੀਦਵਾਰਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਪੱਤਰ ਵੀ ਜਾਰੀ ਕੀਤਾ ਹੈ। ਜ਼ਿਕਰਯੋਗ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਤੇ ਫਿਰੋਜ਼ਪੁਰ ਤੋਂ ਅਕਾਲੀ-ਭਾਜਪਾ ਗੱਠਜੋੜ ਦੇ ਉਮੀਦਵਾਰ ਸੁਖਬੀਰ ਸਿੰਘ ਬਾਦਲ, ਕੇਂਦਰੀ ਮੰਤਰੀ ਤੇ ਬਠਿੰਡਾ ਤੋਂ ਅਕਾਲੀ ਦਲ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ, ਸਾਬਕਾ ਮੰਤਰੀ ਤੇ ਫਰੀਦਕੋਟ ਤੋਂ ਅਕਾਲੀ ਉਮੀਦਵਾਰ ਗੁਲਜ਼ਾਰ ਸਿੰਘ ਰਣੀਕੇ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਤੇ ਕਾਂਗਰਸ ਦੀ ਪਟਿਆਲਾ ਤੋਂ ਉਮੀਦਵਾਰ ਮਹਾਰਾਣੀ ਪ੍ਰਨੀਤ ਕੌਰ, 'ਆਪ' ਦੇ ਸੂਬਾ ਪ੍ਰਧਾਨ ਤੇ ਸੰਗਰੂਰ ਤੋਂ ਉਮੀਦਵਾਰ ਭਗਵੰਤ ਮਾਨ, 'ਆਪ' ਦੀ ਮਹਿਲਾ ਵਿੰਗ ਦੀ ਸੂਬਾ ਪ੍ਰਧਾਨ ਤੇ ਬਠਿੰਡਾ ਤੋਂ ਉਮੀਦਵਾਰ ਪ੍ਰੋ. ਬਲਜਿੰਦਰ ਕੌਰ ਨੂੰ ਵੋਟਰਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਕਈ ਵਾਰ ਤਾਂ ਉਮੀਦਵਾਰਾਂ ਨੂੰ ਰੈਲੀਆਂ ਵੀ ਅੱਧ ਵਿਚਾਲੇ ਛੱਡਣੀਆਂ ਪਈਆਂ ਹਨ। ਸ਼੍ਰੋਮਣੀ ਅਕਾਲੀ ਦਲ (ਅ) ਦੇ ਬਠਿੰਡਾ ਤੋਂ ਉਮੀਦਵਾਰ ਭਾਈ ਗੁਰਸੇਵਕ ਸਿੰਘ ਜਵਾਹਰਕੇ ਦਾ ਵੀ ਮਾਨਸਾ ਜ਼ਿਲ੍ਹੇ ਦੇ ਇਕ ਪਿੰਡ 'ਚ ਡੇਰਾ ਪ੍ਰੇਮੀਆਂ ਨਾਲ ਤਿੱਖਾ ਬੋਲ ਬੁਲਾਰਾ ਹੋਇਆ। ਇਥੋਂ ਤੱਕ ਕਿ ਵਿਰੋਧ ਤੇ ਵਿਰੋਧ ਦੀ ਆੜ ਹੇਠ ਸ਼ਰਾਰਤੀ ਲੋਕ ਮਹਿਲਾ ਉਮੀਦਵਾਰਾਂ ਨੂੰ ਵੀ ਨਹੀਂ ਬਖ਼ਸ਼ਦੇ।

ਬਠਿੰਡਾ ਹਲਕੇ 'ਚ ਹਰਸਿਮਰਤ ਕੌਰ ਬਾਦਲ ਤੇ ਪ੍ਰੋ. ਬਲਜਿੰਦਰ ਕੌਰ ਨੂੰ ਤਾਂ ਸੜਕ 'ਤੇ ਧਰਨੇ ਲਗਾਉਣ ਲਈ ਮਜਬੂਰ ਹੋਣਾ ਪਿਆ। ਇਸ ਗੱਲ 'ਚ ਕੋਈ ਦੋ ਰਾਇ ਨਹੀਂ ਕਿ ਸੂਬੇ ਦੇ ਵੋਟਰ ਪਹਿਲਾਂ ਨਾਲੋਂ ਜਾਗਰੂਕ ਹੋਏ ਹਨ ਤੇ ਉਹ ਉਮੀਦਵਾਰਾਂ ਨੂੰ ਚੋਣ ਜਲਸਿਆਂ ਮੌਕੇ ਸਿੱਧੇ ਸਵਾਲ ਜਵਾਬ ਕਰਨ ਲੱਗੇ ਹਨ। ਅਕਾਲੀ ਦਲ ਲਈ ਬਰਗਾੜੀ ਬੇਅਦਬੀ, ਬਹਿਬਲ ਕਲਾਂ ਗੋਲੀ ਕਾਂਡ ਚੋਣਾਂ 'ਚ ਗਲੇ ਦੀ ਹੱਡੀ ਬਣ ਗਿਆ ਹੈ।

ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਤਾਂ ਅਜਿਹੇ ਵਿਰੋਧ ਨੂੰ ਠੱਲਣ ਲਈ ਪਿਛਲੇ ਦਿਨੀਂ ਮਾਨਸਾ ਜ਼ਿਲ੍ਹੇ ਦੇ ਦੌਰੇ ਮੌਕੇ ਚੋਣ ਕਾਨਫਰੰਸਾਂ ਨੂੰ ਸੰਬੋਧਨ ਕਰਦਿਆਂ ਭਾਵੁਕ ਹੋ ਕੇ ਇਥੋਂ ਤੱਕ ਕਹਿ ਦਿੱਤਾ ਕਿ 'ਉਹ ਅਰਦਾਸ ਕਰਦੇ ਹਨ ਕਿ ਬੇਅਦਬੀ ਕਰਨ ਤੇ ਕਰਵਾਉਣ ਵਾਲਿਆਂ ਦਾ ਕੱਖ ਨਾ ਰਹੇ।'

ਜਿਥੋਂ ਤੱਕ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਦਾ ਸਵਾਲ ਹੈ, ਉਨ੍ਹਾਂ ਨੂੰ ਕੈਪਟਨ ਸਰਕਾਰ ਵੱਲੋਂ 2 ਵਰ੍ਹਿਆਂ ਦੇ ਕਾਰਜਕਾਲ ਦੌਰਾਨ ਵੋਟਰਾਂ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਸਾਨ ਤੇ ਬੇਰੁਜ਼ਗਾਰ ਨੌਜਵਾਨ ਕਾਂਗਰਸ ਉਮੀਦਵਾਰਾਂ ਨੂੰ ਸਵਾਲ ਪੁੱਛਣ ਲਈ ਮੋਹਰੀ ਹਨ। 'ਆਪ' ਨੂੰ ਸਿਧਾਂਤਕ ਪੈਂਤੜੇ 'ਤੇ ਖਰਾ ਨਾ ਉਤਰਨ ਲਈ ਜਵਾਬਦੇਹ ਹੋਣਾ ਪੈ ਰਿਹਾ ਹੈ।

# ਬਾਦਲਾਂ ਦੇ ਗੜ੍ਹ 'ਚ ਹਰਸਿਮਰਤ ਨੂੰ ਘੇਰਾ

**ਬਠਿੰਡਾ:** ਬਠਿੰਡਾ ਸੰਸਦੀ ਹਲਕੇ ਵਿਚ ਅਕਾਲੀ ਉਮੀਦਵਾਰ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਖਿਲਾਫ ਬੇਅਦਬੀ ਮਾਮਲੇ ਨੂੰ ਲੈ ਕੇ ਉਠੀ ਵਿਰੋਧ ਦੀ ਸੁਰ ਹੁਣ ਤਣਾਅ ਤੇ ਟਕਰਾਅ 'ਚ ਤਬਦੀਲ ਹੋ ਗਈ ਹੈ। ਹਲਕਾ ਮੌੜ ਦੇ ਪਿੰਡਾਂ 'ਚ ਹਰਸਿਮਰਤ ਨੂੰ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਮੌੜ ਦੇ ਪਿੰਡ ਬਾਲਿਆਂ ਵਾਲੀ 'ਚੋਂ ਸੁਲਗਦਾ ਹੋਇਆ ਵਿਰੋਧ ਅਖੀਰ ਪਿੰਡ ਮੰਡੀ ਕਲਾਂ 'ਚ ਏਨਾ ਤਿੱਖਾ



ਹੋ ਗਿਆ ਕਿ ਹਰਸਿਮਰਤ ਬਾਦਲ ਨੂੰ ਚੋਣ ਜਲਸਾ ਕਰਨ ਲਈ ਧਰਨਾ ਲਾਉਣਾ ਪਿਆ।

ਉਨ੍ਹਾਂ ਦੀ ਅਗਵਾਈ 'ਚ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਧਰਨੇ ਤੋਂ ਉਠ ਕੇ ਚੋਣ ਜਲਸੇ ਲਈ ਧਰਮਸ਼ਾਲਾ 'ਚ ਪੁੱਜੇ ਤਾਂ ਵਿਰੋਧੀ ਧਿਰ ਨਾਲ ਟਕਰਾਅ ਹੋ ਗਿਆ। ਪੁਲਿਸ ਨੇ ਦੋਵੇਂ ਧਿਰਾਂ ਨੂੰ ਖਿੰਡਾਉਣ ਲਈ ਹਲਕਾ ਲਾਠੀਚਾਰਜ ਕੀਤਾ ਅਤੇ ਕੁਝ ਬੰਦੇ ਹਿਰਾਸਤ 'ਚ ਲੈ ਲਏ। ਮੌਕੇ ਉਤੇ ਪੁੱਜੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਇਹ ਸਾਰਾ ਕੁਝ ਕਾਂਗਰਸ ਦੀ ਸ਼ਹਿ 'ਤੇ ਹੋ ਰਿਹਾ ਹੈ ਜਦਕਿ ਅਸੀਂ ਅਮਨ ਅਮਨ ਚਾਹੁੰਦੇ ਹਾਂ। ਇਸ ਤੋਂ ਪਹਿਲਾਂ ਹਰਸਿਮਰਤ ਕੌਰ ਬਾਦਲ ਦੀ ਅਗਵਾਈ 'ਚ ਅਕਾਲੀ ਵਰਕਰਾਂ ਨੇ ਰਾਮਪੁਰਾ ਮੌੜ ਮਾਰਗ 'ਤੇ ਪਿੰਡ ਮੰਡੀ ਕਲਾਂ ਦੇ ਡਰੇਨ ਉਪਰ ਧਰਨਾ ਲਾ ਦਿੱਤਾ ਸੀ। ਧਰਨਾ ਸਮਾਪਤ ਕਰਨ ਮਗਰੋਂ ਉਨ੍ਹਾਂ ਪਿੰਡ 'ਚ ਜਲਸਾ ਕੀਤਾ। ਇਸ ਟਕਰਾਅ ਕਰਕੇ ਹਰਸਿਮਰਤ ਦੇ ਹੋਰ ਪਿੰਡਾਂ ਤੇ ਬਠਿੰਡਾ ਸ਼ਹਿਰ ਵਿਚ ਉਲੀਕੇ ਪ੍ਰੋਗਰਾਮਾਂ ਵਿਚ ਦੇਰੀ ਹੋ ਗਈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਭਾਰਤੀ ਕਿਸਾਨ ਯੂਨੀਅਨ (ਸਿੱਧੂ ਪੁਰ) ਤੇ ਭੁੱਲਰ ਭਾਈਚਾਰੇ ਨੇ ਪਿੰਡ ਦੇ ਲੋਕਲ ਗੁਰੂ ਘਰ ਵਿਚ ਇਕੱਠ ਬੁਲਾ ਕੇ ਹਰਸਿਮਰਤ ਦਾ ਵਿਰੋਧ ਸ਼ੁਰੂ ਕਰ ਦਿੱਤਾ।

ਸੈਂਕੜੇ ਲੋਕ ਕਾਲੀਆਂ ਝੰਡੀਆਂ ਸਮੇਤ ਗੁਰੂ ਘਰ ਵਿਚ ਆਉਣੇ ਸ਼ੁਰੂ ਹੋ ਗਏ ਸਨ। ਗੁਰੂ ਘਰ ਦੇ ਐਨ ਸਾਹਮਣੇ ਧਰਮਸ਼ਾਲਾ ਵਿਚ ਅਕਾਲੀ ਦਲ ਦੀ ਸਟੇਜ ਲੱਗੀ ਹੋਈ ਸੀ। ਅਕਾਲੀ ਦਲ ਦੇ ਆਗੂਆਂ ਨੇ ਇਕ ਦਫਾ ਤਾਂ ਅੰਦਰੋਂ ਸਟੇਜ ਤੋਂ ਹੰਭਲਾ ਮਾਰਿਆ ਪਰ ਵਿਰੋਧ ਨੂੰ ਦੇਖਦੇ ਹੋਏ ਆਗੂ ਮੱਠੇ ਪੈ ਗਏ। ਬੇਅਦਬੀ ਦੇ ਮਾਮਲੇ ਨੂੰ ਲੈ ਕੇ ਲੋਕਾਂ ਨੇ ਧਰਮਸ਼ਾਲਾ ਦੇ ਦੋਵੇਂ ਗੇਟਾਂ 'ਤੇ ਧਰਨਾ ਮਾਰ ਦਿੱਤਾ। ਪੁਲਿਸ ਪ੍ਰਸ਼ਾਸਨ ਨੇ ਵਿਰੋਧ ਕਰਨ ਵਾਲਿਆਂ ਦੀ ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ ਨਾਲ ਮੀਟਿੰਗ ਕਰਾਉਣੀ ਚਾਹੀ ਪਰ ਆਗੂ ਇਸ ਗੱਲ 'ਤੇ ਅੜ ਗਏ ਕਿ ਮੀਟਿੰਗ 'ਚ ਹਰਸਿਮਰਤ ਨੂੰ ਵੀ ਸ਼ਾਮਲ ਕੀਤਾ ਜਾਵੇ। ਜਦੋਂ ਚੋਣ ਜਲਸੇ 'ਚੋਂ ਕੁਰਸੀਆਂ ਇਕੱਠੀਆਂ ਹੋਣ ਲੱਗ ਪਈਆਂ ਤਾਂ ਆਗੂਆਂ ਨੇ ਵਿਰੋਧ ਪ੍ਰਦਰਸ਼ਨ ਜੇਤੂ ਐਲਾਨ ਕੇ ਸਮਾਪਤ ਕਰ ਦਿੱਤਾ। ਦੂਜੇ ਪਾਸੇ ਅਕਾਲੀ ਆਗੂਆਂ ਤੇ ਵਰਕਰਾਂ ਨੇ ਮੁੱਖ ਸੜਕ 'ਤੇ ਮਾਰੇ ਧਰਨੇ 'ਚ ਚੋਣ ਕਮਿਸ਼ਨ, ਪੁਲਿਸ ਪ੍ਰਸ਼ਾਸਨ ਤੇ ਕੈਪਟਨ ਸਰਕਾਰ ਖਿਲਾਫ ਮੁਰਦਾਬਾਦ ਦੇ ਜ਼ੋਰਦਾਰ ਨਾਅਰੇ ਲਗਾਏ।

## ਗੈਰਸਮਾਜੀ ਤੱਤਾਂ ਨੂੰ ਹੱਲਾਸ਼ੇਰੀ ਦੇ ਰਿਹਾ ਹੈ ਕੈਪਟਨ: ਹਰਸਿਮਰਤ

ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਆਖਿਆ ਹੈ ਕਿ ਕੈਪਟਨ ਸਰਕਾਰ ਪੁਲਿਸ ਦੇ ਜ਼ਰੀਏ ਗੈਰਸਮਾਜੀ ਤੱਤਾਂ ਨੂੰ ਹੱਲਾਸ਼ੇਰੀ ਦੇ ਕੇ ਚੋਣਾਂ ਦਾ ਮਾਹੌਲ ਖਰਾਬ ਕਰਨਾ ਚਾਹੁੰਦੀ ਹੈ। ਉਨ੍ਹਾਂ ਆਪਣੀ ਜਾਨ ਨੂੰ ਖਤਰਾ ਦੱਸਦਿਆਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਜਿੱਤ ਦੇਖ ਕੇ ਸਰਕਾਰ ਬੁਖਲਾਹਟ ਵਿਚ ਆ ਗਈ ਹੈ। ਸ਼੍ਰੋਮਣੀ ਅਕਾਲੀ ਦਲ ਨੇ ਚੋਣ ਕਮਿਸ਼ਨ ਨੂੰ ਪੱਤਰ ਭੇਜ ਕੇ ਬਠਿੰਡਾ ਹਲਕੇ ਨੂੰ ਬੇਹੱਦ ਸੰਵੇਦਨਸ਼ੀਲ ਐਲਾਨਣ ਦੀ ਮੰਗ ਕਰਦਿਆਂ ਅਰਧ ਸੈਨਿਕ ਬਲਾਂ ਦੀ ਤਾਇਨਾਤੀ ਮੰਗੀ। ਦਲ ਨੇ ਆਖਿਆ ਕਿ ਕਾਂਗਰਸ ਸਰਕਾਰ ਪੁਲਿਸ ਦੀ ਤਾਕਤ ਨਾਲ ਚੋਣ ਜਿੱਤਣਾ ਚਾਹੁੰਦੀ ਹੈ।

# ਪਾਰਟੀ ਦੀ ਅੰਦਰੂਨੀ ਖਿੱਚੋਤਾਣ ਕਾਰਨ ਸਿੱਧੂ ਪੰਜਾਬ 'ਚ ਚੋਣ ਪ੍ਰਚਾਰ ਤੋਂ ਦੂਰ

**ਟੱਲੇਵਾਲ:** ਪਿਛਲੇ ਦੋ ਵਰ੍ਹਿਆਂ ਤੋਂ ਅਕਾਲੀ-ਭਾਜਪਾ ਲੀਡਰਸ਼ਿਪ 'ਤੇ ਸਭ ਤੋਂ ਜ਼ੋਰਦਾਰ ਹਮਲਾ ਕਰਨ ਵਾਲੇ ਵਜ਼ੀਰ ਨਵਜੋਤ ਸਿੱਧੂ ਨੇ ਸੂਬੇ ਅੰਦਰ ਪਾਰਟੀ ਲਈ ਚੋਣ ਪ੍ਰਚਾਰ ਤੋਂ ਪਾਸਾ ਵੱਟ ਰੱਖਿਆ ਹੈ। ਕਾਂਗਰਸ ਦਾ ਇਹ ਵੱਡਾ ਸਟਾਰ ਪ੍ਰਚਾਰਕ ਲਗਭਗ ਇਕ ਮਹੀਨੇ ਤੋਂ ਦੇਸ਼ ਦੇ ਵੱਖ ਵੱਖ ਹਿੱਸਿਆਂ 'ਚ ਪੰਜਾਹ ਤੋਂ ਵੱਧ



ਚੋਣ ਰੈਲੀਆਂ ਕਰ ਚੁੱਕਾ ਹੈ ਪਰ ਹੁਣ ਤਕ ਇਸ ਤੇਜ਼-ਤਰਾਰ ਆਗੂ ਨੇ ਆਪਣੇ ਜੱਦੀ ਸੂਬੇ ਵੱਲ ਮੂੰਹ ਹੀ ਨਹੀਂ ਕੀਤਾ।

ਵਿਧਾਨ ਸਭਾ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਭਾਜਪਾ ਦੇ ਚਾਰ ਵਾਰ ਦੇ ਸੰਸਦ ਮੈਂਬਰ ਸਿੱਧੂ ਬਾਦਲਾਂ ਪ੍ਰਤੀ ਪਾਰਟੀ ਦੇ ਨਰਮ ਰੁਖ ਦੇ ਪ੍ਰਤੀਕਰਮ ਵਜੋਂ ਕਾਂਗਰਸ ਵਿਚ ਸ਼ਾਮਲ ਹੋਏ ਸਨ। ਉਦੋਂ ਤੋਂ ਹੀ ਉਨ੍ਹਾਂ ਦੀ ਬਾਦਲਾਂ ਅਤੇ ਮਜੀਠੀਆ ਪਰਿਵਾਰ ਨਾਲ ਰਾਜਨੀਤਕ ਲੜਾਈ ਨਿੰਜੀ ਲੜਾਈ ਵਿਚ ਬਦਲਦੀ ਗਈ। ਆਰੰਭ ਤੋਂ ਹੀ ਬਹੁਤੇ ਮਾਮਲਿਆਂ 'ਚ ਮੁੱਖ ਮੰਤਰੀ ਅਮਰਿੰਦਰ ਸਿੰਘ ਤੋਂ ਵੱਖਰੀ ਰਾਏ ਰੱਖਣ ਵਾਲੇ ਸਿੱਧੂ ਦਾ ਕਾਂਗਰਸ ਅੰਦਰ ਵਿਰੋਧ ਵੀ ਹੁੰਦਾ ਰਿਹਾ ਹੈ।

ਕਿਆਸ ਲਗਾਏ ਜਾ ਰਹੇ ਸਨ ਕਿ ਉਨ੍ਹਾਂ ਨੂੰ ਇਸ ਵਾਰ ਸੂਬੇ ਅੰਦਰ ਚੋਣ ਕੈਂਪੇਨ ਕਮੇਟੀ ਦਾ ਇੰਚਾਰਜ ਲਾਇਆ ਜਾ ਸਕਦਾ ਹੈ, ਪਰ ਅਜਿਹਾ ਨਾ ਹੋਇਆ। ਚੋਣਾਂ ਤੋਂ ਐਨ ਪਹਿਲਾਂ ਰਾਹੁਲ ਗਾਂਧੀ ਦੀ ਮੋਗਾ ਰੈਲੀ ਵਿਚ ਸਿੱਧੂ ਨੂੰ ਬੋਲਣ ਦਾ ਸਮਾਂ ਹੀ ਨਾ ਦਿੱਤਾ ਗਿਆ। ਇਸ ਤੋਂ ਬਾਅਦ ਉਨ੍ਹਾਂ ਦੀ ਪਤਨੀ ਅਤੇ ਸਾਬਕਾ ਐਮ.ਐਲ.ਏ. ਦੀ ਚੰਡੀਗੜ੍ਹ ਟਿਕਟ ਤੋਂ ਦਾਅਵੇਦਾਰੀ ਖਾਰਜ ਕਰਦਿਆਂ ਇਸ ਵਾਰ ਫਿਰ ਸਾਬਕਾ ਕੇਂਦਰੀ ਮੰਤਰੀ ਪਵਨ ਬਾਂਸਲ ਨੂੰ ਪਾਰਟੀ ਨੇ ਟਿਕਟ ਦੇ ਦਿੱਤੀ। ਨਵਜੋਤ ਕੌਰ ਦੇ ਬਠਿੰਡਾ ਤੋਂ ਚੋਣ ਲੜਨ ਵਿਰੁਧ ਪਾਰਟੀ ਦੇ ਕੁਝ ਆਗੂਆਂ ਦੇ ਬਿਆਨਾਂ ਤੋਂ ਵੀ ਸਿੱਧੂ ਦੀ ਨਾਰਾਜ਼ਗੀ ਵਧੀ। ਕਾਂਗਰਸ ਪਾਰਟੀ ਵਿਚ ਨਵਜੋਤ ਸਿੰਘ ਸਿੱਧੂ ਦਾ ਸਿੱਖ ਚਿਹਰੇ ਦੇ ਤੌਰ 'ਤੇ ਤੇਜ਼ੀ ਨਾਲ ਉਭਾਰ ਹੋਇਆ ਹੈ। ਉਨ੍ਹਾਂ ਨੂੰ ਬਹੁਤੇ ਲੋਕ ਕੈਪਟਨ ਅਮਰਿੰਦਰ ਸਿੰਘ ਦਾ ਪਾਰਟੀ ਵਿਚ ਜਾਨਸ਼ੀਨ ਵੀ ਮੰਨਦੇ ਹਨ। ਇਸ ਸਮੇਂ ਸੂਬੇ 'ਚ ਚੋਣਾਂ ਲੜ ਰਹੇ ਬਹੁਤੇ ਉਮੀਦਵਾਰ ਨਵਜੋਤ ਸਿੱਧੂ ਨੂੰ ਅੰਦਰਖਾਤੇ ਆਪਣੇ ਹਲਕਿਆਂ 'ਚ ਰੈਲੀ ਕਰਨ ਵਾਸਤੇ ਜ਼ੋਰ ਪਾ ਰਹੇ ਹਨ। ਪਰ ਸਿੱਧੂ ਨੇ ਹਾਲੇ ਤਕ ਕਿਸੇ ਨੂੰ ਵੀ ਪੱਲਾ ਨਹੀਂ ਫੜਾਇਆ।

# 'ਮਿਸ਼ਨ-13' ਰਵਾਇਤੀ ਧਿਰਾਂ ਲਈ ਬਣਿਆ ਚੁਣੌਤੀ

**ਚੰਡੀਗੜ੍ਹ:** ਪੰਜਾਬ ਵਿਚ ਇਸ ਵਾਰ ਲੋਕ ਸਭਾ ਚੋਣਾਂ ਦੇ ਨਤੀਜੇ ਕੁਝ ਵੱਖਰੇ ਹੀ ਆਉਣ ਦੇ ਕਿਆਸ ਲਗਾਏ ਜਾ ਰਹੇ ਹਨ। ਪਹਿਲਾਂ ਸੂਬੇ ਵਿਚ ਸੱਤਾਧਾਰੀ ਕਾਂਗਰਸ ਪਾਰਟੀ ਨੇ ਮਿਸ਼ਨ-13, ਭਾਵ ਸੂਬੇ ਦੀਆਂ 13 ਵਿਚੋਂ 13 ਸੀਟਾਂ ਜਿੱਤਣ ਦਾ ਦਾਅਵਾ ਕੀਤਾ ਸੀ। ਮੌਜੂਦਾ ਰੁਝਾਨਾਂ ਅਨੁਸਾਰ ਮੁਕਾਬਲਾ ਇੰਨਾ ਸਿੱਧ ਪੱਧਰਾ ਨਹੀਂ।

ਕਾਂਗਰਸ ਨੂੰ ਉਮੀਦ ਸੀ ਕਿ ਵਿਰੋਧੀ ਵੋਟਾਂ ਅਕਾਲੀ-ਭਾਜਪਾ ਗੱਠਜੋੜ ਤੇ ਆਮ ਆਦਮੀ ਪਾਰਟੀ ਵਿਚ ਵੰਡੇ ਜਾਣ ਕਾਰਨ ਉਸ ਨੂੰ ਲਾਭ ਹੋਵੇਗਾ ਪਰ ਕਈ ਹਲਕਿਆਂ ਵਿਚ ਕਾਂਗਰਸ ਯੋਗ ਉਮੀਦਵਾਰ ਖੜ੍ਹੇ ਨਹੀਂ ਕਰ ਸਕੀ ਅਤੇ ਉਸ ਦਾ ਫਾਇਦਾ ਅਕਾਲੀ ਦਲ-ਭਾਜਪਾ ਗੱਠਜੋੜ ਨੂੰ ਹੋਵੇਗਾ। ਭਾਰਤੀ ਜਨਤਾ ਪਾਰਟੀ ਗੁਰਦਾਸਪੁਰ ਤੋਂ ਸਨੀ ਦਿਓਲ ਨੂੰ ਉਮੀਦਵਾਰ ਬਣਾ ਕੇ ਕਾਂਗਰਸ ਨੂੰ ਉਹ ਟੱਕਰ ਦੇ ਰਹੀ ਹੈ ਜਿਸ ਦੀ ਕਾਂਗਰਸ ਨੂੰ ਪਹਿਲਾਂ ਆਸ ਨਹੀਂ ਸੀ।

ਕਾਂਗਰਸ ਦਾ ਖਿਆਲ ਸੀ ਕਿ ਲੋਕ ਧਾਰਮਿਕ ਬੇਅਦਬੀਆਂ ਤੇ ਉਨ੍ਹਾਂ ਤੋਂ ਬਾਅਦ ਹੋਏ ਗੋਲੀਕਾਂਡ ਬਾਰੇ ਅਕਾਲੀ ਦਲ ਤੋਂ ਸਵਾਲ ਪੁੱਛਦੇ ਰਹਿਣਗੇ ਅਤੇ ਕਾਂਗਰਸ ਦੀ ਪਿਛਲੇ ਦੋ ਸਾਲਾਂ ਦੀ ਕਾਰਗੁਜ਼ਾਰੀ ਨੂੰ ਮੁੱਦਾ ਨਹੀਂ ਬਣਾਇਆ ਜਾਏਗਾ।

ਲੋਕ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੂੰ ਵੀ ਘੇਰ ਰਹੇ ਹਨ ਅਤੇ ਕਾਂਗਰਸ 'ਤੇ ਘਰ-ਘਰ ਰੁਜ਼ਗਾਰ ਦੇਣ ਦੇ ਵਾਅਦੇ ਤੋਂ ਮੁੱਕਰਨ ਦਾ ਦੋਸ਼ ਲਗਾਇਆ ਜਾ ਰਿਹਾ ਹੈ। 2014 ਵਿਚ ਨੌਜਵਾਨਾਂ ਵਿਚ ਹਰਮਨ ਪਿਆਰੀ ਹੋਈ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੀ ਬਖਸ਼ਿਆ ਨਹੀਂ ਜਾ ਰਿਹਾ।

# ਸਿਆਸੀ ਧਿਰਾਂ ਵੱਲੋਂ ਤੋਹਮਤਬਾਜ਼ੀ ਆਸਰੇ ਫਤਿਹ ਹਾਸਲ ਕਰਨ 'ਤੇ ਜ਼ੋਰ

**ਚੰਡੀਗੜ੍ਹ:** ਪੰਜਾਬ ਦੀਆਂ 13 ਸੀਟਾਂ ਵਿਚੋਂ 10 ਤੋਂ ਵਧੇਰੇ ਸੀਟਾਂ 'ਤੇ ਸਿੱਧਾ ਮੁਕਾਬਲਾ ਕਾਂਗਰਸ ਤੇ ਅਕਾਲੀ-ਭਾਜਪਾ ਗੱਠਜੋੜ ਦਰਮਿਆਨ ਮੰਨਿਆ ਜਾ ਰਿਹਾ ਹੈ। ਕਾਂਗਰਸ ਤੇ ਅਕਾਲੀ-ਭਾਜਪਾ ਵੱਲੋਂ 13 ਦੀਆਂ 13 ਸੀਟਾਂ ਜਿੱਤਣ ਦੇ ਦਾਅਵੇ ਕੀਤੇ ਜਾ ਰਹੇ ਹਨ। 'ਆਪ' ਤੇ ਪੰਜਾਬ ਜਮਹੂਰੀ ਗੱਠਜੋੜ ਵੀ ਲੋਕਾਂ ਦਾ ਚੰਗਾ ਹੁੰਗਾਰਾ ਮਿਲਣ ਦੀ ਆਸ ਵਿਚ ਹਨ। ਪੰਜਾਬ 'ਚ ਚੋਣਾਂ ਦਾ ਰੰਗ ਪਹਿਲਾਂ ਨਾਲੋਂ ਬਦਲਿਆ ਹੋਇਆ ਨਜ਼ਰ ਆ ਰਿਹਾ ਹੈ, ਜਿਸ ਨੇ ਜਿਥੇ ਉਮੀਦਵਾਰਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਉਥੇ ਹੀ ਇਨ੍ਹਾਂ ਚੋਣਾਂ 'ਚ ਵੋਟਰਾਂ ਦੇ ਸਵਾਲ ਸਿਆਸੀ ਆਗੂਆਂ ਨੂੰ ਹਲੂਣਾ ਦੇਣ ਤੋਂ ਘੱਟ ਨਹੀਂ ਜਾਪ ਰਹੇ।

ਚੋਣ ਪ੍ਰਚਾਰ ਦੌਰਾਨ ਆਗੂਆਂ ਦੇ ਤੂਫਾਨੀ ਦੌਰਿਆਂ 'ਚੋਂ ਲੋਕ ਮਸਲੇ ਕਿਤੇ ਨਾ ਕਿਤੇ ਅਣਗੌਲੇ ਨਜ਼ਰ ਆ ਰਹੇ ਹਨ। ਵਿਕਾਸ ਦੇ ਵੱਡੇ ਦਾਅਵਿਆਂ ਤੇ ਵਾਅਦਿਆਂ ਦੇ ਨਾਲ ਸਿਆਸੀ ਤੋਹਮਤਬਾਜ਼ੀ ਭਾਰੂ ਨਜ਼ਰ ਆ ਰਹੀ ਹੈ। ਲੋਕਾਂ ਦੀ ਸੋਚ ਨੂੰ ਗਲੀਆਂ, ਨਾਲੀਆਂ ਤੇ ਸੜਕਾਂ ਤੱਕ ਸਮੇਟਣ ਦੇ ਯਤਨ ਹੋ ਰਹੇ ਹਨ। ਪੰਜਾਬ ਦੀ ਸੱਤਾ 'ਤੇ ਕਾਬਜ਼ ਕਾਂਗਰਸ ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਕੀਤੇ ਵਾਅਦਿਆਂ ਨੂੰ ਲੈ ਕੇ ਚੋਣ ਪ੍ਰਚਾਰ ਦੌਰਾਨ ਲੋਕ ਕਾਂਗਰਸੀ ਉਮੀਦਵਾਰਾਂ ਨੂੰ ਸਿੱਧੇ ਸਵਾਲ ਕਰ ਰਹੇ ਹਨ। ਵਕਤੀ ਅਤੇ ਲੋਕ-ਲੁਭਾਊ ਸਕੀਮਾਂ ਸ਼ੁਰੂ ਕਰਨ ਦੇ ਲਾਰਿਆਂ 'ਚ ਮਨੁੱਖ ਜ਼ਿੰਦਗੀ ਨਾਲ ਸਬੰਧਤ ਅਹਿਮ ਲੋੜਾਂ ਸਿੱਖਿਆ ਅਤੇ ਸਿਹਤ ਕਿਸੇ ਦੇ ਏਜੰਡੇ 'ਤੇ ਨਹੀਂ। ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਸਕੂਲ ਸਿੱਖਿਆ ਦਾ ਹਾਲ ਕਿਸੇ ਤੋਂ ਲੁਕਿਆ ਨਹੀਂ। ਸਕੂਲੀ ਸਿੱਖਿਆ ਨੂੰ ਪ੍ਰਫੁੱਲਿਤ ਕਰਨ ਦੀ ਬਜਾਏ ਇਸ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਵਿੱਦਿਅਕ ਅਦਾਰਿਆਂ ਦੇ ਨਾਲ-ਨਾਲ ਜਨਤਕ ਸਿਹਤ ਸੰਸਥਾਵਾਂ ਦੀ ਕਾਰਗੁਜ਼ਾਰੀ ਵੀ ਬਿਹਤਰ ਨਹੀਂ ਜਾਪਦੀ। ਲੋੜੀਂਦੀਆਂ ਸਹੂਲਤਾਂ ਅਤੇ ਮਾਹਿਰ ਡਾਕਟਰਾਂ ਦੀ ਘਾਟ ਹਮੇਸ਼ਾ ਚਰਚਾ ਦਾ ਵਿਸ਼ਾ ਬਣੀ ਰਹਿੰਦੀ ਹੈ।

ਪੰਜਾਬ ਅੱਜ-ਕੱਲ੍ਹ ਵਾਤਾਵਰਨ ਨਾਲ ਸਬੰਧਤ ਸਮੱਸਿਆਵਾਂ ਦਾ ਸ਼ਿਕਾਰ ਹੈ। ਧਰਤੀ ਹੇਠਲੇ ਪਾਣੀ ਦੀ ਹਾਲਤ ਚਿੰਤਾਜਨਕ ਹੈ। ਬੇਤਹਾਸ਼ਾ ਨਦੀਨ ਨਾਸ਼ਕਾਂ ਕਾਰਨ ਧਰਤੀ ਰੋਗੀ ਹੁੰਦੀ ਜਾ ਰਹੀ ਹੈ। ਕਿਸਾਨੀ ਦੀ ਹਾਲਤ ਨਿਘਰਦੀ ਜਾ ਰਹੀ ਹੈ ਤੇ ਆਪਣੇ ਚੋਣ ਪ੍ਰਚਾਰ ਦੌਰਾਨ ਦੇਸ਼ ਦੀ ਪਾਰਲੀਮੈਂਟ ਦੀਆਂ ਪੌੜੀਆਂ ਚੜ੍ਹਨ ਲਈ ਚੋਣ ਪ੍ਰਚਾਰ ਜੁਟੇ ਸਿਆਸੀ ਆਗੂ ਇਨ੍ਹਾਂ ਸਮੱਸਿਆਵਾਂ ਦਾ ਕਿਧਰੇ ਜ਼ਿਕਰ ਤੱਕ ਨਹੀਂ ਕਰ ਰਹੇ। ਆਜ਼ਾਦੀ ਦੇ 70 ਸਾਲਾਂ ਬਾਅਦ ਲੱਗਦਾ ਹੈ ਕਿ ਜਨਤਾ ਨੇ ਨੀਂਦ 'ਚੋਂ ਕਰਵਟ ਲਈ ਹੈ। ਇਸ ਗੱਲ ਦਾ ਸਬੂਤ ਪਿਛਲੇ ਦਿਨਾਂ ਦੌਰਾਨ ਚੋਣ ਪ੍ਰਚਾਰ ਦੌਰਾਨ ਲੋਕਾਂ ਵੱਲੋਂ ਵੋਟਾਂ ਮੰਗਣ ਵਾਲੇ ਸਿਆਸੀ ਆਗੂਆਂ ਨੂੰ ਸਵਾਲ ਕਰਨ ਤੋਂ ਸਾਬਤ ਹੋ ਗਿਆ ਹੈ। ਆਮ ਲੋਕਾਂ ਵਲੋਂ ਆਗੂਆਂ ਨੂੰ ਜਨਤਕ ਤੌਰ 'ਤੇ ਉਨ੍ਹਾਂ ਦੀ ਕਾਰਗੁਜ਼ਾਰੀ ਸਬੰਧੀ ਸਵਾਲ ਪੁੱਛਣੇ ਇਸ ਗੱਲ ਦਾ ਸੂਚਕ ਹੈ ਕਿ ਜੇ ਜਨਤਾ ਜਾਗ ਜਾਵੇ ਤਾਂ ਉਹ ਪਲਟੀ ਦੇ ਸਕਣ ਦੇ ਸਮਰੱਥ ਹੈ।

ਚੋਣ ਪ੍ਰਚਾਰ ਦੌਰਾਨ ਹੁਣ ਉਮੀਦਵਾਰਾਂ ਵੱਲੋਂ ਵੱਡੇ-ਵੱਡੇ ਵਾਅਦੇ ਕਰਨ ਦੀ ਬਜਾਏ ਸੀਮਤ ਭਾਸ਼ਣ ਰਾਹੀਂ ਲੋਕਾਂ ਨੂੰ ਆਪਣੇ ਹੱਕ ਵਿਚ ਲਾਮਬੰਦ ਕਰਨ ਦਾ ਵਤੀਰਾ ਅਪਨਾ ਲਿਆ ਹੈ। ਉਮੀਦਵਾਰ ਹੁਣ ਲੋਕ-ਲੁਭਾਉਣੇ ਵਾਅਦਿਆਂ ਤੋਂ ਸੰਕੋਚ ਕਰਦੇ ਨਜ਼ਰ ਆ ਰਹੇ ਹਨ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਦਾਦੂਵਾਲ ਇਰਾਦਾ ਕਤਲ ਦੇ ਮਾਮਲੇ 'ਚੋਂ ਬਰੀ

**ਮਾਨਸਾ:** ਅਦਾਲਤ ਨੇ ਸਰਬੱਤ ਖਾਲਸਾ ਵੱਲੋਂ ਥਾਪੇ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਅਤੇ 2 ਹੋਰਾਂ ਨੂੰ ਬਰੀ ਕਰਨ ਦਾ ਹੁਕਮ ਸੁਣਾਇਆ ਹੈ। ਦੱਸਣਾ ਬਣਦਾ ਹੈ ਕਿ ਤਕਰੀਬਨ ਸਾਢੇ 8 ਸਾਲ ਪਹਿਲਾਂ ਪਹਿਲੀ ਜਨਵਰੀ 2011 ਨੂੰ ਜ਼ਿਲ੍ਹੇ ਦੇ ਕਸਬਾ ਭੀਖੀ ਵਿਚ ਡੇਰਾ ਸਿਰਸਾ ਦੇ ਸ਼ਰਧਾਲੂਆਂ ਅਤੇ ਸਿੱਖ ਸੰਗਤ 'ਚ ਵਾਦ-ਵਿਵਾਦ ਦੇ ਚੱਲਦਿਆਂ ਦਾਦੂਵਾਲ ਸਮੇਤ ਹੋਰਾਂ 'ਤੇ 2 ਜਨਵਰੀ ਨੂੰ ਇਰਾਦਾ ਕਤਲ ਤੋਂ ਇਲਾਵਾ ਵੱਖ-ਵੱਖ ਧਾਰਾਵਾਂ ਅਧੀਨ ਮੁਕੱਦਮਾ ਦਰਜ ਕੀਤਾ ਗਿਆ ਸੀ।

ਦਾਦੂਵਾਲ ਤੇ ਸਾਥੀ ਇਸ ਮੁਕੱਦਮੇ 'ਚ ਜੇਲ੍ਹ ਦੀ ਹਵਾ ਖਾ ਚੁੱਕੇ ਹਨ। ਉਨ੍ਹਾਂ ਦੇ ਵਕੀਲ ਹਰਿੰਦਰਪਾਲ ਸਿੰਘ ਟਿਵਾਣਾ ਨੇ ਦੱਸਿਆ ਕਿ ਅਦਾਲਤ ਨੇ ਦਾਦੂਵਾਲ ਸਮੇਤ ਹਰਜਿੰਦਰ ਸਿੰਘ ਬਮਨਾਤਾ, ਰਣਧੀਰ ਸਿੰਘ ਦਕੋਹਾ ਨੂੰ ਉਨ੍ਹਾਂ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਬਰੀ ਕਰ ਦਿੱਤਾ ਹੈ। ਇਸ ਮੌਕੇ ਦਾਦੂਵਾਲ ਨੇ ਦੱਸਿਆ ਕਿ ਕਸਬਾ ਭੀਖੀ ਵਿਚ ਉਨ੍ਹਾਂ ਦੇ ਧਾਰਮਿਕ ਦੀਵਾਨ ਸਨ, ਜਿਥੇ ਸਿੱਖ ਸ਼ਰਧਾਲੂਆਂ ਤੇ ਡੇਰਾ ਪ੍ਰੇਮੀਆਂ 'ਚ ਤਕਰਾਰ ਹੋ ਗਿਆ ਸੀ, ਮੌਕੇ ਪੁਲਿਸ ਵੱਲੋਂ ਸਿੱਖਾਂ 'ਤੇ ਲਾਠੀਚਾਰਜ ਵੀ ਕੀਤਾ ਗਿਆ ਅਤੇ 52 ਵਿਅਕਤੀਆਂ 'ਤੇ ਵੱਖਰਾ ਮੁਕੱਦਮਾ ਦਰਜ ਕੀਤਾ ਗਿਆ ਸੀ, ਜੋ ਪਹਿਲਾਂ ਹੀ ਖਾਰਜ ਹੋ ਗਿਆ ਸੀ। ਉਹ ਮੌਕੇ 'ਤੇ ਹਾਜ਼ਰ ਨਹੀਂ ਸਨ, ਪਰ ਉਨ੍ਹਾਂ 'ਤੇ ਵੱਖਰਾ ਮੁਕੱਦਮਾ ਦਰਜ ਕੀਤਾ ਗਿਆ ਸੀ।

# ਕੈਪਟਨ ਵੱਲੋਂ ਮਜੀਠੀਆ ਨੂੰ ਕਾਨੂੰਨੀ ਘੇਰਾ ਪਾਉਣ ਦੀ ਤਿਆਰੀ

**ਚੰਡੀਗੜ੍ਹ:** ਚੋਣ ਮਾਹੌਲ 'ਚ ਕੈਪਟਨ ਸਰਕਾਰ ਤੇ ਅਕਾਲੀਆਂ ਵਿਚਾਲੇ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਮਾਮਲੇ ਸਬੰਧੀ ਟਕਰਾ ਹੋਰ ਤਿੱਖਾ ਹੋ ਗਿਆ ਹੈ। ਪੰਜਾਬ ਸਰਕਾਰ ਨੇ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਆਈ.ਜੀ. ਖਿਲਾਫ ਧਮਕੀਆਂ ਭਰੀ ਭਾਸ਼ਾ ਦੀ ਵਰਤੋਂ ਕਰਨ ਵਿਰੁੱਧ ਮਾਣਹਾਨੀ ਅਤੇ ਧਮਕੀਆਂ ਦੇਣ ਦਾ ਕੇਸ ਦਾਇਰ ਕਰਨ ਦਾ ਫੈਸਲਾ ਲੈ ਲਿਆ। ਕੈਪਟਨ ਨੇ ਆਪਣੀ ਕਾਨੂੰਨੀ ਟੀਮ ਨੂੰ ਮਜੀਠੀਆ ਖਿਲਾਫ ਕਾਨੂੰਨੀ ਕਾਰਵਾਈ ਦੀ ਖੁੱਲ੍ਹ ਦੇ ਦਿੱਤੀ ਹੈ। ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਇਕ ਵੀਡੀਓ ਵਾਇਰਲ ਹੋਈ ਹੈ, ਜਿਸ ਵਿਚ ਸ੍ਰੀ ਮਜੀਠੀਆ, ਆਈ.ਜੀ. ਕੁੰਵਰ ਵਿਜੇ ਪ੍ਰਤਾਪ ਖਿਲਾਫ ਧਮਕੀਆਂ ਭਰੀ ਮਾੜੀ ਭਾਸ਼ਾ ਵਰਤਦੇ ਨਜ਼ਰ ਆਉਂਦੇ ਹਨ।

ਆਈ.ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ ਗੁਰੂ ਗ੍ਰੰਥ ਦੀ ਬੇਅਦਬੀ ਦੇ ਮਾਮਲਿਆਂ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਲਈ ਪੰਜਾਬ ਸਰਕਾਰ ਵੱਲੋਂ ਕਾਇਮ ਕੀਤੀ ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਹਨ। ਉਨ੍ਹਾਂ ਨੇ ਹੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਅਤੇ ਹੋਰ ਸੀਨੀਅਰਾਂ ਨੂੰ ਸੰਮਨ ਜਾਰੀ ਕਰ ਕੇ ਤਲਬ ਕੀਤਾ ਸੀ ਤੇ ਪੁੱਛਗਿੱਛ ਕੀਤੀ ਸੀ। ਇਸ ਅਧਿਕਾਰੀ ਦੀ ਸਰਗਰਮੀ ਤੋਂ ਅਕਾਲੀ ਆਗੂ ਪਰੇਸ਼ਾਨ ਸਨ। ਇਸੇ ਕਰ ਕੇ ਸ਼੍ਰੋਮਣੀ ਅਕਾਲੀ ਦਲ ਨੇ ਚੋਣ ਕਮਿਸ਼ਨ ਕੋਲ ਉਨ੍ਹਾਂ ਦੀ ਸ਼ਿਕਾਇਤ ਕਰ ਕੇ ਬਦਲੀ ਕਰਵਾ ਦਿੱਤੀ ਸੀ। ਇਸ ਬਦਲੀ ਖਿਲਾਫ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰੋਸ ਜ਼ਾਹਿਰ ਕਰਦਿਆਂ ਚੋਣ ਕਮਿਸ਼ਨ ਨੂੰ ਪੱਤਰ ਵੀ ਲਿਖਿਆ ਸੀ। ਪੰਥਕ ਜਥੇਬੰਦੀਆਂ ਨੇ ਵੀ ਇਸ ਅਧਿਕਾਰੀ ਦੀ ਬਦਲੀ ਵਿਰੁੱਧ ਚੋਣ ਕਮਿਸ਼ਨ ਕੋਲ ਪਹੁੰਚ ਕੀਤੀ ਸੀ ਤੇ ਰੋਸ ਮਾਰਚ ਕੀਤੇ ਸਨ ਪਰ ਚੋਣ ਕਮਿਸ਼ਨ ਨੇ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ।

ਕਾਂਗਰਸ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਨੂੰ ਅਹਿਮ ਚੋਣ ਮੁੱਦਾ ਬਣਾਇਆ ਹੋਇਆ ਹੈ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚੋਣ ਰੈਲੀਆਂ ਵਿਚ ਵਾਰ-ਵਾਰ ਕਿਹਾ ਹੈ ਕਿ ਚੋਣ ਜ਼ਾਬਤਾ ਖਤਮ ਹੁੰਦੇ ਹੀ ਕੁੰਵਰ ਨੂੰ ਮੁੜ ਵਿਸ਼ੇਸ਼ ਜਾਂਚ ਟੀਮ ਵਿਚ ਸ਼ਾਮਲ ਕਰ ਕੇ ਜਾਂਚ ਮੁਕੰਮਲ ਕੀਤੀ ਜਾਵੇਗੀ ਅਤੇ ਦੋਸ਼ੀਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਆਗੂਆਂ ਜਾਂ ਕਿਸੇ ਹੋਰ ਵੱਲੋਂ ਕਿਸੇ ਅਧਿਕਾਰੀ ਨੂੰ ਡਰਾਉਣ, ਧਮਕਾਉਣ ਦੀ ਕਾਰਵਾਈ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

## ਯੂ.ਕੇ. ਦੇ ਅਮੀਰਾਂ ਦੀ ਸੂਚੀ 'ਚ ਹਿੰਦੂਜਾ ਭਰਾ ਸਿਖਰ 'ਤੇ

**ਲੰਡਨ:** ਭਾਰਤੀ ਮੂਲ ਦੇ ਹਿੰਦੂਜਾ ਭਰਾਵਾਂ ਨੇ ਬਰਤਾਨੀਆ ਦੇ ਅਮੀਰਾਂ ਦੀ ਸੂਚੀ ਵਿਚ ਸਿਖਰ 'ਤੇ ਥਾਂ ਬਣਾਈ ਹੈ। ਉਨ੍ਹਾਂ ਦੀ ਜਾਇਦਾਦ 22 ਅਰਬ ਪੌਂਡ ਹੈ। ਦੂਜੇ ਨੰਬਰ 'ਤੇ ਮੁੰਬਈ ਵਿਚ ਜੰਮੇ ਰਿਊਬਨ ਭਰਾ ਹਨ, ਜਿਨ੍ਹਾਂ ਦੀ ਕੁੱਲ ਜਾਇਦਾਦ 18.66 ਅਰਬ ਪੌਂਡ ਹੈ।

ਸ੍ਰੀ ਅਤੇ ਗੋਪੀਚੰਦ ਹਿੰਦੂਜਾ ਜਿਨ੍ਹਾਂ ਦੀਆਂ ਯੂਕੇ ਵਿਚ ਹਿੰਦੂਜਾ ਗਰੁੱਪ ਆਫ ਕੰਪਨੀਆਂ ਚੱਲਦੀਆਂ ਹਨ, ਦੀ ਜਾਇਦਾਦ ਵਿਚ ਬੀਤੇ ਵਰ੍ਹੇ 1.35 ਅਰਬ ਪੌਂਡ ਦਾ ਇਜ਼ਾਫਾ ਹੋਇਆ। ਇਸ ਇਜ਼ਾਫੇ ਨੇ ਉਨ੍ਹਾਂ ਨੂੰ 'ਸੰਡੇ ਟਾਈਮਜ਼ ਦੀ ਅਮੀਰਾਂ ਦੀ ਸੂਚੀ' ਵਿਚ ਸਿਖਰ 'ਤੇ ਲਿਆ ਖੜ੍ਹਾ ਕੀਤਾ। ਇਸ ਤੋਂ ਪਹਿਲਾਂ ਉਹ 2014 ਅਤੇ 2017 ਵਿਚ ਵੀ ਸਿਖਰ 'ਤੇ ਸਨ। ਮੁੰਬਈ ਦੇ ਰਿਊਬਨ ਭਰਾ ਡੇਵਿਡ 80 ਅਤੇ ਸਿਮੋਨ 70 ਨੇ ਇਸ ਸੂਚੀ ਵਿਚ ਦੂਜਾ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਦੀ ਕੁੱਲ ਜਾਇਦਾਦ 18.66 ਅਰਬ ਪੌਂਡ ਹੈ। ਉਨ੍ਹਾਂ ਬੀਤੇ ਵਰ੍ਹੇ ਇਕ ਅਰਬ ਪੌਂਡ ਦੀ ਜਾਇਦਾਦ ਖਰੀਦੀ।

# ਕੌਮਾਂਤਰੀ ਕਬੱਡੀ ਖਿਡਾਰੀ ਬਿੱਟੂ ਦੁਗਾਲ ਦਾ ਦੇਹਾਂਤ

**ਪਾਤੜਾਂ:** ਕੌਮਾਂਤਰੀ ਕਬੱਡੀ ਖਿਡਾਰੀ ਬਿੱਟੂ ਦੁਗਾਲ ਦਾ ਦੇਹਾਂਤ ਹੋ ਗਿਆ। ਬਿੱਟੂ ਨੂੰ ਕੁਝ ਦਿਨ ਪਹਿਲਾਂ ਬ੍ਰੇਨ ਹੈਮਰੇਜ ਦਾ ਅਟੈਕ ਹੋਇਆ ਸੀ, ਜਿਸ ਤੋਂ ਬਾਅਦ ਉਸ ਨੂੰ ਪਟਿਆਲਾ ਦੇ ਇਕ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ, ਜਿਥੇ ਡਾਕਟਰਾਂ ਨੇ ਉਸ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਉਸ ਨੂੰ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਰੈਫਰ ਕਰ ਦਿੱਤਾ ਸੀ। ਕਈ ਦਿਨਾਂ ਤੋਂ ਜ਼ਿੰਦਗੀ ਅਤੇ ਮੌਤ ਨਾਲ ਲੜ ਰਹੇ ਬਿੱਟੂ ਦੁਗਾਲ ਨੇ ਆਖਰੀ ਸਾਹ ਲਏ। ਉਸ ਦੇ ਜੱਦੀ ਪਿੰਡ ਦੁਗਾਲ ਦੇ ਸ਼ਮਸ਼ਾਨਘਾਟ ਵਿਚ ਉਸ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ, ਜਿਥੇ ਵੱਡੀ ਗਿਣਤੀ 'ਚ ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਆਗੂਆਂ ਨੇ ਉਸ ਨੂੰ ਆਖਰੀ ਵਿਦਾਇਗੀ ਦਿੱਤੀ।

ਕਬੱਡੀ ਦਾ ਹੋਣਹਾਰ ਖਿਡਾਰੀ ਨਰਿੰਦਰ ਰਾਮ ਉਰਫ ਬਿੱਟੂ ਦੁਗਾਲ ਸਾਧਾਰਨ ਪਰਿਵਾਰ ਨਾਲ ਸਬੰਧ ਰੱਖਦਾ ਸੀ। ਉਸ ਨੇ ਪੰਜਾਬ ਭਰ ਵਿਚ ਹੋਣ ਵਾਲੇ ਕਬੱਡੀ ਟੂਰਨਾਮੈਂਟਾਂ ਵਿਚ ਨਾਮ ਕਮਾਇਆ ਅਤੇ ਤਤਕਾਲੀ ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਹੋਏ ਪਹਿਲੇ ਵਰਲਡ ਕਬੱਡੀ ਕੱਪ ਦੌਰਾਨ ਉਸ ਵੱਲੋਂ ਕੀਤੇ ਗਏ ਸ਼ਾਨਦਾਰ ਪ੍ਰਦਰਸ਼ਨ ਨੇ ਉਸ ਨੂੰ ਪ੍ਰਸਿੱਧੀ ਦੇ ਅੰਬਰਾਂ 'ਤੇ ਪਹੁੰਚਾ ਦਿੱਤਾ। ਬਿੱਟੂ ਦੁਗਾਲ ਦੇ ਅੰਤਿਮ ਸੰਸਕਾਰ ਮੌਕੇ ਉਸ ਦੇ ਹਜ਼ਾਰਾਂ ਦੀ ਗਿਣਤੀ ਵਿਚ ਪ੍ਰਸੰਸਕਾਂ ਨੇ ਨਮ ਅੱਖਾਂ ਨਾਲ ਉਸ ਨੂੰ ਅੰਤਿਮ ਵਿਦਾਇਗੀ ਦਿੱਤੀ। ਉਸ ਦੀ ਚਿਖਾ ਨੂੰ ਅਗਨੀ ਉਸ ਦੇ ਭਰਾ ਸਾਬਕਾ ਸਰਪੰਚ ਰਾਏ ਸਿੰਘ ਲੱਖਾ ਨੇ ਉਸ ਦੇ ਪੰਜ ਸਾਲਾ ਪੁੱਤਰ ਇਸ਼ਮੀਤ ਸਿੰਘ ਨੂੰ ਗੋਦੀ ਵਿਚ ਚੁੱਕ ਕੇ ਦਿੱਤੀ।

# ਚੋਣਾਂ ਮੌਕੇ ਸਿੱਧੂ ਜੋੜੇ ਦੇ ਬਾਗੀ ਸੁਰ

(ਸਫਾ ਇਕ ਦੀ ਬਾਕੀ)

ਸੀ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਪੰਜਾਬ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਦੇ ਵਿਰੋਧ ਕਰਕੇ ਉਨ੍ਹਾਂ ਨੂੰ ਟਿਕਟ ਨਹੀਂ ਮਿਲੀ। ਇਸ ਕਰਕੇ ਸਿੱਧੂ ਨੇ ਪੰਜਾਬ ਦੀ ਬਜਾਏ ਦੇਸ਼ ਦੇ ਹੋਰ ਸੂਬਿਆਂ ਵਿਚ ਹੀ ਚੋਣ ਪ੍ਰਚਾਰ ਕੀਤਾ। ਸਿੱਧੂ ਦੇ ਨੇੜਲੇ ਸੂਤਰਾਂ ਦਾ ਕਹਿਣਾ ਹੈ ਕਿ ਕੁਝ ਉਮੀਦਵਾਰਾਂ ਨੇ ਸਿੱਧੇ ਜਾਂ ਅਸਿੱਧੇ ਤੌਰ 'ਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨੂੰ ਚੋਣ ਪ੍ਰਚਾਰ ਕਰਨ ਲਈ ਬੇਨਤੀ ਜ਼ਰੂਰ ਕੀਤੀ ਪਰ ਕੈਪਟਨ ਅਮਰਿੰਦਰ ਸਿੰਘ, ਪੰਜਾਬ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਅਤੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੇ ਚੋਣ ਪ੍ਰਚਾਰ ਲਈ ਕੋਈ ਸੱਦਾ ਨਹੀਂ ਦਿੱਤਾ।

ਸੂਤਰਾਂ ਮੁਤਾਬਕ ਸੰਗਰੂਰ, ਬਠਿੰਡਾ, ਪਟਿਆਲਾ, ਫਿਰੋਜ਼ਪੁਰ, ਗੁਰਦਾਸਪੁਰ, ਹੁਸ਼ਿਆਰਪੁਰ ਤੇ ਹੋਰਨਾਂ ਕਈ ਹਲਕਿਆਂ ਦੇ ਸਥਾਨਕ ਆਗੂਆਂ ਅਤੇ ਵਿਧਾਇਕਾਂ, ਇਥੋਂ ਤੱਕ ਕਿ ਕਈ ਉਮੀਦਵਾਰਾਂ ਨੇ ਨਵਜੋਤ ਸਿੰਘ ਸਿੱਧੂ ਤੋਂ ਚੋਣ ਪ੍ਰਚਾਰ ਕਰਾਉਣ ਦੀ ਮੰਗ ਰੱਖੀ ਸੀ ਜੋ ਪ੍ਰਵਾਨ ਨਹੀਂ ਚੜ੍ਹੀ।

ਯਾਦ ਰਹੇ ਕਿ ਸਥਾਨਕ ਸਰਕਾਰਾਂ ਬਾਰੇ ਮੰਤਰੀ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਨੇ ਕੁਝ ਦਿਨ ਬਠਿੰਡਾ ਅਤੇ ਖਡੂਰ ਸਾਹਿਬ ਸੰਸਦੀ ਹਲਕਿਆਂ ਵਿਚ ਕਾਂਗਰਸ ਦੇ ਉਮੀਦਵਾਰਾਂ ਦੇ ਹੱਕ 'ਚ ਪ੍ਰਚਾਰ ਕੀਤਾ ਸੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਨਵਜੋਤ ਸਿੰਘ ਸਿੱਧੂ ਦਰਮਿਆਨ ਸਬੰਧ ਸੁਖਾਵੇਂ ਨਹੀਂ ਹਨ। ਵਿਧਾਨ ਸਭਾ ਚੋਣਾਂ ਵਿਚ ਜਿੱਤ ਤੋਂ ਬਾਅਦ ਉਹ ਸਰਕਾਰੀ ਦੀ ਢਿੱਲ ਖਿਲਾਫ ਕਈ ਵਾਰ ਕੈਪਟਨ ਨਾਲ ਨਾਰਾਜ਼ਗੀ ਦਿਖਾਈ ਸੀ; ਖਾਸ ਕਰਕੇ, ਸਿੱਧੂ ਦੇ ਪਾਕਿਸਤਾਨ ਦੌਰੇ ਤੋਂ ਕੈਪਟਨ ਡਾਢੇ ਖਫਾ ਹਨ। ਉਸ ਸਮੇਂ ਕੈਪਟਨ ਨੇ ਸਾਫ ਕਹਿ ਦਿੱਤਾ ਸੀ ਕਿ ਰੋਕਣ ਦੇ ਬਾਵਜੂਦ ਸਿੱਧੂ ਨੇ ਪਾਕਿਸਤਾਨ ਜਾ ਕੇ ਚੰਗਾ ਨਹੀਂ ਕੀਤਾ।

## ਨੀਰਵ ਮੋਦੀ ਦੀ ਜ਼ਮਾਨਤ ਅਰਜ਼ੀ ਰੱਦ

**ਲੰਡਨ :** ਬਰਤਾਨੀਆ ਦੀ ਅਦਾਲਤ ਨੇ ਭਾਰਤ ਦੇ ਭਗੌੜੇ ਹੀਰਿਆਂ ਦੇ ਵਪਾਰੀ ਨੀਰਵ ਮੋਦੀ ਦੀ ਜ਼ਮਾਨਤ ਅਰਜ਼ੀ ਤੀਜੀ ਵਾਰ ਰੱਦ ਕਰ ਦਿੱਤੀ ਹੈ।

ਨੀਰਵ ਮੋਦੀ ਵੈਸਟਮਨਿਸਟਰ ਦੀ ਮੈਜਿਸਟ੍ਰੇਟ ਐਮਾ ਅਰਬੁਤਨੋਟ ਦੀ ਅਦਾਲਤ ਵਿਚ ਪੇਸ਼ ਹੋਇਆ ਪਰ ਮੋਦੀ ਦੇ ਵਕੀਲਾਂ ਦੀਆਂ ਦਲੀਲਾਂ ਨਾਲ ਮੈਜਿਸਟ੍ਰੇਟ ਸਹਿਮਤ ਨਾ ਹੋਈ ਅਤੇ ਉਸ ਨੇ ਮੋਦੀ ਦੇ ਅਦਾਲਤ ਵਿਚ ਮੁੜ ਪੇਸ਼ ਨਾ ਹੋਣ ਦੇ ਖਦਸ਼ੇ ਦੇ ਮੱਦੇਨਜ਼ਰ ਜ਼ਮਾਨਤ ਨਾ ਦਿੱਤੀ। ਨੀਰਵ ਮੋਦੀ ਪੰਜਾਬ ਨੈਸ਼ਨਲ ਬੈਂਕ ਦੇ ਨਾਲ ਕਰੀਬ ਦੋ ਅਰਬ ਡਾਲਰ ਦਾ ਘੁਟਾਲਾ ਕਰਨ ਦਾ ਦੋਸ਼ੀ ਹੈ।

# ਸਵੀਡਨ ਨੇ ਅਸਾਂਜ ਖਿਲਾਫ ਬਲਾਤਕਾਰ ਮਾਮਲੇ ਦੀ ਜਾਂਚ ਅਰੰਭੀ

**ਲੰਡਨ:** ਸਵੀਡਨ ਨੇ ਵਿਕੀਲੀਕਸ ਦੇ ਸਹਿ ਬਾਨੀ ਜੂਲੀਅਨ ਅਸਾਂਜ ਖਿਲਾਫ ਬਲਾਤਕਾਰ ਦੇ ਦੋਸ਼ਾਂ ਦੀ ਜਾਂਚ ਮੁੜ ਸ਼ੁਰੂ ਕਰ ਦਿੱਤੀ ਹੈ। ਅਸਾਂਜ ਜ਼ਮਾਨਤ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਜੇਲ੍ਹ ਵਿਚ ਹੈ। ਦੂਜੇ ਪਾਸੇ ਅਸਾਂਜ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਹੈ।

ਉਸ ਨੇ 2012 ਵਿਚ ਲੰਡਨ ਵਿਚਲੇ ਇਕੁਆਡੋਰ ਸਫਾਰਤਖਾਨੇ ਵਿਚ ਪਨਾਹ ਲੈ ਲਈ ਸੀ ਜਿਸ ਕਾਰਨ ਉਹ ਬੀਤੇ ਸੱਤ ਸਾਲਾਂ ਤੋਂ ਹਵਾਲਗੀ ਤੋਂ ਬਚਦਾ ਆ ਰਿਹਾ ਸੀ। ਪਿਛਲੇ ਹਫਤੇ ਇਕੁਆਡੋਰ ਨੇ ਉਸ ਨੂੰ ਦਿੱਤੀ ਪਨਾਹ ਵਾਪਸ ਲੈ ਲਈ ਸੀ। ਹਾਲ ਦੀ ਘੜੀ ਉਸ ਨੂੰ ਸਖਤ ਸੁਰੱਖਿਆ ਹੇਠ ਬੈਲਮਾਰਸ਼ ਜੇਲ੍ਹ ਵਿਚ ਰੱਖਿਆ ਗਿਆ ਹੈ।

ਜ਼ਮਾਨਤ ਦੀਆਂ ਸ਼ਰਤਾਂ ਦੀ ਉਲੰਘਣਾ ਦੇ ਦੋਸ਼ ਹੇਠ ਉਸ ਨੂੰ 50 ਹਫਤਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸਵੀਡਨ ਦੇ ਅਧਿਕਾਰੀਆਂ ਨੇ ਦੋ ਵਰ੍ਹੇ ਪਹਿਲਾਂ ਬਲਾਤਕਾਰ ਦੀ ਜਾਂਚ ਨਾ ਕਰਨ ਦਾ ਫੈਸਲਾ ਕੀਤਾ ਸੀ।

ਉਨ੍ਹਾਂ ਦਾ ਕਹਿਣਾ ਸੀ ਕਿ ਉਹ ਮਹਿਸੂਸ ਕਰਦੇ ਹਨ ਕਿ ਉਹ ਇਸ ਕੇਸ ਨੂੰ ਉਦੋਂ ਤੱਕ ਅੱਗੇ ਨਹੀਂ ਲਿਜਾ ਸਕਦੇ ਜਦੋਂ ਤੱਕ ਉਹ ਇਕੁਆਡੋਰ ਸਫਾਰਤਖਾਨੇ ਵਿਚ ਰਹਿੰਦਾ ਹੈ। ਪਬਲਿਕ ਪ੍ਰੌਸੀਕਿਊਸ਼ਨਜ਼ ਦੇ ਡਿਪਟੀ ਡਾਇਰੈਕਟਰ ਈਵਾ-ਮਾਰੀ ਪਰਸਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੈਂ ਅੱਜ ਆਰੰਭਕ ਜਾਂਚ ਮੁੜ ਸ਼ੁਰੂ ਕਰਨ ਦਾ ਫੈਸਲਾ ਲਿਆ ਹੈ।"

ਅਸਾਂਜ ਨੇ ਦੋਸ਼ਾਂ ਦਾ ਖੰਡਨ ਕੀਤਾ ਹੈ। ਵਿਕੀਲੀਕਸ ਦਾ ਕਹਿਣਾ ਹੈ ਕਿ ਜਾਂਚ ਦੇ ਮੁੜ ਸ਼ੁਰੂ ਹੋਣ ਨਾਲ ਅਸਾਂਜ ਨੂੰ ਆਪਣੀ ਬੇਗੁਨਾਹੀ ਸਾਬਤ ਕਰਨ ਦਾ ਮੌਕਾ ਮਿਲੇਗਾ। ਵੈੱਬਸਾਈਟ ਦੇ ਸੰਪਾਦਕ ਕ੍ਰਿਸਟਨ ਹ੍ਰੈਫਨਸਨ ਨੇ ਇਕ ਬਿਆਨ ਵਿਚ ਕਿਹਾ ਕਿ ਸਵੀਡਨ 'ਤੇ ਜਾਂਚ ਸ਼ੁਰੂ ਕਰਨ ਲਈ ਰਾਜਨੀਤਕ ਦਬਾਅ ਸੀ।

## ਪੰਜਾਬੀ ਮੂਲ ਦੇ ਅਮਰੀਕੀ ਦੀ ਹੱਤਿਆ

**ਕੈਲੀਫੋਰਨੀਆ:** ਡਾਊਨੀ ਵਿਚ ਪੈਰਾਮਾਊਂਟ ਬੁਲੇਵਰਡ ਨੇੜੇ ਇਕ ਲੀਕਰ ਸਟੋਰ 'ਤੇ ਕੰਮ ਕਰ ਰਹੇ ਪੰਜਾਬੀ ਮੂਲ ਦੇ ਅਮਰੀਕੀ ਪੰਜਾਬੀ ਗੁਰਪ੍ਰੀਤ ਸਿੰਘ (44) ਦੀ ਕਿਸੇ ਅਣਪਛਾਤੇ ਵਿਅਕਤੀ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਹੱਤਿਆ ਕਰਨ ਵਾਲੇ ਦਾ ਅਜੇ ਤੱਕ ਕੋਈ ਸੁਰਾਗ ਨਹੀਂ ਮਿਲਿਆ ਹੈ।

ਐਨ.ਬੀ.ਸੀ. ਲਾਸ ਏਂਜਲਸ ਅਨੁਸਾਰ ਏ.ਐਸ.ਐਲ. ਲੀਕਰ ਐਂਡ ਮਾਰਕਿਟ ਵਿਚ ਗੋਲੀਬਾਰੀ ਦੀ ਇਹ ਘਟਨਾ ਰਾਤ 11 ਵਜੇ ਦੇ ਕਰੀਬ ਵਾਪਰੀ। ਮ੍ਰਿਤਕ ਦੇ ਦੋ ਬੇਟੇ ਹਨ, ਜਿਸ ਸਮੇਂ ਇਹ ਹਮਲਾ ਹੋਇਆ ਉਸ ਸਮੇਂ ਉਹ ਸਟੋਰ 'ਚ ਇਕੱਲਾ ਹੀ ਸੀ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਗੁਰਪ੍ਰੀਤ ਸਿੰਘ ਦੀ ਹੱਤਿਆ ਨਸਲੀ ਹਿੰਸਾ ਤੋਂ ਪ੍ਰੇਰਿਤ ਹੈ ਜਾਂ ਨਿੱਜੀ ਦੁਸ਼ਮਣੀ ਜਾਂ ਲੁੱਟਮਾਰ ਦੇ ਮਕਸਦ ਨਾਲ ਕੀਤੀ ਗਈ ਹੈ। ਪੁਲਿਸ ਮਾਮਲੇ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ। ਮਾਰਕੀਟ 'ਚ ਲੱਗੇ ਇਕ ਸੀ.ਸੀ.ਟੀ.ਵੀ. ਕੈਮਰੇ 'ਚ ਵੇਖਿਆ ਗਿਆ ਹੈ ਕਿ ਇਕ ਵਿਅਕਤੀ ਹਮਲਾ ਕਰਨ ਤੋਂ ਬਾਅਦ ਤੇਜ਼ੀ ਨਾਲ ਭੱਜ ਰਿਹਾ ਹੈ, ਪਰ ਉਸ ਦੀ ਪਛਾਣ ਕਰਨ 'ਚ ਮੁਸ਼ਕਲ ਆ ਰਹੀ ਹੈ। ਕੈਮਰੇ 'ਚ ਨਜ਼ਰ ਆ ਰਿਹਾ ਹੈ ਕਿ ਜਦੋਂ ਗੁਰਪ੍ਰੀਤ ਸਿੰਘ ਨੂੰ ਗੋਲੀ ਮਾਰੀ ਗਈ ਤਾਂ ਉਹ ਕਾਊਂਟਰ ਪਿੱਛੇ ਖੜ੍ਹਾ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਢਿੱਲੋਂ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ‘ਟਾਈਮ’ ਵਿਚ ਮੋਦੀ ਨੂੰ ‘ਵੰਡ ਪਾਊ’ ਦੱਸਣ ’ਤੇ ਭੜਕੀ ਭਾਜਪਾ

**ਨਵੀਂ ਦਿੱਲੀ:** ਟਾਈਮ ਮੈਗਜ਼ੀਨ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਛਪੇ ਇਕ ਲੇਖ ਦੀ ਆਲੋਚਨਾ ਕਰਦਿਆਂ ਭਾਜਪਾ ਨੇ ਕਿਹਾ ਹੈ ਕਿ ਇਹ ਉਨ੍ਹਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੈ। ਭਾਜਪਾ ਨੇ ਲੇਖਕ ’ਤੇ ਦੋਸ਼ ਲਾਇਆ ਕਿ ਉਹ ਪਾਕਿਸਤਾਨੀ ਏਜੰਡੇ ’ਤੇ ਅਮਲ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਟਾਈਮ ਮੈਗਜ਼ੀਨ ਦੇ ਕਵਰ ਪੇਜ ’ਤੇ ਸ੍ਰੀ ਮੋਦੀ ਨੂੰ ‘ਵੰਡੀਆਂ ਪਾਉਣ ਵਾਲਾ ਮੁਖੀ’ ਕਰਾਰ ਦਿੱਤਾ ਸੀ। ਭਾਜਪਾ ਤਰਜਮਾਨ ਸੰਬਿਤ ਪਾਤਰਾ ਨੇ ਕਿਹਾ ਕਿ ਲੇਖ ਪਾਕਿਸਤਾਨੀ ਨੇ ਲਿਖਿਆ ਹੈ ਅਤੇ ਪਾਕਿਸਤਾਨ ਤੋਂ ਬਿਹਤਰੀ ਦੀ ਕੋਈ ਆਸ ਨਹੀਂ ਰੱਖੀ ਜਾ ਸਕਦੀ। ਉਨ੍ਹਾਂ ਲੇਖ ਨੂੰ ਰੀਟਵੀਟ ਕਰਨ ਲਈ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੀ ਨੁਕਤਾਚੀਨੀ ਵੀ ਕੀਤੀ। ਸ੍ਰੀ ਮੋਦੀ ਦੀ ਲੀਡਰਸ਼ਿਪ ਦੀ ਤਿੱਖੀ ਆਲੋਚਨਾ ਕਰਨ ਵਾਲਾ ਲੇਖ ਭਾਰਤੀ ਪੱਤਰਕਾਰ ਤਵਲੀਨ ਸਿੰਘ ਅਤੇ ਪਾਕਿਸਤਾਨ ਦੇ ਕਾਰੋਬਾਰੀ ਸਵਰਗੀ ਸਲਮਾਨ ਤਾਸੀਰ ਦੇ ਪੁੱਤ ਆਤਿਸ਼ ਤਾਸੀਰ ਨੇ ਲਿਖਿਆ ਹੈ। ਸ੍ਰੀ ਪਾਤਰਾ ਨੇ ਕਿਹਾ ਕਿ 2014 ’ਚ ਵੀ ਕਈ ਵਿਦੇਸ਼ੀ ਮੈਗਜ਼ੀਨਾਂ ਨੇ ਸ੍ਰੀ ਮੋਦੀ ਦੀ ਆਲੋਚਨਾ ਵਾਲੇ ਕਈ ਲੇਖ ਲਿਖੇ ਸਨ।

ਪ੍ਰਧਾਨ ਮੰਤਰੀ ਨੂੰ ਜੋੜਨ ਵਾਲਾ ਕਰਾਰ ਦਿੰਦਿਆਂ ਭਾਜਪਾ ਤਰਜਮਾਨ ਨੇ ਉਨ੍ਹਾਂ ਵੱਲੋਂ ਸ਼ੁਰੂ ਕੀਤੇ ਗਏ ਕਈ ਭਲਾਈ ਕੰਮਾਂ ਨੂੰ ਗਿਣਾਇਆ। ਉਨ੍ਹਾਂ ਕਾਂਗਰਸ ਆਗੂ ਨਵਜੋਤ ਸਿੰਘ ਸਿੱਧੂ ਵੱਲੋਂ ਸ੍ਰੀ ਮੋਦੀ ਖਿਲਾਫ ਕੀਤੀਆਂ ਗਈਆਂ ਨਸਲੀ ਟਿੱਪਣੀਆਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਨਾਲ ਕਾਂਗਰਸ ਦੀ ਮਾਨਸਿਕਤਾ ਨਜ਼ਰ ਆਉਂਦੀ ਹੈ। ਉਨ੍ਹਾਂ ਸੈਮ ਪਿਤਰੋਦਾ ਵੱਲੋਂ ਸਿੱਖ ਕਤਲੇਆਮ ਸਬੰਧੀ ਕੀਤੀ ਟਿੱਪਣੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਿੱਧੂ ਨੇ ਇਸ ਬਾਰੇ ਇਕ ਵੀ ਸ਼ਬਦ ਨਹੀਂ ਬੋਲਿਆ ਹੈ।

ਦੱਸ ਦਈਏ ਕਿ ਅਮਰੀਕਨ ਰਸਾਲੇ ਦੇ ਕੌਮਾਂਤਰੀ ਐਡੀਸ਼ਨ ਵਿਚ ਮੋਦੀ ਦੀ ਕਵਰ ਸਟੋਰੀ (ਮੁੱਖ ਲੇਖ) ਦੀ ਮੁੱਖ ਹੈੱਡਲਾਈਨ ਹੈ ‘ਇੰਡੀਆ’ਜ਼ ਡਿਵਾਈਡਰ ਇਨ ਚੀਫ’ (ਭਾਰਤ ’ਚ ਵੰਡੀਆਂ




ਪਾਉਣ ਵਾਲਾ)। ਇਕ ਵੱਖਰਾ ਲੇਖ ‘ਮੋਦੀ ਦਿ ਰਿਫਾਰਮਰ’ (ਸੁਧਾਰਕ ਮੋਦੀ) ਦੇ ਸਿਰਲੇਖ ਹੇਠ ਛਪਿਆ ਹੈ। ਮੋਦੀ ’ਤੇ ਆਧਾਰਿਤ ਇਹ ਕਵਰ ਸਟੋਰੀ (ਲੇਖ) ਭਾਰਤੀ ਮਹਿਲਾ ਪੱਤਰਕਾਰ ਤਵਲੀਨ ਸਿੰਘ ਤੇ ਮਰਹੂਮ ਪਾਕਿਸਤਾਨੀ ਸਿਆਸਤਦਾਨ ਸਲਮਾਨ ਤਾਸੀਰ ਦੇ ਪੁੱਤਰ ਆਤਿਸ਼ ਤਾਸੀਰ ਨੇ ਲਿਖੀ ਹੈ। ਇਸ ’ਚ ਮੁੱਖ ਵਿਰੋਧੀ ਧਿਰ ਕਾਂਗਰਸ ਨੂੰ ਵੀ ਨਿੰਦਿਆ ਗਿਆ ਹੈ ਤੇ ਕਿਹਾ ਗਿਆ ਹੈ ਕਿ ਕਾਂਗਰਸ ਕੋਲ ਵੰਸ਼ਵਾਦ ਦੀ ਸਿਆਸਤ ਤੋਂ ਇਲਾਵਾ ਹੋਰ ਕੁਝ ਪਰੋਸਣ ਲਈ ਘੱਟ ਹੀ ਹੈ।

‘ਮੋਦੀ ਦਿ ਰਿਫਾਰਮਰ’ ਨੂੰ ਯੂਰੇਸ਼ੀਆ ਗਰੁੱਪ ਦੇ ਪ੍ਰਧਾਨ ਤੇ ਬਾਨੀ ਇਯਾਨ ਬ੍ਰੈਮਰ ਨੇ ਲਿਖਿਆ ਹੈ। ਤਾਸੀਰ ਦੇ ਲੇਖ ਵਿਚ ਹੋਰ ਸਵਾਲਾਂ ਨੂੰ ਵੀ ਉਭਾਰਿਆ ਗਿਆ ਹੈ- ਜਿਵੇਂ ਕਿ ‘ਕੀ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਮੋਦੀ ਸਰਕਾਰ ਦੇ ਪੰਜ ਹੋਰ ਸਾਲ ਸਹਿ ਸਕੇਗਾ?’ ਜਦਕਿ ਬ੍ਰੈਮਰ ਨੇ ਲਿਖਿਆ ਹੈ ਕਿ ਮੋਦੀ ‘ਆਰਥਿਕ ਸੁਧਾਰਾਂ ਲਈ ਭਾਰਤ ਲਈ ਵੱਡੀ ਆਸ ਹਨ’। ਤਾਸੀਰ ਨੇ ਲਿਖਿਆ ਹੈ ਕਿ ਮੋਦੀ ਦਾ ਕੋਈ ਧਾਰਮਿਕ ਚਮਤਕਾਰ ਸਾਕਾਰ ਨਹੀਂ ਹੋਇਆ ਤੇ ਉਨ੍ਹਾਂ ਦੇਸ਼ ’ਚ ਜ਼ਹਿਰੀਲੇ ਧਾਰਮਿਕ ਰਾਸ਼ਟਰਵਾਦ ਦੇ ਪਾਸਾਰ ਵਿਚ ਮਦਦ ਕੀਤੀ ਹੈ। ਵਿਕਾਸ ਦੇ ਵਾਅਦਿਆਂ ਤੋਂ ਦੂਰ, ਮੋਦੀ ਨੇ ਇਕ ਅਜਿਹਾ ਮਾਹੌਲ ਬਣਾਇਆ ਹੈ ਜਿਥੇ ਭਾਰਤੀ ਆਪਣੇ ਵਖਰੇਵਿਆਂ ਨਾਲ ਨਾਕਾਰਾਤਮਕ ਮੋਹ ਪਾਲ ਰਹੇ ਹਨ।

ਤਾਸੀਰ ਨੇ ਪ੍ਰਿਯੰਕਾ-ਰਾਹੁਲ ਜੋੜੀ ਦੀ ਤੁਲਨਾ ਹਿਲੇਰੀ-ਚੈਲਸੀ ਦੀ ਜੋੜੀ ਨਾਲ ਕੀਤੀ। ਤਾਸੀਰ ਨੇ ਲਿਖਿਆ ਹੈ ਕਿ ਮੋਦੀ ਨੂੰ ਵਿਰੋਧੀ ਵੀ ਕਮਜ਼ੋਰ ਮਿਲੇ। ਜਦਕਿ ਬ੍ਰੈਮਰ ਨੇ ਮੋਦੀ ਨੂੰ ਆਰਥਿਕ ਸੁਧਾਰਾਂ ਦਾ ਸਿਹਰਾ ਦਿੱਤਾ ਹੈ ਤੇ ਵਿਦੇਸ਼ ਨੀਤੀ ਵਿਚ ਵੀ ਚੰਗਾ ਦੱਸਿਆ ਹੈ।

# ਰਾਹੁਲ ਦੀ ਨਾਗਰਿਕਤਾ ਸਬੰਧੀ ਪਟੀਸ਼ਨ ਸੁਪਰੀਮ ਕੋਰਟ ਵੱਲੋਂ ਰੱਦ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਦੀ ਦੋਹਰੀ ਨਾਗਰਿਕਤਾ ਦੇ ਮਾਮਲੇ ਵਿਚ ਫੈਸਲਾ ਹੋਣ ਤੱਕ ਸ੍ਰੀ ਗਾਂਧੀ ’ਤੇ ਲੋਕ ਸਭਾ ਚੋਣਾਂ ਲੜਨ ’ਤੇ ਪਾਬੰਦੀ ਲਾਉਣ ਲਈ ਕੇਂਦਰ ਤੇ ਚੋਣ ਕਮਿਸ਼ਨ ਨੂੰ



ਹਦਾਇਤ ਦੇਣ ਸਬੰਧੀ ਪਾਈ ਗਈ ਪਟੀਸ਼ਨ ਰੱਦ ਕਰ ਦਿੱਤੀ ਹੈ।

ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਦੀਪਕ ਗੁਪਤਾ ਤੇ ਜਸਟਿਸ ਸੰਜੀਵ ਖੰਨਾ ’ਤੇ ਆਧਾਰਤ ਬੈਂਚ ਨੇ ਪਟੀਸ਼ਨਕਰਤਾ ਦੀਆਂ ਦਲੀਲਾਂ ਖਾਰਜ ਕਰ ਦਿੱਤੀਆਂ ਕਿ ਇਸ ਫਾਰਮ ਵਿਚ ਸ੍ਰੀ ਗਾਂਧੀ ਦੇ ਬਰਤਾਨਵੀ ਨਾਗਰਿਕ ਹੋਣ ਦਾ ਕਥਿਤ ਜ਼ਿਕਰ ਕੀਤਾ ਗਿਆ ਸੀ। ਅਦਾਲਤ ’ਚ ਪਟੀਸ਼ਨਕਰਤਾ ਨੇ ਕਿਹਾ ਸੀ ਕਿ 2005-06 ’ਚ ਇਕ ਬਰਤਾਨਵੀ ਕੰਪਨੀ ਦੀ ਸਾਲਾਨਾ ਰਿਪੋਰਟ ਵਿਚ ਰਾਹੁਲ ਗਾਂਧੀ ਦਾ ਨਾਂ ਬਰਤਾਨਵੀ ਨਾਗਰਿਕ ਵਜੋਂ ਦਰਜ ਹੈ। ਅਦਾਲਤ ਨੇ ਕਿਹਾ ਕਿ ਜੇਕਰ ਕੋਈ ਕੰਪਨੀ ਕਿਸੇ ਫਾਰਮ ਵਿਚ ਉਨ੍ਹਾਂ ਦੀ ਕੌਮੀਅਤ ਬਰਤਾਨਵੀ ਦੀ ਲਿਖ ਦੇਵੇ ਤਾਂ ਇਸੇ ਕਰਕੇ ਹੀ ਉਹ ਬਰਤਾਨਵੀ ਨਾਗਰਿਕ ਨਹੀਂ ਬਣ ਜਾਂਦੇ।

ਪਟੀਸ਼ਨਕਰਤਾ ਜੈ ਭਗਵਾਨ ਤੇ ਸੀ.ਪੀ. ਤਿਆਗੀ ਨੇ ਕਿਹਾ ਕਿ ਪਹਿਲੀ ਨਜ਼ਰੇ ਜੋ ਸਬੂਤ ਚੋਣ ਕਮਿਸ਼ਨ ਤੇ ਗ੍ਰਿਹ ਮੰਤਰਾਲੇ ਅੱਗੇ ਆਏ ਹਨ ਉਨ੍ਹਾਂ ਕਰਕੇ ਰਾਹੁਲ ਗਾਂਧੀ ਨੂੰ ਲੋਕ ਸਭਾ ਚੋਣਾਂ ਲੜਨ ਤੋਂ ਰੋਕਿਆ ਜਾਵੇ ਜੋ ਯੂ.ਪੀ. ਦੇ ਅਮੇਠੀ ਤੇ ਕੇਰਲਾ ਦੇ ਵਾਇਨਾਡ ਤੋਂ ਚੋਣ ਲੜ ਰਹੇ ਹਨ। ਬਰੁਨ ਕੁਮਾਰ ਸਿੰਘ ਵੱਲੋਂ ਪਾਈ ਪਟੀਸ਼ਨ ’ਚ ਚੋਣ ਕਮਿਸ਼ਨ ਨੂੰ ਹਦਾਇਤ ਕਰਨ ਦੀ ਅਪੀਲ ਕੀਤੀ ਗਈ ਸੀ ਕਿ ਉਕਤ ਦੋਹਰੀ ਨਾਗਰਿਕਤਾ ਦਾ ਫੈਸਲਾ ਹੋਣ ਤੱਕ ਰਾਹੁਲ ਦਾ ਨਾਂ ਵੋਟਰ ਸੂਚੀ ’ਚੋਂ ਹਟਾਇਆ ਜਾਵੇ।

# ਕਮਲ ਹਾਸਨ ਨੇ ਗੋਡਸੇ ਨੂੰ ਆਜ਼ਾਦ ਭਾਰਤ ਦਾ ਪਹਿਲਾ ਦਹਿਸ਼ਤਗਰਦ ਦੱਸ ਕੇ ਨਵਾਂ ਵਿਵਾਦ ਸਹੇੜਿਆ

**ਅਰਾਵਾਕੁਰਿਚੀ(ਤਾਮਿਲ ਨਾਡੂ):** ਅਦਾਕਾਰ ਤੇ ਮੱਕਲ ਨਿਧੀ ਮਾਇਅਮ ਪਾਰਟੀ ਦੇ ਬਾਨੀ ਕਮਲ ਹਾਸਨ ਨੇ ਮਹਾਤਮਾ ਗਾਂਧੀ ਦੇ ਕਾਤਲ ਨੱਥੂਰਾਮ ਗੋਡਸੇ ਨੂੰ ਆਜ਼ਾਦ ਭਾਰਤ ਦਾ ਪਹਿਲਾ ‘ਹਿੰਦੂਵਾਦੀ ਅਤਿਵਾਦੀ’ ਦੱਸ ਕੇ ਨਵਾਂ ਵਿਵਾਦ ਸਹੇੜ ਲਿਆ ਹੈ। ਉਧਰ, ਸੂਬਾਈ ਭਾਜਪਾ ਨੇ ਅਦਾਕਾਰ ਦੀਆਂ ਇਨ੍ਹਾਂ ਟਿੱਪਣੀਆਂ ਦਾ ਸਖਤ ਵਿਰੋਧ ਕਰਦਿਆਂ ਇਸ ਨੂੰ ‘ਵੰਡ ਦੀ ਸਿਆਸਤ’ ਕਰਾਰ ਦਿੱਤਾ ਹੈ।

ਭਾਜਪਾ ਨੇ ਚੋਣ ਕਮਿਸ਼ਨ ਤੱਕ ਪਹੁੰਚ ਕਰਕੇ ਹਾਸਨ ਖਿਲਾਫ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਲਈ ਕਾਰਵਾਈ ਦੀ ਮੰਗ ਕੀਤੀ ਹੈ। ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਹਾਸਨ ਨੇ ਕਿਹਾ ਕਿ ਉਹ ਉਨ੍ਹਾਂ ਕੁਝ ‘ਮਾਣਮੱਤੇ ਭਾਰਤੀਆਂ’ ਵਿਚ ਸ਼ਾਮਲ ਹੈ, ਜੋ ਚਾਹੁੰਦੇ ਹਨ ਕਿ ਹਰੇਕ ਭਾਰਤੀ ਨੂੰ ਬਰਾਬਰੀ ਦਾ ਅਧਿਕਾਰ ਹੋਵੇ ਤੇ ਜਿਥੇ ਤਿਰੰਗੇ ਦੇ ‘ਤਿੰਨ ਰੰਗ’ (ਜੋ ਵੱਖ ਵੱਖ ਧਰਮਾਂ ’ਚ ਸ਼ਰਧਾ ਰੱਖਣ ਵਾਲਿਆਂ ਦੀ ਤਰਜਮਾਨੀ ਕਰਦੇ ਹਨ) ਜਿਉਂ ਦੇ ਤਿਉਂ ਬਰਕਰਾਰ ਰਹਿਣ। ਅਦਾਕਾਰ ਨੇ ਕਿਹਾ, ‘ਮੈਂ ਇਹ ਸਭ ਇਸ ਲਈ ਨਹੀਂ ਕਹਿ



ਰਿਹਾ ਕਿ ਇਹ ਮੁਸਲਿਮ ਬਹੁਗਿਣਤੀ ਵਾਲਾ ਇਲਾਕਾ ਹੈ। ਮੈਂ ਇਹ ਸਭ ਕੁਝ ਮਹਾਤਮਾ ਗਾਂਧੀ ਦੇ ਬੁੱਤ ਅੱਗੇ ਖੜ੍ਹ ਕੇ ਆਖ ਰਿਹਾ ਹਾਂ। ਆਜ਼ਾਦ ਭਾਰਤ ਦਾ ਪਹਿਲਾ ਇੰਤਹਾਪਸੰਦ ਹਿੰਦੂ ਸੀ, ਜਿਸ ਦਾ ਨਾਂ ਨੱਥੂਰਾਮ ਗੋਡਸੇ ਸੀ। ਉਦੋਂ ਹੀ ਇੰਤਹਾਪਸੰਦੀ ਦੀ ਸ਼ੁਰੂਆਤ ਹੋਈ ਸੀ।’ ਉਧਰ, ਸੂਬਾਈ ਭਾਜਪਾ ਦੀ ਪ੍ਰਧਾਨ ਤਾਮਿਲਿਸਾਈ ਸੁੰਦਰਾਰਾਜਨ ਨੇ ਕਿਹਾ ਕਿ ਜਦੋਂ ਗਾਂਧੀ ਦੀ ਹੱਤਿਆ ਹੋਈ ਤਾਂ ਪੂਰਾ ਮੁਲਕ ਸਦਮੇ ਵਿਚ ਸੀ। ਕਿਸੇ ਨੇ ਵੀ ਇਸ ਹੱਤਿਆ ਦੀ ਹਮਾਇਤ ਨਹੀਂ ਕੀਤੀ।

ਉਨ੍ਹਾਂ ਕਿਹਾ ਕਿ ਇਸ ‘ਘ੍ਰਿਣਤ’ ਅਪਰਾਧ ਲਈ ਗੋਡਸੇ ਨੂੰ ਫਾਂਸੀ ਦੀ ਸਜ਼ਾ ਹੋਈ ਸੀ। ਉਨ੍ਹਾਂ ਕਿਹਾ ਕਿ ਹਾਸਨ ਵੱਲੋਂ ਮੁਸਲਿਮ ਬਹੁਗਿਣਤੀ ਵਾਲੇ ਇਲਾਕੇ ’ਚ ‘ਹਿੰਦੂ ਇੰਤਹਾਪਸੰਦੀ’ ਬਾਰੇ ਗੱਲ ਕਰਨ ਦੀ ਜ਼ੋਰਦਾਰ ਨਿਖੇਧੀ ਬਣਦੀ ਹੈ। ਉਨ੍ਹਾਂ ਕਿਹਾ ਕਿ ਅਦਾਕਾਰ ਦੀਆਂ ਟਿੱਪਣੀਆਂ ‘ਫਿਰਕੂ ਹਿੰਸਾ’ ਨੂੰ ਹਵਾ ਦੇਣ ਦੇ ਬਰਾਬਰ ਹਨ। ਇਸ ਦੌਰਾਨ ਅਦਾਕਾਰ ਵਿਵੇਕ ਓਬਰਾਏ ਨੇ ਹਾਸਨ ਦੀਆਂ ਟਿੱਪਣੀਆਂ ਦੇ ਜਵਾਬ ’ਚ ਕਿਹਾ ਕਿ ‘ਕਲਾ ਤੇ ਦਹਿਸ਼ਤ’ ਦੋਵਾਂ ਦਾ ਕੋਈ ਧਰਮ ਨਹੀਂ ਹੁੰਦਾ। ਵਿਵੇਕ ਨੇ ਸਵਾਲ ਕੀਤਾ ਕਿ ਕੀ ਗੋਡਸੇ ਦੇ ਧਰਮ ਦਾ ਜ਼ਿਕਰ ਮੁਸਲਿਮ ਵੋਟਾਂ ਲਈ ਕੀਤਾ ਗਿਆ ਹੈ।

# ਮੋਦੀ ਦੇ ਮੁੜ ਸੱਤਾ ’ਚ ਆਉਣ ਲਈ ਰਾਹੁਲ ਗਾਂਧੀ ਜ਼ਿੰਮੇਵਾਰ ਹੋਣਗੇ: ਕੇਜਰੀਵਾਲ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਜੇਕਰ ਨਰਿੰਦਰ ਮੋਦੀ ਮੁੜ ਸੱਤਾ ਵਿਚ ਆਉਂਦੇ ਹਨ ਤਾਂ ਇਸ ਲਈ ਰਾਹੁਲ ਗਾਂਧੀ ਜ਼ਿੰਮੇਵਾਰ ਹੋਣਗੇ। ਉਨ੍ਹਾਂ ਕਾਂਗਰਸ ਪ੍ਰਧਾਨ ਉਤੇ ਉਤਰ ਪ੍ਰਦੇਸ਼ ਵਿਚ




ਸਮਾਜਵਾਦੀ ਪਾਰਟੀ-ਬਸਪਾ ਗੱਠਜੋੜ, ਕੇਰਲ ਵਿਚ ਖੱਬੀ ਧਿਰ, ਪੱਛਮੀ ਬੰਗਾਲ ਵਿਚ ਤ੍ਰਿਨਮੂਲ ਕਾਂਗਰਸ ਅਤੇ ਕੌਮੀ ਰਾਜਧਾਨੀ ਦਿੱਲੀ ਵਿਚ ਆਮ ਆਦਮੀ ਪਾਰਟੀ ਨੂੰ ਢਾਹ ਲਾਉਣ ਦੇ ਦੋਸ਼ ਲਾਏ।

ਕੇਜਰੀਵਾਲ ਨੇ ਕਿਹਾ ਕਿ ਅਜਿਹਾ ਲੱਗ ਰਿਹਾ ਹੈ ਕਿ ਕਾਂਗਰਸ ਭਾਜਪਾ ਦੇ ਨਹੀਂ ਬਲਕਿ ਵਿਰੋਧੀ ਪਾਰਟੀਆਂ ਖਿਲਾਫ ਚੋਣਾਂ ਲੜ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਭਾਜਪਾ ਮੁੜ ਸੱਤ ਵਿਚ ਆਉਂਦੀ ਹੈ ਤਾਂ ਪਾਰਟੀ ਪ੍ਰਧਾਨ ਅਮਿਤ ਸ਼ਾਹ ਦੇਸ਼ ਦੇ ਗ੍ਰਿਹ ਮੰਤਰੀ ਹੋਣਗੇ। ਉਨ੍ਹਾਂ ਟਵੀਟ ਕੀਤਾ ਕਿ ਲੋਕਾਂ ਨੂੰ ਸੋਚਣਾ ਚਾਹੀਦਾ ਹੈ ਕਿ ਜਿਸ ਦੇਸ਼ ਕੋਲ ਸ਼ਾਹ ਵਰਗਾ ਗ੍ਰਿਹ ਮੰਤਰੀ ਹੋਵੇ, ਉਸ ਦਾ ਕੀ ਹੋਵੇਗਾ।

ਦਿੱਲੀ ਦੇ ਮੁੱਖ ਮੰਤਰੀ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੁੱਖ ਖੇਤਰਾਂ ਵਿਚ ਕੁਝ ਵੀ ਦੇਣ ਵਿਚ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਏ ਹਨ ਅਤੇ ਇਹੀ ਕਾਰਨ ਹੈ ਕਿ ਉਹ ਫਰਜ਼ੀ ਰਾਸ਼ਟਰਵਾਦ ਨੂੰ ਫੜ ਕੇ ਬੈਠੇ ਹਨ। ਉਨ੍ਹਾਂ ਕਿਹਾ ਕਿ ਮੋਦੀ ਜੀ ਦਾ ਰਾਸ਼ਟਰਵਾਦ ਫਰਜ਼ੀ ਹੈ।

ਇਹ ਦੇਸ਼ ਲਈ ਘਾਤਕ ਹੈ। ਉਨ੍ਹਾਂ ਕਿਹਾ ਕਿ ਮੋਦੀ ਫੌਜ ਨੂੰ ਵੋਟਾਂ ਲੈਣ ਲਈ ਵਰਤ ਰਹੇ ਹਨ ਕਿਉਂਕਿ ਉਨ੍ਹਾਂ ਨੇ ਦਿਖਾਉਣ ਲਾਇਕ ਕੋਈ ਕੰਮ ਨਹੀਂ ਕੀਤਾ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਕੀਤੀ ਗਈ ਟਿੱਪਣੀ ਕਿ ਜੇਕਰ ਚੋਣਾਂ ਭਾਜਪਾ ਜਿੱਤਦੀ ਹੈ ਤਾਂ ਦੋਹਾਂ ਦੇਸ਼ਾਂ ਵਿਚਾਲੇ ਸ਼ਾਂਤੀ ਦੀਆਂ ਸੰਭਾਵਨਾਵਾਂ ਵਧੀਆ ਹੋ ਸਕਦੀਆਂ ਹਨ, ਉਤੇ ਹੈਰਾਨੀ ਪ੍ਰਗਟਾਉਂਦਿਆਂ ਸ੍ਰੀ ਕੇਜਰੀਵਾਲ ਨੇ ਕਿਹਾ ਕਿ ਦੁਸ਼ਮਣ ਦੇਸ਼ ਦਾ ਆਗੂ ਮੋਦੀ ਦਾ ਸਮਰਥਨ ਕਿਉਂ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਮਝਣਾ ਮੁਸ਼ਕਲ ਹੈ ਕਿ ਕੀ ਹੋ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਸੱਤਾ ਉਤੇ ਮੁੜ ਕਾਬਜ਼ ਨਹੀਂ ਹੋਵੇਗੀ।

## ਟੀ. ਵੀ. ’ਤੇ ਮੋਦੀ ਨੂੰ ਰਾਹੁਲ ਨਾਲੋਂ ਤਿੰਨ ਗੁਣਾ ਵੱਧ ਸਮਾਂ ਮਿਲਿਆ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਲਈ ਚੱਲੀ ਪ੍ਰਚਾਰ ਮੁਹਿੰਮ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨਾਲੋਂ ਟੀਵੀ ’ਤੇ ਤਿੰਨ ਗੁਣਾ ਵੱਧ ਸਮਾਂ ਮਿਲਿਆ ਹੈ। ਇਹ ਡੇਟਾ ਪਹਿਲੀ ਤੋਂ 28 ਅਪਰੈਲ ਤੱਕ ਦਾ ਹੈ ਤੇ ਬੀ.ਏ.ਆਰ.ਸੀ. ਵੱਲੋਂ ਜਾਰੀ ਕੀਤਾ ਗਿਆ ਹੈ। ਇਸ ਸਮੇਂ ਦੌਰਾਨ ਮੋਦੀ ਨੂੰ ਟੈਲੀਵਿਜ਼ਨ ਖਬਰ ਚੈਨਲਾਂ ਨੇ 722 ਘੰਟੇ ਦਿੱਤੇ ਜਦਕਿ ਰਾਹੁਲ ਗਾਂਧੀ ਨੂੰ 252 ਘੰਟੇ ਹੀ ਮਿਲੇ।

# ਰਾਹੁਲ ਵੱਲੋਂ ਮੋਦੀ ਨੂੰ ਭ੍ਰਿਸ਼ਟਾਚਾਰ ਦੇ ਮੁੱਦੇ ’ਤੇ ਖੁੱਲ੍ਹੀ ਬਹਿਸ ਦੀ ਚੁਣੌਤੀ

**ਚੰਡੀਗੜ੍ਹ:** ਆਲ ਇੰਡੀਆ ਕਾਂਗਰਸ ਕਮੇਟੀ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਲੋਕ ਸਭਾ ਹਲਕਾ ਚੰਡੀਗੜ੍ਹ ਤੋਂ ਪਾਰਟੀ ਦੇ ਉਮੀਦਵਾਰ ਪਵਨ ਕੁਮਾਰ ਬਾਂਸਲ ਦੇ ਹੱਕ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਭ੍ਰਿਸ਼ਟਾਚਾਰ ਦੇ ਮੁੱਦੇ ਉਪਰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ। ਉਨ੍ਹਾਂ ਕਿਹਾ ਕਿ ਸ੍ਰੀ ਮੋਦੀ ਬਹਿਸ ਲਈ ਸਮਾਂ ਤੇ ਸਥਾਨ ਖੁਦ ਤੈਅ ਕਰ ਲੈਣ ਅਤੇ ਉਸ ਨੂੰ ਕੇਵਲ 15 ਮਿੰਟ ਦੇ ਕੇ ਆਪ ਭਾਵੇਂ 4 ਘੰਟੇ ਬੋਲ ਲੈਣ। ਉਨ੍ਹਾਂ ਦਾਅਵਾ ਕੀਤਾ ਕਿ ਬਹਿਸ ਤੋਂ ਬਾਅਦ ਸ੍ਰੀ ਮੋਦੀ ਦੇਸ਼ ਨੂੰ ਮੂੰਹ ਦਿਖਾਉਣ ਜੋਗੇ ਨਹੀਂ ਰਹਿਣਗੇ।

ਉਨ੍ਹਾਂ ਕਿਹਾ ਕਿ ਸ੍ਰੀ ਮੋਦੀ ਨੂੰ ਆਪਣੀ ਹਾਰ ਸਾਫ ਨਜ਼ਰ ਆ ਰਹੀ ਹੈ। ਇਸੇ ਕਾਰਨ ਅੱਜ ਕੱਲ੍ਹ ਉਹ ਭਾਰੀ ਤਣਾਅ ਵਿਚ ਹਨ ਅਤੇ ਪੁੱਠਾ-ਸਿੱਧਾ ਬੋਲ ਰਹੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਮੋਦੀ ਉਨ੍ਹਾਂ ਦੇ ਪਿਤਾ ਸਮੇਤ ਸਾਰੇ ਪਰਿਵਾਰ ਵਿਰੁੱਧ ਬੋਲ ਕੇ ਉਸ ਨਾਲ ਨਫਰਤ ਕਰ ਰਹੇ ਹਨ ਪਰ ਇਸ ਦੇ ਬਾਵਜੂਦ ਉਹ ਉਨ੍ਹਾਂ ਨੂੰ ਪਿਆਰ ਹੀ ਦੇਣਗੇ। ਉਨ੍ਹਾਂ ਕਿਹਾ ਕਿ ਮੋਦੀ ਦੇ ਰਾਜ ਵਿਚ 24 ਘੰਟਿਆਂ ਵਿਚ 27 ਹਜ਼ਾਰ ਨੌਕਰੀਆਂ ਖਤਮ ਹੋ ਰਹੀਆਂ ਹਨ ਅਤੇ ਪਿਛਲੇ 5 ਸਾਲਾਂ ਵਿਚ ਬੇਰੁਜ਼ਗਾਰੀ ਦੀ ਦਰ ਰਿਕਾਰਡ ਵਧੀ ਹੈ।

ਰਾਹੁਲ ਨੇ ਕਿਹਾ ਕਿ ਸ੍ਰੀ ਮੋਦੀ ਨੇ ਸਾਲ 2014 ਵਿਚ ਹਰ ਸਾਲ 2 ਕਰੋੜ ਨੌਕਰੀਆਂ ਦੇਣ, ਕਿਸਾਨਾਂ ਦਾ ਕਰਜ਼ਾ ਕਾਂਗਰਸ ਦੇ ਉਮੀਦਵਾਰ ਪਵਨ ਕੁਮਾਰ ਬਾਂਸਲ ਅਤੇ ਹਲਕਾ ਆਨੰਦਪੁਰ ਸਾਹਿਬ ਦੇ ਉਮੀਦਵਾਰ ਮਨੀਸ਼ ਤਿਵਾੜੀ ਦੇ ਨਾਮ ਲਏ ਪਰ ਉਹ ਉਨ੍ਹਾਂ ਨੂੰ ਵੋਟਾਂ ਪਾਉਣ ਬਾਰੇ ਅਪੀਲ ਕਰਨਾ ਭੁੱਲ ਗਏ। ਇਸ ਦੌਰਾਨ ਉਨ੍ਹਾਂ ਦੋਵਾਂ ਉਮੀਦਵਾਰਾਂ ਦੀ ਸ਼ਲਾਘਾ ਵਿਚ ਇਕ ਸ਼ਬਦ ਵੀ ਨਹੀਂ ਕਿਹਾ।

# ਮੋਦੀ ਦੀਆਂ ‘ਸ਼ੁਰਲੀਆਂ’ ਦਾ ਉਡਿਆ ਮਜ਼ਾਕ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਟੀ. ਵੀ. ਚੈਨਲ ਨੂੰ ਦਿੱਤੀ ਇੰਟਰਵਿਊ ਦੌਰਾਨ ਕੀਤੀ ਇਸ ਟਿੱਪਣੀ ਕਿ ਬੱਦਲ ਤੇ ਮੀਂਹ ਭਾਰਤੀ ਲੜਾਕੂ ਜਹਾਜ਼ਾਂ ਨੂੰ ਪਾਕਿਸਤਾਨੀ ਰਾਡਾਰ ਦੇ ਘੇਰੇ ਵਿਚ ਆਉਣ ’ਤੇ ਰੋਕ ਸਕਦੇ ਹਨ, ਨੇ ਸੋਸ਼ਲ ਮੀਡੀਆ ’ਤੇ ਇਕ ਨਵੀਂ ਚਰਚਾ ਛੇੜ ਦਿੱਤੀ ਹੈ। ਭਾਰਤੀ ਹਵਾਈ ਸੈਨਾ ਦੇ ਸੇਵਾ ਮੁਕਤ ਪਾਇਲਟਾਂ ਸਣੇ ਹੋਰ ਮਾਹਿਰ ਤੇ ਲੋਕ ਇਨ੍ਹਾਂ ਟਿੱਪਣੀਆਂ ਲਈ ਪ੍ਰਧਾਨ ਮੰਤਰੀ ਦਾ ਮੌਜੂ ਬਣਾਉਣ ਲੱਗੇ ਹਨ। ਮਾਹਿਰਾਂ ਅਨੁਸਾਰ ਜ਼ਮੀਨ ਅਧਾਰਿਤ ਰਾਡਾਰਾਂ ਨੂੰ ਬੱਦਲਾਂ ਜਾਂ ਮੀਂਹ ਨਾਲ ਕੋਈ ਫਰਕ ਨਹੀਂ ਪੈਂਦਾ। ਰਾਡਾਰ ਅਸਲ ਵਿਚ ਹਵਾ ’ਚ ਉਡਦੇ ਨਿਸ਼ਾਨਿਆਂ ਜਾਂ ਹੀਟ ਸਿਗਨੇਚਰਜ਼ (ਤਪਸ਼) ਦਾ ਪਤਾ ਲਾ ਲੈਂਦੀ ਹੈ। ਹਵਾਈ ਜਹਾਜ਼ ਦਾ ਇੰਜਣ ਤਪਸ਼ ਦਾ ਨਿਕਾਸ ਕਰਦਾ ਹੈ, ਜਿਸ ਨੂੰ ਦੁਸ਼ਮਣ ਮੁਲਕ ਦੀ ਰਾਡਾਰ ਫੜ ਲੈਂਦੀ ਹੈ।

ਮੋਦੀ ਦੀ ਇਹ ਜੱਗੋਂ ਤੇਰ੍ਹਵੀਂ ਗੱਲ ਚਰਚਾ ਵਿਚ ਹੀ ਸੀ ਕਿ ਪ੍ਰਧਾਨ ਮੰਤਰੀ ਨੇ ਸਾਲ 1987-88 ਵਿਚ ਡਿਜੀਟਲ ਕੈਮਰੇ ਤੇ ਈਮੇਲ ਦੀ ਵਰਤੋਂ ਕਰਨ ਸਬੰਧੀ ਦਾਅਵਾ ਕਰਕੇ ਸਿਆਸਤਦਾਨਾਂ ਤੇ ਟਵਿੱਟਰ ਵਰਤੋਂਕਾਰਾਂ ਦੇ ਨਿਸ਼ਾਨੇ ’ਤੇ ਆ ਗਏ। ਸ੍ਰੀ ਮੋਦੀ ਨੇ ਇਕ ਨਿੱਜੀ ਚੈਨਲ ਨੂੰ ਦਿੱਤੀ ਇੰਟਰਵਿਊ ਦੌਰਾਨ ਦਾਅਵਾ ਕੀਤਾ ਸੀ ਕਿ ਉਨ੍ਹਾਂ ਆਪਣੇ ਸਿਆਸੀ ਗੁਰੂ ਤੇ ਪਾਰਟੀ ਦੇ ਬਜ਼ੁਰਗ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੂੰ ਫੋਟੋਆਂ ਭੇਜਣ ਲਈ ਡਿਜੀਟਲ ਕੈਮਰਾ ਵਰਤਿਆ ਸੀ ਤੇ ਉਸ ਵੇਲੇ ਕੁਝ ਮੁੱਠੀ ਭਰ ਲੋਕਾਂ ਕੋਲ ਈਮੇਲ ਹੁੰਦੀ ਸੀ। ਟੀਵੀ ਚੈਨਲ ਨੂੰ ਦਿੱਤੀ ਇੰਟਰਵਿਊ ਦੌਰਾਨ ਇਕ ਸਵਾਲ ਦੇ ਜਵਾਬ ’ਚ ਸ੍ਰੀ ਮੋਦੀ ਨੇ ਕਿਹਾ, ‘1987-88 ’ਚ ਸ਼ਾਇਦ ਮੈਂ ਪਹਿਲਾ ਸ਼ਖਸ ਸੀ, ਜਿਸ ਨੇ ਡਿਜੀਟਲ ਕੈਮਰੇ ਦੀ ਵਰਤੋਂ ਕੀਤੀ। ਉਸ ਵੇਲੇ ਗਿਣੇ ਚੁਣੇ ਲੋਕਾਂ ਕੋਲ ਈਮੇਲ ਹੁੰਦੀ ਸੀ।

ਟੀਵੀ ਚੈਨਲ ਨਿਊਜ਼ ਨੇਸ਼ਨ ਨੂੰ ਦਿੱਤੀ ਇੰਟਰਵਿਊ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 26 ਫਰਵਰੀ ਨੂੰ ਬਾਲਾਕੋਟ ਵਿਚ ਕੀਤੇ ਹਵਾਈ ਹਮਲਿਆਂ ਦਾ ਜ਼ਿਕਰ ਕਰਦਿਆਂ ਕਿਹਾ, ‘ਮੌਸਮ ਅਚਾਨਕ ਖਰਾਬ ਹੋ ਗਿਆ। ਅਸਮਾਨ ਵਿਚ ਬੱਦਲ ਸਨ। ਖਦਸ਼ਾ ਸੀ ਕਿ ਕੀ ਅਸੀਂ ਬੱਦਲਵਾਈ ਦੇ ਚਲਦਿਆਂ ਅਸਮਾਨ ’ਚ ਜਾ ਸਕਦੇ ਹਾਂ ਕਿ ਨਹੀਂ। ਕਾਫੀ ਸੋਚ ਵਿਚਾਰ ਮਗਰੋਂ ਜ਼ਿਆਦਾਤਰ ਮਾਹਿਰਾਂ ਦੀ ਇਹ ਰਾਇ ਸੀ ਕਿ ਕਿਉਂ ਨਾ ਅਸੀਂ ਤਰੀਕ ਬਦਲ ਦੇਈਏ। ਮੇਰੇ ਦਿਮਾਗ ’ਚ ਉਸ ਵੇਲੇ ਦੋ ਗੱਲਾਂ ਸਨ। ਇਕ ਤਾਂ ਇਸ ਪੂਰੇ ਅਪਰੇਸ਼ਨ ਨੂੰ ਗੁਪਤ ਰੱਖਣਾ ਸੀ ਤੇ ਦੂਜਾ ਇਹ ਕਿ ਮੈਨੂੰ ਵਿਗਿਆਨ ਦਾ ਪੂਰਾ ਗਿਆਨ ਨਹੀਂ ਸੀ। ਮੈਂ ਕਿਹਾ ਅਸਮਾਨ ’ਚ ਕਾਫੀ ਬੱਦਲਵਾਈ ਤੇ ਜ਼ੋਰਾਂ ਦੀ ਮੀਂਹ ਪੈ ਰਿਹਾ। ਮੇਰੀ ਕੱਚੀ ਪੱਕੀ ਸਮਝ ਨੇ ਕਿਹਾ ਕਿ ਸਾਨੂੰ ਬੱਦਲਾਂ ਦਾ ਵੀ ਲਾਹਾ ਮਿਲ ਸਕਦਾ ਹੈ। ਅਸੀਂ ਰਾਡਾਰ ਨੂੰ ਮਾਤ ਪਾ ਸਕਦੇ ਹਾਂ। ਹਰ ਕੋਈ ਸ਼ਸ਼ੋਪੰਜ ਵਿਚ ਸੀ। ਅਖੀਰ ਮੈਂ ਕਿਹਾ ਕਿ ਅਸਮਾਨ ’ਚ ਬੱਦਲਵਾਈ ਹੈ, ਚਲੋ ਅੱਗੇ ਵਧਦੇ ਹਾਂ।’

## ਬਰਕੀਨਾ ਫਾਸੋ ’ਚ ਚਰਚ ’ਤੇ ਹਮਲਾ, 6 ਹਲਾਕ

**ਓਗਾਦੂਗੂ:** ਬਰਕਿਨਾ ਫਾਸੋ ਦੇ ਦਾਬਲੋ ’ਚ ਕੈਥੋਲਿਕ ਗਿਰਜਾਘਰ ’ਤੇ ਪ੍ਰਾਰਥਨਾ ਸਮੇਂ ਬੰਦੂਕਧਾਰੀਆਂ ਵੱਲੋਂ ਕੀਤੇ ਹਮਲੇ ਦੌਰਾਨ ਇਕ ਪਾਦਰੀ ਸਮੇਤ ਛੇ ਵਿਅਕਤੀਆਂ ਦੀ ਮੌਤ ਹੋ ਗਈ। ਬੰਦੂਕਧਾਰੀਆਂ ਨੇ ਗਿਰਜਾਘਰ ’ਚ ਦਾਖਲ ਹੁੰਦੇ ਸਾਰ ਅੰਨ੍ਹੇਵਾਹ ਗੋਲੀਬਾਰੀ ਸ਼ੁਰੂ ਕਰ ਦਿੱਤੀ।

# ਲੋਕਾਂ ਦੇ ਤਿੱਖੇ ਸਵਾਲਾਂ ਤੋਂ ਬਚਣ ਲਈ ਸਿਆਸੀ ਆਗੂਆਂ ਵੱਲੋਂ ਬਾਊਂਸਰਾਂ ਦਾ ਆਸਰਾ

**ਬਠਿੰਡਾ:** ਲੋਕ ਸਭਾ ਚੋਣ ਮੈਦਾਨ 'ਚ ਕੁੱਦੇ ਉਮੀਦਵਾਰ ਹੁਣ 'ਯੂਥ ਬ੍ਰਿਗੇਡ' ਨਾਲ ਲੈ ਕੇ ਚੱਲਣ ਲੱਗੇ ਹਨ। ਵੱਡਾ ਡਰ ਬੇਅਦਬੀ ਤੋਂ ਉਠੇ ਰੋਹ ਤੋਂ ਹੈ। ਕਈ ਆਗੂਆਂ ਨੇ ਬਾਊਂਸਰ ਵੀ ਲਏ ਹਨ। ਪਿਛਲੇ ਇਕ ਹਫਤੇ ਤੋਂ ਮਾਲਵੇ ਵਿਚ ਬੇਅਦਬੀ ਅਤੇ ਬੇਰੁਜ਼ਗਾਰੀ ਦੇ ਮਾਮਲੇ 'ਤੇ ਲੀਡਰਾਂ ਨੂੰ ਲੋਕ ਘੇਰਨ ਲੱਗੇ ਹਨ। ਏ.ਡੀ.ਜੀ.ਪੀ (ਸੁਰੱਖਿਆ) ਨੇ ਵੀ ਐਸ.ਐਸ.ਪੀਜ਼ ਨੂੰ ਪੱਤਰ ਜਾਰੀ ਕੀਤਾ ਹੈ ਕਿ ਏਦਾਂ ਦੇ ਮਾਹੌਲ ਨੂੰ ਦੇਖਦੇ ਹੋਏ ਉਮੀਦਵਾਰਾਂ ਅਤੇ ਜ਼ੈੱਡ ਪਲੱਸ ਸੁਰੱਖਿਆ ਵਾਲੇ ਆਗੂਆਂ ਦੀ ਸੁਰੱਖਿਆ ਦਾ ਖਾਸ ਖਿਆਲ ਰੱਖਿਆ ਜਾਵੇ।

ਵੇਰਵਿਆਂ ਅਨੁਸਾਰ ਸਾਬਕਾ ਚੇਅਰਮੈਨ ਸੁਖਰਾਜ ਸਿੰਘ ਨੱਤ ਨੇ ਹਿਫਾਜ਼ਤ ਲਈ ਤਿੰਨ ਬਾਊਂਸਰ ਰੱਖ ਲਏ ਹਨ। ਕਾਂਗਰਸ ਵਿਚ ਸ਼ਾਮਲ ਹੋਣ ਮਗਰੋਂ ਉਹ ਹਲਕਾ ਮੌੜ ਦੇ ਪਿੰਡਾਂ ਵਿਚ ਚੋਣ ਪ੍ਰਚਾਰ 'ਤੇ ਜਾ ਰਹੇ ਹਨ। ਸ੍ਰੀ ਨੱਤ ਦਾ ਕਹਿਣਾ ਹੈ ਕਿ ਪਿਛਲੀ ਚੋਣ ਵਿਚ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਜਿਸ ਕਰਕੇ ਹੁਣ ਚੋਣਾਂ ਕਰਕੇ ਹਿਫਾਜ਼ਤ ਲਈ ਬਾਊਂਸਰ ਲਏ ਹਨ। ਜ਼ਿਲ੍ਹਾ ਫਾਜ਼ਿਲਕਾ ਵੀ ਇਕ ਯੂਥ ਕਾਂਗਰਸੀ ਆਗੂ ਬਾਊਂਸਰ ਲੈ ਕੇ ਚੱਲਦਾ ਹੈ। ਸੰਗਰੂਰ ਤੋਂ 'ਆਪ' ਉਮੀਦਵਾਰ ਭਗਵੰਤ ਮਾਨ ਨੇ ਪਹਿਲਾਂ ਹੀ ਬਾਊਂਸਰ ਨਾਲ ਰੱਖੇ ਹੋਏ ਹਨ ਜਦੋਂ ਕਿ ਕਾਂਗਰਸੀ ਉਮੀਦਵਾਰ ਕੇਵਲ ਸਿੰਘ ਢਿੱਲੋਂ ਨਾਲ ਯੂਥ ਬ੍ਰਿਗੇਡ ਹੈ। ਲੁਧਿਆਣਾ ਦੀ ਬਾਊਂਸਰ ਫਰਮ ਨੇ ਨਾਂ ਗੁਪਤ ਰੱਖਦੇ ਹੋਏ ਦੱਸਿਆ ਕਿ ਉਨ੍ਹਾਂ ਨੇ ਅੱਧੀ ਦਰਜਨ ਆਗੂਆਂ ਨੂੰ ਬਾਊਂਸਰ ਸਰਵਿਸ ਦਿੱਤੀ ਹੈ।

ਬਠਿੰਡਾ ਹਲਕੇ ਵਿਚ ਅਕਾਲੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਅਤੇ ਉਨ੍ਹਾਂ ਦੇ ਭਰਾ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਸਰਕਾਰੀ ਸੁਰੱਖਿਆ ਤੋਂ ਇਲਾਵਾ ਯੂਥ ਬ੍ਰਿਗੇਡ ਵੀ ਹੁੰਦੀ ਹੈ, ਇਹ ਵਿਸ਼ੇਸ਼ ਤੌਰ 'ਤੇ ਸੁਆਲ ਪੁੱਛਣ ਵਾਲਿਆਂ ਉਤੇ ਨਜ਼ਰ ਰੱਖਦੇ ਹਨ। ਫਰੀਦਕੋਟ ਤੋਂ ਅਕਾਲੀ ਉਮੀਦਵਾਰ ਗੁਲਜ਼ਾਰ ਸਿੰਘ ਰਣੀਕੇ ਦੇ ਨਾਲ ਪੱਕੇ ਤੌਰ 'ਤੇ ਪੰਜ ਛੇ ਨਿਹੰਗ ਸਿੰਘ ਹਮੇਸ਼ਾਂ ਨਾਲ ਹੁੰਦੇ ਹਨ। ਜਦੋਂ ਰਣੀਕੇ ਭਾਸ਼ਣ ਕਰਦੇ ਹਨ ਤਾਂ ਨਿਹੰਗ ਸਿੰਘ ਆਸੇ ਪਾਸੇ ਖੜ੍ਹ ਜਾਂਦੇ ਹਨ। ਇਸੇ ਤਰ੍ਹਾਂ ਹੀ ਕਾਂਗਰਸੀ ਉਮੀਦਵਾਰਾਂ ਨੂੰ ਬੇਰੁਜ਼ਗਾਰੀ ਦੇ ਮੁੱਦੇ 'ਤੇ ਘੇਰਿਆ ਜਾ ਰਿਹਾ ਹੈ। ਕਾਂਗਰਸੀ ਉਮੀਦਵਾਰ ਰਾਜਾ ਵੜਿੰਗ ਵੀ ਆਪਣੇ ਨਾਲ ਯੂਥ ਬ੍ਰਿਗੇਡ ਲੈ ਕੇ ਚੱਲਦੇ ਹਨ।

# ਸਿੱਧੂ ਵੱਲੋਂ ਭਾਜਪਾ ਆਗੂ 'ਕਾਲੇ ਅੰਗਰੇਜ਼' ਕਰਾਰ

**ਇੰਦੌਰ:** ਚੋਣ ਕਮਿਸ਼ਨ ਵੱਲੋਂ ਜਾਰੀ ਨੋਟਿਸ ਦੇ ਬਾਵਜੂਦ ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੱਧੂ ਨੇ ਭਾਜਪਾ ਨੂੰ 'ਕਾਲੇ ਅੰਗਰੇਜ਼' ਸੱਦ ਕੇ ਤੇ ਪ੍ਰਧਾਨ ਮੰਤਰੀ ਨਰਿੰਦਰ ਨੂੰ 'ਸੱਜ ਵਿਆਹੀ ਵਹੁਟੀ' ਨਾਲ ਮੇਲ ਕੇ ਨਵਾਂ ਵਿਵਾਦ ਖੜ੍ਹਾ ਕਰ ਲਿਆ ਹੈ। ਸ. ਸਿੱਧੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਸੱਜ ਵਿਆਹੀ ਵਹੁਟੀ ਵਾਂਗ ਹਨ, ਜੋ ਆਪਣੇ ਸਹੁਰੇ ਘਰ ਵਿਚ ਰੋਟੀਆਂ ਘੱਟ ਵੇਲਦੀ ਹੈ, ਪਰ ਖੜਾਕ ਜ਼ਿਆਦਾ ਕਰਦੀ ਹੈ। ਪੰਜਾਬ ਕੈਬਨਿਟ 'ਚ ਮੰਤਰੀ ਸਿੱਧੂ ਨੂੰ ਪ੍ਰਧਾਨ ਮੰਤਰੀ ਮੋਦੀ ਖਿਲਾਫ ਇਤਰਾਜ਼ਯੋਗ ਟਿੱਪਣੀਆਂ ਲਈ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਲਈ ਨੋਟਿਸ ਜਾਰੀ ਕੀਤਾ ਹੈ।

ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਸਿੱਧੂ ਨੇ ਕਿਹਾ ਕਿ ਮੌਲਾਨਾ ਅਬੁਲ ਕਲਾਮ ਆਜ਼ਾਦ ਤੇ ਮਹਾਤਮਾ ਗਾਂਧੀ ਨੇ ਦੇਸ਼ ਨੂੰ ਗੋਰਿਆਂ ਤੋਂ ਆਜ਼ਾਦੀ ਦਿਵਾਈ ਸੀ ਜਦੋਂਕਿ ਇੰਦੌਰ ਦੇ ਲੋਕ ਮੁਲਕ ਨੂੰ 'ਕਾਲੇ ਅੰਗਰੇਜ਼ਾਂ' ਤੋਂ ਮੁਕਤੀ ਦਿਵਾਉਣਗੇ। ਸਿੱਧੂ ਨੇ ਕਿਹਾ ਕਿ ਮੋਦੀ ਨਵਵਿਆਹੀ ਵਹੁਟੀ ਵਾਂਗ ਹਨ, ਜੋ ਚੌਂਕੇ 'ਚ ਰੋਟੀਆਂ ਬਣਾਉਂਦਿਆਂ ਵੰਗਾਂ ਖੜਕਾਉਂਦੀ ਹੈ ਤਾਂ ਕਿ ਆਂਢ-ਗੁਆਂਢ ਨੂੰ ਲੱਗੇ ਕਿ ਉਸ ਤੋਂ ਕਿੰਨਾ ਕੰਮ ਕਰਵਾਉਂਦੇ ਨੇ। ਮੈਂ ਪ੍ਰਧਾਨ ਮੰਤਰੀ ਨੂੰ ਅਣਗਿਣਤ ਵਾਰ ਪੁੱਛ ਚੁੱਕਾ ਹਾਂ ਕਿ ਉਹ ਆਪਣੇ ਪੰਜ ਸਾਲਾਂ ਦੇ ਕਾਰਜਕਾਲ ਦੀ ਕੋਈ ਇਕ ਪ੍ਰਾਪਤੀ ਗਿਣਾ ਦੇਣ।

ਅਮਰੀਕੀ ਨਿਊਜ਼ ਮੈਗਜ਼ੀਨ 'ਟਾਈਮ' ਦੇ ਮੁੱਖ ਸਫੇ 'ਤੇ ਮੋਦੀ ਦੀ ਫੋਟੋ ਹੇਠ ਛੱਲੇ 'ਡਿਵਾਈਡਰ ਇਨ ਚੀਫ' (ਵੰਡੀਆਂ ਪਾਉਣ ਵਾਲਾ ਮੁਖੀ) ਦਾ ਸਿਰਲੇਖ ਲਿਖਿਐ, ਦਾ ਹਵਾਲਾ ਦਿੰਦਿਆਂ ਸਿੱਧੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਾ ਸਿਰਫ 'ਝੂਠ ਦੀ ਪੰਡ' ਹਨ, ਬਲਕਿ ਉਹ 'ਅੰਬਾਨੀ ਤੇ ਅਡਾਨੀ ਦੇ ਮੁੱਖ ਪ੍ਰਬੰਧਕ' ਵੀ ਹਨ। ਉਨ੍ਹਾਂ ਕਿਹਾ ਕਿ ਮੋਦੀ ਦੀ ਚੋਣ ਮੁਹਿੰਮ ਦੇਸ਼ ਪ੍ਰੇਮ (ਰਾਸ਼ਟਰਵਾਦ) 'ਤੇ ਟਿਕੀ ਹੈ ਕਿਉਂਕਿ ਉਨ੍ਹਾਂ ਕੋਲ ਆਪਣੀ ਸਰਕਾਰ ਬਾਰੇ ਕਹਿਣ ਲਈ ਕੁਝ ਨਹੀਂ ਹੈ।

# ਚੋਣ ਵਾਅਦਿਆਂ ਤੋਂ ਰਵਾਇਤੀ ਸਿਆਸੀ ਧਿਰਾਂ ਦਾ ਟਾਲਾ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਰਵਾਇਤੀ ਧਿਰਾਂ ਮੁੱਖ ਮੁੱਦਿਆਂ ਦੀ ਬਜਾਏ, ਜ਼ਮੀਨੀ ਪੱਧਰ ਤੋਂ ਜਨਤਕ ਜਥੇਬੰਦੀਆਂ ਅਤੇ ਇਨਕਲਾਬੀ ਧਿਰਾਂ ਵੱਲੋਂ ਉਠਾਏ ਮਾਮਲਿਆਂ ਬਾਰੇ ਬੋਲਣ ਲਈ ਮਜਬੂਰ ਜਾਪ ਰਹੀਆਂ ਹਨ। ਪਹਿਲੀ ਵਾਰ ਕਿਸਾਨ ਮਜ਼ਦੂਰ ਦੀਆਂ ਖੁਦਕੁਸ਼ੀਆਂ ਦਾ ਅਕਾਲੀਆਂ ਨੂੰ ਅੰਦਰ ਦੇਣ ਦਾ ਲਲਕਾਰਾ ਵੀ ਇਸ ਵਾਰ ਚੁੱਪ ਹੈ।

ਕਿਸਾਨਾਂ ਮਜ਼ਦੂਰਾਂ ਸਿਰ ਚੜ੍ਹੇ ਕਰਜ਼ੇ ਇਸ ਦੇ ਨਤੀਜੇ ਵਜੋਂ ਕਿਸਾਨਾਂ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦਾ ਮੁੱਦਾ ਸਭ ਧਿਰਾਂ ਵੱਲੋਂ ਅਪਣਾਇਆ ਗਿਆ ਹੈ। ਉਮੀਦਵਾਰਾਂ ਦੇ ਭਾਸ਼ਣਾਂ ਤੋਂ ਜਾਪਦਾ ਹੈ ਕਿ ਸਿਆਸੀ ਪਾਰਟੀਆਂ ਵੱਲੋਂ ਸੜਕੀ ਦੁਰਘਟਨਾਵਾਂ ਨੂੰ ਮੁੱਖ ਮੁੱਦੇ ਦੇ ਵਜੋਂ ਪੇਸ਼ ਨਹੀਂ ਕੀਤਾ ਜਾ ਰਿਹਾ ਹੈ, ਜਦੋਂ ਕਿ ਅੱਜ-ਕੱਲ੍ਹ ਸਭ ਤੋਂ ਜ਼ਿਆਦਾ ਮੌਤਾਂ ਸੜਕ ਹਾਦਸਿਆਂ ਵਿਚ ਹੋ ਰਹੀਆਂ ਹਨ।



ਮਾਲਵਾ ਖੇਤਰ ਵਿਚ ਆਵਾਰਾ ਪਸ਼ੂਆਂ ਦਾ ਵੱਡਾ ਮਾਮਲਾ ਸਾਰੀਆਂ ਸਿਆਸੀ ਧਿਰਾਂ ਦੀਆਂ ਰੈਲੀਆਂ ਵਿਚ ਉਭਾਰਿਆ ਜਾਣ ਲੱਗਾ ਹੈ। ਜਦੋਂ ਕਿ ਲੰਬੇ ਸਮੇਂ ਤੋਂ ਸੂਬੇ ਦੇ ਮੁੱਖ ਮੁੱਦੇ ਇਸ ਵਾਰ ਲੋਕ ਸਭਾ ਚੋਣਾਂ 'ਚ ਗਾਇਬ ਦਿਖਾਈ ਦੇਣ ਲੱਗੇ ਹਨ।

ਪੰਜਾਬ ਦੀ ਸੱਤਾ ਉਪਰ ਲਗਾਤਾਰ 10 ਸਾਲ ਰਾਜ ਕਰਨ ਵਾਲੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਹੁਣ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਮੁੱਖ ਮੁੱਦੇ ਵਿਸਾਰ ਕੇ ਮੋਦੀ ਦੇ ਨਾਂ 'ਤੇ ਵੋਟਾਂ ਮੰਗਣ ਲੱਗੀ ਹੈ। ਪਾਰਟੀ ਵੱਲੋਂ ਦਹਾਕਿਆਂ ਤੋਂ ਉਠਾਏ ਜਾਂਦੇ ਰਹੇ ਮੁੱਦੇ ਜਿਵੇਂ ਕਿ ਰਾਜਾਂ ਨੂੰ ਵੱਧ ਅਧਿਕਾਰ ਦੇਣ ਦਾ ਮਾਮਲਾ, ਪੰਜਾਬੀ ਬੋਲਦੇ ਇਲਾਕਿਆਂ ਅਤੇ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਲ ਕਰਨ ਦਾ ਮਾਮਲਾ ਆਦਿ ਗਾਇਬ ਹਨ। ਪੰਥ ਨੂੰ ਖਤਰੇ ਦੇ ਨਾਂ ਉਪਰ ਹਮੇਸ਼ਾ ਚੋਣਾਂ ਜਿੱਤਣ ਵਾਲਾ ਅਕਾਲੀ ਦਲ ਬਾਦਲ ਇਸ ਵਾਰ ਖੁਦ ਪੰਥਕ ਮੁੱਦਿਆਂ 'ਤੇ ਘਿਰਿਆ ਹੈ।

ਇਸ ਵਾਰ ਕਾਂਗਰਸ ਪਾਰਟੀ ਪੰਜਾਬ 'ਚ ਅਮਨ-ਸ਼ਾਂਤੀ ਅਤੇ ਗਰੀਬੀ ਹਟਾਓ ਦੀ ਤਰਜ਼ 'ਤੇ ਕੋਈ ਗਾਣਾ ਨਹੀਂ ਗਾ ਰਹੀ। ਕੈਪਟਨ ਦਾ ਮੁੱਦਾ ਵੀ ਸਿਆਸੀ ਧਿਰਾਂ ਤੋਂ ਦੂਰ ਹੈ। ਬਠਿੰਡਾ-ਸੰਗਰੂਰ-ਪਟਿਆਲਾ ਜ਼ਿਲ੍ਹਿਆਂ ਵਿਚ ਘੱਗਰ ਦਰਿਆ ਵੱਲੋਂ ਫੈਲਾਏ ਪ੍ਰਦੂਸ਼ਣ ਸਣੇ ਹੋਰਨਾਂ ਕਿਸਮ ਦੇ ਪ੍ਰਦੂਸ਼ਣ ਬਾਰੇ ਵੀ ਸਿਆਸੀ ਮੰਚ ਤੋਂ ਕੋਈ ਤਕਰੀਰ ਨਹੀਂ ਹੋਈ ਹੈ। ਸਿੱਖਿਆ, ਸਿਹਤ, ਪੇਂਡੂ ਲਿੰਕ ਸੜਕਾਂ, ਪੀਣ ਵਾਲਾ ਪਾਣੀ ਅਤੇ ਨਹਿਰੀ ਪਾਣੀ ਆਦਿ ਜਿਹੇ ਲੋਕ ਮੁੱਦਿਆਂ ਦੀ ਥਾਂ ਸਿਰਫ ਨਿੱਜੀ ਦੂਸ਼ਣਬਾਜ਼ੀ ਹੀ ਭਾਰੂ ਹੈ। ਵਿੱਦਿਆ ਦੇ ਬੁਰੇ ਹਾਲ ਸਣੇ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਬਾਰੇ ਵੀ ਸਿਆਸੀ ਧਿਰਾਂ ਚੁੱਪ ਹਨ। ਵਿਦੇਸ਼ਾਂ ਨੂੰ ਰੋਜ਼ੀ-ਰੋਟੀ ਲਈ ਭੱਜ ਰਹੀ ਜਵਾਨੀ ਬਾਰੇ ਵੀ ਰਾਜਸੀ ਨੇਤਾ ਬੋਲ ਨਹੀਂ ਰਹੇ ਹਨ।

# ਆਮ ਆਦਮੀ ਪਾਰਟੀ ਨੇ ਪੰਜਾਬ ਲਈ ਵੱਖਰਾ ਚੋਣ ਮਨੋਰਥ ਪੱਤਰ ਜਾਰੀ ਕੀਤਾ

**ਚੰਡੀਗੜ੍ਹ :** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਲੋਕ ਸਭਾ ਚੋਣਾਂ ਲਈ ਆਪਣੇ ਕੌਮੀ ਮੈਨੀਫੈਸਟੋ ਤੋਂ ਹਟ ਕੇ ਪੰਜਾਬ ਦੇ ਮੁੱਖ ਮੁੱਦਿਆਂ 'ਤੇ ਆਧਾਰਿਤ ਵੱਖਰਾ 11 ਨੁਕਾਤੀ ਚੋਣ ਮਨੋਰਥ ਪੱਤਰ ਜਾਰੀ ਕੀਤਾ ਹੈ। ਪਾਰਟੀ ਦੀ ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨ ਅਤੇ ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਦੇ ਲੋਕ ਜੇ ਉਨ੍ਹਾਂ ਦੇ ਉਮੀਦਵਾਰਾਂ ਨੂੰ ਜਿਤਾ ਕੇ ਸੰਸਦ ਵਿਚ ਭੇਜਣਗੇ ਤਾਂ ਉਹ 11 ਨੁਕਾਤੀ ਪ੍ਰੋਗਰਾਮ ਨੂੰ ਲਾਗੂ ਕਰਾਉਣ ਲਈ ਦਿਨ-ਰਾਤ ਇਕ ਕਰ ਦੇਣਗੇ ਕਿਉਂਕਿ ਇਹ 'ਖੁਸ਼ਹਾਲ ਪੰਜਾਬ' ਦਾ ਰੋਡਮੈਪ ਹੈ। ਉਨ੍ਹਾਂ ਕਿਹਾ ਕਿ 'ਆਪ' ਪੰਜਾਬ ਦੇ ਆਰਥਿਕ ਅਤੇ ਸਮਾਜਿਕ ਹਾਲਾਤ ਤੋਂ ਵਾਕਫ਼ ਹੈ ਅਤੇ ਕਿਸਾਨਾਂ ਮਜ਼ਦੂਰਾਂ ਅਤੇ ਬੇਰੁਜ਼ਗਾਰ ਨੌਜਵਾਨਾਂ ਦੇ ਦਰਦ ਨੂੰ ਮਹਿਸੂਸ ਕਰਦੀ ਹੈ।

ਅਮਨ ਅਰੋੜਾ ਨੇ ਚੋਣ ਮਨੋਰਥ ਪੱਤਰ ਵਿਚਲੇ ਵਾਅਦਿਆਂ ਦੇ ਵੇਰਵੇ ਦੱਸਦਿਆਂ ਕਿਹਾ ਕਿ ਜੇ ਉਨ੍ਹਾਂ ਦੇ ਉਮੀਦਵਾਰ ਜਿੱਤੇ ਤਾਂ ਉਹ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਾਉਣ ਲਈ ਕੇਂਦਰ ਸਰਕਾਰ ਨੂੰ ਮਜਬੂਰ ਕਰਨਗੇ। ਉਨ੍ਹਾਂ ਆਖਿਆ ਕਿ ਹਰਸਿਮਰਤ ਕੌਰ ਬਾਦਲ ਨੇ ਫੂਡ ਪ੍ਰੋਸੈਸਿੰਗ ਮੰਤਰੀ ਹੋਣ ਦੇ ਬਾਵਜੂਦ ਸੂਬੇ ਲਈ ਕੋਈ ਫੂਡ ਪ੍ਰੋਸੈਸਿੰਗ ਇੰਡਸਟਰੀ ਨਹੀਂ ਲਿਆਂਦੀ। ਇਸ ਤੋਂ ਇਲਾਵਾ ਪਹਾੜੀ ਰਾਜਾਂ ਨੂੰ ਵਿਸ਼ੇਸ਼ ਪੈਕੇਜ ਦੇਣ ਕਾਰਨ ਪੰਜਾਬ ਦੀ ਇੰਡਸਟਰੀ ਤਬਾਹ ਕਰ ਦਿੱਤੀ ਹੈ ਕਿਉਂਕਿ ਇਥੋਂ ਦੇ 20 ਹਜ਼ਾਰ ਉਦਯੋਗ ਯੂਨਿਟ ਹਿਮਾਚਲ, ਹਰਿਆਣਾ ਅਤੇ ਜੰਮੂ-ਕਸ਼ਮੀਰ ਵਿਚ ਚਲੇ ਗਏ ਹਨ। ਨੋਟਬੰਦੀ ਅਤੇ ਜੀ.ਐਸ.ਟੀ. ਨੇ ਹਰ ਪੱਧਰ ਦੇ ਵਪਾਰੀ-ਕਾਰੋਬਾਰੀ ਨੂੰ ਕਰਜ਼ਈ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵਾਤਾਵਰਨ ਪ੍ਰਦੂਸ਼ਣ ਦਾ ਮਸਲਾ ਵੀ ਵੱਡਾ ਹੈ ਅਤੇ ਹਵਾ-ਪਾਣੀ ਜ਼ਹਿਰੀਲਾ ਹੋਣ ਨਾਲ ਜੀਵਨ ਹੀ ਦਾਅ 'ਤੇ ਲੱਗ ਗਿਆ ਹੈ।

'ਆਪ' ਵੱਲੋਂ ਐਗਰੋ ਆਧਾਰਿਤ ਉਦਯੋਗ ਪੰਜਾਬ ਵਿਚ ਲਿਆ ਕੇ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਖੁਦਕੁਸ਼ੀਆਂ ਰੋਕਣ ਦਾ ਯਤਨ ਕੀਤਾ ਜਾਵੇਗਾ। ਪਹਾੜੀ ਰਾਜਾਂ ਦੀ ਤਰਜ਼ 'ਤੇ ਪੰਜਾਬ ਦੇ ਉਦਯੋਗ ਲਈ 'ਇਕ ਦੇਸ਼-ਇਕ ਟੈਕਸ' ਤਹਿਤ ਸਪੈਸ਼ਲ ਪੈਕੇਜ ਲਈ ਕੇਂਦਰ ਸਰਕਾਰ 'ਤੇ ਦਬਾਅ ਪਾਇਆ ਜਾਵੇਗਾ। ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਾਉਣ ਲਈ ਪੰਜਾਬ



ਵਿਚ ਵੱਡੀ ਪਬਲਿਕ ਸੈਕਟਰ ਅੰਡਰਟੇਕਿੰਗ (ਪੀ.ਐਸ.ਯੂ.) ਇੰਡਸਟਰੀ ਲਿਆਉਣ ਲਈ ਯਤਨ ਕੀਤੇ ਜਾਣਗੇ। ਪੰਜਾਬ ਵਿਚ ਏਮਜ਼ ਅਤੇ ਪੀ.ਜੀ.ਆਈ. ਦੀ ਤਰਜ਼ 'ਤੇ ਹੋਰ ਹਸਪਤਾਲ ਬਣਵਾਏ ਜਾਣਗੇ। 'ਆਪ' ਸੰਸਦ ਮੈਂਬਰ ਐਮ.ਪੀ.ਲੈਡ ਦਾ 2/3 ਫੰਡ ਲੋਕਾਂ ਦੀ ਸਲਾਹ ਨਾਲ ਇਲਾਕੇ ਦੀਆਂ ਸਿਹਤ ਅਤੇ ਸਿੱਖਿਆ ਸਹੂਲਤਾਂ 'ਤੇ ਖਰਚ ਕਰਨਗੇ।

# ਪੰਜਾਬ ਦੇ ਸਰਹੱਦੀ ਲੋਕ ਮੋਦੀ ਦੀ ਜੰਗ ਵਾਲੀ ਨੀਤੀ ਤੋਂ ਔਖੇ

**ਗੁਰਦਾਸਪੁਰ:** ਪਾਕਿਸਤਾਨ ਦੀ ਸਰਹੱਦ ਤੋਂ ਕੇਵਲ ਡੇਢ ਤੋਂ ਲੈ ਕੇ ਦਸ ਕਿਲੋਮੀਟਰ ਦੂਰੀ 'ਤੇ ਵਸੇ ਪੰਜਾਬ ਦੇ ਪਿੰਡਾਂ ਦੇ ਲੋਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਗੁਆਂਢੀ ਦੇਸ਼ ਨਾਲ ਤਿੱਖੇ ਤਣਾਅ ਦੀ ਨੀਤੀ ਦੇ ਸਖ਼ਤ ਵਿਰੋਧ 'ਚ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ 1965 ਅਤੇ 1971 ਦੀਆਂ ਜੰਗਾਂ ਦੌਰਾਨ ਬਰਬਾਦੀ ਦੇਖੀ ਹੈ ਤੇ ਉਹ ਹੋਰ ਜੰਗ ਦੇਖਣ ਦੇ ਹੱਕ ਵਿਚ ਨਹੀਂ ਹਨ, ਪਰ ਕਸਬਿਆਂ ਦੇ ਘੱਟ ਗਿਣਤੀ ਅਨੇਕਾਂ ਵਿਅਕਤੀ ਉਨ੍ਹਾਂ ਦੀ ਇਸ ਨੀਤੀ ਦੀ ਹਮਾਇਤ ਵੀ ਕਰਦੇ ਹਨ।

ਕੌਮਾਂਤਰੀ ਸਰਹੱਦ ਤੋਂ ਕੇਵਲ ਡੇਢ, ਦੋ ਕਿਲੋਮੀਟਰ ਦੀ ਦੂਰੀ ਤੇ ਵਸੇ ਰੱਤੜ ਛੱਤੜ ਪਿੰਡ ਦੀ ਸਾਬਕਾ ਸਰਪੰਚ ਪ੍ਰੀਤਮ ਕੌਰ ਨੇ ਕਿਹਾ ਕਿ ਉਸ ਨੇ 1971 ਦੀ ਜੰਗ ਸਮੇਂ ਆਪਣੇ ਪਿੰਡ 'ਤੇ ਡਿੱਗੇ ਕਈ ਬੰਬ ਦੇਖੇ ਹਨ ਤੇ ਉਨ੍ਹਾਂ ਦਿਨਾਂ ਵਿਚ ਸ਼ਾਮਾਂ ਪੈਂਦਿਆਂ ਹੀ ਘਰਾਂ ਵਿਚ ਚਾਨਣ ਤੱਕ ਨਹੀਂ ਸੀ ਕਰ ਸਕਦੇ। ਜੰਗ ਦਾ ਖੌਫ ਵੱਖਰਾ ਸੀ ਪਤਾ ਨਹੀਂ ਕਿਹੜੇ ਵੇਲੇ ਜਾਨ ਨਿਕਲ ਜਾਣੀ ਹੈ ਤੇ ਛੋਟੇ ਛੋਟੇ ਬਾਲਾਂ ਨਾਲ ਜ਼ਿੰਦਗੀ ਬਸਰ ਕਰਨੀ ਨਰਕ ਬਣ ਗਈ ਸੀ। ਇਸ ਲਈ ਉਹ ਤਾਂ ਜੰਗ ਦਾ ਨਾਂ ਨਹੀਂ ਸੁਣਨਾ ਚਾਹੁੰਦੇ ਤੇ ਜੇ ਕੋਈ ਜੰਗ ਲਾਉਂਦਾ ਹੈ ਤਾਂ ਬੰਬ ਉਸ 'ਤੇ ਹੀ ਵੱਜਣੇ ਚਾਹੀਦੇ ਹਨ।

ਸਾਬਕਾ ਸੂਬੇਦਾਰ ਸੁਰਜੀਤ ਸਿੰਘ ਨੇ ਕਿਹਾ ਕਿ ਸਾਡੇ ਪਿੰਡ ਦੇ ਲੋਕ ਬਿਲਕੁਲ ਜੰਗ ਨਹੀਂ ਚਾਹੁੰਦੇ। ਲੜਾਈ ਵਾਲੇ ਮਾਹੌਲ ਦੀ ਜਦੋਂ ਕਦੇ ਵੀ ਚਰਚਾ ਹੁੰਦੀ ਹੈ ਤਾਂ ਉਸ ਨੂੰ 1971 ਦੀ ਜੰਗ ਯਾਦ ਆ ਜਾਂਦੀ ਹੈ, ਉਸ ਵੇਲੇ ਉਹ ਦਸਵੀਂ ਜਮਾਤ ਵਿਚ ਪੜ੍ਹਦਾ ਸੀ। ਉਸ ਨੇ ਦੱਸਿਆ ਕਿ ਉਸ ਨੇ ਤਕਰੀਬਨ ਦੋ ਘੰਟੇ ਬੰਬ ਆਪਣੇ ਪਿੰਡ ਤੇ ਆਸ ਪਾਸੇ ਦੇ ਇਲਾਕੇ ਵਿਚ ਡਿੱਗੇ ਦੇਖੇ ਸਨ ਤੇ ਇਨ੍ਹਾਂ ਵਿਚੋਂ ਬਹੁਤ ਸਾਰੇ ਬੰਬ ਚੱਲੇ ਨਹੀਂ ਸਨ ਤੇ ਇਸ ਕਰਕੇ ਨੁਕਸਾਨ ਤੋਂ ਬਚਾਅ ਹੋ ਗਿਆ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਸਮੇਤ ਪਿੰਡ ਦੇ ਬਹੁ-ਗਿਣਤੀ ਲੋਕ ਕਾਂਗਰਸ ਨੂੰ ਵੋਟਾਂ ਪਾਉਣਗੇ।

ਇਸ ਪਿੰਡ ਤੋਂ ਥੋੜ੍ਹੀ ਦੂਰੀ 'ਤੇ ਪੈਂਦੇ ਖੋਜੇਬੇਟ ਦੇ ਵਾਸੀ ਦਿਲਬਾਗ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਵਰ੍ਹਿਆਂ ਤੋਂ ਅਕਾਲੀ ਸੀ ਪਰ ਪਿੰਡ ਵਿਚ ਦਿਨ ਦੀਵੀਂ ਹੁੰਦੀ ਚਿੱਟੇ ਦੀ ਸਪਲਾਈ ਦੇ ਦੁੱਖੋਂ ਪਰਿਵਾਰ ਵਿਚ ਕਲੇਸ਼ ਪੈ ਗਿਆ ਸੀ ਤੇ ਪਰਿਵਾਰ ਦੀਆਂ ਔਰਤਾਂ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਫੈਸਲਾ ਕਰ ਲਿਆ ਕਿ ਉਹ ਤਾਂ ਸ਼੍ਰੋਮਣੀ ਅਕਾਲੀ ਦਲ ਨੂੰ ਵੋਟਾਂ ਨਹੀਂ ਪਾਉਣਗੀਆਂ ਤੇ ਅਖੀਰ ਸਾਡੇ ਪਰਿਵਾਰ ਨੇ ਕਾਂਗਰਸ ਵਿਚ ਸ਼ਾਮਲ ਹੋਣ ਦਾ ਫੈਸਲਾ ਕਰ ਲਿਆ। ਪਿੰਡ ਤੇ ਇਲਾਕੇ ਵਿਚ ਅਕਾਲੀ ਦਲ ਦੀ ਸਥਿਤੀ ਬਾਰੇ ਪੁੱਛੇ ਜਾਣ ਤੇ ਉਸ ਨੇ ਕਿਹਾ ਕਿ ਅਕਾਲੀਆਂ ਨੂੰ 'ਉਜਾੜਾ' ਪੈ ਗਿਆ ਹੈ ਤੇ ਹਲਕੇ ਵਿਚ ਅਕਾਲੀ ਵਰਕਰਾਂ ਨੂੰ ਸਾਂਭਣ ਵਾਲਾ ਕੋਈ ਨਹੀਂ ਹੈ। ਉਸ ਨੇ ਦੱਸਿਆ ਕਿ ਸਰਕਾਰ ਬਦਲਣ ਪਿੱਛੋਂ ਪਿੰਡ ਦੇ ਨੌਜਵਾਨਾਂ ਨੇ ਨਸ਼ਾ ਛੱਡ ਦਿੱਤਾ ਹੈ ਤੇ ਨਸ਼ਾ ਛੁਡਾਊ ਅੰਗਰੇਜ਼ੀ ਦਵਾਈ ਲੈਂਦੇ ਹਨ। ਉਸ ਨੇ ਕਿਹਾ ਕਿ ਮੰਤਰੀ ਰੰਧਾਵਾ ਆਪਣੇ ਹਲਕੇ ਵਿਚ ਚਿੱਟੇ ਦੀ ਸਪਲਾਈ ਦੇ ਸਖ਼ਤ ਖਿਲਾਫ ਹੈ ਤੇ ਇਸ ਕਰਕੇ ਚਿੱਟੇ ਦੀ ਸਪਲਾਈ ਬੰਦ ਹੋ ਗਈ ਹੈ।



ਸਰਹੱਦੀ ਪਿੰਡਾਂ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਕਾਫੀ ਅਹਿਮ ਹੈ ਤੇ ਲੋਕ ਚਾਹੁੰਦੇ ਹਨ ਕਿ ਸਰਹੱਦੀ ਇਲਾਕੇ ਦੇ ਲੋਕਾਂ ਨੂੰ ਰੁਜ਼ਗਾਰ ਮਿਲੇ। ਇਸ ਕਰਕੇ ਉਹ ਕੈਪਟਨ ਸਰਕਾਰ ਦੇ ਘਰ-ਘਰ ਰੁਜ਼ਗਾਰ ਦੇਣ ਦੇ ਵਾਅਦੇ ਨੂੰ ਹਕੀਕੀ ਰੂਪ ਵਿਚ ਲਾਗੂ ਕੀਤੇ ਜਾਣ ਦੀ ਉਡੀਕ ਵਿਚ ਹਨ। ਪਠਾਨਕੋਟ ਸ਼ਹਿਰ ਦੇ ਕੁਝ ਵਿਅਕਤੀਆਂ ਨਾਲ ਵੋਟਾਂ ਦੀ ਗੱਲ ਕਰਦਿਆਂ ਪਾਕਿਸਤਾਨ ਨਾਲ ਸਖ਼ਤ ਨੀਤੀ ਅਪਣਾਉਣ ਦੀ ਚਰਚਾ ਹੋਈ ਤਾਂ ਉਨ੍ਹਾਂ ਨੇ ਇਸ ਮੁੱਦੇ 'ਤੇ ਪ੍ਰਧਾਨ ਮੰਤਰੀ ਮੋਦੀ ਦੀ ਹਮਾਇਤ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਸਹੀ ਕੰਮ ਕੀਤਾ ਹੈ। ਵੋਟਾਂ ਦੇ ਮੁੱਦੇ 'ਤੇ ਉਨ੍ਹਾਂ ਦਾ ਝੁਕਾਅ ਭਾਜਪਾ ਵੱਲ ਸੀ।

## ਅਦਾਕਾਰ-ਗਾਇਕ ਅਰੁਣ ਬਖਸ਼ੀ ਵੀ ਭਾਜਪਾ 'ਚ ਸ਼ਾਮਲ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਅਦਾਕਾਰਾਂ ਅਤੇ ਗੀਤਕਾਰਾਂ ਵਲੋਂ ਸਿਆਸੀ ਪਾਰਟੀਆਂ ਦੇ ਨਾਲ ਜੁੜਨ ਦੀ ਕਵਾਇਦ 'ਚ ਅਰੁਣ ਬਖਸ਼ੀ ਦਾ ਨਾਂ ਵੀ ਸ਼ਾਮਿਲ ਹੋ ਗਿਆ। ਅਰੁਣ ਬਖਸ਼ੀ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਰਮਨ ਸਿੰਘ ਦੀ ਮੌਜੂਦਗੀ 'ਚ ਭਾਜਪਾ ਵਿਚ ਸ਼ਾਮਿਲ ਹੋਏ।

100 ਤੋਂ ਵੱਧ ਫਿਲਮਾਂ 'ਚ ਚਰਿੱਤਰ ਅਦਾਕਾਰ ਦੀ ਭੂਮਿਕਾ ਨਿਭਾਅ ਚੁੱਕੇ ਅਤੇ ਗੀਤਕਾਰ ਵਜੋਂ ਆਪਣੀ ਆਵਾਜ਼ ਦੇ ਚੁੱਕੇ ਬਖਸ਼ੀ ਪੰਜਾਬ ਦੇ ਲੁਧਿਆਣਾ ਨਾਲ ਤਾਅਲੁੱਕ ਰੱਖਦੇ ਹਨ। ਕੁਝ ਚਿਰ ਪਹਿਲਾਂ ਬਖਸ਼ੀ ਨੇ ਇਕ ਗੀਤ ਰਾਹੀਂ ਵਿਰੋਧੀ ਧਿਰਾਂ ਨੂੰ ਨਿਸ਼ਾਨਾ ਬਣਾਇਆ ਸੀ, ਜਿਸ 'ਚ ਬੋਫੋਰਜ਼ ਅਤੇ ਚਿਟਫੰਡ ਜਿਹੇ ਘੁਟਾਲਿਆਂ ਦਾ ਜ਼ਿਕਰ ਕਰਦਿਆਂ ਮਹਾਂਗਠਜੋੜ ਦੇ ਨੇਤਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ।

# ਕੈਲੰਡਰ ਵਿਵਾਦ: ਸ਼੍ਰੋਮਣੀ ਕਮੇਟੀ ਦੇ ਜਥੇ ਨੂੰ ਵੀਜ਼ੇ ਮਿਲਣ ਦੇ ਆਸਾਰ ਘੱਟ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਦੇ ਵਿਵਾਦ ਦੌਰਾਨ ਸਿੱਖ ਧਰਮ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਇਸ ਵਾਰ ਵੀ ਸ਼੍ਰੋਮਣੀ ਕਮੇਟੀ ਦੀ ਅਗਵਾਈ ਵਾਲਾ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ 'ਤੇ ਜਾਣ ਤੋਂ ਰਹਿ ਸਕਦਾ ਹੈ। ਸ਼੍ਰੋਮਣੀ ਕਮੇਟੀ ਇਹ ਸ਼ਹੀਦੀ ਦਿਹਾੜਾ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ 7 ਜੂਨ ਨੂੰ ਮਨਾ ਰਹੀ ਹੈ ਜਦੋਂ ਕਿ ਪਾਕਿਸਤਾਨ ਵਿਚ ਸ਼ਹੀਦੀ ਦਿਹਾੜਾ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਿਕ 16 ਜੂਨ ਨੂੰ ਮਨਾਇਆ ਜਾਵੇਗਾ।




ਇਸ ਸਬੰਧ ਵਿਚ ਪਾਕਿਸਤਾਨ ਦੇ ਸਫਾਰਤਖਾਨੇ ਵਲੋਂ ਸਿੱਖ ਸ਼ਰਧਾਲੂਆਂ ਨੂੰ 14 ਜੂਨ ਤੋਂ 23 ਜੂਨ ਤਕ ਪਾਕਿਸਤਾਨ ਵਿਚਲੇ ਗੁਰਧਾਮਾਂ ਦੀ ਯਾਤਰਾ ਵਾਸਤੇ ਸੱਦਾ ਦਿੱਤਾ ਗਿਆ ਹੈ। ਜਦੋਂ ਕਿ ਸ਼੍ਰੋਮਣੀ ਕਮੇਟੀ 5 ਜੂਨ ਤੋਂ 14 ਜੂਨ ਜਾਂ ਫਿਰ 30 ਮਈ ਤੋਂ 8 ਜੂਨ ਤਕ ਵੀਜ਼ੇ ਲੈਣਾ ਚਾਹੁੰਦੀ ਹੈ। ਦੋਵਾਂ ਕੈਲੰਡਰਾਂ ਵਿਚ ਸ਼ਹੀਦੀ ਦਿਹਾੜੇ ਦੀ ਤਰੀਕ ਦਾ ਅੰਤਰ ਹੋਣ ਕਾਰਨ ਪਾਕਿਸਤਾਨ ਸਫਾਰਤਖਾਨੇ ਵਲੋਂ ਇਹ ਸ਼ਹੀਦੀ ਦਿਹਾੜਾ 7 ਜੂਨ ਨੂੰ ਮਨਾਉਣ ਲਈ ਵੀਜ਼ੇ ਦੇਣ ਦੀ ਸੰਭਾਵਨਾ ਘੱਟ ਨਜ਼ਰ ਆ ਰਹੀ ਹੈ। ਇਸ ਸਬੰਧੀ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਵਲੋਂ ਇਹ ਸ਼ਹੀਦੀ ਦਿਹਾੜਾ 7 ਜੂਨ ਨੂੰ ਮਨਾਇਆ ਜਾ ਰਿਹਾ ਹੈ ਅਤੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਜੱਥਾ ਭੇਜਣ ਦੀ ਤਿਆਰੀ ਕੀਤੀ ਹੋਈ ਹੈ। ਇਸ ਸਬੰਧ ਵਿਚ 80 ਤੋਂ ਵੱਧ ਸ਼ਰਧਾਲੂਆਂ ਦੇ ਪਾਸਪੋਰਟ ਵੀਜ਼ਾ ਲੱਗਣ ਲਈ ਭੇਜੇ ਗਏ ਹਨ।

ਇਸ ਦੌਰਾਨ ਭਾਈ ਮਰਦਾਨਾ ਕੀਰਤਨ ਦਰਬਾਰ ਯਾਦਗਾਰ ਸੁਸਾਇਟੀ ਦੇ ਪ੍ਰਧਾਨ ਹਰਪਾਲ ਸਿੰਘ ਭੁੱਲਰ ਨੇ ਆਖਿਆ ਕਿ ਪਾਕਿਸਤਾਨੀ ਸਫਾਰਤਖਾਨੇ ਵਲੋਂ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਵਾਸਤੇ 14 ਜੂਨ ਤੋਂ 23 ਜੂਨ ਤਕ ਵੀਜ਼ੇ ਦਿੱਤੇ ਜਾਣਗੇ। ਉਨ੍ਹਾਂ ਇਸ ਸਬੰਧ ਵਿਚ ਸੱਦਾ ਵੀ ਦਿੱਤਾ ਹੈ, ਜਿਸ ਤਹਿਤ ਉਨ੍ਹਾਂ ਸੁਸਾਇਟੀ ਦੇ ਝੰਡੇ ਹੇਠ 70 ਸ਼ਰਧਾਲੂਆਂ ਦੇ ਪਾਸਪੋਰਟ ਵੀਜ਼ਾ ਲੱਗਣ ਲਈ ਭੇਜ ਦਿੱਤੇ ਹਨ। ਇਸੇ ਤਰ੍ਹਾਂ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਡੱਬਵਾਲੀ ਵਲੋਂ ਵੀ 35 ਸ਼ਰਧਾਲੂਆਂ ਦੇ ਪਾਸਪੋਰਟ ਵੀਜ਼ਾ ਲੱਗਣ ਲਈ ਭੇਜੇ ਗਏ ਹਨ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਨੂੰ ਵੀ ਪਾਕਿਸਤਾਨੀ ਸਫਾਰਤਖਾਨੇ ਦੇ ਪ੍ਰੋਗਰਾਮ ਮੁਤਾਬਕ ਸ਼ਰਧਾਲੂਆਂ ਦਾ ਜਥਾ ਭੇਜਣਾ ਚਾਹੀਦਾ ਹੈ।

# ਬੇਅਦਬੀ ਕਾਂਡ: ਜਾਂਚ ਟੀਮ 'ਤੇ ਅਹਿਮ ਦਸਤਾਵੇਜ਼ ਛੁਪਾਉਣ ਦਾ ਦੋਸ਼

**ਫਰੀਦਕੋਟ:** ਬੇਅਦਬੀ ਕਾਂਡ ਸਬੰਧੀ ਕਾਇਮ ਕੀਤੀ ਵਿਸ਼ੇਸ਼ ਜਾਂਚ ਟੀਮ ਵੱਲੋਂ ਮੋਗਾ ਦੇ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਖ਼ਿਲਾਫ਼ ਅਦਾਲਤ 'ਚ ਪੇਸ਼ ਕੀਤੇ ਚਲਾਨ ਦੀ ਸਮੀਖਿਆ ਕਰਨ ਤੋਂ ਬਾਅਦ ਸਾਬਕਾ ਐਸ.ਐਸ.ਪੀ. ਨੇ ਆਪਣੇ ਵਕੀਲ ਰਾਹੀਂ ਅਦਾਲਤ ਵਿਚ ਲਿਖਤੀ ਅਰਜ਼ੀ ਦੇ ਕੇ ਦੋਸ਼ ਲਾਇਆ ਹੈ ਕਿ ਵਿਸ਼ੇਸ਼ ਜਾਂਚ ਟੀਮ ਨੇ ਅਦਾਲਤ ਵਿਚ ਚਲਾਨ ਪੇਸ਼ ਕਰਨ ਵੇਲੇ ਅਹਿਮ ਦਸਤਾਵੇਜ਼ ਛੁਪਾ ਲਏ ਹਨ। ਇਨ੍ਹਾਂ ਨੂੰ ਚਲਾਨ ਦੇ ਨਾਲ ਅਦਾਲਤ ਵਿਚ ਪੇਸ਼ ਨਹੀਂ ਕੀਤਾ ਗਿਆ। ਸਾਬਕਾ ਐਸ.ਐਸ.ਪੀ. ਨੇ ਕਥਿਤ ਤੌਰ 'ਤੇ ਛੁਪਾਏ ਦਸਤਾਵੇਜ਼ਾਂ ਦੀ ਫੋਟੋ ਕਾਪੀ ਮੰਗੀ ਹੈ। ਜੁਡੀਸ਼ੀਅਲ ਮੈਜਿਸਟ੍ਰੇਟ ਚੇਤਨ ਸ਼ਰਮਾ ਨੇ ਇਸ ਮਾਮਲੇ ਵਿਚ ਵਿਸ਼ੇਸ਼ ਜਾਂਚ ਟੀਮ ਨੂੰ ਨੋਟਿਸ ਜਾਰੀ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਜਾਂਚ ਟੀਮ ਨੇ ਪੜਤਾਲ ਦੌਰਾਨ ਸਾਬਕਾ ਐਸ.ਐਸ.ਪੀ. ਦੇ ਸਰਕਾਰੀ ਡਰਾਈਵਰ ਅੰਗਰੇਜ਼ ਸਿੰਘ ਤੇ ਗੰਨਮੈਨ ਬੇਅੰਤ ਸਿੰਘ ਦਾ ਇਕਬਾਲੀਆ ਬਿਆਨ ਲਿਖਿਆ ਸੀ ਜਿਸ ਵਿਚ ਇਨ੍ਹਾਂ ਦੋਵਾਂ ਪੁਲਿਸ ਮੁਲਾਜ਼ਮਾਂ ਨੇ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਨੂੰ ਬਹਿਬਲ ਕਲਾਂ ਵਿਚ ਗੋਲੀ ਚਲਾਉਣ ਦਾ ਕਸੂਰਵਾਰ ਮੰਨਿਆ ਸੀ ਤੇ ਸਾਬਕਾ ਐਸ.ਐਸ.ਪੀ. ਖਿਲਾਫ ਚਸ਼ਮਦੀਦ ਗਵਾਹ ਬਣੇ ਸਨ। ਇਨ੍ਹਾਂ ਦੋਵਾਂ ਪੁਲਿਸ ਮੁਲਾਜ਼ਮਾਂ ਦੇ ਬਿਆਨ ਇਲਾਕਾ ਮੈਜਿਸਟ੍ਰੇਟ ਦੀ ਅਦਾਲਤ ਵਿਚ ਪੇਸ਼ ਹੋਏ



ਸਨ ਪਰ ਜਾਂਚ ਟੀਮ ਨੇ ਅਦਾਲਤ ਵਿਚ ਚਲਾਨ ਪੇਸ਼ ਕੀਤਾ ਤਾਂ ਇਨ੍ਹਾਂ ਦੋਵਾਂ ਗਵਾਹਾਂ ਦੇ ਬਿਆਨ ਚਲਾਨ ਫਾਈਲ ਨਾਲ ਨੱਥੀ ਨਹੀਂ ਕੀਤੇ।

ਬਹਿਬਲ ਕਾਂਡ ਵਿਚ ਮੁੱਖ ਮੁਲਜ਼ਮ ਵਜੋਂ ਗ੍ਰਿਫਤਾਰ ਕੀਤੇ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ, ਜੋ ਇਸ ਸਮੇਂ ਪਟਿਆਲਾ ਜੇਲ੍ਹ ਵਿਚ ਬੰਦ ਹਨ, ਨੇ ਕਿਹਾ ਕਿ ਜਾਂਚ ਟੀਮ ਨੇ ਅਹਿਮ ਦਸਤਾਵੇਜ਼ਾਂ ਦੀਆਂ ਨਕਲਾਂ ਉਸ ਨੂੰ ਨਹੀਂ ਦਿੱਤੀਆਂ, ਜੋ ਕਾਨੂੰਨ ਮੁਤਾਬਕ ਲਾਜ਼ਮੀ ਸਨ, ਇਸ ਲਈ ਸਮੁੱਚੇ ਮੁਕੱਦਮੇ ਦੀ ਕਾਰਵਾਈ ਅੱਗੇ ਤੋਰਨ ਤੋਂ ਪਹਿਲਾਂ ਉਸ ਨੂੰ ਬੇਅੰਤ ਸਿੰਘ ਤੇ ਅੰਗਰੇਜ਼ ਸਿੰਘ ਵੱਲੋਂ ਦਰਜ ਕਰਵਾਏ ਬਿਆਨਾਂ ਦੀਆਂ ਨਕਲਾਂ ਮੁਹੱਈਆ ਕਰਵਾਈਆਂ ਜਾਣ।

## '84 ਕਤਲੇਆਮ: ਹਾਈ ਕੋਰਟ ਵੱਲੋਂ ਉਮਰ ਕੈਦ ਦੀ ਸਜ਼ਾ ਰੱਦ ਕਰਨ ਦੀ ਅਪੀਲ ਖਾਰਜ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ 1984 ਦੇ ਕਤਲੇਆਮ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਇਕ ਦੋਸ਼ੀ ਦੀ ਮੈਡੀਕਲ ਆਧਾਰ 'ਤੇ ਸਜ਼ਾ ਰੱਦ ਕਰਨ ਦੀ ਪਟੀਸ਼ਨ ਖਾਰਜ ਕਰ ਦਿੱਤੀ ਹੈ। ਬੈਂਚ ਨੇ ਦੋਸ਼ੀ ਨਰੇਸ਼ ਸਹਿਰਾਵਤ ਦੀ ਸਿਹਤ ਸਬੰਧੀ ਜੇਲ੍ਹ ਅਧਿਕਾਰੀਆਂ ਵੱਲੋਂ ਮੁਹੱਈਆ ਕਰਵਾਈ ਰਿਪੋਰਟ ਦੇ ਹਵਾਲੇ ਨਾਲ ਦੋਸ਼ੀ ਨੂੰ ਸਜ਼ਾ 'ਚ ਅੰਤ੍ਰਿਮ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ।

ਬੈਂਚ ਨੇ ਦੱਸਿਆ ਕਿ ਮੈਡੀਕਲ ਰਿਪੋਰਟ ਦੇ ਆਧਾਰ 'ਤੇ ਦੋਸ਼ੀ ਦੀ ਹਾਲਤ ਸਥਿਰ ਹੈ ਤੇ ਜੇਲ੍ਹ ਪ੍ਰਸ਼ਾਸਨ ਵੱਲੋਂ ਉਸ ਨੂੰ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ। ਦੋਸ਼ੀ ਨੇ ਦਾਅਵਾ ਕੀਤਾ ਕਿ ਉਸ ਦਾ ਲੀਵਰ 90 ਫੀਸਦੀ ਤੱਕ ਖਰਾਬ ਹੋ ਚੁੱਕਾ ਹੈ ਤੇ ਉਹ ਸਜ਼ਾ 'ਚ ਅੰਤ੍ਰਿਮ ਰਾਹਤ ਦੀ ਮੰਗ ਕਰਦਾ ਹੈ। ਇਸ ਤੋਂ ਪਹਿਲਾਂ ਅਦਾਲਤ ਨੇ ਐਸ.ਆਈ.ਟੀ. ਤੇ ਸੂਬੇ ਤੋਂ ਇਸ ਪਟੀਸ਼ਨ ਬਾਬਤ ਜਵਾਬ ਮੰਗਿਆ ਸੀ। ਐਸ.ਆਈ.ਟੀ. ਨੂੰ ਸਹਿਰਾਵਤ ਦੀ ਸਿਹਤ ਸਬੰਧੀ ਦਸਤਾਵੇਜ਼ਾਂ ਦੀ ਪੜਤਾਲ ਕਰਨ ਲਈ ਵੀ ਕਿਹਾ ਗਿਆ ਸੀ।

## 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੱਛਮੀ ਬੰਗਾਲ 'ਚ ਸਮਾਗਮ

**ਅੰਮ੍ਰਿਤਸਰ:** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਮਤਿ ਸਮਾਗਮ ਸ਼੍ਰੋਮਣੀ ਕਮੇਟੀ ਵੱਲੋਂ ਪੱਛਮੀ ਬੰਗਾਲ ਦੇ ਆਸਨਸੋਲ ਵਿਚ ਕਰਵਾਇਆ ਗਿਆ। ਇਸ ਤੋਂ ਪਹਿਲਾਂ ਉੜੀਸਾ, ਗੁਜਰਾਤ, ਬਿਹਾਰ, ਉੱਤਰ ਪ੍ਰਦੇਸ਼ ਅਤੇ ਉਤਰਾਖੰਡ ਵਿਚ ਇਸ ਸਬੰਧੀ ਗੁਰਮਤਿ ਸਮਾਗਮ ਹੋ ਚੁੱਕੇ ਹਨ। ਸਥਾਨਕ ਸਭਾ ਸੁਸਾਇਟੀਆਂ, ਗੁਰਦੁਆਰਾ ਕਮੇਟੀਆਂ ਤੇ ਸੰਗਤ ਦੇ ਸਹਿਯੋਗ ਨਾਲ ਆਸਨਸੋਲ ਵਿਚ ਕਰਵਾਏ ਗਏ ਇਸ ਸਮਾਗਮ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਸ਼ਿਰਕਤ ਕੀਤੀ।

ਜਥੇਦਾਰ ਨੇ ਆਖਿਆ ਕਿ ਸ੍ਰੀ ਗੁਰੂ ਨਾਨਕ ਦੇਵ ਦਾ 550 ਸਾਲਾ ਪ੍ਰਕਾਸ਼ ਪੁਰਬ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਪ੍ਰਚਾਰਨ ਲਈ ਇਕ ਸੁਨਹਿਰੀ ਮੌਕਾ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਸੂਬਿਆਂ ਅੰਦਰ ਕਰਵਾਏ ਜਾ ਰਹੇ ਗੁਰਮਤਿ ਸਮਾਗਮਾਂ ਦੀ ਸ਼ਲਾਘਾ ਕੀਤੀ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਸ੍ਰੀ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਸਮੁੱਚੇ ਵਿਸ਼ਵ ਲਈ ਸਰਬਸਾਂਝੀ ਹੈ ਅਤੇ ਉਨ੍ਹਾਂ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੁੰਦਿਆਂ ਸਮੁੱਚੇ ਵਿਸ਼ਵ ਦੇ ਸਿੱਖਾਂ ਨੂੰ ਪ੍ਰਚਾਰਕ ਬਣ ਕੇ ਸਿੱਖੀ ਪ੍ਰਚਾਰ ਕੰਮ ਕਰਨਾ ਚਾਹੀਦਾ ਹੈ।

ਉਨ੍ਹਾਂ ਵੱਖ-ਵੱਖ ਸੂਬਿਆਂ ਦੀਆਂ ਸੰਗਤ ਵੱਲੋਂ ਕਰਵਾਏ ਜਾ ਰਹੇ ਗੁਰਮਤਿ ਸਮਾਗਮਾਂ ਨੂੰ ਸਾਰਥਿਕ ਦੱਸਿਆ। ਇਸ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ, ਜਦਕਿ ਧਰਮ ਪ੍ਰਚਾਰ ਕਮੇਟੀ ਦੇ ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ ਅਤੇ ਕਥਾ ਵਾਚਕ ਭਾਈ ਰਣਜੀਤ ਸਿੰਘ ਗੌਹਰ-ਏ-ਮਸਕੀਨ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਇਤਿਹਾਸ ਅਤੇ ਉਪਦੇਸ਼ਾਂ ਤੋਂ ਸੰਗਤ ਨੂੰ ਜਾਣੂ ਕਰਵਾਇਆ।

## ਬੇਅਦਬੀ ਕਰਨ ਵਾਲਿਆਂ ਦਾ ਕੱਖ ਨਾ ਰਹੇ: ਸੁਖਬੀਰ ਬਾਦਲ

**ਮੋਗਾ:** ਪੰਜਾਬ 'ਚ ਧਾਰਮਿਕ ਗਰੰਥਾਂ ਦੀ ਬੇਅਦਬੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਹ ਦਾਗ ਧੋਣ ਲਈ ਫਰੀਦਕੋਟ ਲੋਕ-ਸਭਾ ਰਾਖਵੇਂ ਹਲਕੇ ਤੋਂ ਪਾਰਟੀ ਉਮੀਦਵਾਰ ਗੁਲਜ਼ਾਰ ਸਿੰਘ ਰਣੀਕੇ ਦੇ ਹੱਕ ਵਿਚ ਵੱਖ-ਵੱਖ ਥਾਵਾਂ



ਉੱਤੇ ਚੋਣ ਜਲਸਿਆਂ ਨੂੰ ਸੰਬੋਧਨ ਕਰਦਿਆਂ ਹਿੱਕ ਥਾਪੜ ਕੇ ਸਹੁੰ ਚੁੱਕਦਿਆਂ ਕਿਹਾ ਕਿ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਜਾਂ ਕਰਵਾਉਣ ਵਾਲਿਆਂ ਦਾ ਖਾਨਦਾਨ ਨਾਸ ਹੋ ਜਾਵੇ।

ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਬਿਨਾਂ ਕਿਸੇ ਪਾਰਟੀ ਦਾ ਨਾਂ ਲਏ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਢਾਹੁਣ ਅਤੇ ਸਾਲ 1984 ਕਤਲੇਆਮ ਲਈ ਕੌਣ ਜ਼ਿੰਮੇਵਾਰ ਹਨ? ਉਨ੍ਹਾਂ ਕਿਹਾ ਕਿ ਇਸ ਤੋਂ ਵੱਡੀ ਬੇਅਦਬੀ ਹੋਰ ਕੀ ਹੋ ਸਕਦੀ ਸੀ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨਖਿੱਧ ਮੁੱਖ ਮੰਤਰੀ ਸਾਬਤ ਹੋਇਆ ਹੈ। ਉਨ੍ਹਾਂ ਕਿਹਾ ਕਿ ਉਹ ਰਾਜੇ ਦਾ ਹੰਕਾਰ ਤੋੜਨ ਲਈ ਫਿਰੋਜ਼ਪੁਰ ਤੋਂ ਚੋਣ ਮੈਦਾਨ 'ਚ ਉਤਰੇ ਹਨ।

ਉਨ੍ਹਾਂ ਲੋਕਾਂ ਨੂੰ ਕਲਾਵੇ 'ਚ ਲੈਂਦਿਆਂ ਕਿਹਾ ਕਿ ਦੱਸੋ ਮੁੱਖ ਮੰਤਰੀ ਤੁਹਾਡੇ ਜ਼ਿਲ੍ਹੇ 'ਚ ਦੋ ਸਾਲਾਂ ਦੇ ਕਾਰਜਕਾਲ 'ਚ ਕਦੇ ਆਇਆ ਹੈ, ਜਦੋਂ ਕਿ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਹੁੰਦਿਆਂ ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ 'ਚ ਵਿਚਰਦੇ ਸਨ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬਾਰੇ ਕਿਹਾ ਕਿ ਉਸਨੇ ਹੱਥ 'ਚ ਗੁਟਕਾ ਫੜਕੇ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਵੱਲ ਮੂੰਹ ਕਰਕੇ ਚੁੱਕੀ ਸਹੁੰ ਨੂੰ ਪੂਰਾ ਨਹੀਂ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਕੈਪਟਨ ਸਰਕਾਰ ਨੇ ਚੋਣਾਂ ਦੌਰਾਨ ਕੀਤੇ ਵਾਅਦੇ ਤਾਂ ਪੂਰੇ ਕੀ ਕਰਨੇ ਸਨ ਸਗੋਂ ਅਕਾਲੀ ਹਕੂਮਤ ਵੱਲੋਂ ਸ਼ੁਰੂ ਕੀਤੀਆਂ ਲੋਕ ਭਲਾਈ ਸਕੀਮਾਂ ਹੀ ਬੰਦ ਕਰ ਦਿੱਤੀਆਂ ਗਈਆਂ ਹਨ।

## ਏਅਰ ਇੰਡੀਆ ਵੱਲੋਂ ਟਿਕਟਾਂ ਦੀ ਬੁਕਿੰਗ 'ਤੇ ਭਾਰੀ ਛੋਟ

**ਮੁੰਬਈ:** ਜੈੱਟ ਏਅਰਵੇਜ਼ ਦੇ ਬੰਦ ਹੋਣ ਤੋਂ ਬਾਅਦ ਏਅਰ ਇੰਡੀਆ ਏਅਰਲਾਈਨਜ਼ ਨੇ ਮੁਸਾਫਰਾਂ ਨੂੰ ਭਾਰੀ ਰਾਹਤ ਦਿੰਦਿਆਂ ਆਖਰੀ ਮਿੰਟਾਂ ਤੱਕ ਟਿਕਟਾਂ ਦੀ ਬੁਕਿੰਗ ਉਤੇ ਭਾਰੀ ਛੋਟ ਦੇਣ ਦਾ ਐਲਾਨ ਕੀਤਾ ਹੈ। ਪਹਿਲਾਂ ਏਅਰਲਾਈਨ ਦੇ ਇਕ ਅਧਿਕਾਰੀ ਨੇ ਕਿਹਾ ਸੀ ਕਿ ਉਨ੍ਹਾਂ ਵੱਲੋਂ ਟਿਕਟਾਂ ਦੀ ਆਖਰੀ ਮਿੰਟ ਬੁਕਿੰਗ ਉਤੇ 50 ਫੀਸਦੀ ਤੱਕ ਦੀ ਛੋਟ ਦਿੱਤੀ ਜਾਵੇਗੀ।

ਏਅਰ ਲਾਈਨ ਨੇ ਇਕ ਬਿਆਨ ਜਾਰੀ ਕਰ ਕੇ ਕਿਹਾ ਕਿ ਏਅਰ ਇੰਡੀਆ ਨੇ ਉਡਾਨ ਭਰਨ ਤੋਂ ਤਿੰਨ ਘੰਟੇ ਪਹਿਲਾਂ ਤੱਕ ਭਾਰੀ ਛੋਟ ਉਤੇ ਟਿਕਟਾਂ ਵੇਚੀਆਂ ਜਾਣਗੀਆਂ। ਦੱਸਣਯੋਗ ਹੈ ਕਿ ਸਰਕਾਰੀ ਏਅਰ ਲਾਈਨ ਏਅਰ ਇੰਡੀਆ ਪਿਛਲੇ ਕੁਝ ਸਮੇਂ ਤੋਂ ਆਰਥਿਕ ਤੰਗੀ ਦਾ ਸ਼ਿਕਾਰ ਸੀ ਤੇ ਵਿੱਤੀ ਮਦਦ ਦਿੱਤੀ ਗਈ ਸੀ।

# ਮੋਟਰਸਾਈਕਲਾਂ 'ਤੇ ਕੈਨੇਡਾ ਤੋਂ ਭਾਰਤ ਪੁੱਜਿਆ ਸਿੱਖ ਜਥਾ

**ਅੰਮ੍ਰਿਤਸਰ/ਅਟਾਰੀ:** ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੋਟਰਸਾਈਕਲ ਯਾਤਰਾ 22 ਮੁਲਕਾਂ ਵਿਚੋਂ ਲੰਘਦੀ ਹੋਈ ਲਗਭਗ 12 ਹਜ਼ਾਰ ਕਿਲੋਮੀਟਰ ਸਫਰ ਤੈਅ ਕਰਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜੀ ਹੈ। ਕੈਨੇਡਾ ਦੇ ਛੇ ਸਿੱਖ ਨੌਜਵਾਨਾਂ ਵੱਲੋਂ ਸਰੀ (ਕੈਨੇਡਾ) ਤੋਂ ਸ਼ੁਰੂ ਕੀਤੀ ਗਈ ਇਹ ਯਾਤਰਾ ਗੁਰਦੁਆਰਾ ਸ੍ਰੀ ਬੇਰ ਸਾਹਿਬ, ਸੁਲਤਾਨਪੁਰ ਲੋਧੀ ਵਿਖੇ ਪੁੱਜ ਕੇ ਸਮਾਪਤ ਹੋਵੇਗੀ।

ਇਹ ਮੋਟਰਸਾਈਕਲ ਯਾਤਰਾ ਪਹਿਲਾਂ ਵਾਹਗਾ-ਅਟਾਰੀ ਸਰਹੱਦ ਰਾਹੀਂ ਭਾਰਤ ਵਿਚ ਦਾਖਲ ਹੋਈ, ਜਿੱਥੇ ਇਨ੍ਹਾਂ ਸਿੱਖ ਨੌਜਵਾਨਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਸਵਾਗਤ ਕੀਤਾ। ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਇਨ੍ਹਾਂ ਦਾ ਸ਼੍ਰੋਮਣੀ ਕਮੇਟੀ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਸਿੱਖ ਮੋਟਰਸਾਈਕਲ ਕਲੱਬ, ਕੈਨੇਡਾ ਦੇ ਇਨ੍ਹਾਂ ਨੌਜਵਾਨਾਂ ਵੱਲੋਂ ਇਹ ਯਾਤਰਾ 3 ਅਪਰੈਲ ਨੂੰ ਕੈਨੇਡਾ ਦੇ ਸ਼ਹਿਰ ਸਰੀ ਤੋਂ ਸ਼ੁਰੂ ਕੀਤੀ ਗਈ ਸੀ, ਜੋ ਵੱਖ-ਵੱਖ ਦੇਸ਼ਾਂ ਤੋਂ ਹੁੰਦੀ ਹੋਈ ਪੰਜਾਬ ਪੁੱਜੀ। ਇਸ ਯਾਤਰਾ ਵਿਚ ਕੈਨੇਡਾ ਵਾਸੀ ਸਿੱਖ ਨੌਜਵਾਨ ਪ੍ਰਭਜੀਤ ਸਿੰਘ, ਮਨਦੀਪ



ਸਿੰਘ, ਸੁਖਵੀਰ ਸਿੰਘ, ਜਸਮੀਤਪਾਲ ਸਿੰਘ, ਆਜ਼ਾਦ ਸਿੰਘ ਅਤੇ ਜਤਿੰਦਰ ਸਿੰਘ ਸ਼ਾਮਲ ਹਨ।

ਉਨ੍ਹਾਂ ਦੱਸਿਆ ਕਿ ਮੋਟਰਸਾਈਕਲਾਂ 'ਤੇ ਉਹ ਕੈਨੇਡਾ, ਅਮਰੀਕਾ, ਇੰਗਲੈਂਡ, ਯੂਰਪ, ਮੱਧ ਪੂਰਬੀ ਮੁਲਕਾਂ ਅਤੇ ਈਰਾਨ ਤੋਂ ਹੁੰਦੇ ਹੋਏ ਪਾਕਿਸਤਾਨ ਰਸਤੇ ਭਾਰਤ ਵਿਚ ਦਾਖਲ ਹੋਏ ਹਨ। ਉਨ੍ਹਾਂ ਦੱਸਿਆ ਕਿ ਇਹ ਸਿੱਖ ਮੋਟਰਸਾਈਕਲ ਕਲੱਬ 2002 ਵਿਚ ਸਥਾਪਤ ਕੀਤਾ ਸੀ, ਜਿਸ ਦਾ ਮੁੱਖ ਮੰਤਵ ਸਿੱਖ ਧਰਮ ਅਤੇ ਦਸਤਾਰ ਬਾਰੇ ਪ੍ਰਚਾਰ ਕਰਨਾ ਹੈ। ਇਸ ਯਾਤਰਾ ਦੌਰਾਨ ਉਨ੍ਹਾਂ ਨੂੰ ਸਿਰਫ ਕੁਝ ਮੁਲਕਾਂ ਦਾ ਹੀ ਵੀਜ਼ਾ ਲੈਣਾ ਪਿਆ ਹੈ, ਜਿਨ੍ਹਾਂ ਵਿਚ ਤੁਰਕੀ, ਇਰਾਨ, ਪਾਕਿਸਤਾਨ ਅਤੇ ਭਾਰਤ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਯਾਤਰਾ ਲਈ ਹਰ ਥਾਂ ਤੋਂ ਵਧੀਆ ਸਹਿਯੋਗ ਅਤੇ ਹੁੰਗਾਰਾ ਮਿਲਿਆ ਹੈ। ਯਾਤਰਾ ਦੌਰਾਨ ਸਿੱਖ ਧਰਮ, ਗੁਰੂ ਨਾਨਕ ਦੇਵ ਜੀ ਦੇ 'ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ' ਉਪਦੇਸ਼ ਸਮੇਤ ਦਸਤਾਰ ਦੀ ਮਹੱਤਤਾ ਬਾਰੇ ਪ੍ਰਚਾਰ ਕੀਤਾ ਗਿਆ ਹੈ। ਉਨ੍ਹਾਂ ਇਸ ਯਾਤਰਾ ਦੌਰਾਨ ਮਨੁੱਖੀ ਭਲਾਈ ਲਈ ਵਿਸ਼ਵ ਪੱਧਰ 'ਤੇ ਕੰਮ ਕਰ ਰਹੀ ਜਥੇਬੰਦੀ ਖਾਲਸਾ ਏਡ ਦਾ ਵੀ ਪ੍ਰਚਾਰ ਕੀਤਾ ਅਤੇ ਲੋਕਾਂ ਕੋਲੋਂ ਸਹਿਯੋਗ ਮੰਗਿਆ। ਇਨ੍ਹਾਂ ਸਿੱਖ ਨੌਜਵਾਨਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਦਾ ਸ਼ੁਕਰਾਨਾ ਅਦਾ ਕੀਤਾ, ਜਿਸ ਮਗਰੋਂ ਉਨ੍ਹਾਂ ਨੂੰ ਸੂਚਨਾ ਕੇਂਦਰ ਵਿਖੇ ਸਿਰੋਪਾ, ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਅਤੇ ਧਾਰਮਿਕ ਪੁਸਤਕਾਂ ਦੇ ਸਨਮਾਨਿਤ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਨੌਜਵਾਨਾਂ ਦੇ ਉੱਦਮ ਦੀ ਸ਼ਲਾਘਾ ਕਰਦਿਆਂ ਆਸ ਕੀਤੀ ਕਿ ਇਸ ਨਾਲ ਵਿਸ਼ਵ ਭਰ ਵਿਚ ਚੰਗਾ ਸੁਨੇਹਾ ਜਾਵੇਗਾ।

# ਲੋਕ ਸਭਾ ਚੋਣਾਂ ਬੁਨਿਆਦੀ ਮੁੱਦਿਆਂ ਤੋਂ ਸੱਖਣੀਆਂ



**ਸੁਕੰਨਿਆ ਭਾਰਦਵਾਜ ਨਾਭਾ***
ਫੋਨ: 815-307-3112

ਭਾਰਤ ਦੀ ਪਾਰਲੀਮੈਂਟ ਦੀਆਂ ਚੋਣਾਂ ਇਸ ਤੋਂ ਪਹਿਲਾਂ ਇਨ੍ਹਾਂ ਚੋਣਾਂ ਵਿਚ ਇੰਨੀ ਦਿਲਚਸਪੀ ਨਹੀਂ ਸੀ ਲੈਂਦੀ, ਜਿੰਨੀ ਇਸ ਵਾਰ ਲੈ ਰਹੀ ਹੈ। ਇਸ ਮੁੱਦਾ ਵਿਹੂਣੀ ਚੋਣ ਪ੍ਰਕ੍ਰਿਆ ਵਿਚ ਲੋਕਾਂ ਦਾ ਇੰਨੀ ਸਰਗਰਮੀ ਨਾਲ ਹਿੱਸਾ ਲੈਣਾ ਹੈਰਾਨੀਜਨਕ ਤੇ ਚਰਚਾ ਦਾ ਵਿਸ਼ਾ ਹੈ।

ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਵਲੋਂ ਤਾਕਤ ਵਿਚ ਆਉਣ ਲਈ ਕੀਤੇ ਵਾਅਦਿਆਂ-ਕਾਲੇ ਧਨ ਦੀ ਵਾਪਸੀ, ਹਰ ਸਾਲ ਦੋ ਕਰੋੜ ਨੌਕਰੀਆਂ, ਹਰ ਨਾਗਰਿਕ ਦੇ ਖਾਤੇ ਵਿਚ 15 ਲੱਖ ਰੁਪਏ ਆਉਣ ਵਰਗੇ ਲੁਭਾਉਣੇ ਵਾਇਦੇ ਸਚਮੁੱਚ ਹੀ ਚੋਣ ਜੁਮਲੇ ਸਾਬਤ ਹੋਏ। ਨੋਟਬੰਦੀ, ਜੀ. ਐਸ. ਟੀ., ਕਾਲਾ ਧਨ, ਔਰਤ ਸਸ਼ਕਤੀਕਰਣ, ਭ੍ਰਿਸ਼ਟਾਚਾਰ, ਬੇਰੁਜਗਾਰੀ, ਮਹਿੰਗਾਈ ਵਰਗੇ ਮੁੱਦਿਆਂ ਦਾ ਭਾਜਪਾ ਅੱਜ ਚੋਣ ਪ੍ਰਚਾਰ ਵਿਚ ਜ਼ਿਕਰ ਵੀ ਨਹੀਂ ਕਰ ਰਹੀ। ਉਲਟਾ ਪੁਲਵਾਮਾ ਵਿਚ ਅਤਿਵਾਦੀ ਹਮਲੇ ਵਿਚ ਮਾਰੇ ਗਏ 44 ਨੌਜਵਾਨਾਂ ਨੂੰ ਚੋਣ ਪ੍ਰਕਿਆ ਵਿਚ ਪ੍ਰਮੁਖਤਾ ਨਾਲ ਪ੍ਰਚਾਰ ਕੇ ਰਾਜਸੀ ਲਾਹਾ ਲੈਣ ਦੇ ਯਤਨਾਂ ਵਿਚ ਹੈ। ਹੋਰ ਤਾਂ ਹੋਰ ਫੌਜ ਦੇ ਰੂਟੀਨ ਦੇ ਸਰਜੀਕਲ ਸਟਰਾਈਕ ਵਰਗੇ ਵਰਤਾਰਿਆਂ ਨੂੰ ਆਪਣੇ ਖਾਤੇ ਵਿਚ ਪਾ ਕੇ ਲੋਕਾਂ ਦਾ ਧਿਆਨ ਮਹਿੰਗਾਈ, ਬੇਰੁਜ਼ਗਾਰੀ, ਕਿਸਾਨ ਖੁਦਕੁਸ਼ੀਆਂ, ਸਿਹਤ, ਸਿੱਖਿਆ ਵਰਗੇ ਬੁਨਿਆਦੀ ਮੁੱਦਿਆਂ ਤੋਂ ਭਟਕਾ ਕੇ ਆਪਣੇ ਆਪ ਨੂੰ ਦੇਸ਼ ਦੀ ਸਭ ਤੋਂ ਵੱਡੀ ਰਖਿਅਕ ਦੱਸਣ ਤੋਂ ਵੀ ਗੁਰੇਜ ਨਹੀਂ ਕਰ ਰਹੀ। 2014 ਦੇ ਵਾਅਦਿਆਂ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਕੇ ਹੁਣ ਇਸ ਵਾਰੀ ਰਾਸ਼ਟਰਵਾਦੀ, ਫਿਰਕੂ, ਹਿੰਦੂਵਾਦੀ ਪੱਤਾ ਖੇਡ ਕੇ ਬਹੁਗਿਣਤੀ ਹਿੰਦੂਆਂ ਦਾ ਭਰੋਸਾ ਹਾਸਲ ਕਰਨ ਲਈ ਯਤਨਸ਼ੀਲ ਹੈ।

ਨਾ ਕੇਵਲ ਭਾਜਪਾ ਸਗੋਂ ਚੋਣ ਪ੍ਰਕ੍ਰਿਆ ਵਿਚ ਸ਼ਾਮਲ ਸਾਰੀਆਂ ਪਾਰਟੀਆਂ ਹੀ ਲੋਕ ਮੁੱਦਿਆਂ ਨੂੰ ਵਿਸਾਰ ਹੀ ਚੁਕੀਆਂ ਹਨ। ਦੇਸ਼ ਵਿਚ ਬੇਭਰੋਸਗੀ ਦਾ ਆਲਮ ਹੈ। ਇਹੋ ਕਾਰਨ ਹੈ ਕਿ ਲੋਕ ਭਾਵੇਂ ਛੋਟੇ ਛੋਟੇ ਟੁਕੜਿਆਂ ਵਿਚ ਹੀ ਆਪੋ ਆਪਣੇ ਵਰਗ ਦੀ ਨੁਮਾਇੰਦਗੀ ਕਰਨ ਹਿਤ ਇਸ ਮਹਿੰਗੀ ਤੇ ਜਟਿਲ ਚੋਣ ਪ੍ਰਕ੍ਰਿਆ ਵਿਚ ਆਪਣੇ ਆਪ ਨੂੰ ਝੋਕ ਰਹੇ ਹਨ। ਕਿਤੇ ਨਾ ਕਿਤੇ ਉਨ੍ਹਾਂ ਨੂੰ ਲਗਦਾ ਹੈ ਕਿ ਸੰਸਦੀ ਪ੍ਰਕ੍ਰਿਆ ਹੀ ਉਨ੍ਹਾਂ ਦੇ ਦੁਖਾਂ ਦਾ ਹੱਲ ਹੈ। ਇਸੇ ਕੜੀ ਵਿਚ ਨਾਗਪੁਰ ਤੋਂ 111 ਕਿਸਾਨਾਂ ਨੇ ਆਪਣੀ ਅਵਾਜ਼ ਕੇਂਦਰ ਤਕ ਪਹੁੰਚਾਉਣ ਲਈ ਆਪਣੇ ਕਾਗਜ਼ ਭਰੇ। ਬੀ. ਐਸ. ਐਫ. ਦਾ ਬਰਖਾਸਤ ਚਰਚਿਤ ਜੁਆਨ ਤੇਗ ਬਹਾਦਰ ਸਿੰਘ ਹਰਿਆਣਾ ਤੋਂ ਬਨਾਰਸ ਪਹੁੰਚ ਗਿਆ, ਉਥੋਂ ਦੇ ਚੋਣ ਅਖਾੜੇ ਵਿਚ 'ਚੌਕੀਦਾਰ' ਨੂੰ ਸ਼ਿਕਸਤ ਦੇਣ ਲਈ, ਤਾਂ ਜੋ ਅਸਲੀ-ਨਕਲੀ ਚੌਕੀਦਾਰ ਦਾ ਨਿਤਾਰਾ ਕੀਤਾ ਜਾਵੇ। ਉਸ ਨੇ ਭਾਵੇਂ ਅਜ਼ਾਦ ਤੌਰ 'ਤੇ ਚੋਣ ਮੈਦਾਨ ਵਿਚ ਨਿਤਰਨ ਦਾ ਫੈਸਲਾ ਕੀਤਾ ਸੀ, ਪਰ ਸਮਾਜਵਾਦੀ ਪਾਰਟੀ ਦੇ ਆਗੂ ਅਖਿਲੇਸ਼ ਯਾਦਵ ਨੇ ਆਪਣੇ ਅਧਿਕਾਰਤ ਉਮੀਦਵਾਰ ਨੂੰ ਹਟਾ ਕੇ ਉਸ ਦੇ ਕਾਗਜ਼ ਭਰਾਏ ਪਰ ਸਾਡੀ ਭ੍ਰਿਸ਼ਟ ਗੰਧਲੀ ਰਾਜਨੀਤੀ ਨੇ ਉਸ ਦੀ ਉਮੀਦਵਾਰੀ ਦੋਹਾਂ ਪਾਸਿਆਂ ਤੋਂ ਰੱਦ ਕਰਾ ਦਿੱਤੀ। ਹੁਣ ਉਹ ਸਮਾਜਵਾਦੀ-ਬਸਪਾ ਗਠਬੰਧਨ ਦੇ ਉਮੀਦਵਾਰ ਦੀ ਮਦਦ ਲਈ ਆਪਣੇ ਸਾਥੀਆਂ ਸਣੇ ਡਟ ਗਿਆ ਹੈ। ਉਸ ਨੇ ਇਸ ਧੱਕੇਸ਼ਾਹੀ ਲਈ ਕੋਰਟ ਵਿਚ ਵੀ ਅਪੀਲ ਕੀਤੀ ਹੈ।

ਬੇਗੂਸਰਾਏ (ਬਿਹਾਰ) ਤੋਂ ਜੇ. ਐਨ. ਯੂ. ਦਾ ਸਾਬਕਾ ਵਿਦਿਆਰਥੀ ਆਗੂ ਘਨੱਈਆ ਕੁਮਾਰ ਆਪਣੇ ਨਾਲ ਹੋਈ ਜਿਆਦਤੀ ਦਾ ਬਦਲਾ ਲੈਣ ਲਈ ਸੀ. ਪੀ. ਆਈ. ਦੀ ਟਿਕਟ 'ਤੇ ਚੋਣ ਮੈਦਾਨ 'ਚ ਡਟ ਗਿਆ ਹੈ। ਧੂੰਆਂਧਾਰ ਤਕਰੀਰਾਂ ਨਾਲ ਉਸ ਨੇ ਆਪਣੇ ਵਿਰੋਧੀਆਂ ਨੂੰ ਵਖਤ ਪਾਇਆ ਹੋਇਆ ਹੈ ਤੇ ਉਸ ਨੂੰ ਬੇਗੂਸਰਾਏ ਵਾਸੀਆਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ।

ਇਸੇ ਤਰ੍ਹਾਂ ਪੰਜਾਬ ਦੇ ਬਠਿੰਡਾ ਸੰਸਦੀ ਹਲਕੇ ਤੋਂ ਰਵਾਇਤੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਟੱਕਰ ਦੇਣ ਲਈ ਖੁਦਕੁਸ਼ੀ ਪੀੜਤ ਪਰਿਵਾਰਾਂ ਦੀਆਂ ਦੋ ਵਿਧਵਾਵਾਂ ਵੀਰਪਾਲ ਕੌਰ ਰੱਲਾ (40) ਤੇ ਕਵਰਿੰਗ ਮਨਜੀਤ ਕੌਰ ਖਿਆਲਾ (52) ਚੋਣ ਮੈਦਾਨ ਵਿਚ ਹਨ। ਇਹ ਬੀਬੀਆਂ 'ਕਿਸਾਨ ਮਜ਼ਦੂਰ ਖੁਦਕੁਸ਼ੀ ਪੀੜਤ ਪਰਿਵਾਰ ਕਮੇਟੀ' ਵਲੋਂ ਚੋਣ ਮੈਦਾਨ ਵਿਚ ਹਨ। ਪੰਜਾਬ ਵਿਚ ਤੀਜੀ ਧਿਰ (ਸਾਬਕਾ ਵਿਰੋਧੀ ਧਿਰ ਆਗੂ ਵਿਧਾਇਕ ਸੁਖਪਾਲ ਸਿੰਘ ਖਹਿਰਾ ਤੇ ਸਾਥੀਆਂ ਦੀ ਦੂਜੀ ਧਿਰ) ਲਈ ਸਿਆਸੀ ਜ਼ਮੀਨ ਤਲਾਸ਼ਣ ਲਈ ਸੁਖਪਾਲ ਸਿੰਘ ਖਹਿਰਾ, ਡਾ. ਧਰਮਵੀਰ ਗਾਂਧੀ ਪਟਿਆਲਾ, ਸਿਮਰਨਜੀਤ ਸਿੰਘ ਬੈਂਸ ਲੁਧਿਆਣਾ, ਜੱਸੀ ਜਸਰਾਜ ਸਿੰਘ ਸੰਗਰੂਰ, ਮਾਸਟਰ ਬਲਦੇਵ ਸਿੰਘ ਫਿਰੋਜਪੁਰ ਵੀ ਚੋਣ ਮੈਦਾਨ ਵਿਚ ਹਨ। ਭਾਵੇਂ ਸੂਬੇ ਦੀ ਜਨਤਾ ਤੇ ਐਨ. ਆਰ. ਆਈ. ਇਸ ਵਾਰੀ ਤੀਜੀ ਧਿਰ ਪ੍ਰਤੀ ਬਹੁਤੇ ਉਤਸ਼ਾਹਿਤ ਨਹੀਂ ਹਨ। ਦੇਸ਼ ਦੇ ਪੂਰੇ ਚੋਣ ਵਰਤਾਰੇ ਵਿਚ ਪੀੜਤਾਂ ਵਲੋਂ ਇਸ ਸੰਸਦੀ ਚੋਣ ਨੂੰ ਰਵਾਇਤੀ ਸਿਆਸੀ ਪਾਰਟੀਆਂ ਤੇ ਟੇਕ ਛੱਡ ਕੇ ਆਪਣੀ ਦਾਸਤਾਨ ਨੂੰ ਲੋਕਾਂ ਤੇ ਸਰਕਾਰਾਂ ਤਕ ਪਹੁੰਚਾਉਣ ਲਈ ਇੱਕ ਪਲੇਟਫਾਰਮ ਦੇ ਤੌਰ 'ਤੇ ਵਰਤਿਆ ਗਿਆ ਹੈ। ਉਨ੍ਹਾਂ ਵਲੋਂ ਇਹ ਰਾਜ ਕਰਦੀਆਂ ਪਾਰਟੀਆਂ ਤੇ ਆਪਣੀ ਕਿਸਮ ਦਾ ਇਕ ਨਿਵੇਕਲਾ ਬੇਭਰੋਸਗੀ ਦਾ ਝਲਕਾਰਾ ਹੈ। ਦੇਸ ਵਾਸੀਆਂ ਨੂੰ ਇਨ੍ਹਾਂ ਦੇ ਚੋਣ ਵਾਅਦਿਆਂ 'ਤੇ ਯਕੀਨ ਨਹੀਂ ਰਿਹਾ। ਇਸੇ ਕਰਕੇ ਲੋਕ ਪਾਰਟੀਆਂ ਦੇ ਝੋਲੀ ਚੁੱਕ ਬਣਨ ਦੀ ਥਾਂ ਉਕਤ ਢੰਗ ਤਰੀਕੇ ਅਪਨਾ ਰਹੇ ਹਨ। ਉਨ੍ਹਾਂ ਲਈ ਜਿੱਤ ਹਾਰ ਕੋਈ ਮਾਅਨੇ ਨਹੀਂ ਰੱਖਦੀ।

ਸੋਸ਼ਲ ਮੀਡੀਏ 'ਤੇ ਨਸ਼ਰ ਖਬਰਾਂ ਅਨੁਸਾਰ ਇਨ੍ਹਾਂ ਚੋਣਾਂ ਵਿਚ ਸਿਆਸੀ ਲੋਕਾਂ ਉਤੇ ਬੇਯਕੀਨੀ ਦਾ ਇੱਕ ਹੋਰ ਵਰਤਾਰਾ ਵੀ ਦੇਖਣ ਨੂੰ ਮਿਲ ਰਿਹਾ ਹੈ, ਜਿਸ ਵਿਚ ਲੋਕ ਆਪਣੀਆਂ ਸਮੱਸਿਆਵਾਂ ਹੱਲ ਕਰਾਉਣ ਲਈ ਸਿਆਸੀ ਪਾਰਟੀਆਂ ਤੇ ਚੋਣ ਲੜ ਰਹੇ ਉਮੀਦਵਾਰਾਂ ਦਾ ਬਾਈਕਾਟ ਕਰ ਰਹੇ ਹਨ। ਨਾਭਾ (ਪਟਿਆਲਾ) ਦੀਆਂ ਹੀਰਾ ਕਾਲੋਨੀ, ਟੀਚਰ ਤੇ ਵਿਕਾਸ ਕਾਲੋਨੀ ਦੇ ਬਾਸ਼ਿੰਦਿਆਂ ਨੇ ਕਾਲੋਨੀਆਂ ਦੇ ਬਾਹਰ ਬਾਕਾਇਦਾ ਬੈਨਰ ਲਾ ਕੇ ਸਾਰੀਆਂ ਚੋਣ ਲੜ ਰਹੀਆਂ ਪਾਰਟੀਆਂ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ ਹੈ। ਕਾਲੋਨੀ ਵਾਸੀਆਂ ਦਾ ਦੋਸ਼ ਹੈ ਕਿ ਕਾਲੋਨੀਆਂ ਦੇ ਵਿਕਾਸ ਲਈ ਆਏ ਫੰਡਾਂ ਨੂੰ ਇਹ ਮਿਲ ਮਿਲਾ ਕੇ ਛਕ ਜਾਂਦੇ ਹਨ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਜਿਉਂ ਦੀਆਂ ਤਿਉਂ ਬਣੀਆਂ ਰਹਿੰਦੀਆਂ ਨੇ।

ਇਸੇ ਤਰ੍ਹਾਂ ਬਰਨਾਲਾ ਜਿਲੇ ਦੇ ਪਿੰਡ ਝਾੜੋਂ ਦੇ ਟੈਟ ਪਾਸ ਨੌਜਵਾਨਾਂ ਨੇ ਵੀ ਕਾਂਗਰਸ ਉਮੀਦਵਾਰ ਦਾ ਲਿਖਤੀ ਬੈਨਰ ਲਾ ਕੇ ਬਾਈਕਾਟ ਕੀਤਾ ਹੈ ਕਿ ਉਨ੍ਹਾਂ ਨੂੰ ਨੌਕਰੀ ਦੇਣ ਦਾ ਝਾਂਸਾ ਦੇ ਕੇ ਪੰਜਾਬ ਸਰਕਾਰ ਨੇ ਉਨ੍ਹਾਂ ਨਾਲ ਵਾਅਦਾ ਖਿਲਾਫੀ ਕੀਤੀ ਹੈ। ਇਨ੍ਹਾਂ ਤੋਂ ਇਲਾਵਾ ਲੋਕਾਂ ਵਿਚ ਨੇਤਾਵਾਂ ਨੂੰ ਆਪਣੀਆਂ ਮੰਗਾਂ ਸਬੰਧੀ ਸੁਆਲ ਕਰਨ ਦਾ ਵੀ ਰੁਝਾਨ ਵਧਿਆ ਹੈ। ਸੰਗਰੂਰ ਵਿਚ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ, ਬਠਿੰਡਾ ਵਿਚ ਅਮਰਿੰਦਰ ਸਿੰਘ ਰਾਜਾ ਵੜਿੰਗ, ਹਰਸਿਮਰਤ ਕੌਰ ਬਾਦਲ, ਭਗਵੰਤ ਮਾਨ ਸੰਗਰੂਰ ਵਲੋਂ ਪ੍ਰਸ਼ਨ ਕਰਤਾ ਨਾਲ ਦੁਰਵਿਹਾਰ ਕਰਨ ਤੇ ਥੱਪੜ ਮਾਰਨ ਵਰਗੀਆਂ ਘਟਨਾਵਾਂ ਵਾਪਰ ਚੁਕੀਆਂ ਹਨ। ਜਦੋਂ ਕਿ ਪਿਛਲੇ ਸਮਿਆਂ ਵਿਚ ਵੋਟਾਂ ਮੰਗਣ ਵਾਲੇ ਇਹ ਨੇਤਾ ਵਕਤੀ ਤੌਰ 'ਤੇ ਹੀ ਸਹੀ ਵੋਟਰ ਨੂੰ ਭਗਵਾਨ ਦਾ ਦਰਜਾ ਦਿੰਦੇ ਸਨ। ਵਾਅਦੇ ਪੂਰੇ ਨਾ ਕਰ ਸਕਣ 'ਤੇ ਨਿਮਰਤਾ ਨਾਲ ਅੱਗੇ ਤੋਂ ਅਜਿਹੀ ਗਲਤੀ ਨਾ ਕਰਨ ਦਾ ਵਾਅਦਾ ਕਰਕੇ ਵੋਟਰ ਨੂੰ ਭਰਮਾ ਲੈਂਦੇ ਸਨ। ਅੱਜ ਉਕਤ ਕਿਸਮ ਦੀਆਂ ਭੜਕਾਊ ਤੇ ਦਾਦਾਗਿਰੀ ਵਾਲੀਆਂ ਘਟਨਾਵਾਂ ਚੋਣ ਮੈਦਾਨ ਵਿਚ ਉਤਰੀਆਂ ਪਾਰਟੀਆਂ, ਸਰਕਾਰਾਂ, ਵੋਟਰ ਤੇ ਖੁਦ ਜਮਹੂਰੀਅਤ ਲਈ ਵੱਡਾ ਖਤਰਾ ਹਨ।

ਦੂਜੇ ਪਾਸੇ ਚੋਣ ਲੜ ਰਹੀਆਂ ਧਿਰਾਂ ਦੀ ਹਾਲਤ ਪੰਜਾਬ ਵਿਚ ਵੀ ਦੇਸ਼ ਪੱਧਰ ਤੋਂ ਵੱਖਰੀ ਨਹੀਂ। ਉਹ ਵੀ ਲੋਕਾਂ ਦੇ ਬੁਨਿਆਦੀ ਮਸਲਿਆਂ ਨੂੰ ਤਿਲਾਂਜਲੀ ਦੇ ਕੇ ਧਾਰਮਿਕ ਮੁੱਦਿਆਂ ਤੇ ਵਿਰੋਧੀਆਂ ਨੂੰ ਭੰਡ ਕੇ ਹੀ ਆਪਣਾ ਕੰਮ ਕੱਢਣ ਨੂੰ ਤਰਜੀਹ ਦੇ ਰਹੀਆਂ ਨੇ। ਕਾਂਗਰਸ ਸਰਕਾਰ ਨੂੰ ਲਗਦਾ ਹੈ ਕਿ ਬਰਗਾੜੀ ਬੇਅਦਬੀ ਕਾਂਡ 'ਤੇ ਬਾਦਲਕਿਆਂ ਨੂੰ ਭਜਾ ਕੇ ਉਸ ਨੇ ਮੈਦਾਨ ਮਾਰ ਲਿਆ ਹੈ। ਉਸ ਨੂੰ ਦੋ ਸਾਲ ਪਹਿਲਾਂ ਦੇ ਵਿਧਾਨ ਸਭਾ ਚੋਣ ਵੇਲੇ ਕੀਤੇ ਵਾਅਦੇ ਪੂਰਾ ਨਾ ਕਰਨ ਦਾ ਜਰਾ ਵੀ ਮਲਾਲ ਨਹੀਂ। ਇਨ੍ਹਾਂ ਚੋਣਾਂ ਵਿਚ ਗੁਟਕਾ ਸਾਹਿਬ ਦੀ ਸੌਂਹ ਨਾਲ ਕੀਤੇ ਮੁਖ ਵਾਅਦੇ ਨਸ਼ਾ, ਕਿਸਾਨ-ਮਜ਼ਦੂਰ-ਜਵਾਨ ਖੁਦਕਸ਼ੀਆਂ, ਬੇਰੁਜਗਾਰੀ ਆਦਿ ਇਨ੍ਹਾਂ ਦੀਆਂ ਚੋਣ ਰੈਲੀਆਂ ਵਿਚੋਂ ਗਾਇਬ ਹਨ। ਮੌਸਮੀ ਚੋਣ ਵਾਅਦਿਆਂ ਚੰਡੀਗੜ੍ਹ, ਪਾਣੀਆਂ, ਭਾਸ਼ਾ, ਪੰਜਾਬੀ ਬੋਲਦੇ ਇਲਾਕੇ, ਸਤਲੁਜ ਯਮੁਨਾ ਲਿੰਕ ਨਹਿਰ ਆਦਿ ਨੂੰ ਤਾਂ ਹਵਾ ਵੀ ਨਹੀਂ ਲਾਈ ਗਈ। ਉਹ ਸੂਬੇ ਦੀਆਂ 13 ਸੀਟਾਂ ਨੂੰ ਆਪਣੀ ਜੇਬ ਵਿਚ ਮੰਨ ਕੇ ਚਲ ਰਹੇ ਹਨ। ਉਨ੍ਹਾਂ ਨੂੰ ਲਗਦਾ ਹੈ ਕਿ ਲੋਕਾਂ ਕੋਲ ਕਾਂਗਰਸ ਦਾ ਕੋਈ ਬਦਲ ਨਹੀਂ। ਉਧਰ ਬਿਨਾ ਕਿਸੇ ਨਤੀਜੇ 'ਤੇ ਪਹੁੰਚਿਆਂ ਮੋਰਚਾ ਚੁਕ ਲੈਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੀ ਬਰਗਾੜੀ ਮੋਰਚੇ ਦੀ ਆਗੂ ਧਿਰ ਵਲੋਂ ਮੁੜ ਮੋਰਚੇ ਦੇ ਨਾਂ ਉਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਖਿਲਾਫ ਰੋਸ ਮਾਰਚ ਕੱਢਿਆ ਗਿਆ ਹੈ, ਜਿਸ ਨੂੰ ਉਸ ਨੇ ਮੋਰਚੇ ਦਾ ਦੂਜਾ ਪੜਾਅ ਗਰਦਾਨਦਿਆਂ ਲੋਕਾਂ ਨੂੰ ਫਿਰ ਤੋਂ ਗੁੰਮਰਾਹ ਕਰਨ ਦਾ ਯਤਨ ਕੀਤਾ ਹੈ। ਬਾਦਲ ਪਿੰਡ ਜਾ ਕੇ ਇਹ ਮੋਰਚੇ ਵਾਲੇ ਆਪਸ ਵਿਚ ਹੀ ਛਿਤਰੋ ਛਿਤਰੀ ਹੋ ਗਏ, ਜਿਸ ਦੀਆਂ ਵੀਡੀਓ ਅੱਜ ਕਲ ਸੋਸ਼ਲ ਮੀਡੀਏ ਉਤੇ ਘੁੰਮ ਰਹੀਆਂ ਹਨ।

ਬਾਦਲ ਹੋਰੀਂ ਵੀ ਆਪਣੇ ਉਤੇ ਲੱਗੇ ਦੋਸ਼ਾਂ ਦੇ ਜੁਆਬ ਦਿੱਤੇ ਬਿਨਾ ਚੋਣ ਮੈਦਾਨ ਵਿਚ ਹਨ। ਉਹ ਆਪਣੀਆਂ ਚੋਣ ਰੈਲੀਆਂ ਵਿਚ ਕਾਂਗਰਸ ਤੇ ਬਰਗਾੜੀ ਬੇਅਦਬੀ ਮੋਰਚਾ ਤੇ ਜੁਆਬੀ ਕਈ ਕਿਸਮ ਦੇ ਦੋਸ਼ ਲਾ ਕੇ ਮੁੜ ਦਲ ਨੂੰ ਸਥਾਪਤ ਕਰਨ ਲਈ ਹੱਥ ਪੈਰ ਮਾਰ ਰਹੇ ਹਨ। ਭਾਜਪਾ ਵਲੋਂ ਮੋਦੀ ਦੇ ਮੁੜ ਆਉਣ ਦੇ ਨਾਂ 'ਤੇ ਵੋਟ ਮੰਗੀ ਜਾ ਰਹੀ ਹੈ। ਤੀਜੇ ਬਦਲ ਨੂੰ ਨਵਾਂ ਰੂਪ ਦੇਣ ਲਈ ਸੱਤ ਪਾਰਟੀਆਂ ਦੇ ਰਲੇਵੇਂ ਨਾਲ ਬਣੀ ਪੰਜਾਬ ਜਮਹੂਰੀ ਪਾਰਟੀ, ਜਿਸ ਵਿਚ ਟਕਸਾਲੀ ਅਕਾਲੀ ਦਲ, ਬੈਂਸ ਭਰਾ, ਖਹਿਰਾ, ਗਾਂਧੀ, ਬਸਪਾ ਤੇ ਹੋਰ ਸ਼ਾਮਲ ਹਨ, ਦਾ ਵੀ ਬਹੁਤਾ ਵਜੂਦ ਨਹੀਂ ਦਿਖਾਈ ਦੇ ਰਿਹਾ ਤੇ ਨਾ ਹੀ ਕੋਈ ਪੈਂਤੜਾ।

ਅਤਿਵਾਦ ਸਮੇਂ ਪੁਲਿਸ ਵਲੋਂ ਮਾਰੇ ਗਏ ਨੌਜਵਾਨਾਂ ਦੀ ਨਿਸ਼ਾਨਦੇਹੀ ਦੀ ਅਵਾਜ਼ ਉਠਾਉਣ ਵਾਲੇ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਵਿਧਵਾ ਬੀਬੀ ਪਰਮਜੀਤ ਕੌਰ ਖਾਲੜਾ ਵੀ ਚੋਣ ਮੈਦਾਨ ਵਿਚ ਹਨ, ਜਿਸ ਦੀ ਹਮਾਇਤ ਵਜੋਂ ਪੰਜਾਬ ਜਮਹੂਰੀ ਗੱਠਜੋੜ ਨੇ ਆਪਣੇ ਉਮੀਦਵਾਰ ਜਨਰਲ ਜੇ. ਜੇ. ਸਿੰਘ ਨੂੰ ਚੋਣ ਮੈਦਾਨ ਵਿਚੋਂ ਹਟਾ ਲਿਆ ਹੈ। ਹੋਂਦ ਚਿੱਲੜ (ਹਰਿਆਣਾ) ਸਿੱਖਾਂ ਦੀ ਨਸਲਕੁਸ਼ੀ ਨੂੰ ਉਜਾਗਰ ਕਰਨ ਤੇ ਉਨ੍ਹਾਂ ਨੂੰ ਇਨਸਾਫ ਦਿਵਾਉਣ ਵਾਲਾ ਮਨਵਿੰਦਰ ਸਿੰਘ ਗਿਆਸਪੁਰਾ ਵੀ ਫਤਿਹਗੜ੍ਹ ਸਾਹਿਬ ਤੋਂ ਚੋਣ ਮੈਦਾਨ ਵਿਚ ਹੈ। ਫਿਲਮੀ ਐਕਟਰਾਂ ਤੇ ਪੰਜਾਬੋਂ ਬਾਹਰਲੇ ਉਮੀਦਵਾਰਾਂ ਨੂੰ ਲਿਆ ਕੇ ਪੰਜਾਬ ਵਾਸੀਆਂ ਦੇ ਹੱਕਾਂ ਨੂੰ ਦਰਕਿਨਾਰ ਕਰਕੇ ਸਿਆਸੀ ਪਾਰਟੀਆਂ ਲੋਕਤੰਤਰ ਦੀ ਖਾਨਾਪੂਰਤੀ ਕਰ ਰਹੀਆਂ ਹਨ।

ਦੇਸ਼ ਪੱਧਰ 'ਤੇ ਸਾਰੀਆਂ ਮੁਖ ਸਿਆਸੀ ਪਾਰਟੀਆਂ ਨੇ ਆਪੋ ਆਪਣੇ ਸਿਰਕੱਢ ਨੇਤਾਵਾਂ ਨੂੰ ਟਿਕਟਾਂ ਨਾ ਦੇ ਕੇ ਆਪਣੇ ਚਹੇਤਿਆਂ ਨੂੰ ਦਿੱਤੀਆਂ ਹਨ। ਇਹੋ ਕਾਰਨ ਹੈ ਕਿ ਲਾਲ ਕ੍ਰਿਸ਼ਨ ਅਡਵਾਨੀ, ਰਾਜਨਾਥ ਸਿੰਘ, ਸੁਸ਼ਮਾ ਸਵਰਾਜ, ਜਸਵੰਤ ਸਿੰਘ, ਅਰੁਣ ਸ਼ੋਰੀ ਜਿਹੇ ਨੇਤਾ ਚੋਣ ਪ੍ਰਕ੍ਰਿਆ ਤੋਂ ਬਾਹਰ ਹਨ।

ਦੇਸ਼ ਦੇ ਸੰਵਿਧਾਨ 'ਤੇ ਪਹਿਰਾ ਦਿੰਦਿਆਂ ਪਰਜਾਤੰਤਰ ਨੂੰ ਬਣਾਈ ਰੱਖਣ ਦੀ ਜੋ ਜਿੰਮੇਵਾਰੀ ਰਾਜਨੀਤਕ ਪਾਰਟੀਆਂ ਉਤੇ ਹੈ, ਉਹ ਕਿਤੇ ਦਿਖਾਈ ਨਹੀਂ ਦਿੰਦੀ ਜਿਵੇਂ ਇਨ੍ਹਾਂ ਦਾ ਇੱਕੋ ਇੱਕ ਨਿਸ਼ਾਨਾ ਸੱਤਾ ਹਥਿਆਉਣਾ ਹੈ। ਇਨ੍ਹਾਂ ਚੋਣਾਂ ਵਿਚ ਜਿੱਤ ਹਾਸਲ ਕਰਨ ਲਈ ਮੁਖ ਸਿਆਸੀ ਪਾਰਟੀਆਂ ਵਲੋਂ ਨਸ਼ਾ, ਪੈਸਾ, ਨਿੱਜੀ ਕਿਰਦਾਰਕੁਸ਼ੀ, ਬਾਹੂਬਲ ਤੇ ਹਰ ਹਥਕੰਡਾ ਵਰਤਿਆ ਜਾ ਰਿਹਾ ਹੈ। ਨੇਤਾਵਾਂ ਦੇ ਭਾਸ਼ਣਾਂ ਵਿਚੋਂ ਰਾਜਨੀਤਕ ਚੋਣ ਮਰਿਆਦਾ, ਨੈਤਿਕਤਾ, ਜਮਹੂਰੀ ਕਦਰਾਂ ਕੀਮਤਾਂ, ਸੰਵੇਦਨਸ਼ੀਲਤਾ ਤੇ ਜਿੰਮੇਵਾਰੀ ਦੀ ਘਾਟ ਰੜਕਦੀ ਹੈ। ਕਿਸਾਨ ਖੁਦਕੁਸ਼ੀਆਂ, ਨਸ਼ਿਆਂ ਦੇ ਸ਼ਿਕਾਰ ਨੌਜਵਾਨਾਂ ਦੀਆਂ ਮੌਤਾਂ, ਰੋਜ਼ਗਾਰ ਦੀ ਭਾਲ ਵਿਚ ਦੂਜੇ ਦੇਸ਼ਾਂ ਵਿਚ ਰੁਲ ਰਹੇ ਨੌਜਵਾਨ, ਕੈਂਸਰ ਤੇ ਕਾਲਾ ਪੀਲੀਆ ਵਰਗੀਆਂ ਭਿਆਨਕ ਬਿਮਾਰੀਆਂ ਕਿਸੇ ਵੀ ਪਾਰਟੀ ਦਾ ਏਜੰਡਾ ਨਹੀਂ।

## ਵੋਟਰਾਂ ਨੂੰ ਬੇਨਤੀ

ਮੰਗਣ ਆਉਣਗੇ ਵੋਟਾਂ ਬਣ ਮੰਗਤੇ
ਜਰਾ ਇਨ੍ਹਾਂ ਤੋਂ ਇਹ, ਸਵਾਲ ਪੁੱਛਿਉ।

ਦਮ ਤੋੜ ਗਏ ਕਿਉਂ ਸਕੂਲ ਸਰਕਾਰੀ,
ਕੀਹਨੇ ਕੀਤਾ ਹੈ ਮੰਦੜਾ, ਹਾਲ ਪੁੱਛਿਉ।

ਨਸ਼ੇ ਵੇਚ ਕੇ ਝੱਟ ਬਣੇ ਅਮੀਰ ਜਿਹੜੇ
ਕਿੱਥੋਂ ਕੋਠੀ ਦਾ ਆਇਆ, ਮਾਲ ਪੁੱਛਿਉ।

ਨਸਲਘਾਤ ਇੱਕ ਪੀੜ੍ਹੀ ਦਾ ਰਲ ਕੀਤਾ
ਕਿਵੇਂ ਹੋਇਆ ਪੰਜਾਬ, ਕੰਗਾਲ ਪੱਛਿਉ।

ਕਿਹੜੇ ਕਿਹੜੇ ਨੇ ਜਿੰਮੇਵਾਰ ਮੰਤਰੀ
ਕੀਹਨੇ ਕੀਹਨੇ ਹੈ ਬੁਣਿਆ, ਜਾਲ ਪੁੱਛਿਉ।

ਨਾਲ ਯੋਜਨਾ ਦੇ ਕਰਵਾਈ ਬੇਅਦਬੀ
ਜੋ ਕਮਿਸ਼ਨਾਂ ਦਾ ਕੀਤਾ, ਹਾਲ ਪੁੱਛਿਉ।

ਬੈਠੇ ਮੋਰਚੇ 'ਤੇ ਜਿਹੜੇ ਬੇਕਸੂਰ ਮਾਰੇ
ਕੀ ਕੀਤਾ ਇਨਸਾਫ, ਸਵਾਲ ਪੁੱਛਿਉ।

ਪੜ੍ਹਿਆਂ ਲਈ ਗਏ ਰੁਜ਼ਗਾਰ ਕਿੱਥੇ
ਝੂਠੀਆਂ ਸੌਂਹਾਂ ਦਾ, ਹਾਲ ਚਾਲ ਪੁੱਛਿਉ।

ਲੱਠਮਾਰ ਬਣਾਏ ਸੀ ਸ਼ਹਿ ਦੇ ਕੇ
ਨੌਜਵਾਨਾਂ ਦਾ ਜਾਹੋ ਜਲਾਲ ਪੁੱਛਿਉ।

ਕਿਰਤੀ ਕਿਸਾਨ ਕਰਦੇ ਖੁਦਕੁਸ਼ੀਆਂ
ਕਿਉਂ ਮਾਰਿਆ ਹੱਕ ਹਲਾਲ ਪੁੱਛਿਉ।

ਹੱਕ ਵੇਚੇ ਦਰਿਆਵਾਂ ਦੇ ਪਾਣੀਆਂ ਦੇ
ਰਾਜ ਭੋਗਿਆ ਬਣ ਭਾਈਵਾਲ ਪੁੱਛਿਉ।

ਸੁੱਖੀਂ ਵੱਸਦੀ ਸਦੀਆਂ ਤੋਂ ਪਾਕ ਧਰਤੀ
ਕਿਉਂ ਬਣੇ ਹਾਲਾਤ, ਮੰਦਹਾਲ ਪੁੱਛਿਉ।

ਪੰਜ ਸਾਲ ਪਹਿਲਾਂ ਵੋਟਾਂ ਲੈ ਕੇ ਭੁੱਲੇ
ਬਣ ਬੈਠੇ ਸਨ ਕਿੰਜ, ਨਵਾਬ ਪੁੱਛਿਉ।

ਕਿੰਜ ਬਣ ਨਰਾਇਣ ਕੀੜੀ ਘਰ ਆਏ
ਪਾ ਕੇ ਅੱਖਾਂ 'ਚ ਅੱਖਾਂ, ਜਨਾਬ ਪੁੱਛਿਉ।

ਨਰਕ ਭੋਗਦੇ ਹਾਂ ਤੁਹਾਡੇ ਕਾਰਿਆਂ ਦਾ
ਕੀ ਹੱਲ ਲੱਭਿਆ ਜਰਾ, ਜਵਾਬ ਪੁੱਛਿਉ।

ਵੋਟਾਂ ਪਾਉਣ ਤੋਂ ਪਹਿਲਾਂ ਵਾਰ ਵਾਰ ਸੋਚੋ
ਲਾਲਚ ਵਿਚ ਨਾ ਬੁਰੇ ਦਾ, ਖਵਾਬ ਪੱਛਿਉ।

*-ਸੇਵਾ ਸਿੰਘ ਨੂਰਪੁਰੀ*

# ਚਾਚੇ ਚਕਰੀਏ ਦੀ ਚਰਚਾ

**ਚੋਣ ਚੁਸਕੀ**

**ਪ੍ਰਿੰ. ਸਰਵਣ ਸਿੰਘ**

ਕਿਸੇ ਅਮਲੀ ਕੋਲੋਂ ਰੱਤੀ ਮਾਸਾ ਫੀਮ ਫੜੀ ਜਾਵੇ ਤਾਂ ਉਸ ਨੂੰ ਮੂਧਾ ਪਾ ਲਿਆ ਜਾਂਦੈ। ਖੁੱਚਾਂ 'ਚ 'ਜੈ ਹਿੰਦ' ਦਾ ਘੋਟਣਾ ਲਾ ਕੇ ਲੇਰਾਂ ਕਢਾ ਦਿੱਤੀਆਂ ਜਾਂਦੀਆਂ। ਠਾਣੇ 'ਚ ਪੈਂਦਾ ਅੜ੍ਹਾਟ ਬਾਹਰ ਤਕ ਸੁਣਦੈ। ਫਿਰ ਉਹਦੀਆਂ ਰਗਾਂ 'ਚੋਂ ਰੱਤੀ ਮਾਸਾ ਫੀਮ ਕੱਢਦਿਆਂ ਉਹਦੇ ਸਿਰ ਕਿਲੋ, ਦੋ ਕਿਲੋ ਫੀਮ ਪਾ ਦਿੱਤੀ ਜਾਂਦੀ ਐ। ਪਰ ਕਿਸੇ ਖਾਸ ਬੰਦੇ ਦੀ ਕਾਰ 'ਚ ਕੁਇੰਟਲ ਫੀਮ ਲੱਦੀ ਹੋਵੇ ਜਾਂ ਪੂਰਾ ਟਰੱਕ ਹੀ ਡੋਡਿਆਂ ਦਾ ਭਰਿਆ ਹੋਵੇ ਤਾਂ ਕੋਈ ਹੱਥ ਨਹੀਂ ਪਾਉਂਦਾ। ਉਲਟਾ ਠਾਣਿਆਂ ਵਾਲੇ ਫੀਮ, ਡੋਡਿਆਂ ਤੇ ਹੋਰ ਨਸ਼ਿਆਂ ਦੇ ਸਰਕਾਰੀ ਸਮਗਲਰਾਂ ਦੀ ਆਓ-ਭਗਤ ਬੜੀ ਠਾਠ ਬਾਠ ਨਾਲ ਕਰਦੇ ਹਨ।

ਮੱਝ, ਗਾਂ, ਫਸਲ ਜਾਂ ਕਮਾਊ ਜੀਅ ਦੇ ਮਰ ਜਾਣ ਕਰਕੇ ਜੋ ਕਿਸਾਨ ਕਰਜ਼ੇ ਦੀ ਕਿਸ਼ਤ ਨਾ ਮੋੜ ਸਕੇ, ਬੈਂਕਾਂ ਵਾਲੇ ਉਹਦੇ ਮਗਰ ਪੁਲਿਸ ਲਾ ਦਿੰਦੇ ਹਨ। ਉਹ ਤੂੜੀ ਵਾਲੇ ਅੰਦਰ ਲੁਕ ਕੇ ਮਸਾਂ ਬਚਦਾ ਹੈ। ਦੂਜੇ ਬੰਨੇ ਸਰਕਾਰੀ ਅਦਾਰਿਆਂ ਨੂੰ ਕਰੋੜਾਂ ਰੁਪਏ ਦਾ ਥੁੱਕ ਲਾਉਣ ਵਾਲੇ ਭੱਦਰ ਪੁਰਸ਼ ਸਟੇਜਾਂ 'ਤੇ ਹਾਰ ਪੁਆਉਂਦੇ ਤੇ ਧੂੰਏਂਧਾਰ ਭਾਸ਼ਣ ਦਿੰਦੇ ਹਨ। ਉਹ ਕਰੋੜਾਂ ਦੇ ਸਰਕਾਰੀ ਕਰਜ਼ੇ ਦੱਬ ਕੇ ਵੀ 'ਭੱਦਰ ਪੁਰਸ਼' ਬਣੇ ਰਹਿੰਦੇ ਹਨ!

ਪਿੱਛੇ ਜਿਹੇ ਖਬਰਾਂ ਛਪੀਆਂ ਸਨ ਕਿ ਕੁਝ ਭੱਦਰ ਪੁਰਸ਼ਾਂ ਨੇ ਪੰਜਾਬ ਸਟੇਟ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਦਾ 1050 ਕਰੋੜ ਰੁਪਏ ਦਾ ਕਰਜ਼ਾ ਦੱਬਿਆ ਹੋਇਐ। ਅਖਬਾਰਾਂ ਨੇ ਸੌ ਤੋਂ ਵੱਧ 'ਅਮੀਰ' ਡਿਫਾਲਟਰਾਂ ਦੀ ਪੂਰੀ ਸੂਚੀ ਛਾਪੀ ਪਰ ਉਨ੍ਹਾਂ ਤੋਂ ਕਰਜ਼ਾ ਨਹੀਂ ਉਗਰਾਹਿਆ ਗਿਆ।

ਭਾਰਤ ਦੇ ਸਭ ਤੋਂ ਅਮੀਰ ਸੌ ਕੁ ਭੱਦਰ ਪੁਰਸ਼ਾਂ ਤੋਂ ਹੀ ਕਰਜ਼ਾ ਉਗਰਾਹ ਲੈਣ ਨਾਲ ਹੇਠਲੇ ਲੱਖਾਂ, ਕਰੋੜਾਂ ਕਿਸਾਨਾਂ ਤੇ ਮਜਦੂਰਾਂ ਦੀ ਕਰਜ਼ਾ ਮੁਕਤੀ ਹੋ ਸਕਦੀ ਹੈ ਤੇ ਉਹ ਖੁਦਕੁਸ਼ੀਆਂ ਕਰਨੋਂ ਬਚ ਸਕਦੇ ਹਨ। ਕੱਖਾਂ ਦੀ ਚੋਰੀ ਨਾਲੋਂ ਲੱਖਾਂ ਦੀ ਚੋਰੀ ਪਹਿਲਾਂ ਕਢਾਉਣੀ ਬਣਦੀ ਹੈ। ਠਾਣੇ ਦਾ 'ਜੈ ਹਿੰਦ' ਪਹਿਲਾਂ ਉਨ੍ਹਾਂ 'ਤੇ ਈ ਫਿਰਨਾ ਚਾਹੀਦੈ।

ਭ੍ਰਿਸ਼ਟਾਚਾਰ ਹਵਾ ਵਿਚ ਨਹੀਂ ਹੁੰਦਾ। ਚੋਣਾਂ ਸਮੇਂ ਟਿਕਟ ਲੈਣ ਲਈ ਪਾਰਟੀ ਫੰਡ ਦੇਣਾ, ਚੋਣਾਂ ਬਹਾਨੇ ਸਾਮੀਆਂ ਤੋਂ ਥੈਲੀਆਂ ਲੈਣਾ, ਵੋਟਾਂ ਬਟੋਰਨ ਲਈ ਨੋਟ ਵੰਡਣੇ ਤੇ ਨਸ਼ਿਆਂ ਦੇ ਭੰਡਾਰੇ ਲਾਉਣੇ, ਜਿੱਤ ਗਿਆਂ ਦੇ ਮਾਣ-ਸਨਮਾਨ ਬਹਾਨੇ ਤੋਹਫਿਆਂ ਨਾਲ ਘਰ ਭਰ ਦੇਣਾ ਅਤੇ ਦਿਨ-ਦਿਹਾਰ 'ਤੇ ਗਿਫਟ ਦੇਣੇ ਵੀ ਭ੍ਰਿਸ਼ਟਾਚਾਰ ਦੇ ਹੀ ਵੱਖੋ ਵੱਖਰੇ ਰੂਪ ਹਨ।

ਕਈ ਕਹਿੰਦੇ ਹਨ, ਅਸੀਂ ਤਾਂ ਜੀ ਨਾ ਵੱਢੀ ਦਿੰਦੇ ਹਾਂ ਨਾ ਲੈਂਦੇ ਹਾਂ। ਸਾਨੂੰ ਕੀ? ਇਹ ਵੀ ਭ੍ਰਿਸ਼ਟਾਚਾਰ ਨੂੰ ਹੁੰਗਾਰਾ ਹੀ ਹੈ। ਜਿਵੇਂ ਜੀਵ-ਜੰਤੂ ਤੇ ਪੇੜ-ਪੌਦੇ ਇਕੋ ਜਿਹੇ ਨਹੀਂ ਹੁੰਦੇ, ਉਵੇਂ ਸਾਰੇ ਮਨੁੱਖ ਵੀ ਇਕੋ ਜਿਹੇ ਨਹੀਂ ਹੁੰਦੇ। ਸੌ 'ਚੋਂ ਪੰਜ ਦਸ ਚੰਗੇ ਹੁੰਦੇ ਹਨ, ਪੰਜ ਦਸ ਮਾੜੇ। ਵਿਚਕਾਰਲੇ ਨੱਬੇ ਫੀਸਦੀ ਤਾਂ ਪਿੱਛੇ ਲੱਗਣ ਵਾਲੇ ਹੀ ਹੁੰਦੇ ਹਨ। ਜੇ ਉਹ ਚੰਗਿਆਂ ਮਗਰ ਲੱਗ ਜਾਣ ਤਾਂ ਸਤਿਯੁਗ ਆ ਜਾਂਦੈ। ਮਾੜਿਆਂ ਮਗਰ ਲੱਗੇ ਰਹਿਣ ਤਾਂ ਕਲਯੁਗ ਵਰਤਦਾ ਰਹਿੰਦੈ। ਇਸ ਲਈ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟਣ ਵਾਸਤੇ ਘੇਸਲ ਮਾਰੀ ਬੈਠੇ ਨੱਬੇ ਫੀਸਦੀ ਲੋਕਾਂ ਦਾ ਸਰਗਰਮ ਹੋਣਾ ਜ਼ਰੂਰੀ ਹੈ। ਉਹ ਅੱਖਾਂ ਮੀਚ ਕੇ 'ਹੋਊ ਪਰ੍ਹੇ' ਨਾ ਕਰਿਆ ਕਰਨ।


ਗੱਲ ਕਿਸੇ ਰਾਜਸੀ ਪਾਰਟੀ ਦੀ ਨਹੀਂ ਕਿ ਇਕ ਚੰਗੀ ਹੈ, ਦੂਜੀ ਮਾੜੀ। ਵੱਖੋ ਵੱਖ ਪਾਰਟੀਆਂ ਦੀਆਂ ਟਿਕਟਾਂ ਲੈਣ ਤੇ ਚੋਣਾਂ ਲੜਨ ਵਾਲੇ ਬਥੇਰੇ ਨੇਤਾ ਹਨ, ਜੋ ਢਿੱਡੋਂ ਪੇਟੋਂ ਇਕ ਹਨ; ਤੇ ਇਕੋ ਪਾਰਟੀ ਵਿਚ ਵੀ ਇਹੋ ਜਿਹੇ ਨੇਤਾਵਾਂ ਦੀ ਘਾਟ ਨਹੀਂ, ਜੋ ਇਕ ਦੂਜੇ ਨਾਲ ਖਾਰ ਖਾਂਦੇ ਹਨ। ਕਈ ਵਾਰ ਵਿਰੋਧੀ ਪਾਰਟੀਆਂ ਵਿਚਾਲੇ ਏਨਾ ਵਿਰੋਧ ਨਹੀਂ ਹੁੰਦਾ, ਜਿੰਨਾ ਇਕੋ ਪਾਰਟੀ ਦਾ ਆਪਸ ਵਿਚ ਹੁੰਦੈ।

ਬਹੁਤੇ ਹਮ੍ਹਾਤੜ-ਤਮ੍ਹਾਤੜ ਵੱਖ ਵੱਖ ਪਾਰਟੀਆਂ ਪਿੱਛੇ ਐਵੇਂ ਹੀ ਡਾਂਗਾਂ ਸੋਟੇ ਚੁੱਕੀ ਫਿਰਦੇ ਤੇ ਆਪੋ ਵਿਚ ਜੂਤ-ਪਤਾਣ ਹੋਈ ਜਾਂਦੇ ਨੇ। ਚੋਣਾਂ ਤੋਂ ਅੱਗੋਂ ਪਿੱਛੋਂ ਪਤਾ ਲੱਗ ਹੀ ਜਾਂਦੈ ਕਿ 'ਵੱਡੇ ਬੰਦੇ' ਕਿਸੇ 'ਮਾਂ ਪਾਰਟੀ' ਨਾਲ ਹੀ ਨਹੀਂ ਬੱਝੇ ਹੁੰਦੇ। ਵੱਡਿਆਂ ਬੰਦਿਆਂ ਦੀਆਂ ਵੱਡੀਆਂ ਜਾਇਦਾਦਾਂ, ਕੋਠੀਆਂ, ਕਾਰਾਂ, ਕਾਰਖਾਨਿਆਂ, ਲਾਕਰਾਂ ਤੇ ਬੈਂਕ ਬੈਲੈਂਸਾਂ ਵਿਚ ਜੇ ਪੂਰੀ ਚੌਕਸੀ ਨਾਲ ਕਰੋਲਾ ਦਿੱਤਾ ਜਾਵੇ ਤਾਂ ਪੰਜਾਬ ਦੇ ਤੇ ਦੇਸ਼ ਦੇ ਖਾਲੀ ਖਜਾਨੇ ਮੁੜ ਮਾਲਾਮਾਲ ਹੋ ਸਕਦੇ ਹਨ। ਢਾਈ ਲੱਖ ਕਰੋੜ ਦਾ ਕਰਜ਼ਾ ਲਾਹੁਣਾ ਤਾਂ ਗੱਲ ਈ ਕਿਹੜੀ ਐ?

ਕਰੋੜਾਂ-ਅਰਬਾਂ ਦੀ ਸੰਪਤੀ ਨਾਲ ਚੋਣਾਂ ਲੜਨ ਵਾਲਿਓ, ਸੱਥਾਂ ਵਿਚ ਜਾ ਕੇ ਵੋਟਰਾਂ ਨੂੰ ਇਹ ਤਾਂ ਦੱਸ ਦਿਓ ਪਈ 'ਵੱਡੇ ਬੰਦਿਆਂ' ਤੋਂ ਕਿੰਨੇ ਕੁ ਕਰਜ਼ੇ ਉਗਰਾਹੇ ਹਨ? ਜੇ ਨਹੀਂ ਉਗਰਾਹੇ ਤਾਂ ਹੋਰ ਕਿੰਨੀਆਂ ਕੁ ਚੋਣਾਂ ਕਰਵਾ ਕੇ ਉਗਰਾਹੁਣੇ ਹਨ?

# ਕੀ ਬਣੇਗਾ ਭਾਰਤ ਦਾ ਚੋਣਾਂ ਤੋਂ ਬਾਅਦ!

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

17 ਮਈ ਨੂੰ ਭਾਰਤ ਦੀ ਪਾਰਲੀਮੈਂਟ ਲਈ ਚੋਣ ਪ੍ਰਚਾਰ ਖਤਮ ਹੋ ਜਾਵੇਗਾ। 19 ਮਈ ਨੂੰ ਵੋਟਾਂ ਪੈਣ ਦਾ ਆਖਰੀ ਗੇੜ ਗੁਜ਼ਰ ਜਾਵੇਗਾ। ਚਾਰ ਦਿਨ ਬਾਅਦ 23 ਮਈ ਨੂੰ ਨਤੀਜੇ ਆਉਣ ਲੱਗਣਗੇ। ਇਹ ਸ਼ਾਇਦ ਇੱਕੋ ਦਿਨ ਸਾਰੇ ਨਹੀਂ ਆ ਸਕਣਗੇ, ਕਿਉਂਕਿ ਬਹੁਤ ਸਾਰੇ ਹਲਕਿਆਂ ਵਿਚ ਵੋਟਿੰਗ ਮਸ਼ੀਨਾਂ ਦੇ ਨਾਲ ਵੀ. ਵੀ. ਪੈਟ ਮਸ਼ੀਨਾਂ ਲੱਗੀਆਂ ਹਨ ਅਤੇ ਉਨ੍ਹਾਂ ਚੋਣ ਖੇਤਰਾਂ ਵਿਚ ਵੀ. ਵੀ. ਪੈਟ ਮਸ਼ੀਨ ਦੀਆਂ ਪਰਚੀਆਂ ਗਿਣਨ ਅਤੇ ਫਿਰ ਵੋਟਿੰਗ ਮਸ਼ੀਨਾਂ ਨਾਲ ਮਿਲਾ ਕੇ ਇਹ ਵੇਖਣ ਵਿਚ ਸਮਾਂ ਲੱਗੇਗਾ ਕਿ ਕੋਈ ਸ਼ਰਾਰਤ ਨਾ ਹੋ ਗਈ ਹੋਵੇ। ਅਗਲੇ ਦਿਨ 24 ਮਈ ਤੱਕ ਨਤੀਜੇ ਮਿਲਣ ਪਿੱਛੋਂ ਦੇਸ਼ ਨੂੰ ਪਾਰਲੀਮੈਂਟ ਮਿਲ ਜਾਵੇਗੀ ਤੇ ਲੋਕਤੰਤਰੀ ਪ੍ਰਕ੍ਰਿਆ ਦਾ ਇੱਕ ਪੜਾਅ ਖਤਮ ਹੋ ਜਾਵੇਗਾ। ਆਮ ਲੋਕਾਂ ਲਈ ਸੋਚਣ ਦਾ ਸਵਾਲ ਏਨਾ ਹੈ ਕਿ ਇਸ ਪਿੱਛੋਂ ਸਰਕਾਰ ਕਿਸ ਤਰ੍ਹਾਂ ਦੀ ਬਣੇਗੀ, ਪਰ ਅਸੀਂ ਇਹ ਸੋਚ ਰਹੇ ਹਾਂ ਕਿ ਸਰਕਾਰ ਤਾਂ ਜਿੱਦਾਂ ਦੀ ਵੀ ਬਣ ਜਾਵੇ, ਇਹ ਦੇਸ਼ ਜਿਸ ਰਾਹ ਪੈ ਗਿਆ ਹੈ, ਇਹ ਪਹੁੰਚੇਗਾ ਕਿੱਥੇ!

ਚੋਣਾਂ ਦੇ ਇਸ ਪੜਾਅ 'ਤੇ ਅਸੀਂ ਕਿਸੇ ਇੱਕ ਜਾਂ ਦੂਜੀ ਪਾਰਟੀ ਦੇ ਪੱਖ ਜਾਂ ਵਿਰੋਧ ਬਾਰੇ ਸੋਚਣ ਦੀ ਥਾਂ ਇਸ ਦੇਸ਼ ਦੀ ਰਾਜ ਪ੍ਰਣਾਲੀ ਦੇ ਉਨ੍ਹਾਂ ਅਦਾਰਿਆਂ ਬਾਰੇ ਸੋਚੀਏ, ਜਿਨ੍ਹਾਂ ਆਸਰੇ ਰਾਜ ਚੱਲਦਾ ਹੈ ਤਾਂ ਵੱਧ ਠੀਕ ਰਹੇਗਾ। ਭਾਰਤ ਦੇ ਲੋਕਾਂ ਨੂੰ ਦੱਸਿਆ ਜਾਂਦਾ ਹੈ ਕਿ ਰਾਜ ਦੇ ਤਿੰਨ ਪ੍ਰਮੁੱਖ ਅੰਗ-ਵਿਧਾਨ ਪਾਲਿਕਾ (ਪਾਰਲੀਮੈਂਟ ਤੇ ਵਿਧਾਨ ਸਭਾਵਾਂ), ਕਾਰਜ ਪਾਲਿਕਾ (ਜਿਸ ਵਿਚ ਸਮੁੱਚੀ ਸਰਕਾਰੀ ਮਸ਼ੀਨਰੀ ਸ਼ਾਮਲ ਹੈ) ਅਤੇ ਨਿਆਂ ਪਾਲਿਕਾ (ਅਦਾਲਤਾਂ) ਹਨ। ਇਨ੍ਹਾਂ ਤਿੰਨਾਂ ਵਿਚੋਂ ਕਿਸੇ ਦਾ ਵੀ ਮਹੱਤਵ ਘੱਟ ਕਰ ਕੇ ਨਹੀਂ ਵੇਖਣਾ ਚਾਹੀਦਾ।

ਆਦਿ ਕਾਲ ਤੋਂ ਲੈ ਕੇ ਲੋਕਾਂ ਨੂੰ ਦਾਬੇ ਹੇਠ ਰੱਖਣ ਲਈ ਸਰਕਾਰਾਂ ਜੋ ਮਸ਼ੀਨਰੀ ਵਰਤਦੀਆਂ ਰਹੀਆਂ ਹਨ, ਉਸ ਦੇ ਭ੍ਰਿਸ਼ਟ ਹੋ ਜਾਣ ਦੀ ਚਰਚਾ ਵੀ ਚੱਲਦੀ ਰਹੀ ਹੈ। ਜਦੋਂ ਉਨ੍ਹਾਂ ਕੋਲ ਕਿਸੇ ਵੀ ਵਿਅਕਤੀ ਨੂੰ ਕਦੇ ਵੀ ਫੜ ਕੇ ਕੇਸ ਬਣਾ ਲੈਣ ਦਾ ਹੱਕ ਹੁੰਦਾ ਹੈ ਤਾਂ ਉਨ੍ਹਾਂ ਅਫਸਰਾਂ ਵੱਲੋਂ ਤਾਕਤ ਦੀ ਦੁਰਵਰਤੋਂ ਕਰ ਕੇ ਜਾਂ ਵਰਤੋਂ ਦੇ ਡਰਾਵੇ ਨਾਲ ਭ੍ਰਿਸ਼ਟਾਚਾਰ ਦਾ ਚੱਕਰ ਸੌਖਾ ਚਲਾਇਆ ਜਾ ਸਕਦਾ ਹੈ। ਇਹ ਚੱਕਰ ਪੁਲਿਸ ਵਾਲੇ ਵੀ ਚਲਾਉਂਦੇ ਹਨ ਤੇ ਕਿਹਾ ਜਾਂਦਾ ਹੈ ਕਿ ਹੋਰਨਾਂ ਤੋਂ ਵੱਧ ਚਲਾਉਂਦੇ ਹਨ। ਜ਼ਮੀਨੀ ਮਾਮਲਿਆਂ ਨਾਲ ਜੁੜਿਆ ਵਿਭਾਗ ਵੀ ਇਹ ਕੰਮ ਕਰਦਾ ਹੈ, ਬਿਜਲੀ ਵਾਲੇ ਵੀ ਕਰਦੇ ਹਨ ਤੇ ਸਿਹਤ ਵਿਭਾਗ ਤੋਂ ਲੈ ਕੇ ਸੜਕ ਮਹਿਕਮੇ ਵਾਲਿਆਂ ਤੱਕ ਇਹੋ ਕਰੀ ਜਾਂਦੇ ਹਨ। ਇਨ੍ਹਾਂ ਨੂੰ ਇਦਾਂ ਕਰਨ ਤੋਂ ਰੋਕਣ ਦੀ ਪੁਰਾਣੇ ਸਮਿਆਂ ਵਿਚ ਕੋਈ ਪ੍ਰਵਾਹ ਨਹੀਂ ਸੀ ਕੀਤੀ ਜਾਂਦੀ, ਪਰ ਜਦੋਂ ਲੋਕ ਰਾਜ ਦਾ ਦੌਰ ਆ ਗਿਆ ਤਾਂ ਵਿਧਾਨ ਪਾਲਿਕਾ ਦੇ ਚੁਣੇ ਆਗੂਆਂ ਰਾਹੀਂ ਅਜਿਹੇ ਕਾਨੂੰਨ ਬਣਾਉਣ ਦਾ ਕੰਮ ਸ਼ੁਰੂ ਹੋਇਆ, ਜਿਨ੍ਹਾਂ ਕਾਨੂੰਨਾਂ ਨਾਲ ਸਰਕਾਰੀ ਮਸ਼ੀਨਰੀ ਲੋਕਾਂ 'ਤੇ ਦਹਿਸ਼ਤ ਪਾਉਣ ਜਾਂ ਲੁੱਟ ਕਰਨ ਦਾ ਕੰਮ ਕਰਨ ਤੋਂ ਰੋਕੀ ਜਾ ਸਕੇ। ਫਿਰ ਵਿਧਾਨ ਪਾਲਿਕਾ ਵਿਚ ਵੀ ਭ੍ਰਿਸ਼ਟਾਚਾਰ ਆ ਵੜਿਆ।

ਭਾਰਤ ਦੀ ਅਜੋਕੀ ਲੋਕ ਸਭਾ ਦੇ ਤੀਜੇ ਹਿੱਸੇ ਤੋਂ ਵੱਧ ਮੈਂਬਰ ਇਦਾਂ ਦੇ ਹਨ, ਜਿਨ੍ਹਾਂ ਦੇ ਕੇਸਾਂ ਦੀ ਗਿਣਤੀ ਕਰਦਾ ਕੋਈ ਵੀ ਆਦਮੀ ਥੱਕ ਜਾਵੇਗਾ। ਇਸ ਨੂੰ ਰੋਕ ਲਾਉਣੀ ਚਾਹੀਦੀ ਸੀ, ਪਰ ਲਾਈ ਨਹੀਂ ਗਈ। ਉਲਟਾ ਇਹ ਹੋਇਆ ਕਿ ਇਨ੍ਹਾਂ ਅਦਾਰਿਆਂ ਦੀ ਬਹੁ-ਸੰਮਤੀ ਨਾਲ ਚੁਣੇ ਗਏ ਆਗੂ ਆਪਣੀ ਇਸ ਤਾਕਤਵਰ ਹਸਤੀ ਨੂੰ ਵਰਤ ਕੇ ਇਹ ਯਕੀਨੀ ਕਰਨ ਲੱਗ ਪਏ ਕਿ ਲੋਕਤੰਤਰ ਦੇ ਤੀਜੇ ਅੰਗ ਨਿਆਂ ਪਾਲਿਕਾ ਨੂੰ ਵੀ ਪ੍ਰਭਾਵਿਤ ਕੀਤਾ ਜਾਵੇ। ਸੁਪਰੀਮ ਕੋਰਟ ਤੇ ਹਾਈ ਕੋਰਟਾਂ ਦੇ ਜੱਜਾਂ ਦੀਆਂ ਨਿਯੁਕਤੀਆਂ ਦਾ ਇੱਕ ਬਾਕਾਇਦਾ ਸਿਸਟਮ ਬਣਾਇਆ ਗਿਆ ਸੀ ਤੇ ਚੱਲਦਾ ਪਿਆ ਸੀ, ਪਰ ਪਿਛਲੇ ਸਮੇਂ ਵਿਚ ਉਸ ਵੱਲੋਂ ਕੀਤੇ ਫੈਸਲਿਆਂ ਨੂੰ ਵੀ ਮਰੋੜਿਆ ਜਾਣ ਲੱਗ ਪਿਆ ਹੈ।

ਮੌਜੂਦਾ ਕੇਂਦਰ ਸਰਕਾਰ ਨੇ ਇਸ ਕੰਮ ਵਿਚ ਬੀਤੇ ਦੀ ਕਿਸੇ ਵੀ ਹੋਰ ਸਰਕਾਰ ਦਾ ਰਿਕਾਰਡ ਤੋੜ ਦਿੱਤਾ ਹੈ। ਫਿਰ ਵੀ ਭਾਰਤ ਦੀ ਨਿਆਂ ਪਾਲਿਕਾ ਨੇ ਕੁਝ ਹੱਦ ਤੱਕ ਇਸ ਹਮਲੇ ਦਾ ਟਾਕਰਾ ਕਰਨ ਦੀ ਕੋਸ਼ਿਸ਼ ਜਾਰੀ ਰੱਖੀ ਹੈ ਤੇ ਅਜੇ ਤੱਕ ਪੂਰੀ ਤਰ੍ਹਾਂ ਸਰਕਾਰ ਦੀ ਜਕੜ ਵਿਚ ਨਹੀਂ ਆ ਸਕੀ। ਨਿਆਂ ਪਾਲਿਕਾ ਤੜਫਦਾ ਰਹੀ ਜਾਪਦੀ ਹੈ। ਖਬਰਾਂ ਇਹ ਮਿਲਦੀਆਂ ਹਨ ਕਿ ਜੋ ਵੀ ਜੱਜ ਸਰਕਾਰ ਦੇ ਰੰਗ ਵਿਚ ਪੂਰੀ ਤਰ੍ਹਾਂ ਰੰਗੇ ਜਾਣ ਤੋਂ ਇਨਕਾਰੀ ਹੋਵੇ, ਉਸ ਨੂੰ ਚੱਕਰ ਵਿਚ ਫਸਾਇਆ ਜਾ ਸਕਦਾ ਹੈ।

ਅਸੀਂ ਪਾਕਿਸਤਾਨ ਬਾਰੇ ਪਿਛਲੇ ਸਾਲਾਂ ਵਿਚ ਸੁਣਿਆ ਸੀ ਕਿ ਜਿਸ ਜੱਜ ਨੇ ਫੌਜੀ ਸਰਕਾਰ ਮੂਹਰੇ ਵੀ ਝੁਕਣ ਤੋਂ ਇਨਕਾਰ ਕਰੀ ਰੱਖਿਆ ਸੀ, ਉਸ ਦੇ ਪੁੱਤਰ ਨੂੰ ਹੱਜ ਨਾਲ ਜੁੜੀ ਹੋਈ ਇੱਕ ਸੰਸਥਾ ਨੇ ਨੇਕੀ ਦੇ ਕੰਮ ਕਰਨ ਬਹਾਨੇ ਉਸ ਸੰਸਥਾ ਨਾਲ ਜੋੜਿਆ ਤੇ ਫਿਰ ਉਸ ਨੂੰ ਮੁੱਖ ਜੱਜ ਦੇ ਖਿਲਾਫ ਵਰਤਿਆ ਸੀ। ਹੱਜ ਦਾ ਨਾਂ ਵਰਤ ਕੇ ਭ੍ਰਿਸ਼ਟਾਚਾਰ ਕਰਨ ਵਾਲੀ ਉਸ ਸੰਸਥਾ ਵਿਚ ਜੁੜ ਕੇ ਉਹ ਮੁੰਡਾ ਕਈ ਗੱਲਾਂ ਵਿਚ ਉਲਝ ਗਿਆ ਤਾਂ ਸੰਸਥਾ ਦੇ ਹੋਰਨਾਂ ਲੋਕਾਂ ਦਾ ਕੁਝ ਨਹੀਂ ਸੀ ਵਿਗੜਿਆ, ਕਿਉਂਕਿ ਉਹ ਸਰਕਾਰ ਦੀ ਸੈਨਤ 'ਤੇ ਹੀ ਉਸ ਮੁੰਡੇ ਨੂੰ ਫਸਾਉਣ ਦਾ ਕੰਮ ਕਰ ਰਹੇ ਸਨ, ਪਰ ਮੁੰਡੇ ਦੇ ਖਿਲਾਫ ਕੇਸ ਚੁੱਕ ਕੇ ਚੀਫ ਜਸਟਿਸ ਨੂੰ ਘੇਰਨ ਦਾ ਕੰਮ ਸ਼ੁਰੂ ਹੋ ਗਿਆ ਸੀ।

ਦਿੱਲੀ ਤੋਂ ਆਉਂਦੀਆਂ ਖਬਰਾਂ ਦੱਸਦੀਆਂ ਹਨ ਕਿ ਭਾਰਤ ਵਿਚ ਵੀ ਏਦਾਂ ਦੀਆਂ ਸਾਜ਼ਿਸ਼ਾਂ ਹੋ ਸਕਦੀਆਂ ਹਨ, ਜਿਨ੍ਹਾਂ ਨਾਲ ਕੁਝ ਖਾਸ ਜੱਜਾਂ ਨੂੰ ਘੇਰਿਆ ਜਾ ਸਕਦਾ ਹੈ। ਫਿਰ ਨਿਆਂ ਪਾਲਿਕਾ ਵੀ ਆਪਣਾ ਕੰਮ ਠੀਕ ਤਰ੍ਹਾਂ ਨਹੀਂ ਕਰ ਸਕੇਗੀ। ਇਸ ਦੀ ਇੱਕ ਮਿਸਾਲ ਭਾਰਤ ਦੇ ਮੁੱਖ ਜੱਜ ਦੇ ਖਿਲਾਫ ਦੋਸ਼ਾਂ ਵਾਲੀ ਹੋ ਸਕਦੀ ਹੈ, ਜਿਸ ਦੇ ਸੱਚ-ਝੂਠ ਬਾਰੇ ਕੋਈ ਕੁਝ ਨਹੀਂ ਜਾਣ ਸਕਦਾ। ਇਸ ਤੋਂ ਵੱਧ ਭੈੜੀ ਗੱਲ ਇਹ ਹੈ ਕਿ ਦੇਸ਼ ਦੇ ਦੋ ਵੱਡੇ ਉਦਯੋਗਪਤੀਆਂ ਨੇ ਸੁਪਰੀਮ ਕੋਰਟ ਦੇ ਜੱਜਾਂ ਵੱਲੋਂ ਕੀਤੇ ਗਏ ਹੁਕਮਾਂ ਨਾਲ ਸਭ ਤੋਂ ਵੱਡੀ ਅਦਾਲਤ ਦੇ ਸਟਾਫ ਤੋਂ ਛੇੜ-ਛਾੜ ਕਰਵਾ ਕੇ ਹੁਕਮ ਬਦਲਵਾਉਣ ਦੀ ਸਫਲਤਾ ਹਾਸਲ ਕਰ ਲਈ ਹੈ। ਇੱਕ ਵੱਡੇ ਉਦਯੋਗਪਤੀ ਦੇ ਖਿਲਾਫ ਇੱਕ ਫੌਰੈਂਸਿਕ ਮਾਹਰ ਦੀ ਆਡਿਟ ਰਿਪੋਰਟ ਲਈ ਜੱਜਾਂ ਨੇ ਨਾਂ ਲਿਖ ਕੇ ਹੁਕਮ ਕੀਤਾ ਸੀ, ਪਰ ਕਿਉਂਕਿ ਉਹ ਮਾਹਰ ਗਲਤ ਕੰਮ ਕਰਨ ਨੂੰ ਤਿਆਰ ਨਹੀਂ ਸੀ ਹੋਣਾ, ਉਸ ਦੀ ਥਾਂ ਅਦਾਲਤ ਵੱਲੋਂ ਦਿੱਤੇ ਹੁਕਮ ਵਿਚ ਇੱਕ ਨਾਂ ਹੋਰ ਜੋੜ ਦਿੱਤਾ ਗਿਆ, ਤਾਂ ਕਿ ਦੋਹਾਂ ਵਿਚੋਂ ਕਿਸੇ ਇੱਕ ਤੋਂ ਰਿਪੋਰਟ ਬਣਵਾਈ ਤੇ ਅਦਾਲਤ ਨੂੰ ਪੇਸ਼ ਕੀਤੀ ਜਾ ਸਕੇ।

ਦੂਜਾ ਮਾਮਲਾ ਕਿਸੇ ਵੱਡੇ ਬਿਲਡਰ ਖਿਲਾਫ ਸੀ। ਇਸ ਵਿਚ ਵੀ ਅਸਲੀ ਹੁਕਮਾਂ ਦੇ ਵਿਚਾਲੇ ਕੁਝ ਇਹੋ ਜਿਹਾ ਜੋੜ ਦਿੱਤਾ ਗਿਆ ਕਿ ਜੱਜਾਂ ਨੂੰ ਆਪਣੇ ਸਟਾਫ ਦੇ ਖਿਲਾਫ ਸਖਤੀ ਦਾ ਹੁਕਮ ਕਰਨ ਦੀ ਲੋੜ ਪੈ ਗਈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਕੰਮ ਸਿਰਫ ਸਰਮਾਏਦਾਰ ਨਹੀਂ ਕਰਦੇ, ਸਰਕਾਰਾਂ ਵੀ ਕਰਨੋਂ ਨਹੀਂ ਰਹਿੰਦੀਆਂ ਤੇ ਫਿਰ ਨਤੀਜਾ ਇਹ ਨਿਕਲਦਾ ਹੈ ਕਿ ਲੋਕਤੰਤਰ ਵਿਚ ਇਨਸਾਫ ਦਾ ਆਖਰੀ ਦਰਵਾਜ਼ਾ ਵੀ ਪ੍ਰਭਾਵਿਤ ਹੋ ਜਾਂਦਾ ਹੈ। ਬੀਤੇ 72 ਸਾਲਾਂ ਦੇ ਆਜ਼ਾਦ ਭਾਰਤ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਵਾਪਰਿਆ ਕਿ ਸੁਪਰੀਮ ਕੋਰਟ ਦੇ ਚਾਰ ਜੱਜ ਇੱਕ ਦਿਨ ਪ੍ਰੈਸ ਕਾਨਫਰੰਸ ਕਰਨ ਬੈਠ ਗਏ, ਪਰ ਇਹ ਤਾਂ ਸ਼ੁਰੂਆਤ ਸੀ, ਅੱਗੋਂ ਕੌਣ ਜਾਣਦਾ ਹੈ ਕਿ ਕੀ ਵਾਪਰੇਗਾ!

ਇੱਕ ਥਾਂ ਬੈਠੇ ਮਿੱਤਰਾਂ ਵਿਚੋਂ ਇੱਕ ਨੇ ਕਿਹਾ ਸੀ ਕਿ ਭਾਰਤ ਦਾ ਭਵਿੱਖ ਕੁਝ ਠੀਕ ਜਿਹਾ ਨਹੀਂ ਲੱਗਦਾ ਤੇ ਦੂਜੇ ਨੇ ਆਖਿਆ ਸੀ ਕਿ ਬਾਕੀ ਰਹਿ ਕੀ ਗਿਆ ਹੈ, ਜੋ ਹੋਰ ਵਿਗੜ ਜਾਵੇਗਾ! ਇਹ ਸਿਰਫ ਉਨ੍ਹਾਂ ਦੋ ਮਿੱਤਰਾਂ ਦੇ ਮਨ ਦੀ ਸਥਿਤੀ ਨਹੀਂ, ਭਾਰਤ ਦੇ ਬਹੁਤ ਸਾਰੇ ਲੋਕਾਂ ਦੀ ਮਨੋ-ਸਥਿਤੀ ਬਣ ਚੁਕੀ ਹੈ। ਜਦੋਂ ਫੌਜ ਤੇ ਏਅਰ ਫੋਰਸ ਦੇ ਸਿਖਰਲੇ ਅਫਸਰ ਵੀ ਸਿਆਸੀ ਲੀਡਰਾਂ ਦੀ ਲੋੜ ਮੁਤਾਬਕ ਪ੍ਰੈਸ ਕਾਨਫਰੰਸਾਂ ਕਰਨ ਲੱਗਣ ਅਤੇ ਪ੍ਰੈਸ ਕਾਨਫਰੰਸਾਂ ਵਿਚ ਸਰਕਾਰ ਦੇ ਖਿਲਾਫ ਲੱਗਦੇ ਦੋਸ਼ਾਂ ਦੀ ਸਫਾਈ ਦੇਣ ਲੱਗਣ ਤਾਂ ਏਦਾਂ ਦੀ ਮਨੋ-ਸਥਿਤੀ ਪੈਦਾ ਹੋਣੀ ਸੁਭਾਵਿਕ ਹੈ। ਨੌਕਰੀ ਕਰਨ ਲਈ ਕੀ ਕੁਝ ਨਹੀਂ ਕਰਨਾ ਪੈਂਦਾ, ਅਫਸਰ ਫੌਜ ਦੇ ਹੋਣ ਜਾਂ ਸਿਵਲ ਦੇ, ਹਨ ਤਾਂ ਉਹ ਵੀ ਇਨਸਾਨ ਹੀ।

# ਤਾਮਿਲ ਲੇਖਿਕਾ ਵਾਸੰਤੀ ਤੇ ਤਾਮਿਲਨਾਡੂ ਦੀ ਰਾਜਨੀਤੀ

**ਨਿੱਕ ਸੁੱਕ**



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੈਂ ਵਾਸੰਤੀ ਨੂੰ 1983 ਤੋਂ ਜਾਣਦਾ ਹਾਂ। ਉਦੋਂ ਸਾਨੂੰ ਭਾਰਤ ਸਰਕਾਰ ਨੇ ਦੋ ਹਫਤੇ ਲਈ ਫਰਾਂਸ ਭੇਜਿਆ ਸੀ। ਉਹ ਸਾਂਝ ਹੁਣ ਤੱਕ ਬਣੀ ਹੋਈ ਹੈ। ਮੈਂ ਪਿਛਲੇ ਹਫਤੇ ਉਸ ਨੂੰ ਦਿੱਲੀ ਮਿਲ ਕੇ ਆਇਆ ਹਾਂ। ਮੈਂ ਤੇ ਮੇਰੀ ਜੀਵਨ ਸਾਥਣ



*ਤਾਮਿਲ ਲੇਖਿਕਾ ਵਾਸੰਤੀ*

ਉਸ ਦੇ ਮਯੂਰ ਵਿਹਾਰ ਵਾਲੇ ਘਰ ਉਸ ਦੇ ਪਤੀ ਸੁੰਦਰਮ ਦਾ ਅਫਸੋਸ ਕਰਨ ਗਏ ਸਾਂ। ਉਹ ਕੈਂਸਰ ਰੋਗ ਦਾ ਸ਼ਿਕਾਰ ਹੋ ਕੇ ਚੱਲ ਵੱਸਿਆ ਸੀ। ਸਾਨੂੰ ਇਹ ਜਾਣ ਕੇ ਬੜੀ ਤਸੱਲੀ ਹੋਈ ਕਿ ਵਾਸੰਤੀ ਨੇ ਆਪਣੇ ਆਪ ਨੂੰ ਪਹਿਲਾਂ ਵਾਂਗ ਹੀ ਆਹਰੇ ਲਾ ਰਖਿਆ ਹੈ। ਉਹ ਢਾਈ ਦਰਜਨ ਨਾਵਲ ਤੇ ਅੱਧੀ ਦਰਜਨ ਕਹਾਣੀ ਸੰਗ੍ਰਿਹ ਪ੍ਰਕਾਸ਼ਿਤ ਕਰ ਚੁਕੀ ਹੈ ਅਤੇ ਵਿਚ ਵਿਚਾਲੇ ਨੌਂ ਸਾਲ 'ਇੰਡੀਆ ਟੂਡੇ' ਦੇ ਤਾਮਿਲ ਐਡੀਸ਼ਨ ਦੀ ਸੰਪਾਦਕ ਰਹਿ ਚੁਕੀ ਹੈ।

1983 ਵਿਚ ਉਸ ਦੇ ਪਛਾਣ ਪੱਤਰ ਉਤੇ ਲੇਖਿਕਾ ਤੇ ਪੱਤਰਕਾਰ ਲਿਖਿਆ ਹੋਇਆ ਸੀ। ਉਸ ਵੇਲੇ ਮੈਨੂੰ ਇਹ ਚੰਗਾ ਨਹੀਂ ਸੀ ਲੱਗਾ ਕਿ ਉਸ ਨੇ ਪੱਤਰਕਾਰੀ ਨੂੰ ਸਾਹਿਤ ਦੇ ਬਰਾਬਰ ਦਾ ਸਥਾਨ ਦਿੱਤਾ ਸੀ। ਉਦੋਂ ਅਸੀਂ ਇਹ ਨਹੀਂ ਸਾਂ ਜਾਣਦੇ ਕਿ ਅੰਤ ਸਾਡੀ ਦੋਹਾਂ ਦੀ ਬਾਂਹ ਪੱਤਰਕਾਰੀ ਨੇ ਫੜਨੀ ਹੈ। ਉਸ ਦੀ 'ਇੰਡੀਆ ਟੂਡੇ' ਨੇ ਤੇ ਮੇਰੀ 'ਟ੍ਰਿਬਿਊਨ ਟਰੱਸਟ' ਨੇ। ਹੁਣ ਉਹ ਵੀ ਮੇਰੇ ਵਾਂਗ ਸਾਹਿਤਕਾਰੀ ਤੋਂ ਦੂਰ ਜਾ ਚੁਕੀ ਹੈ। ਸੱਜਰੀ ਮਿਲਣੀ 'ਤੇ ਪਤਾ ਲੱਗਾ ਕਿ ਉਹ ਅੱਜ ਕੇਵਲ ਤੇ ਕੇਵਲ ਪੱਤਰਕਾਰ ਹੈ। ਤਾਮਿਲਨਾਡੂ ਦੇ ਰਾਜਨੀਤਕ ਨੇਤਾਵਾਂ ਦੀਆਂ ਜੀਵਨੀਆਂ ਲਿਖ ਰਹੀ ਹੈ। ਉਨ੍ਹਾਂ ਵਿਚੋਂ ਦੋ ਵਾਰੋ-ਵਾਰੀ ਪੰਜ-ਛੇ ਵਾਰ ਤਾਮਿਲਨਾਡੂ ਦੇ ਮੁਖ ਮੰਤਰੀ ਰਹਿ ਚੁਕੇ ਰਾਜਨੀਤੀ ਦੇ ਮਹਾਰਥੀ ਐਮ. ਕਰੁਣਨਿਧੀ ਤੇ ਜੈਲਲਿਤਾ ਹਨ ਅਤੇ ਇਕ ਫਿਲਮੀ ਦੁਨੀਆਂ ਵਿਚ ਧੁਰੰਤਰੇ ਮਾਰਦਾ ਰਜਨੀ ਕਾਂਤ। ਵਾਸੰਤੀ ਇਨ੍ਹਾਂ ਸਭ ਨੂੰ ਨੇੜਿਓਂ ਜਾਣਦੀ ਹੈ। ਕਈ ਵਾਰ ਮਿਲ ਚੁਕੀ ਹੈ।

ਪੰਜਾਬੀ ਪਾਠਕਾਂ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਕਰੁਣਨਿਧੀ (1924 ਤੋਂ 2018) 1969 ਤੋਂ 2011 ਦਰਮਿਆਨ ਲਗਭਗ ਦੋ ਦਹਾਕੇ ਮੁੱਖ ਮੰਤਰੀ ਰਿਹਾ। ਪੰਜ ਵਾਰੀ ਇਸ ਗੱਦੀ ਉਤੇ ਬੈਠਿਆ। ਰਾਜਨੀਤੀ ਵਿਚ ਪੈਰ ਧਰਨ ਤੋਂ ਪਹਿਲਾਂ



*ਐਮ. ਕਰੁਣਨਿਧੀ*

ਉਹ ਤਾਮਿਲ ਫਿਲਮਾਂ ਲਈ ਸਕਰਿਪਟ ਲਿਖਣ ਤੋਂ ਬਿਨਾ ਨਾਵਲ, ਕਹਾਣੀਆਂ ਤੇ ਨਾਟਕ ਵੀ ਲਿਖਦਾ ਰਿਹਾ ਸੀ। ਤਾਮਿਲ ਲੋਕ ਉਹਦੇ ਲਈ ਤਾਮਿਲ ਸ਼ਬਦ 'ਕਲਾਇਗਨਾਰ' ਵਰਤਦੇ ਸਨ, ਜਿਸ ਦਾ ਅਰਥ 'ਕਲਾਕਾਰ' ਹੈ। ਉਹ ਸੱਚ ਮੁੱਚ ਹੀ ਕਲਾਕਾਰ ਸੀ। ਉਸ ਨੇ ਆਪਣੀ ਕਲਾ ਬਿਰਤੀ ਨਾਲ ਰਾਜਨੀਤੀ ਦੀਆਂ ਸਿਖਰਾਂ ਛੁਹੀਆਂ।

ਉਸ ਦੇ ਆਪਣੇ ਲਿਖਣ ਅਨੁਸਾਰ ਉਸ ਦੇ ਪੁਰਖੇ ਸ਼ੁਭ ਉਤਸਵਾਂ ਸਮੇਂ ਆਪਣੇ ਸਾਜ਼ਾਂ ਨਾਲ ਕਮਾਈ ਕਰਦੇ ਸਨ। ਉਸ ਨੂੰ ਖੁਦ ਨੂੰ ਵੀ ਪੜ੍ਹਾਈ ਨਾਲੋਂ ਸੰਗੀਤਕਾਰੀ ਚੰਗੀ ਲਗਦੀ ਸੀ। ਉਸ ਨੂੰ ਇੱਕ ਇਮਤਿਹਾਨ ਵਿਚ ਤਿੰਨ ਵਾਰ ਲਗਾਤਾਰ ਫੇਲ੍ਹ ਹੋਣ ਪਿੱਛੋਂ ਸਕੂਲ ਛਡਣਾ ਪੈ ਗਿਆ ਸੀ। ਆਪਣੇ ਜੀਵਨ ਵਿਚ ਉਸ ਨੇ ਤਾਮਿਲਨਾਡੂ ਉਤੇ ਹਿੰਦੀ ਥੋਪੇ ਜਾਣ ਦਾ ਡਟ ਕੇ ਵਿਰੋਧ ਕੀਤਾ ਅਤੇ ਫਤਿਹ ਪਾਈ। ਉਹ ਜਾਤ-ਪਾਤ ਦੇ ਵਿਤਕਰੇ ਦਾ ਵੀ ਕੱਟੜ ਵਿਰੋਧੀ ਸੀ। ਸਵੈਮਾਨ ਉਸ ਦਾ ਪਾਸਵਰਡ ਸੀ। ਥੋੜ੍ਹਾ ਸਮਾਂ ਖੱਬੇ ਪੱਖੀਆਂ ਦੇ ਅੰਗ-ਸੰਗ ਰਹਿਣ ਪਿੱਛੋਂ ਉਸ ਨੇ ਸਾਰੀ ਉਮਰ ਸਮਾਜ ਸੁਧਾਰ ਦੇ ਲੇਖੇ ਲਾ ਦਿੱਤੀ। ਉਸ ਨੇ ਢੌਂਗੀਆਂ ਨੂੰ ਨਿੰਦਿਆ ਤੇ ਲੋੜਵੰਦਾਂ ਦੀ ਬਾਂਹ ਫੜੀ। ਉਸ ਦੀ ਫਿਲਮੀ ਦੁਨੀਆਂ ਵਿਵਾਦਾਂ ਦਾ ਸ਼ਿਕਾਰ ਹੋਈ, ਪਰ ਰਾਜਨੀਤੀ ਇਸ ਦੋਸ਼ ਤੋਂ ਕਾਫੀ ਬਚੀ ਰਹੀ।

ਜਿਥੋਂ ਤੱਕ ਜੈਲਲਿਤਾ (1948-2016) ਦਾ ਸਬੰਧ ਹੈ, ਉਹ ਐਮ. ਜੀ. ਰਾਮਾਚੰਦਰਨ ਵਾਂਗ ਫਿਲਮੀ ਦੁਨੀਆਂ 'ਚੋਂ ਰਾਜਨੀਤੀ ਵਿਚ ਉਤਰੀ ਤੇ ਛੇ ਵਾਰ ਮੁਖ ਮੰਤਰੀ ਬਣੀ। ਉਸ ਦੇ ਮੰਤਰੀ ਮੰਡਲ ਦੇ ਸਾਰੇ ਮੈਂਬਰ ਉਸ ਦੀ ਕਠਪੁਤਲੀ ਸਨ।

ਉਹ ਤਾਮਿਲ, ਤੇਲਗੂ ਤੇ ਕੰਨੜ ਭਾਸ਼ਾ ਦੀਆਂ 140 ਫਿਲਮਾਂ ਵਿਚ ਦੋ ਦਹਾਕੇ (1961-1980) ਕੰਮ ਕਰਨ ਪਿੱਛੋਂ ਰਾਜਨੀਤੀ ਵਿਚ ਆਈ ਸੀ। ਰਾਜਨੀਤੀ ਵਿਚ ਪੈਰ ਧਰਨ ਤੋਂ ਦੋ-ਚਾਰ ਸਾਲਾਂ 'ਚ ਹੀ ਉਹ ਅਪਣੇ ਗੁਰੂ ਐਮ. ਜੀ. ਰਾਮਾਚੰਦਰਨ ਦੀ ਸਥਾਪਤ ਕੀਤੀ ਏ.ਆਈ.ਏ.ਡੀ.ਐਮ.ਕੇ. ਦੀ ਜਨਰਲ ਸਕੱਤਰ ਚੁਣੀ ਗਈ। ਰਾਮਾਚੰਦਰਨ ਦੀ ਮੌਤ ਪਿੱਛੋਂ ਉਸ ਨੇ ਆਪਣੇ ਆਪ ਨੂੰ ਉਸ ਦੇ ਉਤਰਾਧਿਕਾਰੀ ਵਜੋਂ ਉਭਾਰਿਆ ਤੇ ਥੋੜ੍ਹੀ ਦੇਰ ਵਿਰੋਧੀ ਧਿਰ ਦੀ ਮੁਖੀ ਰਹਿਣ ਪਿੱਛੋਂ 1991 ਵਿਚ ਮੁੱਖ ਮੰਤਰੀ ਚੁਣੀ ਗਈ। ਉਸ ਦੇ ਰਾਜਨੀਤਕ ਸਫਰ ਵਿਚ ਇਕ ਪੜਾਅ ਉਹ ਵੀ ਆਇਆ ਜਦੋਂ ਉਸ ਦੀ ਪਾਰਟੀ ਦਾ ਸਫਾਇਆ ਹੋ ਗਿਆ ਤੇ ਉਹ ਖੁਦ ਵੀ ਆਪਣੀ ਸੀਟ ਨਾ ਬਚਾ ਸਕੀ। ਸਦਾ ਵਿਵਾਦਾਂ ਦੇ ਘੇਰੇ ਵਿਚ ਘਿਰੀ ਰਹੀ।

ਇਕ ਰੁਪਿਆ ਮਹੀਨਾ ਤਨਖਾਹ ਲੈਣ ਵਾਲੀ ਜੈਲਲਿਤਾ ਕੋਲ ਏਨਾ ਪੈਸਾ ਸੀ ਕਿ ਸਾਰੀ ਦੁਨੀਆਂ ਉਸ ਨੂੰ 'ਅੰਮਾ' ਕਹਿੰਦੀ ਕਹਿੰਦੀ 'ਸੋਨ ਅੰਮਾ' ਮੰਨਣ ਲੱਗ ਪਈ ਸੀ। ਉਸ ਦੇ ਗੋਦ ਲਏ ਮੁੰਡੇ ਦੇ ਵਿਆਹ ਉਤੇ ਏਨਾ ਪੈਸਾ ਖਰਚ ਹੋਇਆ, ਜਿਸ ਦਾ ਅੰਤ ਕੋਈ ਨਹੀਂ ਸੀ। ਵਿੱਤੋਂ ਬਾਹਰੀ ਜਾਇਦਾਦ ਸਦਕਾ ਉਸ ਨੂੰ ਅਦਾਲਤਾਂ ਅੱਗੇ ਜਵਾਬਦੇਹ ਹੋਣਾ ਪਿਆ, ਪਰ ਉਸ ਨੂੰ ਧੋਬੀ ਪਟੜਾ ਮਾਰਨ ਦਾ ਵੱਲ ਆਉਂਦਾ ਸੀ ਤੇ ਉਹ ਮੁੜ ਪੈਰਾਂ ਉਤੇ ਖੜ੍ਹੀ ਹੋ ਜਾਂਦੀ ਸੀ। ਆਪਣੇ ਕਾਰਜਕਾਲ ਦੀਆਂ ਆਖਰੀ ਵਿਧਾਨ ਸਭਾ ਚੋਣਾਂ ਵਿਚ ਅਤੇ ਚੋਣਾਂ ਪਿੱਛੋਂ ਮੁੱਖ ਮੰਤਰੀ ਦੀ ਕੁਰਸੀ ਸੰਭਾਲਦਿਆਂ ਉਸ ਨੇ ਸਮਾਜ ਸੁਧਾਰ ਦੇ ਏਨੇ ਕੰਮ ਕੀਤੇ ਕਿ ਤਾਮਿਲ ਜਨਤਾ ਨੇ ਉਸ ਦੇ ਨਾਂ ਦੀਆਂ ਕੰਟੀਨਾਂ, ਪਾਣੀ ਦੀਆਂ ਬੋਤਲਾਂ ਤੇ ਖਾਣ ਵਾਲਾ ਲੂਣ ਵੇਚਣਾ ਸ਼ੁਰੂ ਕਰ ਦਿੱਤਾ। ਉਸ ਨੂੰ ਤਾਮਿਲਨਾਡੂ ਦੀ ਸਭ ਤੋਂ ਘੱਟ ਉਮਰ ਵਾਲੀ ਮੁੱਖ ਮੰਤਰੀ ਬਣਨ ਦਾ ਮਾਣ ਮਿਲਿਆ। ਇਹ ਵੀ ਸਬੱਬ ਹੀ ਹੈ ਕਿ ਵਾਸੰਤੀ ਦੇ ਸਾਰੇ ਤਾਮਿਲ ਨੇਤਾ ਕਲਾਕਾਰੀ ਪਿਛੋਕੜ ਵਾਲੇ ਹਨ।

ਰਜਨੀ ਕਾਂਤ ਜੈਲਲਿਤਾ ਦਾ ਸਮਕਾਲੀ ਸੀ ਤੇ ਉਹਦੇ ਵਾਂਗ ਹੀ ਫਿਲਮ ਜਗਤ ਤੋਂ ਰਾਜਨੀਤੀ ਵਿਚ ਪੈਰ ਪਸਾਰਨ ਦੀ ਸੋਚਦਾ ਰਿਹਾ ਹੈ, ਪਰ ਸਫਲ ਨਹੀਂ ਹੋਇਆ। ਐਕਟਿੰਗ ਵਿਚ ਉਹ ਏਸ਼ੀਆ ਦੇ ਐਕਟਰਾਂ ਵਿਚੋਂ ਸਭ ਤੋਂ ਵੱਧ ਪੈਸੇ ਕਮਾਉਣ ਵਾਲਾ ਮੰਨਿਆ ਜਾਂਦਾ ਹੈ। ਉਸ ਨੂੰ ਇਕ ਦਰਜਨ ਦੇ ਕਰੀਬ ਰਾਜ ਫਿਲਮ ਸਨਮਾਨ,



*ਜੈਲਲਿਤਾ*



*ਰਜਨੀਕਾਂਤ*

ਬੈਸਟ ਐਕਟਰ ਐਵਾਰਡ ਹੀ ਨਹੀਂ, ਭਾਰਤ ਸਰਕਾਰ ਵਲੋਂ ਪਦਮ ਭੂਸ਼ਣ ਤੇ ਪਦਮਵਿਭੂਸ਼ਣ ਸਨਮਾਨ ਵੀ ਮਿਲ ਚੁਕੇ ਹਨ। ਇਹ ਜਾਣ ਕੇ ਹੈਰਾਨ ਨਾ ਹੋਵੋ ਕਿ ਉਹ ਛੋਟੀ ਉਮਰੇ ਕੁਲੀ ਦਾ ਕੰਮ ਵੀ ਕਰਦਾ ਰਿਹਾ ਹੈ ਤੇ ਬੰਗਲੌਰ ਟਰਾਂਸਪੋਰਟ ਸਰਵਿਸ ਵਿਚ ਬੱਸ ਕੰਡਕਟਰ ਦਾ ਕੰਮ ਵੀ। ਜੇ ਹੋਰ ਪੁਛਦੇ ਹੋ ਤਾਂ ਥੋੜ੍ਹੀ ਵੱਖਰੀ ਪੱਧਰ ਉਤੇ ਚੰਡੀਗੜ੍ਹ ਵਾਲਾ ਸੁਦੇਸ਼ ਸ਼ਰਮਾ ਵੀ ਉਸ ਦੇ ਪੈਰ ਚਿੰਨ੍ਹਾਂ ਉਤੇ ਚੱਲ ਰਿਹਾ ਹੈ। ਪਰ ਇਹ ਗੱਲ ਪੱਕੀ ਹੈ ਕਿ ਪੰਜਾਬੀ ਕਲਾਕਾਰ ਹੋਣ ਕਾਰਨ ਉਹ ਤਾਮਿਲੀਅਨ ਦੀ ਬਰਾਬਰੀ ਨਹੀਂ ਕਰ ਸਕਦਾ। ਰਜਨੀ ਕਾਂਤ ਤਾਂ ਕਰੋੜਾਂ ਵਿਚ ਖੇਡਦਾ ਹੈ।

ਤਾਮਿਲ ਲੇਖਿਕਾ ਵਾਸੰਤੀ ਦਾ ਕਾਰਜ ਵਿਹਾਰ ਦਸਦਾ ਹੈ ਕਿ ਤਾਮਿਲ ਭਾਸ਼ਾ ਵੀ ਸਾਹਿਤਕਾਰੀ ਨੂੰ ਮਾਣ-ਸਨਮਾਨ ਤਾਂ ਦਿਵਾਉਂਦੀ ਹੈ, ਪਰ ਮਾਇਆ ਨਹੀਂ। ਵਾਸੰਤੀ ਨੂੰ ਜੈਲਲਿਤਾ ਤੇ ਰਜਨੀਕਾਂਤ ਦੀ ਜੀਵਨੀ ਲਿਖਣ ਦੇ ਤਿੰਨ-ਤਿੰਨ ਲਖ ਰੁਪਏ ਐਡਵਾਂਸ ਮਿਲੇ ਸਨ ਤੇ ਕਰੁਣਾਨਿਧੀ ਦੀ ਜੀਵਨੀ ਲਿਖਣ ਲਈ ਢਾਈ ਲੱਖ।

ਜੇ ਮੈਂ ਜੈਲਲਿਤਾ ਤੇ ਕਰੁਣਨਿਧੀ ਦੇ ਜੀਵਨ ਨੂੰ ਵਾਸੰਤੀ ਦੇ ਸ਼ਬਦਾਂ ਵਿਚ ਪਰੋਣਾ ਹੋਵੇ ਤਾਂ ਉਹ 'ਅੰਮਾ' ਨੂੰ ਹੰਕਾਰੀ ਕਹਿੰਦੀ ਹੈ ਤੇ ਕਰੁਣਾਨਿਧੀ ਨੂੰ ਗੰਭੀਰ ਤੇ ਗੁੜ੍ਹਿਆ ਹੋਇਆ ਸਿਆਸਤਦਾਨ। ਵਾਸੰਤੀ ਦਾ ਮੱਤ ਹੈ ਕਿ ਸਾਰੇ ਸਿਆਸਤਦਾਨਾਂ ਨੂੰ ਕਰੁਣਾਨਿਧੀ ਦੇ ਨਕਸ਼-ਏ-ਕਦਮ 'ਤੇ ਚੱਲਣਾ ਚਾਹੀਦਾ ਹੈ।

**ਅੰਤਿਕਾ: ਰਮਨ ਸੰਧੂ**

ਪਤਾ ਜਿਸ ਨੂੰ ਨਹੀਂ ਹੁੰਦਾ
ਕਿ ਧੁੱਪ ਦੇ ਅਰਥ ਕੀ ਹੁੰਦੇ,
ਹਮੇਸ਼ਾ ਸੀਸ ਦੀ ਥਾਂ ਉਹ
ਬਚਾਉਂਦੇ ਢਾਲ ਮਰ ਜਾਂਦੇ।

# ਪੰਜਾਬ ਟਾਈਮਜ਼

*ਸਨਿਚਰਵਾਰ, 18 ਮਈ 2019*

## ਸੌੜੀ ਸਿਆਸਤ ਦਾ ਸੱਚ

ਭਾਰਤ ਦੀ 17ਵੀਂ ਲੋਕ ਸਭਾ ਦੇ ਗਠਨ ਲਈ ਪਿਛਲੇ ਦੋ ਮਹੀਨਿਆਂ ਤੋਂ ਚੋਣ-ਅਮਲ ਚੱਲ ਰਿਹਾ ਹੈ। ਇਨ੍ਹਾਂ ਚੋਣਾਂ ਨੇ ਐਤਕੀਂ ਸਿਆਸਤ ਦੇ ਬੜੇ ਰੰਗ ਦਿਖਾਏ ਹਨ। ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੱਤਾ ਉਤੇ ਕਬਜ਼ਾ ਕਰੀ ਰੱਖਣ ਲਈ ਹਰ ਪਾਪੜ ਵੇਲਿਆ ਅਤੇ ਸਿਆਸੀ ਮਾਣ-ਮਰਿਆਦਾ ਵੀ ਛਿੱਕੇ ਉਤੇ ਟੰਗੀ ਰੱਖੀ। ਵਿਰੋਧੀ ਧਿਰ ਵਾਲਿਆਂ ਵੀ ਕੋਈ ਘੱਟ ਨਹੀਂ ਗੁਜ਼ਾਰੀ। ਉਂਜ, ਆਵਾਮ ਅੰਦਰ ਇਹ ਰਾਇ ਖੁੱਲ੍ਹ ਕੇ ਸਾਹਮਣੇ ਆਈ ਕਿ ਜੇ ਐਤਕੀਂ ਇਕ ਵਾਰ ਫਿਰ ਮੋਦੀ ਅਤੇ ਉਸ ਦੇ ਜੋਟੀਦਾਰ ਜਿੱਤ ਗਏ ਤਾਂ ਭਾਰਤ ਅੰਦਰ ਜਿਸ ਤਰ੍ਹਾਂ ਦੀ ਵੀ ਜਮਹੂਰੀਅਤ ਹੈ, ਉਸ ਦਾ ਵੀ ਭੋਗ ਪੈ ਜਾਵੇਗਾ। ਲੋਕਾਂ ਦਾ ਇਹ ਖਦਸ਼ਾ ਨਿਰਮੂਲ ਵੀ ਨਹੀਂ। ਪੰਜ ਸਾਲਾਂ ਦੌਰਾਨ ਮੋਦੀ ਸਰਕਾਰ ਅਤੇ ਇਸ ਨੂੰ ਚਲਾਉਣ ਵਾਲੀ ਸਿਆਸੀ ਜਮਾਤ ਨੇ ਚੰਮ ਦੀਆਂ ਹੀ ਚਲਾਈਆਂ ਹਨ ਅਤੇ ਇਸ ਦਾ ਸਭ ਤੋਂ ਵੱਧ ਖਮਿਆਜ਼ਾ ਦੇਸ਼ ਦੀਆਂ ਘੱਟ ਗਿਣਤੀਆਂ ਨੂੰ ਉਠਾਉਣਾ ਪਿਆ ਹੈ। ਪਿਛਲੀ ਵਾਰ ਮੋਦੀ ਸਰਕਾਰ ਲੋਕਾਂ ਦੀਆਂ ਅੱਖਾਂ ਵਿਚ ਵਿਕਾਸ ਦਾ ਘੱਟਾ ਪਾ ਕੇ ਹੋਂਦ ਵਿਚ ਆਈ ਸੀ, ਪਰ ਹੁਣ ਇਸ ਕੋਲ ਵਿਕਾਸ ਦੀ ਗੱਲ ਕਰਨ ਲਈ ਇਕ ਵੀ ਪ੍ਰਾਪਤੀ ਨਹੀਂ। ਇਸੇ ਕਰਕੇ ਚੋਣਾਂ ਦੇ ਸੱਤਾਂ ਹੀ ਪੜਾਵਾਂ ਦੌਰਾਨ ਇਸ ਨੇ ਦੇਸ਼ ਦੀ ਸੁਰੱਖਿਆ ਅਤੇ ਮਜ਼ਬੂਤ ਨੇਤਾ ਵਾਲੀ ਮੁਹਾਰਨੀ ਲਗਾਤਾਰ ਛੇੜੀ ਰੱਖੀ। ਛੇਵੇਂ ਅਤੇ ਸੱਤਵੇਂ ਪੜਾਵਾਂ ਦੌਰਾਨ ਇਸ ਦੇ ਪ੍ਰਚਾਰ ਵਿਚ ਇਕ ਖਾਸ ਮੁੱਦਾ ਹੋਰ ਜੁੜ ਗਿਆ। ਇਹ ਮੁੱਦਾ ਕਾਂਗਰਸ ਵਲੋਂ ਕੀਤੇ ਸਿੱਖਾਂ ਦੇ ਘਾਣ ਨਾਲ ਜੁੜਿਆ ਹੋਇਆ ਸੀ ਅਤੇ ਅਖੀਰਲੇ ਪੜਾਅ ਵਿਚ ਤਾਂ ਨਰਿੰਦਰ ਮੋਦੀ ਨੇ ਇਸੇ ਮਸਲੇ ਨੂੰ ਜ਼ੋਰ-ਸ਼ੋਰ ਨਾਲ ਪ੍ਰਚਾਰਿਆ।

ਇਸ ਵਾਰ ਇਹ ਲੋਕ ਸਭਾ ਚੋਣਾਂ ਇਸ ਪੱਖ ਤੋਂ ਵੀ ਵੱਖਰੀਆਂ ਸਨ ਕਿ ਲੋਕਾਂ ਨੇ ਵੱਖ-ਵੱਖ ਥਾਂਈਂ ਪੁੱਜ ਰਹੇ ਕਰੀਬ ਹਰ ਪਾਰਟੀ ਦੇ ਆਗੂ ਅੱਗੇ ਸਵਾਲਾਂ ਦੀ ਝੜੀ ਲਾਈ ਰੱਖੀ। ਅਜਿਹਾ ਹੀ ਇਕ ਸਵਾਲ ਕਾਂਗਰਸ ਦੇ ਓਵਰਸੀਜ਼ ਵਿੰਗ ਦੇ ਮੁਖੀ ਸੈਮ ਪਿਤਰੋਦਾ ਨੂੰ ਸਿੱਖ ਕਤਲੇਆਮ ਬਾਰੇ ਕੀਤਾ ਗਿਆ। ਸਵਾਲ ਕਰਨ ਦੀ ਦੇਰ ਸੀ ਕਿ ਪਾਰਟੀ ਦੀ ਹਕੀਕਤ, ਸੌੜੀ ਸਿਆਸਤ ਅਤੇ ਮਾਨਸਿਕਤਾ ਜੱਗ ਜਾਹਰ ਹੋ ਗਈ। ਸੈਮ ਪਿਤਰੋਦਾ ਨੇ ਇਸ ਸਵਾਲ ਦੇ ਜਵਾਬ ਵਿਚ ਜੋ ਕੁਝ ਕਿਹਾ (ਹੂਆ ਤੋ ਹੂਆ), ਉਹ ਹੁਣ ਇਤਿਹਾਸ ਦਾ ਹਿੱਸਾ ਭਾਵੇਂ ਬਣ ਚੁਕਾ ਹੈ, ਪਰ ਇਸ ਤੋਂ ਸਿਆਸੀ ਜਮਾਤਾਂ ਦੀ ਆਮ ਲੋਕਾਂ ਪ੍ਰਤੀ ਪਹੁੰਚ ਦਾ ਪਤਾ ਲੱਗ ਜਾਂਦਾ ਹੈ। ਇਹ ਆਗੂ ਅਸਲ ਵਿਚ, ਸਵਾਲਾਂ ਦਾ ਜਵਾਬ ਦੇਣਾ ਹੀ ਨਹੀਂ ਚਾਹੁੰਦੇ। ਇਸ ਦੀ ਸਭ ਤੋਂ ਵੱਡੀ ਮਿਸਾਲ ਪੰਜਾਬ ਵਿਚ ਸਾਹਮਣੇ ਆਈ ਹੈ। ਕਿਸੇ ਵੀ ਪਾਰਟੀ ਕੋਲ ਲੋਕਾਂ ਦੇ ਸਵਾਲਾਂ ਦੇ ਜਵਾਬ ਨਹੀਂ। ਦਰਅਸਲ, ਇਹ ਲੋਕ ਦੇਸ਼ ਵਿਚ ਜਮਹੂਰੀਅਤ ਦੇ ਸੱਤ ਦਹਾਕਿਆਂ ਬਾਅਦ ਵੀ ਲੋਕਾਂ ਅੱਗੇ ਜਵਾਬਦੇਹ ਨਹੀਂ ਹੋਏ। ਇਸੇ ਕਰਕੇ ਇਨ੍ਹਾਂ ਦੇ ਚੋਣ ਮੈਨੀਫੈਸਟੋ ਵਿਚ ਵਾਅਦਿਆਂ ਅਤੇ ਦਾਅਵਿਆਂ ਦੀ ਸੂਚੀ ਹਰ ਵਾਰ ਲੰਮੀ ਹੋਈ ਜਾਂਦੀ ਹੈ। ਕੁਝ ਹਲਕਿਆਂ ਵਲੋਂ ਹੁਣ ਇਹ ਮੰਗ ਉਠ ਰਹੀ ਹੈ ਕਿ ਮੈਨੀਫੈਸਟੋ ਨੂੰ ਕਾਨੂੰਨੀ ਦਸਤਾਵੇਜ਼ ਸਵੀਕਾਰ ਕੀਤਾ ਜਾਵੇ ਤਾਂ ਕਿ ਚੋਣਾਂ ਜਿੱਤਣ ਵਾਲੀ ਸਿਆਸੀ ਪਾਰਟੀ ਉਤੇ ਆਪਣਾ ਚੋਣ ਮੈਨੀਫੈਸਟੋ ਲਾਗੂ ਕਰਨ ਦੀ ਬੰਦਿਸ਼ ਹੋਵੇ।

ਹੁਣ ਤਾਂ ਹਾਲ ਇਹ ਹੈ ਕਿ ਕੇਂਦਰ ਵਿਚ ਮੋਦੀ ਸਰਕਾਰ ਨੇ ਪੰਜ ਸਾਲ ਪੂਰੇ ਕਰ ਲਏ ਅਤੇ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਸਰਕਾਰ ਨੇ ਸਵਾ ਦੋ ਸਾਲ ਹੰਢਾ ਲਏ ਹਨ, ਪਰ ਵਾਅਦੇ ਜਿਉਂ ਦੇ ਤਿਉਂ ਆਮ ਲੋਕਾਂ ਦਾ ਮੂੰਹ ਚਿੜਾ ਰਹੇ ਹਨ। ਹੁਣ ਸਵਾਲ ਹੈ ਕਿ ਲੋਕਾਂ ਵਲੋਂ ਵੋਟਾਂ ਮੰਗਣ ਆਏ ਆਗੂਆਂ ਨੂੰ ਜੋ ਸਵਾਲ ਕੀਤੇ ਜਾ ਰਹੇ ਹਨ, ਕੀ ਉਹ ਚੋਣਾਂ ਤੋਂ ਬਾਅਦ ਵੀ ਜਾਰੀ ਰਹਿ ਸਕਣਗੇ? ਇਹ ਅਸਲ ਵਿਚ ਆਗੂਆਂ ਦੇ ਲਾਰਿਆਂ ਤੋਂ ਅੱਕੇ ਹੋਏ ਲੋਕਾਂ ਦੇ ਸਵਾਲ ਹਨ। ਅੱਕੇ ਹੋਏ ਲੋਕਾਂ ਨੇ ਹੀ 2014 ਵਿਚ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੇ ਉਭਾਰ ਦਾ ਆਧਾਰ ਬਣਾਇਆ ਸੀ, ਪਰ ਜਥੇਬੰਦਕ ਕਮਜ਼ੋਰੀ ਅਤੇ ਆਪਾ-ਧਾਪੀ ਵਾਲੀ ਸਿਆਸਤ ਕਾਰਨ ਇਹ ਪਾਰਟੀ ਆਪਣੀ ਇਹ ਰਫਤਾਰ ਵਿਧਾਨ ਸਭਾ ਚੋਣਾਂ ਵਿਚ ਬਰਕਰਾਰ ਨਹੀਂ ਰੱਖ ਸਕੀ। ਸਿੱਟਾ ਸਭ ਦੇ ਸਾਹਮਣੇ ਹੈ। ਇਸ ਲਈ ਜੇ ਸਵਾਲਾਂ ਦੀ ਝੜੀ ਚੋਣਾਂ ਤੋਂ ਬਾਅਦ ਵੀ ਜਾਰੀ ਰਹਿੰਦੀ ਹੈ, ਫਿਰ ਸੂਬੇ ਦੀ ਸਿਆਸਤ ਵਿਚ ਕਿਸੇ ਹਾਂ-ਪੱਖੀ ਤਬਦੀਲੀ ਦੀ ਆਸ ਕੀਤੀ ਜਾ ਸਕਦੀ ਹੈ; ਨਹੀਂ ਤਾਂ ਇੰਨੇ ਦਹਾਕਿਆਂ ਤੋਂ ਪਰਨਾਲਾ ਉਥੇ ਦਾ ਉਥੇ ਤਾਂ ਹੈ ਹੀ।

ਚੋਣਾਂ ਤੋਂ ਇਹ ਵਾਰ-ਵਾਰ ਸਾਬਤ ਹੋ ਰਿਹਾ ਹੈ ਕਿ ਰਵਾਇਤੀ ਧਿਰਾਂ ਮੌਜੂਦਾ ਢਾਂਚੇ ਨੂੰ ਛੇੜਨ ਦੇ ਹੱਕ ਵਿਚ ਨਹੀਂ, ਜਿਹੜਾ ਇਸ ਵਕਤ ਆਮ ਲੋਕਾਂ ਦੇ ਹੱਕ ਵਿਚ ਨਹੀਂ ਹੈ। ਸਿਆਸਤ ਤਾਂ ਕੀ, ਜ਼ਿੰਦਗੀ ਦੇ ਹਰ ਖੇਤਰ ਵਿਚ ਆਮ ਆਦਮੀ ਮਨਫੀ ਹੈ। ਹੁਣ ਤਾਂ ਸਿਰਫ ਪੈਸੇ ਅਤੇ ਤਾਕਤ ਦੀ ਹੀ ਖੇਡ ਰਹਿ ਗਈ ਹੈ। ਬਦਲਵੀਂ ਸਿਆਸਤ ਦੀ ਗੱਲ ਕਰਨ ਵਾਲਿਆਂ ਨੂੰ ਇਸ ਪਾਸੇ ਸੋਚ-ਵਿਚਾਰ ਕਰਨੀ ਪਵੇਗੀ ਕਿ ਸਿਆਸੀ ਪਾਰਟੀ ਅਤੇ ਆਗੂਆਂ ਨੂੰ ਲੀਹ ਉਤੇ ਲਿਆਉਣ ਲਈ ਕਿਸ ਤਰ੍ਹਾਂ ਦੀ ਸਿਆਸਤ ਲੋਕਾਂ ਨੂੰ ਸਮਝਾਈ ਜਾਵੇ। ਉਂਜ, ਸਵਾਲਾਂ ਦੀ ਵਾਛੜ ਨੇ ਸਮਝਾ ਦਿੱਤਾ ਹੈ ਕਿ ਅਜਿਹੀ ਸਿਆਸਤ ਕੀਤੀ ਜਾ ਸਕਦੀ ਹੈ, ਪਰ ਇਸ ਸਿਆਸਤ ਦੀ ਅਗਵਾਈ ਕੌਣ ਕਰੇਗਾ, ਇਹ ਇਸ ਵਕਤ ਦਾ ਸਭ ਤੋਂ ਵੱਡਾ ਸਵਾਲ ਹੈ। ਇਹ ਅਗਵਾਈ ਰਵਾਇਤੀ ਲੀਡਰਾਂ ਦੇ ਵੱਸ ਦਾ ਰੋਗ ਨਹੀਂ। ਆਮ ਆਦਮੀ ਪਾਰਟੀ ਨੂੰ ਸੂਬੇ ਅੰਦਰ ਮਾਰ ਹੀ ਇਸੇ ਕਰਕੇ ਪਈ ਕਿਉਂਕਿ ਇਹ ਆਪਣੀ ਠੁੱਕਦਾਰ ਲੀਡਰਸ਼ਿਪ ਉਭਾਰਨ ਵਿਚ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਰਵਾਇਤੀ ਪਾਰਟੀਆਂ ਦੀ ਸੌੜੀ ਸਿਆਸਤ ਅਤੇ ਬੁਰੀ ਤਰ੍ਹਾਂ ਵਿਗੜ ਚੁਕੇ ਢਾਂਚੇ ਨੂੰ ਵੰਗਾਰਨਾ ਕੋਈ ਛੋਟੀ-ਮੋਟੀ ਗੱਲ ਨਹੀਂ, ਇਸ ਦੇ ਮਜ਼ਬੂਤ ਆਧਾਰ ਦੀ ਲੋੜ ਹੈ। ਇਹ ਹੰਭਲਾ ਨਵੀਂ-ਨਕੋਰ, ਲੋਕਾਂ ਦੇ ਹੱਕ ਵਾਲੀ ਸਿਆਸਤ ਤੋਂ ਬਗੈਰ ਸੰਭਵ ਨਹੀਂ। ਚੋਣਾਂ ਤੋਂ ਬਾਅਦ ਸੂਬੇ ਵਿਚ ਸਿਆਸੀ ਸਰਗਰਮੀ ਇਹ ਤੈਅ ਕਰੇਗੀ ਕਿ ਅਜਿਹੀ ਸਿਆਸਤ ਲਈ ਰਾਹ ਕਿੰਨੇ ਕੁ ਮੋਕਲੇ ਹੋ ਸਕਦੇ ਹਨ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਬੇਨਤੀ ਪੰਜਾਬੀਆਂ ਨੂੰ!*

ਪੰਜ ਸਾਲ ਫੇਰ ਤਾਂ ਇਹ ਭਾਲਿਆਂ ਵੀ ਲੱਭਣੇ ਨਾ, ਹੁਣੇ ਪੁੱਛ ਲਿਉ ਜਿਹੜੇ ਦਿਲਾਂ 'ਚ ਸਵਾਲ ਜੀ।
ਹੱਕਦਾਰ ਵੋਟ ਦਾ ਤੁਹਾਨੂੰ ਨਹੀਂ ਜੋ ਜਾਪਦਾ ਏ, ਦੂਰੋਂ ਹੀ ਬੁਲਾਈ ਜਾਇਓ ਸਤਿ ਸ੍ਰੀ ਅਕਾਲ ਜੀ।
ਲੈ ਲਿਉ ਹਿਸਾਬ ਝੂਠੇ ਵਾਅਦੇ ਤੇ ਬੇਅਦਬੀ ਦਾ, ਚੱਲੇ ਨਾ ਮੱਕਾਰਾਂ ਦੀ ਸਿਆਸੀ ਕੋਈ ਚਾਲ ਜੀ।
ਮੂੰਹ-ਤੋੜ ਦੇ ਦਿਉ ਜਵਾਬ ਵੀ ਚਲਾਕਾਂ ਤਾਈਂ, ਉਤੋਂ ਉਤੋਂ ਲੜਦੇ ਤੇ ਵਿਚੋਂ ਜੋ ਭਿਆਲ ਜੀ।
ਲਾ ਕੇ ਦੇਖ ਲਿਉ ਕਸਵੱਟੀ 'ਤੇ ਉਮੀਦਵਾਰ, ਵੋਟ ਪਾਉਣ ਵੇਲੇ ਐਵੇਂ ਹੋਇਓ ਨਾ ਦਿਆਲ ਜੀ!

# ਪੰਜਾਬ ਦਾ ਸਿਆਸੀ ਭਵਿਖ

***ਪਿਛਲੀਆਂ ਚੋਣਾਂ ਵਾਂਗ ਐਤਕੀਂ ਲੋਕ ਸਭਾ ਚੋਣਾਂ ਵਿਚ ਵੀ ਪੰਜਾਬ ਦੇ ਮਸਲੇ ਬਹੁਤ ਪਿਛਾਂਹ ਰਹਿ ਗਏ ਹਨ। ਇਸ ਵਰਤਾਰੇ ਨਾਲ ਇਕ ਸਵਾਲ ਇਕ ਵਾਰ ਫਿਰ ਹੁੱਝ ਮਾਰ ਕੇ ਅਗਾਂਹ ਆਣ ਖਲੋਇਆ ਹੈ ਕਿ ਇੰਨੀਆਂ ਮਹਿੰਗੀਆਂ ਚੋਣਾਂ ਤੋਂ ਬਾਅਦ ਵੀ ਕੀ ਪੰਜਾਬ ਦੀ ਸਿਆਸਤ ਵਿਚ ਕੋਈ ਸਿਫਤੀ ਤਬਦੀਲੀ ਨਹੀਂ ਹੋਵੇਗੀ? ਇਹ ਸਵਾਲ ਪ੍ਰੇਸ਼ਾਨ ਕਰਨ ਵਾਲਾ ਹੈ। ਸੂਬੇ ਦੇ ਇਸ ਇਸ ਸਮੁੱਚੇ ਹਾਲਤ ਬਾਰੇ ਪੱਤਰਕਾਰ ਜਸਵੀਰ ਸਮਰ ਨੇ ਆਪਣੇ ਇਸ ਲੇਖ ਵਿਚ ਟਿੱਪਣੀ ਕੀਤੀ ਹੈ। -ਸੰਪਾਦਕ***

**ਜਸਵੀਰ ਸਮਰ**

ਲੋਕ ਸਭਾ ਚੋਣਾਂ ਦੇ 6 ਪੜਾਅ ਲੰਘ ਗਏ ਹਨ। ਹੁਣ ਸਿਰਫ ਇਕ ਅਤੇ ਆਖਰੀ, ਸੱਤਵਾਂ ਪੜਾਅ ਰਹਿ ਗਿਆ ਹੈ ਜਿਸ ਤਹਿਤ 19 ਮਈ ਨੂੰ ਪੰਜਾਬ ਦੇ ਕੁੱਲ 13 ਹਲਕਿਆਂ ਸਮੇਤ 59 ਹਲਕਿਆਂ 'ਤੇ ਵੋਟਾਂ ਪੈ ਰਹੀਆਂ ਹਨ। ਚੋਣਾਂ ਦਾ ਇਹ ਸਿਲਸਿਲਾ 11 ਮਾਰਚ ਨੂੰ ਹੋਏ ਐਲਾਨ ਅਤੇ 11 ਅਪਰੈਲ ਤੋਂ ਵੋਟਾਂ ਪੈਣ ਦੇ ਅਮਲ ਨਾਲ ਸ਼ੁਰੂ ਹੋਇਆ ਸੀ; ਭਾਵ ਦੋ ਮਹੀਨੇ ਦਾ ਵਕਤ ਚੋਣਾਂ ਦੇ ਲੇਖੇ ਲੱਗ ਗਿਆ। ਛੇਆਂ ਪੜਾਵਾਂ ਦੀਆਂ ਰਿਪੋਰਟਾਂ ਦੱਸਦੀਆਂ ਹਨ ਕਿ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦਾ ਇਨ੍ਹਾਂ ਚੋਣਾਂ ਵਿਚ ਕਿੰਨਾ ਜ਼ੋਰ ਲੱਗਾ ਹੋਇਆ ਹੈ। ਉਂਜ ਵੀ ਹਰ ਪਾਸੇ ਜਮਹੂਰੀਅਤ ਦੇ ਜਸ਼ਨਾਂ ਦੀਆਂ ਗੜਗੱਜਾਂ ਪੈ ਰਹੀਆਂ ਹਨ। ਜਮਹੂਰੀਅਤ ਦੇ ਇਸ ਨਾਚ (ਤਾਂਡਵ ਕਹਿਣਾ ਸ਼ਾਇਦ ਬਿਹਤਰ ਹੋਵੇ) ਨੇ ਸਭ ਅਵਾਮੀ ਮਸਲਿਆਂ ਅਤੇ ਸਰੋਕਾਰਾਂ ਉੱਤੇ ਸੁਹਾਗਾ ਫੇਰ ਦਿੱਤਾ ਹੈ। ਜਾਪਦਾ ਹੈ, ਜਿਵੇਂ ਵੋਟਾਂ ਪਾਉਣਾ-ਪੁਆਉਣਾ ਹੀ ਜਮਹੂਰੀਅਤ ਦਾ ਅਸਲ ਕੰਮ ਹੋਵੇ। ਬਹੁਤ ਘੱਟ ਅਦਾਰਿਆਂ ਜਾਂ ਸ਼ਖਸੀਅਤਾਂ ਨੇ ਇਹ ਅਹਿਮ ਸਵਾਲ ਉਠਾਉਣ ਦਾ ਹੀਆ ਕੀਤਾ ਹੈ: ਕੀ ਸਿਰਫ ਵੋਟ ਪਾਉਣਾ ਹੀ ਜਮਹੂਰੀਅਤ ਹੈ?

ਇਸ ਸਵਾਲ ਦਾ ਜਵਾਬ ਵੀ ਵੱਖ ਵੱਖ ਤਰ੍ਹਾਂ ਦੀ ਚਾਸ਼ਣੀ ਵਿਚ ਡੁੱਬਿਆ ਹੋਇਆ ਮਿਲੇਗਾ। ਜੀਵਨ ਦੇ ਹਰ ਮਰਹੱਲੇ ਨਾਲ ਜੁੜਿਆ ਅਮਲ ਜੇ ਅੱਜ ਕੱਲ੍ਹ ਰੱਜ ਕੇ ਗੈਰ ਜਮਹੂਰੀ ਹੈ ਅਤੇ 'ਤਾਨਾਸ਼ਾਹੀ' ਦੀਆਂ ਗਰਮ ਹਵਾਵਾਂ ਪਿੰਡੇ ਲੂਹ ਰਹੀਆਂ ਹਨ ਤਾਂ ਇਹ ਜਮਹੂਰੀਅਤ ਦਾ ਜਸ਼ਨ ਜਾਂ ਮੇਲਾ ਕਿੰਜ ਹੋ ਗਿਆ? ਖੈਰ! ਜਮਹੂਰੀਅਤ ਦੇ ਇਸ ਮੇਲੇ ਵਿਚ ਸਾਰਿਆਂ ਲਈ ਕੁੱਝ ਨਾ ਕੁੱਝ ਜ਼ਰੂਰ ਹੈ। ਰਵਾਇਤੀ ਸਿਆਸੀ ਧਿਰਾਂ ਬਾਰੇ ਤਾਂ ਚਲੋ ਹੁਣ ਸਭ ਕੁਝ ਮੁਆਫ ਹੋ ਗਿਆ ਭਾਸਦਾ ਹੈ, ਕਿਉਂਕਿ ਇਨ੍ਹਾਂ ਦਾ ਇਕੋ-ਇਕ ਦਾਈਆ ਚੋਣਾਂ ਜਿੱਤਣਾ ਹੀ ਰਹਿ ਗਿਆ ਹੈ; ਹੁਣ ਤਾਂ ਉਹ ਲੋਕ ਵੀ ਜਮਹੂਰੀਅਤ ਦੇ ਇਸ ਨਾਚ ਨਾਲ ਖੁਸ਼ ਹਨ ਜੋ ਬਦਲਵੀਂ ਸਿਆਸਤ ਦੀ ਤਾਂਘ ਰੱਖਦੇ ਹਨ; ਜੋ ਇਹ ਵੀ ਮੰਨਦੇ ਹਨ ਕਿ ਚੋਣਾਂ ਵਿਚ ਜਿਸ ਢੰਗ ਨਾਲ ਪੈਸਾ ਤੇ ਬਾਹੂਬਲ ਚੱਲਦਾ ਹੈ, ਉਸ ਵਿਚ ਆਮ ਬੰਦੇ ਦੀ ਕੋਈ ਵੱਟੀ ਨਹੀਂ ਹੈ ਪਰ ਚੋਣ ਮੈਦਾਨ ਭਖਦਾ ਦੇਖ ਕੇ ਆਪਣੇ ਉਮੀਦਵਾਰ ਖੜ੍ਹਾ ਕਰਕੇ ਕੋਈ ਨਾ ਕੋਈ ਮਸਲਾ ਉਭਾਰਨ ਨਾਲ ਤਸੱਲੀ ਕਰ ਲੈਂਦੇ ਹਨ।

ਇਸ ਪੱਖ ਤੋਂ ਵੋਟਾਂ ਦਾ ਇਹ ਮੇਲਾ ਸੌ ਫੀਸਦੀ ਤੋਂ ਵੀ ਵੱਧ ਸਫਲ ਹੈ। ਨਾਲੇ ਮੇਲੇ ਵਿਚੋਂ ਨਿਰਾਸ਼ ਕੌਣ ਪਰਤਦਾ ਹੈ ਭਲਾ? ਇਹ ਤਾਂ ਫਿਰ ਵੀ 'ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ' ਦਾ ਮੇਲਾ ਹੈ, ਜਿਹੜਾ ਮਰਜ਼ੀ ਲੁੱਟ ਸਕਦਾ ਹੈ! ਫਿਰ ਵੀ, ਇੰਨੇ ਵੱਡੇ ਮੇਲੇ ਦੇ ਬਾਵਜੂਦ ਕੀ ਕਾਰਨ ਹੈ ਕਿ ਚੋਣਾਂ ਤੋਂ ਪਹਿਲਾਂ ਅਤੇ ਬਾਅਦ ਵਾਲੇ ਹਾਲਾਤ ਵਿਚ ਕੋਈ ਸਿਫਤੀ ਤਬਦੀਲੀ ਆਉਣ ਦੀ ਕਿਤੇ ਕੋਈ ਕਨਸੋਅ ਨਹੀਂ ਪੈ ਰਹੀ? ਹਾਲਾਤ ਸਗੋਂ ਨਿੱਤ ਦਿਨ ਬਦ ਤੋਂ ਬਦਤਰ ਹੀ ਹੋਏ ਹਨ।

ਦਰਅਸਲ, ਇਹ ਕਵਾਇਦ ਸਿਰਫ ਸਰਕਾਰਾਂ ਬਦਲਣ ਤਕ ਹੀ ਸੀਮਿਤ ਰਹਿੰਦੀ ਹੈ। ਉਸ ਢਾਂਚੇ ਨੂੰ ਤਾਂ ਕਿਤੇ ਕੋਈ ਚਿੱਬ ਤੱਕ ਨਹੀਂ ਪੈਂਦਾ ਜੋ ਆਮ ਬੰਦੇ ਦੀਆਂ ਵੱਖੀਆਂ ਅੰਦਰ ਕਿਰਚ ਬਣ ਕੇ ਖੁਭਿਆ ਹੋਇਆ ਹੈ, ਤੇ ਇਸ ਚੁਭੀ ਹੋਈ ਕਿਰਚ ਦੀ ਸਭ ਤੋਂ ਉਮਦਾ ਮਿਸਾਲ ਅੱਜ ਕੱਲ੍ਹ ਭਾਰਤੀ ਚੋਣ ਕਮਿਸ਼ਨ ਹੈ ਜਿਸ ਦੀ ਅੱਖ ਦੇ ਟੀਰ ਨੇ ਸਭ ਵਿਤਕਰੇ ਛੋਟੇ ਪਾ ਦਿੱਤੇ ਹਨ ਅਤੇ ਹੁਣ ਇਹ ਸੱਤਾਧਾਰੀਆਂ ਅੱਗੇ ਝੁਕ ਕੇ ਦੂਹਰਾ-ਤੀਹਰਾ ਹੋਇਆ ਪਿਆ ਹੈ। ਇਸ ਨੇ ਚੋਣ ਅਮਲ ਦਾ ਆਰੰਭ ਹੀ ਵਿਤਕਰੇ ਨਾਲ ਕੀਤਾ ਸੀ। ਜਮਹੂਰੀ ਭਾਰਤ ਦੀ ਇਹ ਚੋਟੀ ਦੀ ਸੰਸਥਾ ਸੱਤਾਧਾਰੀਆਂ ਦੀ ਅੱਡੀ ਹੇਠ ਸੀ ਅਤੇ ਚੋਣ ਤਰੀਕਾਂ ਦੇ ਐਲਾਨ ਲਈ ਗੋਡਣੀਆਂ ਭਾਰ ਹੋਈ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਰੈਲੀਆਂ ਮੁੱਕਣ ਦੀ ਉਡੀਕ ਕਰ ਰਹੀ ਸੀ। ਇਹ ਸਾਡੇ ਸਮਿਆਂ ਦਾ ਦੁਖਾਂਤ ਹੀ ਤਾਂ ਹੈ ਕਿ ਅਜਿਹੀਆਂ ਸੰਸਥਾਵਾਂ ਜਿਨ੍ਹਾਂ ਤੋਂ ਆਮ ਲੋਕ ਨੂੰ ਕਿਸੇ ਕਾਟਵੇਂ ਦਖਲ ਦੀ ਸਦਾ ਤਵੱਕੋ ਰਹਿੰਦੀ ਹੈ, ਸੱਤਾਧਾਰੀਆਂ ਲਈ ਕਿੰਨੇ ਬੀਬੇ ਬਾਲਕ ਬਣ ਗਈਆਂ ਹਨ।

ਪੰਜਾਬ ਦੀਆਂ ਚੋਣਾਂ ਦੀ ਗੱਲ ਐਤਕੀਂ ਉੱਕਾ ਹੀ ਵੱਖਰੀ ਰੰਗਤ ਵਾਲੀ ਸੀ। ਸੂਬੇ ਦੀ ਸਿਆਸਤ ਤਾਂ ਚਿਰ ਪਹਿਲਾਂ ਹਰਨਾਂ ਦੇ ਸਿੰਗੀ ਚੜ੍ਹੀ ਹੋਈ ਸੀ। ਚੋਣਾਂ ਦਾ ਅਮਲ ਆਰੰਭ ਹੋਣ ਤੋਂ ਪਹਿਲਾਂ ਹੀ ਇੱਥੇ ਸਿਰੇ ਦੀ ਉਥਲ-ਪੁਥਲ ਧਿਆਨ ਖਿੱਚ ਰਹੀ ਸੀ। ਜਿਸ ਤਰ੍ਹਾਂ 2017 ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਸਾਲ ਪਹਿਲਾਂ ਹੀ ਸਿਆਸੀ ਰੱਸਾਕਸ਼ੀ ਸ਼ੁਰੂ ਹੋ ਗਈ ਸੀ, ਇਸੇ ਤਰ੍ਹਾਂ ਸੂਬੇ ਵਿਚ ਲੋਕ ਸਭਾ ਚੋਣਾਂ ਤਾਂ ਕੀ, ਕੁਝ ਸਿਆਸੀ ਧੁਨੰਤਰਾਂ ਨੇ ਤਾਂ 2022 ਵਾਲੀਆਂ ਵਿਧਾਨ ਸਭਾ ਚੋਣਾਂ ਦਾ ਧਿਆਨ ਧਰ ਕੇ ਸਿਆਸੀ ਗੋਟੀਆਂ ਸੁੱਟੀਆਂ ਹੋਈਆਂ ਹਨ।

ਰੱਤੀ ਭਰ ਵੀ ਸਿਆਸੀ ਟੋਹ ਰੱਖਣ ਵਾਲਿਆਂ ਨੂੰ ਪਿਛਲੇ ਸਾਲ ਲੱਗਿਆ ਬਰਗਾੜੀ ਵਾਲਾ ਮੋਰਚਾ ਅਤੇ ਉੱਥੇ ਉਮੜ ਉਮੜ ਢੁੱਕੇ ਮੁਲਖੱਈਏ ਦਾ ਚੇਤਾ ਜ਼ਰੂਰ ਹੋਵੇਗਾ। ਉਦੋਂ ਵੀ ਕੁੱਝ ਸਿਆਣਿਆਂ ਨੂੰ ਮੁਲਖੱਈਏ ਦੇ ਇਸ ਹੜ੍ਹ ਵਿਚੋਂ ਸੂਬੇ ਅੰਦਰ ਤੀਜੇ ਮੋਰਚੇ ਦੀਆਂ ਤਾਂਘਾਂ ਉੱਸਲਵੱਟੇ ਲੈਂਦੀਆਂ ਜਾਪਣ ਲੱਗ ਪਈਆਂ ਸਨ। ਅਸਲ ਵਿਚ ਅੱਜ ਦੀ ਸਿਆਸਤ, ਚੋਣ-ਸਿਆਸਤ ਦੀ ਦਲ ਦਲ ਵਿਚ ਇੰਨੀ ਡੂੰਘੀ ਧਸ ਚੁੱਕੀ ਹੈ ਕਿ, ਕੀ ਕੋਈ ਪਾਰਟੀ ਤੇ ਕੀ ਕੋਈ ਆਗੂ, ਤਕਰੀਬਨ ਸਾਰਿਆਂ ਨੂੰ ਇਸ ਤੋਂ ਪਾਰ ਕੁਝ ਨਜ਼ਰ




ਨਹੀਂ ਆਉਂਦਾ। ਇਕ ਤੋਂ ਦੂਜੀ ਪਾਰਟੀ ਅੰਦਰ ਅਨੈਤਿਕ ਅਤੇ ਸਿਰੇ ਦੀਆਂ ਅਸ਼ਲੀਲ ਛਾਲਾਂ ਐਵੇਂ ਨਹੀਂ ਵੱਜ ਰਹੀਆਂ। ਸ਼ਾਇਦ ਇਸੇ ਕਰਕੇ ਸਾਡੇ ਕਾਣੇ-ਮੀਣੇ ਸਿਆਸੀ ਆਗੂ ਅਤੇ ਢਾਂਚਾ ਇਸ ਪੱਖੋਂ ਪੂਰੀ ਤਰ੍ਹਾਂ ਕਾਮਯਾਬ ਹਨ: ਲੋਕਾਈ ਇਸੇ ਗਧੀ-ਗੇੜ ਵਿਚ ਚੰਗੀ ਫਾਹੀ ਗਈ ਹੈ। ਹੁਣ ਨਾ ਕੋਈ ਹੀਲ ਨਾ ਹੁੱਜਤ! ਜਮਹੂਰੀਅਤ ਦੇ ਸਿਆਸੀ ਪਿੜ ਵਿਚ ਸੱਤਾਵਾਦੀਆਂ ਦੀ ਪਹਿਲੀ ਜਿੱਤ ਪਹਿਲਾਂ ਹੀ ਦਰਜ ਹੋ ਚੁੱਕੀ ਹੈ, ਭਾਵੇਂ ਇਸ ਦੀ ਕੀਮਤ ਬਹੁਤ ਜ਼ਿਆਦਾ ਹੈ: ਇਹ ਅਵਾਮ ਦੀ ਲੱਕ ਤੋੜਵੀਂ ਹਾਰ ਦੇ ਤੁੱਲ ਹੈ! ... ਤੇ ਅਵਾਮ ਨੂੰ ਇਸ ਦੀ ਖਬਰ ਤੱਕ ਨਹੀਂ!

ਪੰਜਾਬ ਇਸ ਵੇਲੇ ਇਸ ਅਖੌਤੀ ਸਿਆਸਤ ਦੀ ਜਿੱਤ ਅਤੇ ਅਵਾਮ ਦੀ ਹਾਰ ਦੀ ਮਿਸਾਲ ਪੇਸ਼ ਕਰ ਰਿਹਾ ਹੈ। ਪੰਜਾਬ ਨਾਲ ਜੁੜੀ ਇਹ ਦੰਦ-ਕਥਾ ਹੁਣ ਕਥਾ ਹੀ ਰਹਿ ਚੱਲੀ ਹੈ ਕਿ ਇਹ ਹਰ ਪੰਦਰੀਂ-ਵੀਹੀਂ ਸਾਲੀਂ ਭਬਕਾ ਜ਼ਰੂਰ ਮਾਰਦਾ ਹੈ। ਹੁਣ ਤਾਂ ਇਹ ਬਿਨਾ ਕੋਈ ਚੂੰ-ਚਰਾਂ ਕੀਤਿਆਂ ਜਹਾਜ਼ੇ ਚੜ੍ਹਨ ਲਈ ਕਤਾਰ ਵਿਚ ਖੜ੍ਹਾ ਆਪਣੀ ਵਾਰੀ ਦੀ ਉਡੀਕ ਕਰ ਰਿਹਾ ਹੈ; ਜਾਂ ਫਿਰ ਕੰਧਾਂ-ਕੌਲਿਆਂ ਓਹਲੇ ਬੈਠਾ ਆਪਣੇ ਅੰਦਰ ਨਸ਼ੇ ਸੁੱਟ ਰਿਹਾ ਹੈ ਜਾਂ ਫਿਰ ਰਹਿੰਦਾ-ਖੂੰਹਦਾ, ਡੱਬ ਵਿਚ ਪਿਸਤੌਲ ਫਸਾਈ ਸੱਤਵੇਂ ਆਸਮਾਨੀਂ ਚੜ੍ਹਿਆ ਹੋਇਆ ਹੈ।

ਇਸੇ ਕਰਕੇ ਚੋਣ ਪ੍ਰਚਾਰ ਦੌਰਾਨ ਵੱਖ ਵੱਖ ਆਗੂਆਂ ਉਤੇ ਹੋ ਰਹੀ ਸਵਾਲਾਂ ਦੀ ਵਾਛੜ ਵਿਚੋਂ ਹੀ ਮੁਲਖੱਈਆ ਹੁਣ ਸਿਆਸੀ ਤਸੱਲੀਆਂ ਤਸਲੀਮ ਕਰ ਰਿਹਾ ਹੈ। ਕੁਝ ਅਰਸਾ ਪਹਿਲਾਂ ਸੋਸ਼ਲ ਮੀਡੀਆ ਦੀਆਂ ਮਸਨੂਈ ਫਹੁੜੀਆਂ ਸਹਾਰੇ ਚੱਲੀ ਨਸ਼ਾ ਵਿਰੋਧੀ ਮੁਹਿੰਮ ਦਾ ਹਸ਼ਰ ਕਿਸੇ ਤੋਂ ਲੁਕਿਆ ਹੋਇਆ ਨਹੀਂ। ਇਹ ਡਰ ਤਾਂ ਹੁਣ ਵੀ ਹੈ: ਸਵਾਲਾਂ ਦੀ ਇਹ ਝੜੀ ਕਿਤੇ ਇਸੇ ਮੁਹਿੰਮ ਵਾਂਗ ਸੁਸਰੀ ਵਾਂਗ ਤਾਂ ਨਹੀਂ ਸੌਂ ਜਾਵੇਗੀ? ਕਿਉਂਕਿ ਸਵਾਲਾਂ ਦੀ ਇਸ ਝੜੀ ਨੂੰ ਸਿਆਸਤ ਵਿਚ ਪਲਟਾਉਣ ਵਾਲਾ ਤਾਂ ਕਿਤੇ ਕੋਈ ਨਜ਼ਰੀਂ ਨਹੀਂ ਪੈ ਰਿਹਾ!

ਉਂਜ, ਇਹ ਵੀ ਪੂਰਾ ਸੱਚ ਨਹੀਂ ਕਿ ਪੰਜਾਬ ਕਿਤੇ ਲੜ-ਭਿੜ ਨਹੀਂ ਰਿਹਾ। ਇਹ ਲੜਾਈਆਂ ਭਾਵੇਂ ਨਿੱਕੀਆਂ ਹੀ ਸਹੀ, ਕਿਤੇ ਨਾ ਕਿਤੇ ਚੱਲ ਜ਼ਰੂਰ ਰਹੀਆਂ ਹਨ। ਸਿਤਮਜ਼ਰੀਫੀ ਇਹ ਹੈ ਕਿ ਇਨ੍ਹਾਂ ਲੜਾਈਆਂ ਦੀ ਮਾਰ ਤਿੰਨ ਇੰਚੀ ਚਾਕੂ ਜਿੰਨੀ ਵੀ ਨਹੀਂ। ਵੱਖ ਵੱਖ ਥਾਈਂ ਚੱਲਦੀਆਂ ਨਿੱਕੀਆਂ ਨਿੱਕੀਆਂ ਲੜਾਈਆਂ ਬੱਸ ਨਿੱਕੀਆਂ, ਮੁਕਾਮੀ ਲੜਾਈਆਂ ਬਣ ਕੇ ਰਹਿ ਗਈਆਂ ਹਨ; ਐਨ ਉਸੇ ਤਰ੍ਹਾਂ ਜਿੰਦਾਂ ਚਿਣਗਾਂ ਛੱਡਦੀਆਂ ਖਬਰਾਂ ਵੀ ਅਖਬਾਰਾਂ ਦੇ ਮੁਕਾਮੀ (ਲੋਕਲ) ਅਡੀਸ਼ਨਾਂ ਵਿਚ ਅਕਸਰ ਰੁਲ ਕੇ ਰਹਿ ਜਾਂਦੀਆਂ ਹਨ। ਹਿੰਦੀ ਸ਼ਾਇਰ ਕੁਮਾਰ ਵਿਕਲ ਨੇ ਚਿਰ ਪਹਿਲਾਂ ਆਪਣੀ ਇਕ ਕਵਿਤਾ ਵਿਚ ਅਜਿਹੀਆਂ ਨਿੱਕੀਆਂ ਨਿੱਕੀਆਂ ਲੜਾਈਆਂ ਦੇ ਜੁੜਤ ਨਾਲ ਵੱਡੀ ਲੜਾਈ ਦੀ ਪੇਸ਼ੀਨਗੋਈ ਕੀਤੀ ਸੀ ਪਰ ਅੱਜ ਇਨ੍ਹਾਂ ਨਿੱਕੀਆਂ ਲੜਾਈਆਂ ਦਾ ਦਮ ਅੱਧ ਵਿਚਾਲੇ ਟੁੱਟ ਰਿਹਾ ਹੈ, ਜਾਂ ਕਹਿਣਾ ਪਵੇਗਾ ਕਿ ਦਮ ਅੱਧ ਵਿਚਾਲੇ ਤੋੜ ਸੁੱਟਣ ਲਈ ਪੂਰਾ ਬੰਨ੍ਹ-ਸੁਬ ਬਣ ਗਿਆ ਹੋਇਆ ਹੈ।

ਇਸ ਦਮਖਮ ਲਈ ਜਿਹੜੀ ਸਿਆਸਤ ਦਰਕਾਰ ਹੈ, ਉਹ ਫਿਲਹਾਲ ਨਦਾਰਦ ਹੈ। ਅਜਿਹੀ ਸਿਆਸਤ ਦੀ ਲਿਸ਼ਕੋਰ ਚੰਡੀਗੜ੍ਹ ਅਤੇ ਪਟਿਆਲੇ ਵਾਲੀਆਂ ਯੂਨੀਵਰਸਿਟੀ ਵਿਚ ਦੇਖਣ ਨੂੰ ਮਿਲੀ ਸੀ। ਚੰਡੀਗੜ੍ਹ ਵਾਲੀ ਸਿਆਸਤ ਦੀ ਹਾਜ਼ਰੀ ਤਾਂ ਸਿਆਸੀ ਪਿੜ ਵਿਚ ਪੂਰੀ ਟੁਣਕਵੀਂ ਲੱਗੀ ਹਾਲਾਂਕਿ ਪਟਿਆਲੇ ਵਾਲੀ ਲੜਾਈ ਦੌਰਾਨ ਅਥਾਰਿਟੀਜ਼ ਦੀ ਤਾਕਤ ਦੇ ਨਾਲ ਨਾਲ ਬੁਰਛਾਗਰਦੀ ਦੀ ਤਾਕਤ ਨੂੰ ਸ਼ਾਇਦ ਸਹੀ ਪ੍ਰਸੰਗ ਵਿਚ ਜੋਖਿਆ ਨਹੀਂ ਜਾ ਸਕਿਆ। ਉਂਜ, ਦੋਹਾਂ ਲੜਾਈਆਂ ਦੀ ਖੂਬਸੂਰਤੀ ਅੜੇ ਰਹਿਣ ਦੀ ਹੀ ਸੀ। ਇਨ੍ਹਾਂ ਲੜਾਈਆਂ ਦੀ ਅਗਵਾਈ ਕਰਨ ਵਾਲੇ ਵਿਦਿਆਰਥੀ ਪੰਜਾਬ ਦੇ ਪਿੰਡਾਂ-ਕਸਬਿਆਂ ਵਿਚੋਂ ਹੀ ਆਏ ਹਨ। ਪੰਜਾਬ ਦੀ ਸਿਆਸਤ ਵਿਚ ਆਇਆ ਜਮੂਦ ਵੀ ਦਰਅਸਲ, ਕਿਤੇ ਅੜਨ-ਖੜ੍ਹਨ ਵਾਲੀ ਸਿਆਸੀ ਜਮਾਤ ਨੇ ਹੀ ਤੋੜਨਾ ਹੈ। ਜਿੰਨਾ ਚਿਰ ਇਹ ਜਮੂਦ ਨਹੀਂ ਟੁੱਟਦਾ, ਸਿਫਤੀ ਤਬਦੀਲੀ ਦੀ ਆਸ ਰੱਖਣਾ ਬੇਮਆਨਾ ਹੈ ਜਾਂ ਖੁਦ ਨੂੰ ਝੂਠੀਆਂ ਤਸੱਲੀਆਂ ਤੋਂ ਵੱਧ ਕੁਝ ਵੀ ਨਹੀਂ। ਚੋਣਾਂ ਦੇ ਡਗੇ 'ਤੇ ਜਮਹੂਰੀਅਤ ਦਾ ਨਾਚ ਵਿਚ ਭਾਈਵਾਲ ਬਣਨ ਵਾਲੇ ਰਤਾ ਆਪੋ-ਆਪਣੇ ਖੋਲਾਂ ਵਿਚੋਂ ਬਾਹਰ ਨਿੱਕਲ ਕੇ ਇਸ ਹਾਲਾਤ ਨੂੰ ਜੋਖਣ।

ਜੇ ਅਜਿਹਾ ਨਹੀਂ ਹੁੰਦਾ ਤਾਂ ਹਰ ਵਾਰ ਵਾਂਗ ਲੋਕ-ਭਰਮਾਊ ਸਿਆਸਤ ਕਰਨ ਵਾਲੇ ਬਾਦਲ, ਕੈਪਟਨ ਜਾਂ ਮੋਦੀ, ਰਾਹੁਲ ਸਿਆਸੀ ਪਿੜ ਵਿਚੋਂ ਉਖੜਨ ਦੇ ਬਾਵਜੂਦ, ਸਮਾਂ ਪਾ ਕੇ ਵਾਪਸੀ ਕਰਦੇ ਰਹਿਣਗੇ। ਇਸ ਲਈ ਹੁਣ ਮਸਲਾ ਵੱਖ ਵੱਖ ਪਾਰਟੀਆਂ ਤੇ ਸਰਕਾਰਾਂ ਦੀਆਂ ਨਾਕਾਮੀਆਂ ਅਤੇ ਜ਼ਿਆਦਤੀਆਂ ਦਾ ਨਹੀਂ, ਢਾਂਚੇ ਦੀਆਂ ਸੂਖਮ ਮਾਰਾਂ ਅਤੇ ਆਰਾਂ ਨੂੰ ਸਮਝਣ ਦਾ ਹੈ। ਇਕ ਸਦੀ ਪਹਿਲਾਂ ਇਹ ਕਾਰਜ ਸਾਡੇ ਗਦਰੀ ਪੁਰਖਿਆਂ ਨੇ ਕੀਤਾ ਸੀ ਅਤੇ ਉਹ ਹਜ਼ਾਰਾਂ ਮੀਲਾਂ ਦੇ ਪੈਂਡੇ ਝਾਗ ਕੇ ਮੈਦਾਨ ਅੰਦਰ ਪੁੱਜ ਗਏ ਸਨ। ਹੁਣ ਅੱਜ ਦੇ ਜੁੱਗ ਦੇ ਵਾਰਸਾਂ ਦੀ ਵਾਰੀ ਹੈ ਅਤੇ ਮਸਲਾ ਸਿਰਫ ਆਪੋ-ਆਪਣੇ ਖੋਲਾਂ ਵਿਚੋਂ ਬਾਹਰ ਨਿੱਕਲਣ ਦਾ ਹੈ। ਇਹ ਹੰਭਲਾ ਜਮਹੂਰੀਅਤ ਦੇ ਅਖੌਤੀ ਨਾਚ ਤੋਂ ਰੱਤੀ ਭਰ ਵੀ ਹੀਣਾ ਨਹੀਂ ਹੋਣਾ ਚਾਹੀਦਾ, ਤਾਂ ਹੀ ਕਿਤੇ ਕੁੱਝ ਸੌਰਨ ਦੀ ਉਮੀਦ ਬੱਝ ਸਕਦੀ ਹੈ।

# ਸੁਪਰੀਮ ਕੋਰਟ ਵਿਰੁਧ ਮੁਜ਼ਾਹਰੇ, ਆਖਿਰ ਕਿਉਂ?

ਇਸ ਵਕਤ ਲੋਕ ਸਭਾ ਚੋਣਾਂ ਦਾ ਸਿਆਸੀ ਮਾਹੌਲ ਭਖਿਆ ਹੋਣ ਦੇ ਨਾਲ ਨਾਲ ਸੁਪਰੀਮ ਕੋਰਟ ਦੇ ਚੀਫ ਜਸਟਿਸ ਉਪਰ ਲੱਗੇ ਇਲਜ਼ਾਮਾਂ ਨੂੰ ਲੈ ਕੇ ਉਠਿਆ ਤੂਫਾਨ ਵੀ ਜ਼ੋਰਾਂ 'ਤੇ ਹੈ। ਵਿਰੋਧ ਨੂੰ ਦਬਾਉਣ ਲਈ ਮੁਜ਼ਾਹਰਾਕਾਰੀਆਂ ਦੀਆਂ ਵਾਰ ਵਾਰ ਗ੍ਰਿਫਤਾਰੀਆਂ ਤੋਂ ਸਰਵਉਚ ਅਦਾਲਤ ਅਤੇ ਸੱਤਾ ਦੀ ਬੁਖਲਾਹਟ ਤੇ ਕਾਨੂੰਨੀ ਅਮਲ ਪ੍ਰਤੀ ਬੇਪ੍ਰਵਾਹੀ ਜ਼ਾਹਰ ਹੋ ਰਹੀ ਹੈ। ਲੇਕਿਨ ਸਵਾਲ ਇਹ ਹੈ ਕਿ ਚੀਫ ਜਸਟਿਸ ਸਮੇਤ ਸਰਵਉਚ ਅਦਾਲਤ ਅਤੇ ਹੁਕਮਰਾਨਾਂ ਦੇ ਖੁੱਲ੍ਹੇਆਮ ਧੱਕੜ ਰਵੱਈਏ ਦੇ ਆਲਮ ਵਿਚ ਕੀ ਉਸ ਔਰਤ ਦੇ ਮਾਮਲੇ ਦੀ ਕੋਈ ਸਹੀ ਜਾਂਚ ਹੋਵੇਗੀ ਜਿਸ ਨੇ ਐਨੇ ਵੱਡੇ ਇਲਜ਼ਾਮ ਲਗਾਉਣ ਦਾ ਜੇਰਾ ਕੀਤਾ ਹੈ?

ਹਿੰਦੁਸਤਾਨੀ ਨਿਆਂ ਪ੍ਰਣਾਲੀ ਵਿਚ ਨਿਆਂ ਸ਼ਾਸਤਰ ਦੀ ਅਣਦੇਖੀ ਅਤੇ ਪੱਖਪਾਤੀ ਫੈਸਲੇ ਪਹਿਲੇ ਵੀ ਹੁੰਦੇ ਰਹੇ; ਲੇਕਿਨ ਮੋਦੀ ਦੇ ਪੰਜ ਸਾਲ ਦੇ ਰਾਜ ਵਿਚ ਤਾਂ ਨਿਆਂ ਪ੍ਰਨਾਲੀ ਉਪਰ ਸੱਤਾ ਦਾ ਦਬਾਅ ਅਤੇ ਦਖਲਅੰਦਾਜ਼ੀ ਇਸ ਕਦਰ ਹੱਦਾਂ ਟੱਪ ਗਏ ਕਿ ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜਾਂ ਨੇ ਖੁੱਲ੍ਹੇਆਮ ਪ੍ਰੈਸ ਕਾਨਫਰੰਸ

ਬੂਟਾ ਸਿੰਘ
ਫੋਨ: +91-94634-74342

ਕਰਕੇ ਚੀਫ ਜਸਟਿਸ ਦੇ ਕੰਮ ਢੰਗ ਅਤੇ ਕਾਰਗੁਜ਼ਾਰੀ ਨੂੰ ਜਮਹੂਰੀਅਤ ਲਈ ਖਤਰਾ ਕਰਾਰ ਦੇ ਦਿੱਤਾ। ਫੌਰੀ ਮੁੱਦਾ ਜਸਟਿਸ ਲੋਇਆ ਦੀ ਸ਼ੱਕੀ ਹਾਲਾਤ ਵਿਚ ਹੋਈ ਮੌਤ ਬਣਿਆ ਜਿਸ ਨੂੰ ਲੈ ਕੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੀ ਭੂਮਿਕਾ ਅੱਜ ਵੀ ਸਵਾਲਾਂ ਦੇ ਘੇਰੇ ਵਿਚ ਹੈ। ਚਾਰ ਸਭ ਤੋਂ ਸੀਨੀਅਰ ਜੱਜਾਂ ਦੇ ਇਲਜ਼ਾਮਾਂ ਦਾ ਨਿਚੋੜ ਇਹ ਸੀ ਕਿ ਤੱਤਕਾਲੀ ਚੀਫ ਜਸਟਿਸ ਦੀਪਕ ਮਿਸ਼ਰਾ ਮੋਦੀ ਵਜ਼ਾਰਤ ਦਾ ਹੱਥ ਠੋਕਾ ਬਣ ਚੁੱਕਾ ਹੈ ਅਤੇ ਉਸ ਵਲੋਂ ਬਹੁਤ ਹੀ ਸੰਵੇਦਨਸ਼ੀਲ ਮਾਮਲੇ ਆਪਣੇ ਹੱਥ ਵਿਚ ਰੱਖੇ ਜਾਂਦੇ ਹਨ ਅਤੇ ਐਸੇ ਮਾਮਲਿਆਂ ਦੀ ਸੁਣਵਾਈ ਲਈ ਜੱਜਾਂ ਦੇ ਬੈਂਚ ਬਣਾਏ ਜਾਣ ਸਮੇਂ ਆਪਣੇ ਅਧਿਕਾਰਾਂ ਦਾ ਨਜਾਇਜ਼ ਇਸਤੇਮਾਲ ਕਰਕੇ ਸੱਤਾਧਾਰੀ ਸੰਘ ਨੂੰ ਫਾਇਦਾ ਪਹੁੰਚਾਇਆ ਜਾ ਰਿਹਾ ਹੈ। ਇਨ੍ਹਾਂ ਚਾਰ ਸੀਨੀਅਰ ਜੱਜਾਂ ਵਿਚ ਰੰਜਨ ਗੋਗੋਈ ਵੀ ਸੀ ਜੋ ਹੁਣ ਸੁਪਰੀਮ ਕੋਰਟ ਦੇ ਚੀਫ ਜਸਟਿਸ ਹਨ।

ਉਸ ਵਕਤ ਵੀ ਸੰਜੀਦਾ ਵਿਸ਼ਲੇਸ਼ਣਕਾਰਾਂ ਨੇ ਇਹ ਸਵਾਲ ਉਠਾਇਆ ਸੀ ਕਿ ਬੇਸ਼ੱਕ ਚਾਰ ਸੀਨੀਅਰ ਜੱਜਾਂ ਵਲੋਂ ਲਗਾਏ ਇਲਜ਼ਾਮਾਂ ਦੀ ਸਚਾਈ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ, ਲੇਕਿਨ ਚੀਫ ਜਸਟਿਸ ਦੀ ਭੂਮਿਕਾ ਬਾਰੇ ਇਸ ਸਨਸਨੀਖੇਜ਼ ਖੁਲਾਸੇ ਪਿੱਛੇ ਸਰਵਉਚ ਅਦਾਲਤ ਦੀ ਕਾਰਗੁਜ਼ਾਰੀ ਨੂੰ ਦਰੁਸਤ ਕਰਨ ਦੀ ਬਜਾਏ ਇਨ੍ਹਾਂ ਜੱਜਾਂ ਦੇ ਆਪਣੇ ਸੌੜੇ ਹਿਤ ਕੰਮ ਕਰਦੇ ਹੋਣ ਦੀ ਸੰਭਾਵਨਾ ਜ਼ਿਆਦਾ ਹੈ। ਸਵਾਲ ਤਾਂ ਇਹ ਵੀ ਸਨ ਕਿ ਇਨ੍ਹਾਂ ਚਾਰਾਂ ਦੇ ਆਪਣੇ ਚਿਹਰੇ ਕਿੰਨੇ ਕੁ ਬੇਦਾਗ ਹਨ। ਜ਼ਿਆਦਾ ਵਕਤ ਨਹੀਂ ਲੱਗਿਆ ਕਿ ਇਹ ਖਦਸ਼ੇ ਸੱਚ ਸਾਬਤ ਹੋ ਗਏ। ਪਿਛਲੇ ਦਿਨੀਂ ਚੀਫ ਜਸਟਿਸ ਗੋਗੋਈ ਖੁਦ ਹੀ ਨਾ ਸਿਰਫ ਮਹਾਂ ਵਿਵਾਦ ਵਿਚ ਘਿਰ ਗਏ ਸਗੋਂ ਉਨ੍ਹਾਂ ਦਾ ਕੰਮ ਢੰਗ ਵੀ ਉਸੇ ਤਰ੍ਹਾਂ ਦਾ ਆਪਹੁਦਰਾ ਸਾਹਮਣੇ ਆਇਆ ਜੋ ਇਲਜ਼ਾਮ ਉਨ੍ਹਾਂ ਨੇ ਆਪਣੇ ਸਾਬਕਾ ਹਮ-ਰੁਤਬਾ ਦੀਪਕ ਮਿਸ਼ਰਾ ਉਪਰ ਲਗਾਏ ਸਨ।

ਪਿਛਲੇ ਦਿਨੀਂ ਸੁਪਰੀਮ ਕੋਰਟ ਦੀ ਇਕ ਸਹਾਇਕ ਕੋਰਟ ਅਸਿਸਟੈਂਟ ਨੇ ਸਰਵਉਚ ਅਦਾਲਤ ਦੇ ਜੱਜਾਂ ਨੂੰ ਬਾਕਾਇਦਾ ਹਲਫਨਾਮੇ ਦੇ ਰੂਪ ਵਿਚ ਸ਼ਿਕਾਇਤ ਭੇਜ ਕੇ ਇਲਜ਼ਾਮ ਲਗਾਇਆ ਕਿ ਜਸਟਿਸ ਰੰਜਨ ਗੋਗੋਈ ਨੇ ਉਸ ਦਾ ਜਿਨਸੀ ਸ਼ੋਸ਼ਣ ਕਰਨ ਦਾ ਯਤਨ ਕੀਤਾ ਸੀ। ਵਿਰੋਧ ਕੀਤੇ ਜਾਣ 'ਤੇ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ, ਮਕਾਨ ਖਾਲੀ ਕਰਵਾ ਲਿਆ ਗਿਆ ਅਤੇ ਦਿੱਲੀ ਪੁਲਿਸ ਵਿਚ ਨੌਕਰੀ ਕਰ ਰਹੇ ਉਸ ਦੇ ਪਤੀ ਤੇ ਦਿਓਰ ਨੂੰ ਵੀ ਮੁਅੱਤਲ ਕਰ ਦਿੱਤਾ ਗਿਆ। ਇਹ ਗੰਭੀਰ ਇਲਜ਼ਾਮ ਉਸ ਵਲੋਂ ਮੂੰਹ ਜ਼ਬਾਨੀ ਜਾਂ ਮੀਡੀਆ ਵਿਚ ਨਹੀਂ ਲਗਾਏ ਸਗੋਂ ਸੁਪਰੀਮ ਕੋਰਟ ਦੇ 22 ਜੱਜਾਂ ਨੂੰ ਬਾਕਾਇਦਾ ਹਲਫਨਾਮਾ ਦੇ ਕੇ ਲਗਾਏ ਗਏ। ਇਖਲਾਕ ਅਤੇ ਨਿਆਂ ਦਾ ਤਕਾਜ਼ਾ ਤਾਂ ਇਹ ਸੀ ਕਿ ਚੀਫ ਜਸਟਿਸ ਆਪਣੇ ਅਹੁਦੇ ਤੋਂ ਅਸਤੀਫਾ ਦਿੰਦੇ ਅਤੇ ਸੁਪਰੀਮ ਕੋਰਟ ਵਲੋਂ ਇਸ ਮਾਮਲੇ ਦੀ ਜਾਂਚ ਲਈ ਕਾਇਦੇ ਅਨੁਸਾਰ ਕਮੇਟੀ ਬਣਾਈ ਜਾਂਦੀ। ਇਸ ਦੀ ਬਜਾਏ ਚੀਫ ਜਸਟਿਸ ਨੇ ਇਸ ਨੂੰ ਨਾ ਸਿਰਫ ਆਪਣੇ ਖਿਲਾਫ ਸਗੋਂ ਪੂਰੀ ਸੁਪਰੀਮ ਕੋਰਟ ਵਿਰੁਧ ਸਾਜ਼ਿਸ਼ ਕਰਾਰ ਦੇ ਕੇ ਰਫਾ-ਦਫਾ ਕਰਨ ਦੀ ਕੋਸ਼ਿਸ਼ ਕੀਤੀ। ਜਿਸ ਮੋਦੀ ਵਜ਼ਾਰਤ ਨੇ ਚਾਰ ਜੱਜਾਂ ਦੀ ਪ੍ਰੈਸ ਕਾਨਫਰੰਸ ਨੂੰ ਭਾਜਪਾ ਵਿਰੁਧ ਸਾਜ਼ਿਸ਼ ਕਰਾਰ ਦੇ ਕੇ ਮਾਮਲੇ ਨੂੰ ਦਬਾਉਣਾ ਚਾਹਿਆ ਸੀ ਉਸ ਨੂੰ ਹੁਣ ਚੀਫ ਜਸਟਿਸ ਵਿਰੁਧ ਇਕ ਔਰਤ ਵਲੋਂ ਲਗਾਏ ਇਲਜ਼ਾਮ ਨਿਆਂ ਪ੍ਰਣਾਲੀ ਵਿਰੁਧ ਸਾਜ਼ਿਸ਼ ਨਜ਼ਰ ਆਉਣੇ ਸ਼ੁਰੂ ਹੋ ਗਏ। ਜਾਂਚ ਕਰਾਉਣ ਦੀ ਬਜਾਏ ਮੋਦੀ ਵਜ਼ਾਰਤ ਦਾ ਚਾਣਕਿਆ ਅਰੁਣ ਜੇਤਲੀ ਖੁੱਲ੍ਹੇਆਮ ਸ੍ਰੀ ਗੋਗੋਈ ਦੇ ਹੱਕ ਵਿਚ ਖੜ੍ਹ ਗਿਆ। ਸੰਘ ਬ੍ਰਿਗੇਡ ਦੀ 'ਸਾਜ਼ਿਸ਼' ਦੀ ਕਹਾਣੀ ਪੇਸ਼ ਕਰਨੀ ਸ਼ੁਰੂ ਕਰ ਦਿੱਤੀ ਗਈ। ਜੇਤਲੀ ਵਲੋਂ ਵਿਵਾਦਾਂ ਵਿਚ ਘਿਰੇ ਚੀਫ ਜਸਟਿਸ ਦੀ ਤਰਫਦਾਰੀ ਕੀਤੇ ਜਾਣ ਨਾਲ ਇਹ ਕਿਆਸ ਅਰਾਈਆਂ ਸੱਚੇ ਜਾਪਣ ਲੱਗੀਆਂ ਕਿ ਚੀਫ ਜਸਟਿਸ ਦੇ ਅਹੁਦੇ ਉਪਰ ਸ੍ਰੀ ਗੋਗੋਈ ਦੀ ਨਿਯੁਕਤੀ ਸੰਘ ਬ੍ਰਿਗੇਡ ਨਾਲ ਕਿਸੇ ਲੈ-ਦੇ ਤਹਿਤ ਹੋਈ ਹੈ। ਐਸੀਆਂ ਕਿਆਸ ਅਰਾਈਆਂ ਬੇਬੁਨਿਆਦ ਨਹੀਂ, ਸੰਘ ਬ੍ਰਿਗੇਡ ਨਾਲ ਸਬੰਧਤ ਅਨੇਕਾਂ ਵੱਡੇ ਮਾਮਲੇ ਉਚ ਅਦਾਲਤਾਂ ਵਿਚ ਸੁਣਵਾਈ ਅਧੀਨ ਹਨ ਜਿਨ੍ਹਾਂ ਦੀ ਸੁਣਵਾਈ ਲੋਕ ਸਭਾ ਚੋਣਾਂ ਵਿਚ ਸੰਘ ਲਈ ਵੱਡੀ ਪ੍ਰੇਸ਼ਾਨੀ ਪੈਦਾ ਕਰ ਸਕਦੀ ਸੀ।

ਇਸ ਦੌਰਾਨ ਉਤਸਵ ਬੈਂਸ ਨਾਂ ਦੇ ਵਕੀਲ ਨੇ ਹਲਫਨਾਮਾ ਦੇ ਕੇ ਦਾਅਵਾ ਕੀਤਾ ਕਿ ਕਿਸੇ ਅਜੇ ਨਾਂ ਦੇ ਬੰਦੇ ਨੇ ਉਸ ਨੂੰ ਉਪਰੋਕਤ ਔਰਤ ਦਾ ਕੇਸ ਲੜਨ ਅਤੇ ਚੀਫ ਜਸਟਿਸ ਖਿਲਾਫ ਪ੍ਰੈਸ ਕਾਨਫਰੰਸ ਕਰਨ ਬਦਲੇ ਡੇਢ ਕਰੋੜ ਰੁਪਏ ਦੇਣ



ਜਸਟਿਸ ਰੰਜਨ ਗੋਗੋਈ

ਦੀ ਪੇਸ਼ਕਸ਼ ਕੀਤੀ ਸੀ। ਉਸ ਵਲੋਂ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਔਰਤ ਵਲੋਂ ਲਗਾਏ ਇਲਜ਼ਾਮ ਸੁਪਰੀਮ ਕੋਰਟ ਵਿਰੁਧ ਵੱਡੀ ਸਾਜ਼ਿਸ਼ ਹੈ ਜਿਸ ਦੇ ਪਿੱਛੇ 'ਵੱਡੇ ਬੰਦਿਆਂ' ਦਾ ਹੱਥ ਹੈ। ਸਵਾਲ ਇਹ ਹੈ ਕਿ ਇਹ ਸ਼ਖਸ ਔਰਤ ਵਲੋਂ ਪਟੀਸ਼ਨ ਦਾਇਰ ਕਰਨ ਤੋਂ ਬਾਅਦ ਹੀ ਇੰਨੀ ਵੱਡੀ ਸਾਜ਼ਿਸ਼ ਦਾ ਖੁਲਾਸਾ ਕਰਨ ਲਈ ਅੱਗੇ ਕਿਉਂ ਆਇਆ। ਪਹਿਲਾਂ ਕਿਉਂ ਨਹੀਂ ਬੋਲਿਆ?

ਸ੍ਰੀ ਗੋਗੋਈ ਵਲੋਂ ਇਸ ਸ਼ਿਕਾਇਤ ਦੀ ਸੁਣਵਾਈ ਲਈ ਜੋ ਤਰੀਕਾ ਅਖਤਿਆਰ ਕੀਤਾ ਗਿਆ, ਉਹ ਉਸ ਤੋਂ ਕਿਸੇ ਵੀ ਤਰ੍ਹਾਂ ਵੱਖਰਾ ਨਹੀਂ ਜਿਸ ਦੇ ਇਲਜ਼ਾਮ ਉਸ ਸਮੇਤ ਚਾਰ ਸੀਨੀਅਰ ਜੱਜਾਂ ਵਲੋਂ ਤਤਕਾਲੀ ਚੀਫ ਜਸਟਿਸ ਉਪਰ ਪ੍ਰੈਸ ਕਾਨਫਰੰਸ ਕਰਕੇ ਲਗਾਏ ਗਏ ਸਨ: ਅਹੁਦੇ ਅਤੇ ਅਧਿਕਾਰਾਂ ਦੀ ਤਾਕਤ ਦਾ ਗ਼ਲਤ ਇਸਤੇਮਾਲ। ਸ੍ਰੀ ਗੋਗੋਈ ਨੇ ਇਸ ਪਟੀਸ਼ਨ ਦੀ ਸੁਣਵਾਈ ਲਈ ਤਿੰਨ ਮੈਂਬਰੀ ਬੈਂਚ ਬਣਾਇਆ ਅਤੇ ਉਸ ਦਾ ਮੁਖੀ ਵੀ ਖੁਦ ਹੀ ਬਣ ਗਿਆ। ਕੁਲ ਆਲਮ ਦੇ ਨਿਆਂ ਸ਼ਾਸਤਰ ਵਿਚ ਇਹ ਸਥਾਪਤ ਰਵਾਇਤ ਹੈ ਕਿ ਮੁਲਜ਼ਮ ਨੂੰ ਜੱਜ ਨਹੀਂ ਬਣਾਇਆ ਜਾਂਦਾ।

ਯਾਦ ਰਹੇ, ਪਿਛਲੇ ਸਾਲ ਉਘੇ ਬੁੱਧੀਜੀਵੀਆਂ ਦੀ ਗ੍ਰਿਫਤਾਰੀ ਵਿਰੁੱਧ ਪਟੀਸ਼ਨ ਦੀ ਸੁਣਵਾਈ ਸਮੇਂ ਸੁਪਰੀਮ ਕੋਰਟ ਦੇ ਬੈਂਚ ਨੇ ਰੋਮਿਲਾ ਥਾਪਰ ਅਤੇ ਹੋਰ ਬੁੱਧੀਜੀਵੀਆਂ ਦੀ ਇਹ ਮੰਗ ਰੱਦ ਕਰ ਦਿੱਤੀ ਸੀ ਕਿ ਕਥਿਤ 'ਸ਼ਹਿਰੀ ਨਕਸਲੀ' ਮਾਮਲੇ ਦੀ ਜਾਂਚ ਸੁਪਰੀਮ ਕੋਰਟ ਵਲੋਂ ਵਿਸ਼ੇਸ਼ ਜਾਂਚ ਟੀਮ ਬਣਾ ਕੇ ਕਰਵਾਈ ਜਾਵੇ। ਇਸ ਮੰਗ ਨੂੰ ਰੱਦ ਕਰਦੇ ਵਕਤ ਦਲੀਲ ਇਹ ਦਿੱਤੀ ਗਈ ਕਿ ਇਹ ਅਦਾਲਤ ਨੇ ਸੋਚਣਾ ਹੈ ਕਿ ਮਾਮਲੇ ਦੀ ਵਿਸ਼ੇਸ਼ ਜਾਂਚ ਕਰਾਉਣ ਦੀ ਜ਼ਰੂਰਤ ਹੈ ਜਾਂ ਨਹੀਂ, ਪਟੀਸ਼ਨ ਕਰਤਾਵਾਂ ਨੂੰ ਇਹ ਸਲਾਹ ਦੇਣ ਦਾ ਹੱਕ ਨਹੀਂ; ਲੇਕਿਨ ਆਪਣੇ ਉਪਰ ਸੰਗੀਨ ਇਲਜ਼ਾਮ ਹੋਣ ਦੇ ਬਾਵਜੂਦ ਚੀਫ ਜਸਟਿਸ ਨਾ ਸਿਰਫ ਬੈਂਚ ਵਿਚ ਖੁਦ ਸ਼ਾਮਲ ਹੋ ਗਿਆ ਸਗੋਂ ਇਸ ਦਾ ਮੁਖੀ ਵੀ ਬਣ ਗਿਆ। ਇਸ ਜਲਦਬਾਜ਼ੀ ਅਤੇ ਨਿਆਂ ਸ਼ਾਸਤਰ ਤੇ ਅਦਾਲਤੀ ਰਵਾਇਤਾਂ ਦੀ ਘੋਰ ਉਲੰਘਣਾ ਦੀ ਇਸ ਤੋਂ ਬਿਨਾ ਕੋਈ ਕੋਈ ਵਿਆਖਿਆ ਨਹੀਂ ਬਣਦੀ ਕਿ ਇਸ ਮਾਮਲੇ ਵਿਚ ਕੁਝ ਐਸਾ ਗੰਭੀਰ ਹੈ ਜਿਸ ਉਪਰ ਪਰਦਾਪੋਸ਼ੀ ਲਈ ਐਨਾ ਤਾਣ ਲਗਾਉਣਾ ਪੈ ਰਿਹਾ ਹੈ। ਅਗਲਾ ਘਟਨਾਕ੍ਰਮ ਇਸ ਸ਼ੱਕ ਨੂੰ ਹੋਰ ਡੂੰਘਾ ਕਰਦਾ ਹੈ।

ਸੁਪਰੀਮ ਕੋਰਟ ਵੱਲੋਂ ਔਰਤ ਵਲੋਂ ਲਾਏ ਇਲਜ਼ਾਮਾਂ ਅਤੇ ਸਾਜ਼ਿਸ਼ ਦੇ ਇਲਜ਼ਾਮਾਂ ਦੀ ਜਾਂਚ ਲਈ ਦੋ ਕਮੇਟੀਆਂ ਬਣਾਈਆਂ ਗਈਆਂ। ਜਿਨਸੀ ਸ਼ੋਸ਼ਣ ਦੇ ਇਲਜ਼ਾਮਾਂ ਦੀ ਜਾਂਚ ਲਈ ਚੀਫ ਜਸਟਿਸ ਤੋਂ ਅਗਲੇ ਸੀਨੀਅਰ ਜੱਜ ਬੋਬੜੇ ਦੀ ਅਗਵਾਈ ਹੇਠ ਤਿੰਨ ਮੈਂਬਰੀ ਐਡਹਾਕ ਕਮੇਟੀ ਬਣਾਈ ਗਈ। ਕਮੇਟੀ ਬਣਾਏ ਜਾਣ ਵਕਤ ਔਰਤਾਂ ਦੇ ਜਿਨਸੀ ਸ਼ੋਸ਼ਣ ਸੰਬੰਧੀ 'ਵਿਸ਼ਾਖਾ ਜਜਮੈਂਟ' ਅਤੇ ਹੋਰ ਦਿਸ਼ਾ-ਨਿਰਦੇਸ਼ਾਂ ਦੀਆਂ ਧੱਜੀਆਂ ਉਡਾ ਦਿੱਤੀਆਂ ਗਈਆਂ। ਢੁੱਕਵੇਂ ਕਾਨੂੰਨੀ ਅਮਲ ਸਮੇਤ ਉਹ ਸਾਰੇ ਹੱਕ ਪੈਰਾਂ ਹੇਠ ਦਰੜ ਦਿੱਤੇ ਗਏ ਜੋ ਔਰਤਾਂ ਦੇ ਸਵੈਮਾਣ ਦੀ ਰਾਖੀ ਲਈ ਦਹਾਕਿਆਂ ਲੰਮੀਆਂ ਜੱਦੋਜਹਿਦਾਂ ਰਾਹੀਂ ਹਾਸਲ ਕੀਤੇ ਗਏ ਸਨ। ਐਨਾ ਸੰਗੀਨ ਇਲਜ਼ਾਮ ਅਤੇ ਕਮੇਟੀ ਐਡਹਾਕ! ਦੂਸਰੀ ਗੱਲ, ਐਸੇ ਮਾਮਲੇ ਦੀ ਜਾਂਚ ਲਈ ਕਮੇਟੀ ਦੇ ਬਹੁਗਿਣਤੀ ਮੈਂਬਰ ਔਰਤ ਹੋਣੇ ਜ਼ਰੂਰੀ ਹਨ ਅਤੇ ਇਕ ਮੈਂਬਰ ਉਸ ਅਦਾਰੇ ਤੋਂ ਬਾਹਰਲਾ ਹੋਣਾ ਜ਼ਰੂਰੀ ਹੈ ਜਿਥੇ ਜਿਨਸੀ ਸ਼ੋਸ਼ਣ ਦਾ ਮਾਮਲਾ ਵਾਪਰਿਆ ਹੋਵੇ। ਇਸ ਕਮੇਟੀ ਵਿਚ ਤਿੰਨੋਂ ਮੈਂਬਰ ਸੁਪਰੀਮ ਕੋਰਟ ਦੇ ਜੱਜ ਹੀ ਲਏ ਗਏ ਜਿਨ੍ਹਾਂ ਵਿਚੋਂ ਇਕ ਗੋਗੋਈ ਦੇ ਬਹੁਤ ਨੇੜੇ ਹੈ। ਇਸ ਨੂੰ ਲੈ ਕੇ ਨਵਾਂ ਵਿਵਾਦ ਖੜ੍ਹਾ ਹੋ ਗਿਆ ਅਤੇ ਇਹ ਦੇਖ ਕੇ ਚੀਫ ਜਸਟਿਸ ਦਾ ਨਜ਼ਦੀਕੀ ਜੱਜ ਕਮੇਟੀ ਤੋਂ ਪਾਸੇ ਹੋ ਗਿਆ। ਉਸ ਦੀ ਥਾਂ ਇਕ ਔਰਤ ਜਸਟਿਸ ਇੰਦੂ ਮਲਹੋਤਰਾ ਨੂੰ 'ਗ਼ੈਰਰਸਮੀ ਇਨ ਹਾਊਸ ਕਮੇਟੀ' ਵਿਚ ਸ਼ਾਮਲ ਕਰ ਲਿਆ ਗਿਆ। ਦੂਜੇ ਪਾਸੇ, ਸਾਜ਼ਿਸ਼ ਦੇ ਇਲਜ਼ਾਮਾਂ ਦੀ ਜਾਂਚ ਲਈ ਨਿਯੁਕਤ ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਪਟਨਾਇਕ ਨੇ ਸਾਫ ਕਹਿ ਦਿੱਤਾ ਕਿ ਜਦੋਂ ਤਕ ਗੋਗੋਈ ਉਪਰ ਲੱਗੇ ਇਲਜ਼ਾਮਾਂ ਦੀ ਜਾਂਚ ਪੂਰੀ ਨਹੀਂ ਹੁੰਦੀ ਉਹ ਸਾਜ਼ਿਸ਼ ਦੇ ਇਲਜ਼ਾਮਾਂ ਦੀ ਜਾਂਚ ਸ਼ੁਰੂ ਨਹੀਂ ਕਰੇਗਾ। ਜ਼ਾਹਿਰ ਹੈ ਜਦੋਂ ਤਕ ਖੁਦ ਨੂੰ ਕਾਨੂੰਨ ਤੋਂ ਉਪਰ ਸਮਝਣ ਵਾਲਾ ਚੀਫ ਜਸਟਿਸ ਆਪਣੇ ਅਹੁਦੇ ਉਪਰ ਬਰਕਰਾਰ ਹੈ ਨਿਰਪੱਖ ਜਾਂਚ ਸੰਭਵ ਹੀ ਨਹੀਂ। ਇਹੀ ਵਜ੍ਹਾ ਹੈ ਕਿ ਸ਼ੁਰੂ ਤੋਂ ਹੀ ਜਾਂਚ ਦਾ ਅਮਲ ਪੂਰੀ ਤਰ੍ਹਾਂ ਗ਼ੈਰਕਾਨੂੰਨੀ ਅਤੇ ਅਨੈਤਿਕ ਚਲਦਾ ਰਿਹਾ।

ਆਖਿਰਕਾਰ 7 ਮਈ ਨੂੰ ਤਿੰਨ ਮੈਂਬਰੀ ਕਮੇਟੀ ਦੀ ਰਿਪੋਰਟ ਆ ਗਈ ਕਿ ਸ਼ਿਕਾਇਤ ਕਰਤਾ ਦੇ ਇਲਜ਼ਾਮਾਂ ਵਿਚ 'ਕੋਈ ਦਮ ਨਹੀਂ'। ਨਾ ਇਹ ਰਿਪੋਰਟ ਸ਼ਿਕਾਇਤ ਕਰਤਾ ਨੂੰ ਦਿੱਤੀ ਗਈ ਹੈ ਅਤੇ ਨਾ ਜਨਤਕ ਕੀਤੀ ਗਈ ਹੈ ਲੇਕਿਨ ਚੀਫ ਜਸਟਿਸ ਨੂੰ ਕਲੀਨ ਚਿਟ ਮਿਲ ਗਈ ਹੈ। ਇਸ ਤੋਂ ਵੱਡਾ ਮਜ਼ਾਕ ਕੀ ਹੋ ਸਕਦਾ ਹੈ ਕਿ ਪੀੜਤ ਔਰਤ ਇਹ ਵੀ ਨਹੀਂ ਜਾਣ ਸਕਦੀ ਕਿ ਉਸ ਦੀ ਸ਼ਿਕਾਇਤ ਕਿਸ ਆਧਾਰ 'ਤੇ ਰੱਦ ਕੀਤੀ ਗਈ ਹੈ।

ਸਵਾਲ ਇਹ ਨਹੀਂ ਕਿ ਲਗਾਏ ਗਏ ਇਲਜ਼ਾਮ ਸੱਚੇ ਹਨ ਜਾਂ ਝੂਠੇ, ਸਭ ਤੋਂ ਵੱਡੀ ਫਿਕਰਮੰਦੀ ਐਸੇ ਸੰਗੀਨ ਇਲਜ਼ਾਮਾਂ ਦੀ ਨਿਰਪੱਖ ਜਾਂਚ ਲਈ ਢੁੱਕਵੇਂ ਅਮਲ ਦੀ ਉਲੰਘਣਾ ਕੀਤੇ ਜਾਣ ਨੂੰ ਲੈ ਕੇ ਹੈ। ਸ਼ਿਕਾਇਤ ਕਰਤਾ ਦਾ ਪੱਖ ਸੁਣਨ ਲਈ ਢੁੱਕਵਾਂ ਮੌਕਾ ਮੁਹੱਈਆ ਨਹੀਂ ਕੀਤਾ ਗਿਆ। ਜਦੋਂ ਉਸ ਵਲੋਂ ਇਕ ਮਈ ਨੂੰ 'ਡਰ, ਚਿੰਤਾ ਅਤੇ ਸਦਮੇ' ਕਾਰਨ ਸ਼ਿਕਾਇਤ ਵਾਪਸ ਲੈ ਲਈ, ਫਿਰ ਜਾਂਚ ਦਾ ਅਮਲ ਇਕਤਰਫਾ ਚਲਾ ਕੇ ਰਿਪੋਰਟ ਪੇਸ਼ ਕਰ ਦਿੱਤੀ ਗਈ। ਢੁਕਵੇਂ ਸੁਰੱਖਿਅਤ ਮਾਹੌਲ ਵਿਚ ਸ਼ਿਕਾਇਤ ਕਰਤਾ ਦਾ ਪੱਖ ਸੁਣਨਾ ਯਕੀਨੀ ਕਿਉਂ ਨਹੀਂ ਬਣਾਇਆ ਗਿਆ? ਇਹ ਹਾਲਾਤ ਹਨ ਜਿਸ ਕਾਰਨ ਔਰਤ ਕਾਰਕੁਨ, ਵਕੀਲ ਅਤੇ ਹੋਰ ਨਿਆਂਪਸੰਦ 'ਕੋਈ ਕਲੀਨ-ਚਿਟ ਨਹੀਂ' ਦੇ ਬੈਨਰ ਚੁੱਕ ਕੇ ਲਗਾਤਾਰ ਸੁਪਰੀਮ ਕੋਰਟ ਅੱਗੇ ਮੁਜ਼ਾਹਰੇ ਕਰ ਰਹੇ ਹਨ ਅਤੇ 'ਸਭ ਤੋਂ ਵੱਡੀ ਜਮਹੂਰੀਅਤ' ਦੀ ਸਰਵਉਚ ਅਦਾਲਤ ਐਨੀ ਸੰਵੇਦਨਹੀਣ ਹੋ ਚੁੱਕੀ ਹੈ ਕਿ ਇਸ ਦੇ ਐਨ ਨੱਕ ਹੇਠ ਵਿਰੋਧ ਦੀ ਆਵਾਜ਼ ਕੁਚਲੀ ਜਾ ਰਹੀ ਹੈ ਲੇਕਿਨ ਇਸ ਉਪਰ ਕੋਈ ਅਸਰ ਹੀ ਨਹੀਂ ਹੋ ਰਿਹਾ।

ਦਰਅਸਲ, ਰਾਜਸੀ ਸੰਕਟ ਵਧ ਰਿਹਾ ਹੈ। ਇਕੱਲਾ ਰਾਜ ਢਾਂਚੇ ਦੀ ਵਾਜਬੀਅਤ ਉਪਰ ਹੀ ਨਹੀਂ ਸਗੋਂ ਨਿਆਂ ਪ੍ਰਬੰਧ ਦੀ ਨਿਰਪੱਖਤਾ ਉਪਰ ਵੀ ਸਵਾਲੀਆ ਚਿੰਨ੍ਹ ਲੱਗ ਚੁੱਕਾ ਹੈ।

# ਅਨੈਤਿਕ ਰੁਝਾਨ ਅਤੇ ਹੋਛੇ ਬਿਆਨ

1947 ਤੋਂ ਬਾਅਦ ਭਾਰਤ ਦੀ ਵਾਗਡੋਰ ਸੰਭਾਲਣ ਵਾਲੇ ਸਿਆਸੀ ਨੇਤਾ ਬਹੁਤ ਸੋਚ ਸਮਝ ਕੇ ਬੋਲਦੇ ਤੇ ਬਿਆਨ ਦਿੰਦੇ ਸਨ ਅਤੇ ਮੁਲਕ ਦੇ ਲੋਕ ਉਨ੍ਹਾਂ ਦੀਆਂ ਬਹੁਤੀਆਂ ਗੱਲਾਂ 'ਤੇ ਦਿਲੋਂ ਵਿਸ਼ਵਾਸ ਵੀ ਕਰਦੇ ਸਨ। ਉਹ ਨੇਤਾ ਜੋ ਕੁਝ ਕਹਿੰਦੇ ਸਨ, ਉਹ ਦਿਲੋਂ ਕਰਨ ਦੀ ਕੋਸ਼ਿਸ਼ ਵੀ ਕਰਦੇ ਸਨ। ਭਾਰਤ ਦੀਆਂ 17ਵੀਂ ਲੋਕ ਸਭਾ ਚੋਣਾਂ ਵਿਚ ਜਿਸ ਤਰ੍ਹਾਂ ਦੇ ਅਨੈਤਿਕ ਰੁਝਾਨ ਤੇਜ਼ੀ ਨਾਲ ਪ੍ਰਫੁਲਤ ਹੋਏ ਹਨ, ਉਹ ਭਾਰਤ ਦੀ

ਮਹਿੰਦਰ ਸਿੰਘ ਦੋਸਾਂਝ

ਸਿਆਸਤ ਦੇ ਇਤਿਹਾਸ ਅੰਦਰ ਕਿਤੇ ਨਜ਼ਰ ਨਹੀਂ ਆਉਂਦੇ।

ਚੋਣ ਮੁਹਿੰਮ ਵਿਚ ਵੋਟਾਂ ਖਾਤਿਰ ਬਹੁਤੇ ਸਿਆਸੀ ਨੇਤਾਵਾਂ ਦੇ ਹੋਛੇ ਬਿਆਨ ਮੁਲਕ ਅਤੇ ਸਮਾਜ ਅੰਦਰ ਜਾਤੀਵਾਦ ਦੀਆਂ ਜੜ੍ਹਾਂ ਮਜ਼ਬੂਤ ਕਰਨ ਤੇ ਫਿਰਕੂ ਪ੍ਰਦੂਸ਼ਣ ਫੈਲਾਉਣ ਵਾਲੇ ਹਨ। 2019 ਵਿਚ ਲੋਕ ਸਭਾ ਦੀਆਂ ਚੋਣਾਂ ਜਿੱਤਣ ਲਈ ਇਕ ਦੂਜੀ ਪਾਰਟੀ ਖਿਲਾਫ ਜਿਸ ਤਰ੍ਹਾਂ ਦੀ ਸ਼ਬਦਾਵਲੀ ਵਰਤੀ ਜਾ ਰਹੀ ਹੈ, ਜਿਸ ਤਰ੍ਹਾਂ ਦੇ ਇਲਜ਼ਾਮ ਲਾਏ ਤੇ ਹੱਥਕੰਡੇ ਵਰਤੇ ਜਾ ਰਹੇ ਹਨ, ਉਨ੍ਹਾਂ ਲਈ ਭਾਰਤ ਦੇ ਸਮਝਦਾਰ ਲੋਕ ਇਨ੍ਹਾਂ ਨੇਤਾਵਾਂ ਨੂੰ ਕਦੇ ਮੁਆਫ ਨਹੀਂ ਕਰਨਗੇ।

ਇਨ੍ਹਾਂ ਲੋਕ ਸਭਾ ਚੋਣਾਂ ਸਮੇਂ ਬਹੁਤ ਹੀ ਅਨੈਤਿਕ ਅਤੇ ਨਵੀਂ ਰਵਾਇਤ ਸ਼ੁਰੂ ਹੋਈ ਹੈ। ਸਾਰਾ ਮੁਲਕ ਜਾਣਦਾ ਹੈ ਕਿ ਲੋਕਾਂ ਨੂੰ ਨਿਆਂ ਦੇਣ ਲਈ ਭਾਰਤ ਦੀ ਨਿਆਂਪਾਲਿਕਾ ਅਤੇ ਮੁਲਕ ਦੀ ਸੁਰੱਖਿਆ ਲਈ ਭਾਰਤ ਦੀ ਫੌਜ ਆਪਣੇ ਢੰਗ ਤੇ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ। ਸਾਡੇ ਪੁਲਾੜ ਵਿਗਿਆਨੀ ਮਿਹਨਤ ਨਾਲ ਆਪਣੇ ਪੁਲਾੜ ਖੋਜ ਕੰਮਾਂ ਵਿਚ ਮਗਨ ਹਨ ਪਰ ਸਾਡੀ ਅਜੋਕੀ ਕੇਂਦਰ ਸਰਕਾਰ ਫਿਰਕੂ ਦੰਗੇਬਾਜ਼ਾਂ ਅਤੇ ਜਾਤੀ ਆਧਾਰਿਤ ਨੌਸਰਬਾਜ਼ਾਂ ਨੂੰ ਅੰਦਰੋ-ਅੰਦਰੀ ਰਾਹਤ ਦੇਣ ਲਈ ਪੁਲੀਸ ਦੀ ਨੰਗੇ ਚਿੱਟੇ ਰੂਪ ਵਿਚ ਵਰਤੋਂ ਕਰ ਰਹੀ ਹੈ ਅਤੇ ਭਾਰਤ ਦੀ ਫੌਜ ਨੂੰ ਚੋਣਾਂ ਦੇ ਅਖਾੜੇ ਵਿਚ ਖਿੱਚਣ ਤੇ ਨਿਆਂਪਾਲਿਕਾ ਨੂੰ ਵੀ ਆਪਣੇ ਮਨੋਰਥਾਂ ਨਾਲ ਜੋੜਨ ਦੇ ਅਸਫਲ ਯਤਨ ਕਰ ਰਹੀ ਹੈ।

ਹੋਰ ਤਾਂ ਹੋਰ, ਪ੍ਰਧਾਨ ਮੰਤਰੀ ਦੇ ਬੀਤੇ ਸਮੇਂ ਅੰਦਰ ਦਿੱਤੇ ਭਾਸ਼ਣਾਂ ਤੋਂ ਇਉਂ ਮਹਿਸੂਸ ਹੁੰਦਾ ਹੈ, ਜਿਵੇਂ ਉਹੀ ਫੌਜ ਦੇ ਸਰਪ੍ਰਸਤ, ਨਿਰਦੇਸ਼ਕ ਅਤੇ ਫੌਜ ਦੀ ਵਾਂਗਡੋਰ ਛੱਡਣ ਤੇ ਫੜਨ ਵਾਲੇ ਹਨ। ਇਕ ਰਾਜ ਅੰਦਰ ਉਨ੍ਹਾਂ ਦੇ ਮੁੱਖ ਮੰਤਰੀ ਨੇ ਤਾਂ ਫੌਜ ਨੂੰ 'ਮੋਦੀ ਕੀ ਸੈਨਾ' ਹੀ ਐਲਾਨ ਦਿਤਾ। ਭਾਰਤ ਦੀ ਨਿਆਂਪਾਲਿਕਾ ਤੇ ਫੌਜ ਨੂੰ ਕੋਈ ਵੀ ਸਹੀ ਆਦੇਸ਼ ਤੇ ਸਲਾਹ ਦੇਣ ਦਾ ਅਧਿਕਾਰ ਸਾਡੇ ਰਾਸ਼ਟਰਪਤੀ ਕੋਲ ਹੋ ਸਕਦਾ ਹੈ ਪਰ ਪਤਾ ਨਹੀਂ ਇਨ੍ਹਾਂ ਦੋਵੇਂ ਪਵਿਤਰ ਤੇ ਸੁਤੰਤਰ ਸੰਸਥਾਵਾਂ ਦੇ ਸਿਆਸੀਕਰਨ ਦੇ ਯਤਨਾਂ ਬਾਰੇ ਸਾਡੇ ਰਾਸ਼ਟਰਪਤੀ ਕਿਉਂ ਖਾਮੋਸ਼ ਹਨ? ਸਾਡੇ ਪ੍ਰਧਾਨ ਮੰਤਰੀ ਅਜੋਕੀਆਂ ਚੋਣਾਂ 'ਚ ਵੋਟਰਾਂ ਨੂੰ ਨਾਲ ਜੋੜਨ ਲਈ ਸੈਨਾ ਅਤੇ ਪੁਲਾੜ ਖੋਜੀਆਂ ਦੀਆਂ ਪ੍ਰਾਪਤੀਆਂ ਨੂੰ ਆਪਣੇ ਨਾਲ ਜੋੜ ਕੇ ਆਪਣੀ ਪਿੱਠ 'ਤੇ ਆਪੇ ਥਾਪੀਆਂ ਦੇ ਰਹੇ ਹਨ।

ਹਾਲਾਂਕਿ ਪੁਲਾੜ ਅੰਦਰ ਖੋਜ ਲਈ ਸ਼ੁਰੂ ਕੀਤੇ ਗਏ ਪ੍ਰੋਜੈਕਟਾਂ ਨੂੰ ਸਫਲਤਾ ਨਾਲ ਪ੍ਰਵਾਨ ਚੜ੍ਹਾਉਣ ਲਈ ਦਹਾਕੇ ਲੱਗ ਜਾਂਦੇ ਹਨ। ਕਿਸੇ ਸਰਕਾਰ ਵੇਲੇ ਅਜਿਹੇ ਪ੍ਰੋਜੈਕਟ ਸ਼ੁਰੂ ਕੀਤੇ ਜਾਂਦੇ ਹਨ, ਉਸ ਤੋਂ ਅਗਲੀ ਕੋਈ ਹੋਰ ਸਰਕਾਰ ਗੰਭੀਰ ਯਤਨ ਕਰਕੇ ਇਸ ਨੂੰ ਅੱਗੇ ਵਧਾਉਂਦੀ ਹੈ ਅਤੇ ਕਿਸੇ ਤੀਜੀ ਤੇ ਹੋਰ ਸਰਕਾਰ ਵੇਲੇ ਅਜਿਹੇ ਪ੍ਰਾਜੈਕਟਾਂ ਦੀ ਸਫਲਤਾ ਲਈ ਬੂਹੇ ਖੁੱਲ੍ਹਦੇ ਹਨ।

ਅਜੋਕੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਇਕ ਹੋਰ ਅਨੈਤਿਕ ਰੁਝਾਨ ਵੱਡੇ ਪੱਧਰ 'ਤੇ ਤੇਜ਼ੀ ਨਾਲ ਵਧਿਆ ਹੈ। ਚੋਣਾਂ ਦੌਰਾਨ ਸਿਆਸੀ ਨੇਤਾਵਾਂ ਵਿਚਾਲੇ ਇਕ ਦੂਜੇ ਖਿਲਾਫ ਬੋਲ-ਕੁਬੋਲ ਦੀ ਮੁਹਿੰਮ ਆਪਣੀ ਸਿਖਰ 'ਤੇ ਪਹੁੰਚੀ ਹੋਈ ਹੈ; ਭਾਵੇਂ ਕਾਂਗਰਸ, ਕੁਝ ਖੇਤਰੀ ਤੇ ਅਰਧ-ਰਾਸ਼ਟਰੀ ਪਾਰਟੀਆਂ ਦੇ ਕਈ ਨੇਤਾ ਵੀ ਇਸ ਮੁਹਿੰਮ ਵਿਚ ਸ਼ਾਮਿਲ ਹਨ ਪਰ ਜ਼ਿੰਮੇਵਾਰ ਕੁਰਸੀ 'ਤੇ ਬੈਠੀ ਭਾਜਪਾ ਤਾਂ ਇਸ ਮਾਮਲੇ 'ਤੇ ਸਭ ਹੱਦਾਂ ਬੰਨੇ ਟੱਪ ਗਈ ਹੈ।

ਧਰਮ ਤੇ ਜਾਤ ਦੇ ਆਧਾਰ 'ਤੇ ਸਮਾਜ ਨੂੰ ਵੰਡਣ ਤੇ ਪਾੜਨ ਲਈ ਇਹ ਨੇਤਾ ਕੋਈ ਢਿੱਲ ਨਹੀਂ ਵਰਤ ਰਹੇ। ਸਮਾਜਵਾਦੀ ਪਾਰਟੀ ਦੇ ਆਜ਼ਮ ਖਾਂ, ਬਹੁਜਨ ਸਮਾਜ ਪਾਰਟੀ ਦੀ ਮਾਇਆਵਤੀ, ਭਾਰਤੀ ਜਨਤਾ ਪਾਰਟੀ ਦੇ ਯੋਗੀ ਅਦਿਤਿਆਨਾਥ, ਮੇਨਕਾ ਗਾਂਧੀ ਤੇ ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੁਝ ਕਾਂਗਰਸ ਤੇ ਹੋਰ ਪਾਰਟੀਆਂ ਦੇ ਨੇਤਾਵਾਂ ਨੇ ਜਿਸ ਤਰੀਕੇ ਨਾਲ ਜਾਤ ਤੇ ਧਰਮ ਦੇ ਆਧਾਰ 'ਤੇ ਸਮਾਜ ਦੀ ਆਪਣੇ ਭਾਸ਼ਣਾਂ ਵਿਚ ਵਰਗ ਵੰਡ ਕੀਤੀ ਹੈ, ਉਹ ਖਤਰਨਾਕ ਹੈ। ਪਿਛੇ ਜਿਹੇ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਸਮੇਂ ਮੋਦੀ ਨੇ ਸੋਨੀਆ ਗਾਂਧੀ ਨੂੰ ਕਾਂਗਰਸ ਦੀ ਵਿਧਵਾ ਤੱਕ ਆਖ ਦਿੱਤਾ, ਯੂਪੀ ਦੇ ਮੁੱਖ ਮੰਤਰੀ ਨੇ ਹਿੰਦੂਤਵ ਦਾ ਪੱਤਾ ਖੇਡਣ ਲਈ ਇਹ ਆਖਣ ਤੋਂ ਝਿਜਕ ਨਹੀਂ ਦਿਖਾਈ ਕਿ ਮੁਸਲਮਾਨਾਂ ਕੋਲ ਅਲੀ ਹੈ ਤਾਂ ਸਾਡੇ ਕੋਲ ਬਜਰੰਗ ਬਲੀ ਹੈ।

ਸੰਗੀਨ ਅਪਰਾਧਕ ਮਾਮਲੇ 'ਚ ਜੇਲ੍ਹ ਵਿਚ ਬੰਦ ਅਤੇ ਹੁਣ ਜ਼ਮਾਨਤ 'ਤੇ ਜੇਲ੍ਹ ਵਿਚੋਂ ਬਾਹਰ ਆ ਕੇ ਚੋਣ ਲੜਨ ਵਾਲੀ ਸਾਧਵੀ ਪ੍ਰਗਿਆ ਸਿੰਘ ਠਾਕੁਰ ਨੇ ਹਿੱਕ ਥਾਪੜ ਕੇ ਕਿਹਾ ਕਿ ਬਾਬਰੀ ਮਸਜਦ ਢਾਹੁਣ ਦੇ ਕੰਮ ਵਿਚ ਸ਼ਾਮਿਲ ਹੋਣ 'ਤੇ ਮੈਨੂੰ ਮਾਣ ਹੈ। ਵੋਟਾਂ ਖਾਤਰ ਬਿਨਾ ਕਿਸੇ ਪ੍ਰਸੰਗ ਅਤੇ ਚੱਲ ਰਹੀ ਚਰਚਾ ਦੇ ਗੁਆਂਢੀ ਮੁਲਕ ਨੂੰ ਧਮਕਾਉਣ ਵਾਸਤੇ ਪ੍ਰਧਾਨ ਮੰਤਰੀ ਦਾ ਇਹ ਬਿਆਨ ਕਿ 'ਅਸੀਂ ਪਰਮਾਣੂ ਬੰਬ ਦੀਵਾਲੀ ਮਨਾਉਣ ਲਈ ਨਹੀਂ ਰੱਖੇ' ਹੋਛੇਪਣ ਦੀ ਸਿਖਰ ਹੈ।

ਪਾਕਿਸਤਾਨ ਵੱਲੋਂ ਆਪਣੇ ਮੁਲਕ ਅੰਦਰੋਂ ਫੜੇ ਗਏ ਜੰਗੀ ਜਹਾਜ਼ ਦੇ ਭਾਰਤੀ ਪਾਇਲਟ ਅਭਿਨੰਦਨ ਨੂੰ ਬਿਨਾ ਸ਼ਰਤ ਭਾਰਤ ਦੇ ਹਵਾਲੇ ਕਰਨਾ ਦੋਵਾਂ ਮੁਲਕਾਂ ਵਿਚਾਲੇ ਰਿਸ਼ਤਿਆਂ ਨੂੰ ਅੱਗੇ ਵਧਾਉਣ ਲਈ ਉਸਾਰੂ ਪਹਿਲ ਸੀ।

ਅਜਿਹੀ ਉਸਾਰੂ ਕਾਰਵਾਈ ਲਈ ਜੇ ਸਾਡੇ ਪ੍ਰਧਾਨ ਮੰਤਰੀ ਸਿਰਫ ਇਕ ਸ਼ਬਦ 'ਧੰਨਵਾਦ' ਬੋਲ ਦਿੰਦੇ ਤਾਂ ਇਸ ਸ਼ਬਦ ਵਿਚੋਂ ਹੀ ਸ਼ਾਇਦ ਅਮਨ ਲਈ ਨਵੇਂ ਮਾਰਗ ਨਿਕਲ ਆਉਂਦੇ ਪਰ ਅਜਿਹੀ ਉਸਾਰੂ ਕਾਰਵਾਈ ਨੂੰ ਪਾਕਿਸਤਾਨ ਦੀ ਕਮਜ਼ੋਰੀ ਤੇ ਮਜਬੂਰੀ ਦਾ ਨਾਮ ਦਿੱਤਾ ਗਿਆ; ਇਥੋਂ ਤੱਕ ਕਿ ਜੇ ਕਿਸੇ ਭਾਰਤੀ ਨਾਗਰਿਕ ਨੇ ਪਾਕਿਸਤਾਨ ਬਾਰੇ ਠਰ੍ਹੰਮੇ ਨਾਲ ਟਿੱਪਣੀ ਕਰਨ ਅਤੇ ਦੋਵਾਂ ਮੁਲਕਾਂ ਵਿਚਾਲੇ ਰਿਸ਼ਤਿਆਂ ਨੂੰ ਸੁਖਾਵੇਂ ਬਣਾਉਣ ਦੀ ਸਲਾਹ ਦਿੱਤੀ ਤਾਂ ਪ੍ਰਧਾਨ ਮੰਤਰੀ ਤੇ ਉਹਦੀ ਪਾਰਟੀ ਨੇ ਅਜਿਹੇ ਸ਼ਖਸ ਨੂੰ ਪਾਕਿਸਤਾਨ ਦਾ ਮਿੱਤਰ ਤੇ ਦੇਸ਼ਧ੍ਰੋਹੀ ਹੋਣ ਦਾ ਐਲਾਨ ਕਰ ਦਿੱਤਾ। ਅਜਿਹਾ ਦਰਅਸਲ, ਆਮ ਲੋਕਾਂ ਦੇ ਮਨਾਂ ਅੰਦਰ ਨਫਰਤ ਭਰ ਕੇ ਵੋਟਾਂ ਪ੍ਰਾਪਤ ਕਰਨ ਲਈ ਕੀਤਾ ਗਿਆ।

ਸਾਡੇ ਕਈ ਸਿਆਸੀ ਨੇਤਾ ਆਪਣੇ ਬਿਆਨਾਂ ਰਾਹੀਂ ਨਫਰਤ ਦੀ ਅੱਗ ਵਿਚ ਬੇਝਿਜਕ ਫੂਕਾਂ ਮਾਰ ਰਹੇ ਹਨ। ਉਹ ਇਹ ਜਾਣਦੇ ਹਨ ਕਿ ਸਰਹੱਦਾਂ 'ਤੇ ਹੋਣ ਵਾਲੀਆਂ ਝੜਪਾਂ ਵਿਚ ਉਨ੍ਹਾਂ ਦੇ ਕਿਸੇ ਪੁੱਤਰ ਨੇ ਤਾਂ ਸ਼ਹੀਦ ਨਹੀਂ ਹੋਣਾ ਪਰ ਸ਼ਾਇਦ ਉਹ ਨਹੀਂ ਜਾਣਦੇ ਕਿ ਨਾ ਖੂਨ ਨਾਲ ਜ਼ਖਮ ਧੋਤੇ ਜਾ ਸਕਦੇ ਹਨ ਤੇ ਨਾ ਹੀ ਅੱਗ ਨਾਲ ਕਦੇ ਅੱਗ ਬੁਝ ਸਕਦੀ ਹੈ।

# 'ਆਪ' ਦੇ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੇ ਕਨਵੀਨਰ ਵੱਲੋਂ ਅਸਤੀਫਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੇ ਕਨਵੀਨਰ ਤੇ ਸੇਵਾਮੁਕਤ ਆਈ.ਏ.ਐਸ. ਅਧਿਕਾਰੀ ਹਰਕੇਸ਼ ਸਿੰਘ ਸਿੱਧੂ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਕੇ ਇਸੇ ਪਾਰਟੀ ਦੇ ਆਗੂਆਂ ਵਿਰੁੱਧ 5 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਤਹਿਤ ਕੇਸ ਦਰਜ ਕਰਵਾਉਣ ਦਾ ਐਲਾਨ ਕੀਤਾ ਹੈ।

ਸ. ਸਿੱਧੂ ਨੇ ਫਿਲਮ ਨਿਰਮਾਤਾ ਤੇ ਅਦਾਕਾਰ ਮੰਗਲ ਢਿੱਲੋਂ, ਸਾਬਕਾ ਆਈ.ਏ.ਐਸ. ਅਧਿਕਾਰੀ ਕੁਲਬੀਰ ਸਿੰਘ ਸਿੱਧੂ, ਬ੍ਰਿਗੇਡੀਅਰ (ਸੇਵਾਮੁਕਤ) ਕੇ.ਐਸ. ਕਾਹਲੋਂ ਅਤੇ 'ਆਪ' ਨੂੰ ਅਲਵਿਦਾ ਕਹਿਣ ਵਾਲੇ ਆਨੰਦਪੁਰ ਸਾਹਿਬ ਦੇ ਤਰਲੋਚਨ ਸਿੰਘ ਚੱਠਾ ਆਦਿ 'ਤੇ ਆਧਾਰਿਤ ਗੈਰ-ਸਿਆਸੀ ਭ੍ਰਿਸ਼ਟਾਚਾਰ ਵਿਰੋਧੀ ਸੰਗਠਨ ਬਣਾਉਣ ਦਾ ਐਲਾਨ ਕਰਦਿਆਂ ਇਹ ਵੱਡੇ ਖੁਲਾਸੇ ਕੀਤੇ ਹਨ।

ਪੱਤਰਕਾਰਾਂ ਨੂੰ ਸੰਬੋਧਨ ਹੁੰਦਿਆਂ ਸ੍ਰੀ ਸਿੱਧੂ ਨੇ ਕਿਹਾ ਕਿ ਉਹ ਇਨਕਲਾਬੀ ਪਾਰਟੀ ਸਮਝ ਕੇ 'ਆਪ' 'ਚ ਸ਼ਾਮਲ ਹੋਏ ਸਨ ਪਰ ਇਸ ਦੀ ਲੀਡਰਸ਼ਿਪ ਵੀ ਹੋਰ ਪਾਰਟੀਆਂ ਵਰਗੀ ਹੀ ਨਿਕਲੀ। ਉਨ੍ਹਾਂ ਕਿਹਾ ਕਿ 'ਆਪ' ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਮੁੱਖ ਮੰਤਰੀ ਬਣਨ ਦੇ ਸੁਫਨੇ ਲਏ ਸਨ। ਇਸੇ ਲਾਲਸਾ ਤਹਿਤ ਉਸ ਨੇ ਪਾਰਟੀ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਅਤੇ ਗੁਰਪ੍ਰੀਤ ਸਿੰਘ ਘੁੱਗੀ ਆਦਿ ਨੂੰ ਪਾਰਟੀ ਵਿਚੋਂ ਕਢਵਾਇਆ ਸੀ। ਉਨ੍ਹਾਂ ਉਸ ਵੇਲੇ ਰਾਜ ਸਭਾ ਮੈਂਬਰ ਨਰਜੋਤ ਸਿੰਘ ਸਿੱਧੂ, ਵਿਧਾਇਕ ਪ੍ਰਗਟ ਸਿੰਘ ਅਤੇ ਇੰਦਰਬੀਰ ਸਿੰਘ ਬੁਲਾਰੀਆ ਆਦਿ ਨੂੰ ਪਾਰਟੀ ਵਿਚ ਸ਼ਾਮਲ ਹੋਣ ਤੋਂ ਰੋਕਿਆ ਸੀ। ਉਨ੍ਹਾਂ ਦੱਸਿਆ ਕਿ ਪਾਰਟੀ ਦੇ ਕੁਝ ਆਗੂਆਂ ਨੇ ਉਸ ਕੋਲੋਂ ਚੋਣਾਂ ਦੌਰਾਨ 5 ਲੱਖ ਰੁਪਏ ਲਏ ਸਨ, ਜੋ ਅੱਜ ਤਕ ਵਾਪਸ ਨਹੀਂ ਕੀਤੇ। ਉਨ੍ਹਾਂ ਕੋਲ ਇਸ ਸਬੰਧੀ ਪੂਰੇ ਸਬੂਤ ਮੌਜੂਦ ਹਨ ਅਤੇ ਉਹ ਸਬੰਧਤ ਆਗੂਆਂ ਵਿਰੁੱਧ ਜਲਦੀ ਐਫ.ਆਈ.ਆਰ. ਦਰਜ ਕਰਵਾਉਣਗੇ।

ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿਚੋਂ ਆਏ ਫੰਡ ਨੂੰ ਖੁਰਦ-ਬੁਰਦ ਕਰਨ ਦੇ ਦੋਸ਼ ਵੀ ਲੱਗੇ ਸਨ ਪਰ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਇਨ੍ਹਾਂ ਦੀ ਕੋਈ ਜਾਂਚ ਨਹੀਂ ਕਰਵਾਈ। ਇਸ ਮੌਕੇ ਤਰਲੋਚਨ ਸਿੰਘ ਚੱਠਾ ਨੇ ਵੀ ਦੋਸ਼ ਲਾਇਆ ਕਿ ਚੋਣਾਂ ਦੌਰਾਨ ਉਸ ਵੇਲੇ ਪੰਜਾਬ ਦੇ ਜਥੇਬੰਦਕ ਇੰਚਾਰਜ ਦੁਰਗੇਸ਼ ਪਾਠਕ ਤੇ ਹੋਰ ਆਗੂਆਂ ਨੇ ਉਸ ਕੋਲੋਂ 50 ਲੱਖ ਰੁਪਏ ਲਏ ਸਨ ਅਤੇ ਉਨ੍ਹਾਂ ਨੇ ਇਸ ਦੀ ਸ਼ਿਕਾਇਤ ਪੁਲਿਸ ਨੂੰ ਕਰ ਦਿੱਤੀ ਹੈ।

ਨਵੇਂ ਸੰਗਠਨ ਦੇ ਕਨਵੀਨਰ ਬਣੇ ਹਰਕੇਸ਼ ਸਿੱਧੂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਹੁਣ ਉਹ ਸੇਵਾਮੁਕਤ ਆਈ.ਏ.ਐਸ. ਅਧਿਕਾਰੀ ਪਿਰਥੀ ਚੰਦ, ਗੁਰਦੀਪ ਸਿੰਘ, ਵਕੀਲ ਹਰੀ ਚੰਦ ਅਰੋੜਾ, ਡਾ. ਰਵੀ ਭੂਸ਼ਣ, ਜਰਨੈਲ ਸਿੰਘ ਆਦਿ ਨਾਲ ਮਿਲ ਕੇ ਭ੍ਰਿਸ਼ਟਾਚਾਰ ਦੇ ਕੋਹੜ ਨੂੰ ਸੂਬੇ ਵਿਚੋਂ ਖਤਮ ਕਰਨ ਦੀ ਮੁਹਿੰਮ ਚਲਾਉਣਗੇ। ਫਿਲਮ ਨਿਰਮਾਤਾ ਮੰਗਲ ਢਿੱਲੋਂ ਨੇ ਕਿਹਾ ਕਿ 'ਆਪ' ਤੋਂ ਬੜੀਆਂ ਉਮੀਦਾਂ ਸਨ ਅਤੇ ਹੁਣ ਸਾਰੀਆਂ ਪਾਰਟੀਆਂ ਦੇ ਆਗੂ ਸਿਧਾਂਤਹੀਣ ਅਤੇ ਵਪਾਰੂ ਸਿਆਸਤ ਕਰ ਰਹੇ ਹਨ। ਇਸ ਕਾਰਨ ਉਨ੍ਹਾਂ ਜਾਗਦੀਆਂ ਜ਼ਮੀਰਾਂ ਵਾਲੇ ਲੋਕਾਂ ਦਾ ਕਾਫਲਾ ਬਣਾ ਕਿ ਪੰਜਾਬ ਨੂੰ ਭ੍ਰਿਸ਼ਟਾਚਾਰ ਤੇ ਨਸ਼ਿਆਂ ਤੋਂ ਮੁਕਤ ਕਰਨ ਦਾ ਬੀੜਾ ਚੁੱਕਿਆ ਹੈ। ਸੇਵਾਮੁਕਤ ਆਈ.ਏ.ਐਸ. ਅਧਿਕਾਰੀ ਕੁਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਸਾਰੀਆਂ ਸਿਆਸੀ ਪਾਰਟੀਆਂ ਨੇ ਪੰਜਾਬ ਅਤੇ ਪੰਜਾਬੀਅਤ ਨਾਲ ਜੁੜੇ ਮੁੱਦੇ ਛੱਡ ਕੇ ਡੰਗ-ਟਪਾਊ ਰਾਜਨੀਤੀ ਸ਼ੁਰੂ ਕਰ ਦਿੱਤੀ ਹੈ, ਜਿਸ ਕਾਰਨ ਇਹ ਸੰਗਠਨ ਪੰਜਾਬ ਦੇ ਦੁਖਾਂਤਾਂ ਦੀ ਜੜ ਲੱਭ ਕੇ ਉਸ ਨੂੰ ਖਤਮ ਕਰਨ ਦੇ ਯਤਨ ਕਰੇਗਾ।

# ਮੋਦੀ ਤੇ ਮੰਤਰੀਆਂ ਨੇ ਵਿਦੇਸ਼ੀ ਤੇ ਘਰੇਲੂ ਗੇੜਿਆਂ 'ਤੇ ਖਰਚੇ 393 ਕਰੋੜ

**ਮੁੰਬਈ:** ਸੂਚਨਾ ਦੇ ਅਧਿਕਾਰ (ਆਰ.ਟੀ. ਆਈ.) ਤਹਿਤ ਮੰਗੀ ਜਾਣਕਾਰੀ ਤੋਂ ਖੁਲਾਸਾ ਹੋਇਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੀ ਕੈਬਨਿਟ ਵਿਚਲੇ ਮੰਤਰੀਆਂ ਨੇ ਪਿਛਲੇ ਪੰਜ ਵਿੱਤੀ ਸਾਲਾਂ ਵਿਚ ਵਿਦੇਸ਼ ਤੇ ਘਰੇਲੂ ਯਾਤਰਾਵਾਂ ਦੌਰਾਨ ਸਰਕਾਰੀ ਖਜ਼ਾਨੇ 'ਚੋਂ 393 ਕਰੋੜ ਰੁਪਏ ਦਾ ਖਰਚਾ ਕੀਤਾ ਹੈ। ਮੁੰਬਈ ਅਧਾਰਿਤ ਆਰ.ਟੀ.ਆਈ. ਕਾਰਕੁਨ ਅਨਿਲ ਗਲਗਲੀ ਨੇ ਪ੍ਰਧਾਨ ਮੰਤਰੀ ਦਫਤਰ ਤੋਂ ਮੰਗੀ ਗਈ ਜਾਣਕਾਰੀ 'ਚ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੇ ਕੈਬਨਿਟ ਮੰਤਰੀਆਂ ਵੱਲੋਂ ਮਈ 2014 ਤੋਂ ਹੁਣ ਤਕ ਵਿਦੇਸ਼ ਯਾਤਰਾਵਾਂ (ਐਫ.ਟੀ.ਈ.) ਤੇ ਘਰੇਲੂ ਯਾਤਰਾ 'ਤੇ ਆਏ ਖਰਚ (ਡੀ.ਟੀ.ਈ.) ਦਾ ਵੇਰਵਾ ਮੰਗਿਆ ਸੀ।

ਮੋਦੀ ਸਰਕਾਰ ਨੇ ਦਸੰਬਰ 2018 ਵਿਚ ਰਾਜ ਸਭਾ ਵਿਚ ਵਿਦੇਸ਼ੀ ਦੌਰਿਆਂ ਮੌਕੇ ਆਏ ਖਰਚ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਕਿਹਾ ਸੀ ਕਿ ਪ੍ਰਧਾਨ ਮੰਤਰੀ ਵੱਲੋਂ ਜੂਨ 2014 ਮਗਰੋਂ ਕੀਤੀਆਂ ਵਿਦੇਸ਼ ਯਾਤਰਾਵਾਂ 'ਤੇ 2021 ਕਰੋੜ ਤੋਂ ਵੱਧ ਦਾ ਖਰਚਾ ਆਇਆ ਸੀ। ਆਰ.ਟੀ.ਆਈ. ਤੋਂ ਪਤਾ ਲੱਗਾ ਹੈ ਕਿ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੀ ਕੈਬਨਿਟ ਵੱਲੋਂ ਕੀਤੀਆਂ ਵਿਦੇਸ਼ ਤੇ ਘਰੇਲੂ ਯਾਤਰਾਵਾਂ 'ਤੇ ਕ੍ਰਮਵਾਰ 263 ਕਰੋੜ ਤੇ 48 ਕਰੋੜ ਰੁਪਏ ਦਾ ਖਰਚ ਆਇਆ ਹੈ। ਜਿੱਥੋਂ ਤਕ ਕੇਂਦਰੀ ਰਾਜ ਮੰਤਰੀਆਂ ਦੀ ਗੱਲ ਹੈ ਤਾਂ ਉਨ੍ਹਾਂ ਵਿਦੇਸ਼ ਤੇ ਘਰੇਲੂ ਫੇਰੀਆਂ 'ਤੇ ਕ੍ਰਮਵਾਰ 29 ਕਰੋੜ ਤੇ 53 ਕਰੋੜ ਰੁਪਏ ਖਰਚੇ ਹਨ। ਕੈਬਨਿਟ ਮਾਮਲਿਆਂ ਬਾਰੇ ਪੇਅ ਤੇ ਅਕਾਊਂਟ ਦਫਤਰ ਦੇ ਸੀਨੀਅਰ ਅਧਿਕਾਰੀ ਸਤੀਸ਼ ਗੋਇਲ ਨੇ ਜਾਣਕਾਰੀ ਦਿੱਤੀ ਕਿ ਵਿੱਤੀ ਸਾਲ 2014-15 ਤੋਂ 2018-19 ਦੇ ਅਰਸੇ ਦੌਰਾਨ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੀ ਕੈਬਨਿਟ ਵੱਲੋਂ ਐਫ.ਟੀ.ਈ. ਤੇ ਡੀ.ਟੀ.ਈ. 'ਤੇ ਕੀਤਾ ਸੰਚਿਤ ਖਰਚਾ 393.58 ਕਰੋੜ ਸੀ।

# ਸਿੱਖ ਕਤਲੇਆਮ ਦੀ ਤੁਲਨਾ ਗੁਜਰਾਤ ਦੰਗਿਆਂ ਨਾਲ ਨਹੀਂ ਕੀਤੀ ਜਾ ਸਕਦੀ: ਗੁਜਰਾਲ

**ਜਲੰਧਰ:** ਰਾਜ ਸਭਾ ਮੈਂਬਰ ਤੇ ਐਨ.ਡੀ.ਏ. ਦੇ ਬੁਲਾਰੇ ਨਰੇਸ਼ ਗੁਜਰਾਲ ਨੇ ਕਿਹਾ ਹੈ ਕਿ 1984 ਦੇ ਸਿੱਖ ਕਤਲੇਆਮ ਅਤੇ 2002 ਦੇ ਗੁਜਰਾਤ ਦੰਗਿਆਂ ਵਿਚ ਵੱਡਾ ਫਰਕ ਹੈ। '84 ਦੇ ਕਤਲੇਆਮ ਦੀ ਤੁਲਨਾ ਗੁਜਰਾਤ ਦੰਗਿਆਂ ਨਾਲ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ



ਕਾਂਗਰਸ ਗੁਜਰਾਤ ਦੰਗਿਆਂ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੋਸ਼ੀ ਠਹਿਰਾ ਕੇ ਆਪਣਾ ਖਹਿੜਾ ਨਹੀਂ ਛੁਡਾ ਸਕਦੀ।

ਸ੍ਰੀ ਗੁਜਰਾਲ ਨੇ ਦਾਅਵਾ ਕੀਤਾ ਕਿ ਗੁਜਰਾਤ ਵਿਚ ਪੁਲਿਸ ਨੇ ਉਸ ਵੇਲੇ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਹੁਕਮਾਂ 'ਤੇ ਦੰਗੇ ਰੋਕਣ ਦੇ ਯਤਨ ਕੀਤੇ ਅਤੇ 300 ਤੋਂ ਵੱਧ ਵਿਅਕਤੀ ਪੁਲਿਸ ਦੀ ਗੋਲੀਬਾਰੀ ਵਿਚ ਮਾਰੇ ਗਏ ਜਦਕਿ ਦਿੱਲੀ ਵਿਚ ਪੁਲਿਸ ਵੱਲੋਂ ਇਕ ਵੀ ਗੋਲੀ ਨਹੀਂ ਚਲਾਈ ਗਈ ਉਲਟਾ ਪੁਲਿਸ ਮੂਕ ਦਰਸ਼ਕ ਬਣੀ ਰਹੀ ਸੀ। ਉਨ੍ਹਾਂ ਕਿਹਾ ਕਿ ਗੁਜਰਾਤ ਵਿਚ ਮਰਨ ਵਾਲਿਆਂ 'ਚ 790 ਮੁਸਲਿਮ ਸ਼ਾਮਲ ਸਨ ਜਦਕਿ 254 ਦੰਗਾਕਾਰੀ ਵੀ ਮਾਰੇ ਗਏ ਸਭ, ਜਿਸ ਤੋਂ ਪਤਾ ਲੱਗਦਾ ਹੈ ਕਿ ਦੋਹਾਂ ਦੁਖਾਂਤਾਂ ਵਿਚ ਕਿੰਨੀ ਅਸਮਾਨਤਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਕਰਨ ਵੇਲੇ ਇਕ ਵੀ ਦੋਸ਼ੀ ਜ਼ਖਮੀ ਤੱਕ ਨਹੀਂ ਹੋਇਆ ਕਿਉਂਕਿ ਪੁਲਿਸ ਕਥਿਤ ਤੌਰ 'ਤੇ ਦੰਗਾਕਾਰੀਆਂ ਦਾ ਸਾਥ ਦੇ ਰਹੀ ਸੀ।

ਇਸੇ ਲਈ ਪੁਲਿਸ ਨੇ ਦੰਗਾਕਾਰੀਆਂ 'ਤੇ ਇਕ ਵੀ ਗੋਲੀ ਨਹੀਂ ਸੀ ਚਲਾਈ। ਸ੍ਰੀ ਗੁਜਰਾਲ ਨੇ ਕਿਹਾ ਕਿ ਜੇ ਕਾਂਗਰਸ ਸ੍ਰੀ ਮੋਦੀ ਜੋ ਕਿ ਉਸ ਵੇਲੇ ਗੁਜਰਾਤ ਦੇ ਮੁੱਖ ਮੰਤਰੀ ਸਨ, ਨੂੰ ਗੁਜਰਾਤ ਦੰਗਿਆਂ ਲਈ ਦੋਸ਼ੀ ਮੰਨਦੀ ਹੈ ਤਾਂ ਫਿਰ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੇ ਪਿਤਾ ਰਾਜੀਵ ਗਾਂਧੀ, ਜਿਹੜੇ ਉਦੋਂ ਦੇਸ਼ ਦੇ ਪ੍ਰਧਾਨ ਮੰਤਰੀ ਸਨ, ਨੂੰ ਵੀ '84 ਦੇ ਦੰਗਿਆਂ ਲਈ ਦੋਸ਼ੀ ਮੰਨਿਆ ਜਾਵੇਗਾ। ਉਨ੍ਹਾਂ ਕਿਹਾ ਕਿ ਗੁਜਰਾਤ ਵਿਚ ਜੋ ਹੋਇਆ ਉਹ ਦੰਗੇ ਸਨ ਜਦੋਂਕਿ ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਤੇ ਰਾਜੀਵ ਗਾਂਧੀ ਦੀ ਅਗਵਾਈ ਵਾਲੀ ਸਰਕਾਰ ਨੇ ਤਿੰਨ ਦਿਨ ਤੱਕ ਫੌਜ ਨਹੀਂ ਸੱਦੀ ਤੇ ਕਤਲੇਆਮ ਨੂੰ ਸਿਖਰ ਤੱਕ ਜਾਣ ਦਿੱਤਾ।

ਸ੍ਰੀ ਗੁਜਰਾਲ ਨੇ ਯਾਦ ਕੀਤਾ ਕਿ ਉਨ੍ਹਾਂ ਦੇ ਪਿਤਾ ਮਰਹੂਮ ਆਈ.ਕੇ. ਗੁਜਰਾਲ, ਜਨਰਲ ਜਗਜੀਤ ਸਿੰਘ ਅਰੋੜਾ ਅਤੇ ਏਅਰ ਮਾਰਸ਼ਲ ਅਰਜੁਨ ਸਿੰਘ ਵਾਰ-ਵਾਰ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਤੇ ਗ੍ਰਹਿ ਮੰਤਰੀ ਪੀ.ਵੀ. ਨਰਸਿਮ੍ਹਾ ਰਾਓ ਕੋਲ ਗਏ ਤੇ ਸਿੱਖ ਕਤਲੇਆਮ ਰੁਕਵਾਉਣ ਲਈ ਫੌਜ ਸੱਦਣ ਦੀ ਮੰਗ ਕੀਤੀ ਪਰ ਦੋਹਾਂ ਨੇ ਬੇਬਸੀ ਜ਼ਾਹਰ ਕਰਦਿਆਂ ਦੱਸਿਆ ਕਿ ਪ੍ਰਧਾਨ ਮੰਤਰੀ ਦੇ ਸਿੱਧੇ ਹੁਕਮ ਹਨ ਕਿ ਫੌਜ ਨਹੀਂ ਸੱਦੀ ਜਾਵੇਗੀ।

# ਗੈਂਗਸਟਰਾਂ ਖਿਲਾਫ ਢਿੱਲੇ ਕਾਨੂੰਨ ਤੋਂ ਹਾਈ ਕੋਰਟ ਖਫਾ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਗੈਂਗਸਟਰਾਂ ਅਤੇ ਤੋੜ-ਫੋੜ ਦੀਆਂ ਕਾਰਵਾਈਆਂ ਕਰਨ ਵਾਲਿਆਂ ਨਾਲ ਸਿੱਝਣ ਲਈ ਪੰਜਾਬ ਤੇ ਹਰਿਆਣਾ ਨੂੰ ਉਤਰ ਪ੍ਰਦੇਸ਼ ਦੀ ਤਰਜ਼ 'ਤੇ ਕਾਨੂੰਨ ਵਿਚ ਵਿਸ਼ੇਸ਼ ਵਿਵਸਥਾ ਕਰਨ ਦੀ ਨਸੀਹਤ ਦਿੱਤੀ ਹੈ। ਇਸ ਮੰਤਵ ਲਈ ਛੇ ਮਹੀਨੇ ਦਾ ਸਮਾਂ ਮੁਕੱਰਰ ਕਰਦਿਆਂ ਜਸਟਿਸ ਰਾਜੀਵ ਸ਼ਰਮਾ ਅਤੇ ਜਸਟਿਸ ਹਰਿੰਦਰ ਸਿੰਘ ਸਿੱਧੂ ਦੇ ਬੈਂਚ ਨੇ ਆਖਿਆ ਕਿ ਪੰਜਾਬ ਅਤੇ ਹਰਿਆਣਾ ਰਾਜਾਂ ਵਿਚ ਗੈਂਗਸਟਰਾਂ ਅਤੇ ਗੈਰ ਸਮਾਜੀ ਗਤੀਵਿਧੀਆਂ ਨਾਲ ਨਜਿੱਠਣ ਲਈ ਉਤਰ ਪ੍ਰਦੇਸ਼ ਗੈਂਗਸਟਰ ਐਂਡ ਐਂਟੀ ਸੋਸ਼ਲ ਐਕਟੀਵਿਟੀਜ਼ (ਪ੍ਰਿਵੈਨਸ਼ਨ) ਐਕਟ 1986 ਦੀ ਤਰਜ਼ 'ਤੇ ਵਿਸ਼ੇਸ਼ ਵਿਵਸਥਾ ਕਰਨੀ ਸਮੇਂ ਦੀ ਲੋੜ ਹੈ।

ਅਦਾਲਤ ਦੇ ਇਹ ਵਿਚਾਰ ਦੋ ਗਰੋਹਾਂ ਵਿਚਕਾਰ ਚੱਲੀ ਕਸ਼ਮਕਸ਼ ਦੇ ਮਾਮਲੇ 'ਤੇ ਸੁਣਵਾਈ ਦੌਰਾਨ ਸਾਹਮਣੇ ਆਏ ਹਨ। ਰਾਕੇਸ਼ ਕੁਮਾਰ ਬੌਕਸਰ ਨੇ ਜਨਵਰੀ 2016 ਵਿਚ ਲੁਧਿਆਣਾ ਦੀ ਇਕ ਅਦਾਲਤ ਵੱਲੋਂ ਪਿੰਕੂ ਦੇ ਕਤਲ ਦੋਸ਼ ਹੇਠ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਣ ਦੇ ਦਿੱਤੇ ਫੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ। ਅਪੀਲ ਰੱਦ ਕਰਦਿਆਂ ਜਸਟਿਸ ਸ਼ਰਮਾ ਨੇ ਕਿਹਾ ਕਿ ਇਹ ਦੋ ਗਰੁੱਪਾਂ ਵਿਚਕਾਰ ਦੁਸ਼ਮਣੀ ਦਾ ਮਾਮਲਾ ਸੀ।

ਸਮਝਿਆ ਜਾਂਦਾ ਹੈ ਕਿ ਦੋ ਸਾਲ ਪਹਿਲਾਂ ਇਕੱਲੇ ਪੰਜਾਬ ਵਿਚ 17 ਅੱਵਲ ਦਰਜੇ ਅਤੇ 20 ਦੋਇਮ ਦਰਜੇ ਦੇ ਅਪਰਾਧੀ ਸਰਗਰਮ ਸਨ। ਪੁਲਿਸ ਨੇ ਪਿਛਲੇ ਸਾਲ ਤੱਕ ਤਕਰੀਬਨ 30 ਅਤਿ ਲੋੜੀਂਦੇ ਗੈਂਗਸਟਰਾਂ ਨੂੰ ਮਾਰ ਮੁਕਾਇਆ ਸੀ ਜਾਂ ਫਿਰ ਕਾਬੂ ਕਰ ਲਿਆ ਸੀ। ਬੈਂਚ ਦੀ ਤਰਫੋਂ ਜਸਟਿਸ ਸ਼ਰਮਾ ਨੇ ਆਖਿਆ ਕਿ ਯੂਪੀ ਗੈਂਗਸਟਰ ਐਕਟ ਤਹਿਤ ਸ਼ਰਾਬ, ਨਿਰਮਾਣ, ਭੰਡਾਰਨ, ਟ੍ਰਾਂਸਪੋਰਟ, ਦਰਾਮਦ-ਬਰਾਮਦ ਤੇ ਨਸ਼ਿਆਂ ਦਾ ਕਾਰੋਬਾਰ ਜਿਹੇ ਮਾਮਲੇ ਆਉਂਦੇ ਹਨ।

# ਨਕੋਦਰ ਬੇਅਦਬੀ ਵਰਗੇ ਕਾਂਡ ਤਾਂ ਵਾਪਰਦੇ ਹੀ ਰਹਿੰਦੇ ਨੇ: ਬਾਦਲ

**ਜਲੰਧਰ:** ਬੇਅਦਬੀ ਮਾਮਲਿਆਂ 'ਚ ਬੁਰੀ ਤਰ੍ਹਾਂ ਘਿਰੇ ਸ਼੍ਰੋਮਣੀ ਅਕਾਲੀ ਦਲ ਨੂੰ ਜਿਥੇ ਪੰਥਕ ਧਿਰਾਂ ਦਾ ਗੁੱਸਾ ਝੱਲਣਾ ਪੈ ਰਿਹਾ ਹੈ ਉਥੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਨਕੋਦਰ ਵਰਗੇ ਕਾਂਡ ਤਾਂ ਵਾਪਰਦੇ ਹੀ ਰਹਿੰਦੇ ਹਨ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੁੰਦਿਆਂ ਜਦੋਂ ਫਰਵਰੀ 1986 'ਚ ਵਾਪਰੇ ਨਕੋਦਰ ਬੇਅਦਬੀ ਕਾਂਡ ਬਾਰੇ ਸਵਾਲ ਕੀਤਾ ਗਿਆ ਤਾਂ ਸ. ਬਾਦਲ ਨੇ ਕਿਹਾ ਕਿ ਇਹੋ ਜਿਹੇ ਕਾਂਡ ਮਾੜੇ ਤਾਂ ਹਨ ਪਰ ਅਜਿਹੇ ਕਾਂਡ ਵਾਪਰਦੇ ਰਹਿੰਦੇ ਹਨ। ਜ਼ਿਕਰਯੋਗ ਹੈ ਕਿ 2 ਫਰਵਰੀ 1986 ਨੂੰ ਨਕੋਦਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੰਜ ਬੀੜਾਂ ਸੜ ਗਈਆਂ ਸਨ। ਰੋਸ ਪ੍ਰਗਟਾ ਰਹੇ ਸਿੱਖਾਂ 'ਤੇ 4 ਫਰਵਰੀ ਨੂੰ ਪੁਲਿਸ ਵੱਲੋਂ ਚਲਾਈ ਗੋਲੀ 'ਚ ਚਾਰ ਸਿੱਖ ਨੌਜਵਾਨ ਸ਼ਹੀਦ ਹੋ ਗਏ ਸਨ।

ਪੰਜਾਬ ਪੁਲਿਸ ਨੇ ਚਾਰੇ ਨੌਜਵਾਨਾਂ ਦੀਆਂ ਲਾਸ਼ਾਂ ਵੀ ਲਾਵਾਰਸ ਕਹਿ ਕੇ ਸਾੜ ਦਿੱਤੀਆਂ ਸਨ। ਸਾਲ 2001 ਵਿਚ ਮੁੱਖ ਮੰਤਰੀ ਹੁੰਦਿਆਂ ਪ੍ਰਕਾਸ਼ ਸਿੰਘ ਬਾਦਲ ਨੇ ਨਕੋਦਰ ਕਾਂਡ ਬਾਰੇ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਵਿਧਾਨ ਸਭਾ ਵਿਚ ਪੇਸ਼ ਕੀਤੀ ਸੀ ਤੇ ਉਸ ਵੇਲੇ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਸਨ, ਜਿਹੜੇ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਜਲੰਧਰ ਤੋਂ ਉਮੀਦਵਾਰ ਹਨ।

# ਮਾਰੂਥਲ ਵੱਲ ਵਧ ਰਹੀ ਹੈ ਦਰਿਆਵਾਂ ਦੀ ਧਰਤੀ

**ਚੰਡੀਗੜ੍ਹ:** ਜ਼ਮੀਨ ਹੇਠਲੇ ਪਾਣੀ ਬਾਰੇ ਕੇਂਦਰੀ ਬੋਰਡ ਦੀ ਇਕ ਰਿਪੋਰਟ ਮੁਤਾਬਕ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਜੇਕਰ ਇਸੇ ਤਰ੍ਹਾਂ ਜਾਰੀ ਰਹੀ ਤਾਂ 25 ਵਰ੍ਹਿਆਂ ਵਿਚ ਹੀ ਸੂਬਾ ਮਾਰੂਥਲ ਵਿਚ ਤਬਦੀਲ ਹੋ ਜਾਵੇਗਾ। ਜਿਸ ਰਫਤਾਰ ਨਾਲ ਹੁਣ ਪਾਣੀ ਕੱਢਿਆ ਜਾ ਰਿਹਾ ਹੈ, ਉਸ ਹਿਸਾਬ ਨਾਲ 300 ਮੀਟਰ ਦੀ ਡੂੰਘਾਈ ਤੱਕ ਮੌਜੂਦ ਪਾਣੀ ਦੇ ਸਾਰੇ ਸੋਮੇ 20-25 ਸਾਲਾਂ ਵਿਚ ਖਤਮ ਹੋ ਜਾਣਗੇ। ਜਦਕਿ 100 ਮੀਟਰ ਦੀ ਡੂੰਘਾਈ ਤੱਕ ਦੇ ਪਾਣੀ ਦੇ ਮੌਜੂਦਾ ਸਰੋਤ ਅਗਲੇ 10 ਵਰ੍ਹਿਆਂ 'ਚ ਖਤਮ ਹੋ ਜਾਣਗੇ।

ਦੱਸ ਦਈਏ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਵਿਚ ਝੋਨੇ ਦੀ ਲੁਆਈ ਦਾ ਸਮਾਂ 20 ਜੂਨ ਤੋਂ ਘਟਾ ਕੇ 13 ਜੂਨ ਕਰਨ ਦਾ ਐਲਾਨ ਕੀਤਾ ਹੈ। ਸੂਬੇ ਵਿਚ ਝੋਨੇ ਦੀ ਲੁਆਈ ਦੇ ਐਲਾਨ ਨਾਲ ਹੀ ਇਥੋਂ ਦੇ ਜ਼ਮੀਨ ਹੇਠਲੇ ਪਾਣੀ ਦੇ ਲਗਾਤਾਰ ਥੱਲੇ ਜਾਣ ਪਾਣੀ-ਹਵਾ ਦੇ ਪ੍ਰਦੂਸ਼ਣ ਜ਼ਮੀਨ ਦੀ ਵਿਗੜ ਰਹੀ ਸਿਹਤ ਆਦਿ ਮੁੱਦੇ ਮੁੜ ਚਰਚਾ ਵਿਚ ਆ ਗਏ ਹਨ। ਖੋਜ ਅਧਿਐਨ 'ਗਰਾਊਂਡ ਵਾਟਰ ਡਿਵੈਲਪਮੈਂਟ ਇਨ ਪੰਜਾਬ' ਤੋਂ ਇਹ ਸਾਹਮਣੇ ਆਇਆ ਹੈ ਕਿ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਥੱਲੇ ਨੂੰ ਜਾਣ ਦੇ ਕਈ ਕਾਰਨ ਹਨ। ਇਨ੍ਹਾਂ ਕਾਰਨਾਂ ਵਿਚੋਂ ਸਭ ਤੋਂ ਮਹੱਤਵਪੂਰਨ ਪਾਣੀ ਦੀ ਖੇਤੀਬਾੜੀ ਲਈ ਸਿੰਚਾਈ ਦੀ ਵਰਤੋਂ ਹੈ। ਪੰਜਾਬ ਵਿਚ 1960-61 ਦੌਰਾਨ ਟਿਊਬਵੈੱਲਾਂ ਦੀ ਗਿਣਤੀ ਸਿਰਫ 7445 ਸੀ, ਜੋ ਪੰਜਾਬ ਸਰਕਾਰ ਦੇ ਅੰਕੜਾ-ਸਾਰ ਅਨੁਸਾਰ 2017-18 ਵਿਚ ਵਧ ਕੇ 14.76 ਲੱਖ ਹੋ ਗਈ ਹੈ।

1980 ਦੌਰਾਨ ਪੰਜਾਬ ਦੇ 3712 ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀ ਥੁੜ ਦੀ ਸਮੱਸਿਆ ਸੀ, 2007 ਦੌਰਾਨ ਇਨ੍ਹਾਂ ਪਿੰਡਾਂ ਦੀ ਗਿਣਤੀ 8515 ਹੋ ਗਈ। ਵਰਤਮਾਨ ਸਮੇਂ ਦੌਰਾਨ ਪੀਣ ਵਾਲੇ ਪਾਣੀ ਦੀ ਥੁੜ ਵਾਲੇ ਪਿੰਡਾਂ ਦੀ ਗਿਣਤੀ ਹੋਰ ਜ਼ਿਆਦਾ ਹੋਣ ਦੇ ਨਾਲ-ਨਾਲ ਖੇਤੀਬਾੜੀ ਉਤਪਾਦਨ ਲਈ ਵਰਤੀਆਂ ਜਾ ਰਹੀਆਂ ਰਸਾਇਣਿਕ ਖਾਦਾਂ, ਕੀਟਨਾਸ਼ਕ ਅਤੇ ਨਦੀਨਨਾਸ਼ਕ ਅਤੇ ਹੋਰ ਜ਼ਹਿਰਾਂ ਅਤੇ ਉਦਯੋਗਾਂ ਦੁਆਰਾ ਦਰਿਆਵਾਂ, ਨਦੀਆਂ ਅਤੇ ਨਹਿਰਾਂ ਵਿਚ ਉਨ੍ਹਾਂ ਦੀ ਰਹਿੰਦ/ਖੂੰਹਦ ਅਤੇ ਰਸਾਇਣਕ ਪਦਾਰਥ ਪਾਉਣ ਜਾਂ ਸੁੱਟਣ ਨਾਲ ਇਹ ਪਦਾਰਥ ਧਰਤੀ ਹੇਠਲੇ ਪਾਣੀ ਵਿਚ ਘੁਲ ਗਏ ਹਨ, ਜਿਸ ਦੇ ਨਤੀਜੇ ਵਜੋਂ ਪੰਜਾਬ ਦੇ ਬਹੁਤ ਜ਼ਿਆਦਾ ਖੇਤਰਾਂ ਵਿਚ ਧਰਤੀ ਹੇਠਲਾ ਪਾਣੀ ਸਿੱਧੇ ਤੌਰ ਉਤੇ ਪੀਣ ਵਾਲਾ ਹੀ ਨਹੀਂ ਰਿਹਾ। ਸੂਬੇ ਵਿਚ ਸਿਰਫ 27 ਫੀਸਦੀ ਰਕਬਾ ਹੀ ਨਹਿਰੀ ਪਾਣੀ ਨਾਲ ਸਿੰਜਿਆ ਜਾ ਰਿਹਾ ਹੈ ਅਤੇ ਬਾਕੀ ਦਾ 73 ਫੀਸਦੀ ਰਕਬਾ ਟਿਊਬਵੈੱਲਾਂ ਉਪਰ ਨਿਰਭਰ ਹੈ।

# ਜਬਰ ਜਨਾਹ ਮਗਰੋਂ ਪੰਜ ਸਾਲਾ ਬੱਚੀ ਦੀ ਹੱਤਿਆ

**ਪੰਚਕੂਲਾ:** ਸੈਕਟਰ-14 ਪੰਚਕੂਲਾ ਦੇ ਲਿਟਲ ਫਲਾਵਰ ਸਕੂਲ ਦੀਆਂ ਝੁੱਗੀਆਂ ਨੇੜੇ ਪਲਾਟ ਵਿਚ 14 ਸਾਲਾਂ ਦੇ ਲੜਕੇ ਨੇ 5 ਸਾਲਾ ਬੱਚੀ ਨਾਲ ਪਹਿਲਾਂ ਜਬਰ ਜਨਾਹ ਕੀਤਾ ਤੇ ਫਿਰ ਇੱਟਾਂ ਮਾਰ ਕੇ ਉਸ ਨੂੰ ਮਾਰ ਦਿੱਤਾ। ਲੜਕਾ ਸਵੇਰੇ ਹੀ ਲੜਕੀ ਨੂੰ ਆਪਣੇ ਨਾਲ ਲਿਜਾਣ ਤੇ ਉਸ ਨੂੰ ਖਿਡਾਉਣ ਦੀ ਉਸ ਦੇ ਘਰ ਵਾਲਿਆਂ ਤੋਂ ਮੰਗ ਕਰ ਰਿਹਾ ਸੀ। ਲੜਕੀ ਦੇ ਪਰਿਵਾਰ ਵਾਲੇ ਲੜਕੇ ਨੂੰ ਜਾਣਦੇ ਸਨ।

ਇਸ ਮਾਮਲੇ ਬਾਰੇ ਲੜਕੀ ਦੀ ਮਾਤਾ ਤੇ ਪਿਤਾ ਨੂੰ ਉਦੋਂ ਪਤਾ ਲੱਗਾ ਜਦੋਂ ਸਵਾ ਦੋ ਵਜੇ ਦੁਪਹਿਰੇ ਲੜਕੇ ਨੂੰ ਲੋਕ ਮਾਰਕੁੱਟ ਰਹੇ ਸਨ। ਇਕ ਮਹਿਲਾ ਨੇ ਲੜਕੀ ਨਾਲ ਜਬਰ ਜਨਾਹ ਹੁੰਦਾ ਵੇਖਿਆ ਤਾਂ ਰੌਲਾ ਪਾ ਦਿੱਤਾ। ਪੁਲਿਸ ਨੇ 14 ਸਾਲਾ ਲੜਕੇ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਉਸ ਕੋਲੋਂ ਪੁੱਛਗਿੱਛ ਜਾਰੀ ਹੈ। ਐਸ.ਪੀ. ਕਮਲਦੀਪ ਗੋਇਲ, ਪੁਲਿਸ ਸਟੇਸ਼ਨ, ਸੈਕਟਰ-14 ਦੇ ਐਸ.ਐਚ.ਓ. ਨਵੀਨ ਅਤੇ ਫੋਰੈਂਸਿਕ ਮਾਹਿਰਾਂ ਦੀ ਟੀਮ ਨੇ ਮੌਕਾ ਵੇਖਿਆ ਅਤੇ ਬੱਚੀ ਦੀ ਲਾਸ਼ ਕਬਜ਼ੇ ਵਿਚ ਲੈ ਕੇ ਉਸ ਦਾ ਪੋਸਟਮਾਰਟਮ ਕਰਵਾ ਕੇ ਲਾਸ਼ ਉਸ ਦੇ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤੀ।

# ਹਵਾਈ ਫੌਜ ਨੂੰ ਮਿਲਿਆ ਪਹਿਲਾ ਗਾਰਜੀਅਨ ਅਪਾਚੇ ਹੈਲੀਕਾਪਟਰ

**ਨਵੀਂ ਦਿੱਲੀ:** ਭਾਰਤੀ ਹਵਾਈ ਸੈਨਾ ਨੂੰ ਆਪਣਾ ਪਹਿਲਾ ਲੜਾਕੂ ਹੈਲੀਕਾਪਟਰ ਅਪਾਚੇ ਗਾਰਜੀਅਨ ਮਿਲ ਗਿਆ ਹੈ। ਇਸ ਦਾ ਨਿਰਮਾਣ ਅਮਰੀਕਾ ਦੇ ਐਰੀਜ਼ੋਨਾ 'ਚ ਹੋਇਆ ਹੈ। ਭਾਰਤ ਨੇ ਅਮਰੀਕਾ ਨਾਲ 22 ਅਜਿਹੇ ਹੈਲੀਕਾਪਟਰਾਂ ਲਈ ਸਮਝੌਤਾ ਕੀਤਾ ਸੀ। ਇਸ ਤੋਂ ਪਹਿਲਾਂ ਹਵਾਈ ਸੈਨਾ ਨੂੰ ਚਿਨੂਕ ਹੈਵੀਲਿਫਟ ਹੈਲੀਕਾਪਟਰ ਮਿਲ ਚੁੱਕਾ ਹੈ। ਬੋਇੰਗ ਏ.ਏ. ਐਚ.-64 ਈ (1) ਅਪਾਚੇ ਨੂੰ ਦੁਨੀਆਂ ਦਾ ਸਭ ਤੋਂ ਖਤਰਨਾਕ ਹੈਲੀਕਾਪਟਰ ਮੰਨਿਆ ਜਾਂਦਾ ਹੈ। ਪਿਛਲੇ ਸਾਲ ਅਮਰੀਕਾ ਨੇ ਭਾਰਤੀ ਸੈਨਾ ਨੂੰ 6 ਏ.ਐਚ.-64 ਈ ਹੈਲੀਕਾਪਟਰ ਦੇਣ ਦੇ ਸਮਝੌਤੇ 'ਤੇ ਹਸਤਾਖਰ ਕੀਤੇ ਸਨ।

ਇਸ ਨੂੰ ਚੀਨ ਤੇ ਪਾਕਿਸਤਾਨ ਦੀ ਸਰਹੱਦ 'ਤੇ ਤਾਇਨਾਤ ਕੀਤਾ ਜਾਵੇਗਾ। ਘੱਟ ਉਚਾਈ 'ਤੇ ਉਡਣ ਦੀ ਸਮਰੱਥਾ ਕਾਰਨ ਅਪਾਚੇ ਪਹਾੜਾਂ ਤੇ ਜੰਗਲਾਂ 'ਚ ਆਦਿ ਵਾਸੀਆਂ ਅਤੇ ਦੁਸ਼ਮਣਾਂ ਨਾਲ ਮੁਕਾਬਲਾ ਕਰਨ ਲਈ ਹਮਲਾਵਰ ਕਾਫੀ ਕਾਰਗਰ ਸਾਬਤ ਹੁੰਦੇ ਹਨ। ਅਪਾਚੇ ਦੁਨੀਆ ਦੇ ਸਭ ਤੋਂ ਚੰਗੇ ਹਮਲਾਵਰ ਹੈਲੀਕਾਪਟਰ 'ਚ ਗਿਣਿਆ ਜਾਂਦਾ ਹੈ। ਇਹ ਰਾਕੇਟ, ਟੈਂਕ, ਮਿਜ਼ਾਈਲਾਂ ਅਤੇ ਜ਼ਮੀਨ 'ਤੇ ਦੁਸ਼ਮਣ ਦੇ ਠਿਕਾਣਿਆਂ 'ਤੇ ਹਮਲਾ ਕਰਨ ਲਈ ਮਸ਼ੀਨਗੰਨ ਨਾਲ ਲੈਸ ਹੁੰਦਾ ਹੈ। ਇਸ 'ਚ ਦੋ ਕਰੂ ਮੈਂਬਰ ਹੁੰਦੇ ਹਨ ਅਤੇ ਇਹ ਹਰ ਮੌਸਮ 'ਚ ਕਾਰਗਰ ਹਮਲਾ ਕਰਨ ਦੇ ਸਮਰੱਥ ਹੈ। ਇਸ ਨਾਲ ਅਤਿਵਾਦੀ ਠਿਕਾਣਿਆਂ ਨੂੰ ਅਸਾਨੀ ਨਾਲ ਤਬਾਹ ਕੀਤਾ ਜਾ ਸਕੇਗਾ।

ਰੱਖਿਆ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਅਪਾਚੇ ਯੁੱਧ ਦੌਰਾਨ 'ਗੇਮ ਚੇਂਜਰ ਦੀ' ਭੂਮਿਕਾ ਨਿਭਾਅ ਸਕਦਾ ਹੈ। ਇਸ ਤੋਂ ਪਹਿਲਾਂ ਭਾਰਤੀ ਹਵਾਈ ਸੈਨਾ ਰੂਸ ਦੇ ਬਣੇ ਐਮ.ਆਈ.-35 ਦਾ ਇਸਤੇਮਾਲ ਕਰ ਰਹੀ ਸੀ, ਜੋ ਕਿ ਹੁਣ ਰਿਟਾਇਰਮੈਂਟ ਦੀ ਕਗਾਰ 'ਤੇ ਹਨ।

# ਪੰਜਾਬ ਟਾਈਮਜ਼ ਦੀ 19ਵੀਂ ਵਰ੍ਹੇਗੰਢ ਦੇ ਸਮਾਗਮ ‘ਤੇ ਖੂਬ ਲੱਗੀਆਂ ਰੌਣਕਾਂ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ, ਬਿਊਰੋ):** ਪੰਜਾਬ ਟਾਈਮਜ਼ ਦੀ 19ਵੀਂ ਵਰ੍ਹੇਗੰਢ 4 ਮਈ ਨੂੰ ਇਥੋਂ ਦੀ ਇਕ ਸਬਰਬ ਆਰਲਿੰਗਟਨ ਹਾਈਟਸ ਦੇ ਅਟਲਾਂਟਿਸ ਬੈਂਕੁਇਟ ਹਾਲ ਵਿਚ ਮਨਾਈ ਗਈ। ਗੀਤ-ਸੰਗੀਤ ਭਰੀ ਇਸ ਸ਼ਾਮ ਵਿਚ ਮਿਡਵੈਸਟ ਦੀਆਂ ਧਾਰਮਿਕ, ਸਭਿਆਚਾਰਕ ਤੇ ਖੇਡ ਸੰਸਥਾਵਾਂ ਦੇ ਨੁਮਾਇੰਦੇ ਅਤੇ ਪੰਜਾਬ ਟਾਈਮਜ਼ ਦੇ ਪ੍ਰਸ਼ੰਸਕ ਹੁਮਹੁਮਾ ਕੇ ਪਹੁੰਚੇ।

ਗੀਤ-ਸੰਗੀਤ ਦੇ ਦੌਰ ਵਿਚ ਕੈਲੀਫੋਰਨੀਆ ਤੋਂ ਵਿਸ਼ੇਸ਼ ਤੌਰ ‘ਤੇ ਪਹੁੰਚੇ ‘ਵਾਇਸ ਆਫ ਪੰਜਾਬ’ ਗਾਇਕਾ ਜਸਪਿੰਦਰ ਰੈਣਾ ਤੇ ਰਾਜਨ ਸੰਧੂ,



ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ

ਸਥਾਨਕ ਗਾਇਕ ਤਾਰਾ ਮੁਲਤਾਨੀ, ਦਵਿੰਦਰ ਧਨੋਆ, ਸੁਖਪਾਲ ਗਿੱਲ ਤੇ ਸੰਨੀ ਨੇ ਆਏ ਮਹਿਮਾਨਾਂ ਦਾ ਭਰਪੂਰ ਮਨੋਰੰਜਨ ਕੀਤਾ।

ਪ੍ਰੋਗਰਾਮ ਦੀ ਸ਼ੁਰੂਆਤ ਤਾਰਾ ਮੁਲਤਾਨੀ ਨੇ ਗੁਰਦਾਸ ਮਾਨ ਦੇ ਮਸ਼ਹੂਰ ਗੀਤ ‘ਕੀ ਬਣੂੰ ਦੁਨੀਆਂ ਦਾ’ ਨਾਲ ਕੀਤੀ। ਜਸਪਿੰਦਰ ਰੈਣਾ ਨੇ ‘ਛੱਲਾ’ ਪੇਸ਼ ਕਰ ਕੇ ਝਟ ਹੀ ਸਰੋਤਿਆਂ ਦੇ ਮਨਾਂ ਵਿਚ ਆਪਣੀ ਥਾਂ ਬਣਾ ਲਈ। ਲਾਲ ਚੰਦ ਯਮਲਾ ਜੱਟ ਨੂੰ ਯਾਦ ਕਰਦਿਆਂ ‘ਅਲੜ੍ਹਪੁਣੇ ਵਿਚ ਲੱਗੀਆਂ’ ਫਿਰ ਤਾਰਾ ਮੁਲਤਾਨੀ ਨਾਲ ਮਿਲ ਕੇ ‘ਤੇਰੇ ਨੀ ਕਰਾਰਾਂ ਮੈਨੂੰ ਪਟਿਆ’ ਗਾ ਕੇ ਯਮਲਾ ਜੱਟ ਨੂੰ ਸ਼ਰਧਾਂਜਲੀ ਭੇਟ ਕੀਤੀ।

ਰਾਜਨ ਸੰਧੂ ਨੇ ਵੀ ਗੀਤ ‘ਪੰਜਾਂ ਦਰਿਆਵਾਂ ਵਾਲੀ ਧਰਤੀ ਸ਼ਹੀਦਾਂ ਦੀ’, ‘ਅੰਬਰਾਂ ਦੀ ਗੋਦੀ ਵਿਚ ਚੰਨ ਪਿਆਰੇ ਦੇਖੇ ਨੇ’ ਅਤੇ ‘ਤੇਰੇ ਚਿਹਰੇ ਦੀ ਉਦਾਸੀ ਮੈਥੋਂ ਝੱਲੀ ਨਹੀਂ ਜਾਂਦੀ’ ਤੇ ਹੋਰ ਕਈ ਗੀਤ ਪੇਸ਼ ਕਰ ਕੇ ਖੂਬ ਰੰਗ ਬੰਨਿਆ।



ਜਸਪਿੰਦਰ ਰੈਣਾ



ਰਾਜਨ ਸੰਧੂ



ਤਾਰਾ ਮੁਲਤਾਨੀ



ਸੰਨੀ



ਦਵਿੰਦਰ ਧਨੋਆ



ਰਾਜ ਲਾਲੀ ਬਟਾਲਾ

ਜਸਪਿੰਦਰ ਰੈਣਾ ਨੇ ਮਾਹੌਲ ਨੂੰ ਇਕ ਵੱਖਰਾ ਰੰਗ ਦਿੰਦਿਆਂ ‘ਬਾਜਰੇ ਦਾ ਸਿੱਟਾ ਅਸਾਂ ਤਲੀ ’ਤੇ ਮਰੋੜਿਆ’, ‘ਚੰਨ ਵੇ ਕਿ ਸ਼ੌਕਣ ਮੇਲੇ ਦੀ’, ‘ਇਨ੍ਹਾਂ ਅੱਖੀਆਂ ਵਿਚ ਪਾਵਾਂ ਕਿਵੇਂ ਕਜਲਾ, ਅੱਖੀਆਂ ’ਚ ਤੂੰ ਵੱਸਦਾ’ ਅਤੇ ‘ਕਮਲੀ ਮੈਂ ਯਾਰ ਦੀ ਕਮਲੀ’ ਪੇਸ਼ ਕਰ ਕੇ ਆਪਣੀ ਸਭਿਆਚਾਰਕ ਗਾਇਕੀ ਰਾਹੀਂ ਸਰੋਤਿਆਂ ਨੂੰ ਪੁਰਾਣੇ ਦਿਨ ਚੇਤੇ ਕਰਵਾ ਦਿੱਤੇ। ਉਸ ਨੇ ਤੇਜ ਬੀਟ ’ਤੇ ‘ਜੁਗਨੀ, ਵੀਰ ਮੇਰਿਆ ਵੇ ਜੁਗਨੀ’ ਸਮੇਤ ਕਈ ਗੀਤ ਗਾ ਕੇ ਦਰਸ਼ਕਾਂ ਦਾ ਮਨ ਮੋਹ ਲਿਆ ਤੇ ਆਪਣੀ ਗਾਇਕੀ ਦਾ ਲੋਹਾ ਮੰਨਵਾਇਆ। ਡਿਟਰਾਇਟ ਤੋਂ ਆਏ ਦਰਸ਼ਨ ਸਿੰਘ ਗਰੇਵਾਲ ਦਾ ਕਹਿਣਾ ਸੀ, ਬਈ ਇਸ ਕੁੜੀ ਨੇ ਤਾਂ ਕਮਾਲ ਕਰ ਦਿੱਤੀ। ਇਉਂ ਲੱਗਦੈ ਜਿਵੇਂ 30 ਸਾਲ ਪਹਿਲਾਂ ਦੇ ਪਿੰਡ ਵਿਚ ਬੈਠੇ ਹੋਈਏ।

ਤਾਰਾ ਮੁਲਤਾਨੀ ਨੇ ਜਦੋਂ ਜਸਪਿੰਦਰ ਰੈਣਾ ਦੇ ਸਿਰ ‘ਤੇ ਹੱਥ ਰੱਖ ਕੇ ਕਿਹਾ ਕਿ ‘ਮੇਰੀ ਇਸ ਭੈਣ ਨੇ ਬਹੁਤ ਉਮਦਾ ਗਾਇਆ ਹੈ। ਇਸ ਲਾਜਵਾਬ ਪਰਫਾਰਮੈਂਸ ਲਈ ਵਧਾਈ ਦਿੰਦਾ ਹਾਂ, ਭਵਿਖ ਵਿਚ ਜਸਪਿੰਦਰ ਹੋਰ ਵੀ ਵਧੀਆ ਗਾਇਕਾ ਬਣੇਗੀ’ ਤਾਂ ਦਰਸ਼ਕਾਂ ਨੇ ਜੋਰਦਾਰ ਤਾਲੀਆਂ ਵਜਾ ਕੇ ਇਸ ਗੱਲ ‘ਤੇ ਮੋਹਰ ਲਾਈ। ਜਸਪਿੰਦਰ ਰੈਣਾ ਨੇ ਰਾਜਨ ਸੰਧੂ ਨਾਲ ਮਿਲ ਕੇ ਦੋ-ਗਾਣੇ ਪੇਸ਼ ਕਰ ਕੇ ਹੋਰ ਵੀ ਕਮਾਲ ਕਰ ਦਿੱਤੀ। ਗੀਤਾਂ ਦੇ



ਅਸ਼ੋਕ ਭੌਰਾ

ਬੋਲ ਸਨ, ‘ਤੂੰ ਤੇ ਕਹਿੰਦਾ ਸੀ ਪੀਣੀ ਛੱਡ ਦਿੱਤੀ, ਇਹ ਖਾਲੀ ਬੋਤਲ ਘਰ ਵਿਚ ਕਿਥੋਂ ਆਈ’, ‘ਭਾਬੀ ਨੀ ਟੀਚਰ ਅੰਗਰੇਜ਼ੀ ਦੀ…’ ਅਤੇ ‘ਜਿਨ੍ਹਾਂ ਲਈ ਖੜ੍ਹਦੇ ਹਾਂ, ਉਨ੍ਹਾਂ ਲਈ ਮਰਦੇ ਹਾਂ।’

ਤਾਰਾ ਮੁਲਤਾਨੀ ਨੇ ਆਪਣੇ ਦੂਜੇ ਦੌਰ ਵਿਚ ‘ਮੇਰਾ ਦੇਸ਼ ਪੰਜਾਬ’, ‘ਸਭ ਤੋਂ ਸੋਹਣਾ ਸ਼ਹਿਰ’, ‘ਦੁਨੀਆਂ ਮੇਲੇ ਜਾਂਦੀ ਏ’, ‘ਦੋ ਤਾਰਾ ਵਜਦਾ ਵੇ’ ਅਤੇ ਸੁਖਪਾਲ ਗਿੱਲ ਨਾਲ ਮਿਲ ਕੇ ਗੀਤ ‘ਘੱਗਰੇ ਵੀ ਗਏ, ਫੁਲਕਾਰੀਆਂ ਵੀ ਗਈਆਂ’ ਪੇਸ਼ ਕੀਤਾ।

ਗਾਇਕ ਸੰਨੀ ਨੇ ‘ਸੋਹਣੀ ਲਗਦੀ, ਮੈਨੂੰ ਸੋਹਣੀ ਲਗਦੀ’, ‘ਅੱਜ ਹੋਣਾ ਦੀਦਾਰ ਮਾਹੀ ਦਾ’ ਅਤੇ ‘ਕਦੀ ਸਾਡੀ ਗਲੀ ਵੀ ਆਇਆ ਕਰੋ’ ਗਾ ਕੇ ਭਰਵੀਂ ਦਾਦ ਹਾਸਿਲ ਕੀਤੀ। ਦਵਿੰਦਰ ਧਨੋਆ ਨੇ ‘ਲੀਡਰਾਂ ਦੇ ਪੁੱਤ ਔਡੀ ਵਿਚ ਘੁੰਮਦੇ’ ਅਤੇ ਇਕ ਹੋਰ ਗੀਤ ਰਾਹੀਂ ਹਾਜ਼ਰੀ ਲੁਆਈ। ਸਥਾਨਕ ਗਜ਼ਲਗੋ ਰਾਜ ਲਾਲੀ ਬਟਾਲਾ ਨੇ ਇਕ ਗਜ਼ਲ ਨਾਲ ਹਾਜ਼ਰੀ ਲੁਆਈ। ਸਾਜ਼ ਤੇ ਸੰਗੀਤ ਦੀ ਜ਼ਿੰਮੇਵਾਰੀ ਮਾਸਟਰ ਹਿਤੇਸ਼ ਨੇ ਬਾਖੂਬੀ ਨਿਭਾਈ।

ਪ੍ਰੋਗਰਾਮ ਦਾ ਮੰਚ ਸੰਚਾਲਨ ਕੈਲੀਫੋਰਨੀਆ ਤੋਂ ਪਹੁੰਚੇ ਲੇਖਕ ਤੇ ਪੱਤਰਕਾਰ ਐਸ. ਅਸ਼ੋਕ ਭੌਰਾ ਤੇ ਸਥਾਨਕ ਸ਼ਖਸੀਅਤ ਡਾ. ਹਰਜਿੰਦਰ ਸਿੰਘ ਖਹਿਰਾ ਨੇ ਵਾਰੋ ਵਾਰੀ ਕੀਤਾ। ਐਸ. ਅਸ਼ੋਕ ਭੌਰਾ ਨੇ ਆਪਣੀ ਸ਼ੇਅਰੋ ਸ਼ਾਇਰੀ ਅਤੇ ਚੁਟਕਲਿਆਂ ਨਾਲ ਆਏ ਮਹਿਮਾਨਾਂ ਦੀ ਖੂਬ ਵਾਹ ਵਾਹ ਖੱਟੀ। ਅਸ਼ੋਕ ਭੌਰਾ ਨੇ ਛੜਿਆਂ ਬਾਬਤ ਕਵਿਤਾ ‘ਦੋ ਛੜ੍ਹੇ’ ਸੁਣਾ ਕੇ ਸਰੋਤਿਆਂ ਨੂੰ ਖੂਬ ਹਸਾਇਆ। ਡਾ. ਖਹਿਰਾ ਨੇ ਆਪਣੇ ਖਾਸ ਅੰਦਾਜ਼ ਵਿਚ ਸਟੇਜ ਸਕੱਤਰ ਦਾ ਰੋਲ ਬਾਖੂਬੀ ਨਿਭਾਇਆ।

ਭਾਰਤ ਤੋਂ ਆਏ ‘ਪੰਜਾਬੀ ਟ੍ਰਿਬਿਊਨ’ ਵਿਚ ਸਬ ਐਡੀਟਰ ਅਤੇ ਅਖਬਾਰ ‘ਸਪੋਕਸਮੈਨ’ ਦੇ ਐਡੀਟਰ ਵਜੋਂ ਕੰਮ ਕਰ ਚੁਕੇ ਬਲਵਿੰਦਰ ਸਿੰਘ ਜੰਮੂ ਜ਼ੀਰਕਪੁਰ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜੋਕੇ ਸਮੇਂ ਵਿਚ ਪ੍ਰਿੰਟ ਮੀਡੀਆ ਔਖੇ ਦੌਰ ਵਿਚੋਂ ਲੰਘ ਰਿਹਾ ਹੈ। ਸਭ ਤੋਂ ਵੱਡਾ ਚੈਲੰਜ ਸੋਸ਼ਲ ਮੀਡੀਏ ਦਾ ਹੈ। ਪੰਜਾਬੀ ਅਖਬਾਰ ਤਾਂ ਕੀ ਅੰਗਰੇਜ਼ੀ ਅਖਬਾਰ ਵੀ ਇਸ ਨਵੀਂ ਚੁਣੌਤੀ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਕਿਹਾ, ਸੋਸ਼ਲ ਮੀਡੀਆ ਹੱਥਾਂ ਦੀ ਖੇਡ ਹੈ, ਪੋਸਟ ਤੇ ਡਿਲੀਟ ਦਾ ਕੰਮ ਹੈ, ਪਰ ਪ੍ਰਿੰਟ ਮੀਡੀਆ ਇਕ ਦਸਤਾਵੇਜ਼ ਹੈ।



ਨਫੀਸ ਰਹਿਮਾਨ

ਸ. ਜੰਮੂ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਪੰਜਾਬ ਟਾਈਮਜ਼ ਦੀ ਉਨ੍ਹਾਂ ਵਲੋਂ ਕੀਤੀ ਜਾ ਰਹੀ ਮਦਦ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਪੰਜਾਬੀ ਅਖਬਾਰ ਭਾਈਚਾਰੇ ਦੀ ਮਦਦ ਤੋਂ ਬਿਨਾ ਨਹੀਂ ਚੱਲ ਸਕਦੇ। ਇਹ ਖੁਸ਼ੀ



ਬਲਵਿੰਦਰ ਸਿੰਘ ਜੰਮੂ

ਦੀ ਗੱਲ ਹੈ ਕਿ ਪੰਜਾਬ ਟਾਈਮਜ਼ ਨੂੰ ਇਹ ਸਮਰਥਨ ਲਗਾਤਾਰ ਮਿਲ ਰਿਹਾ ਹੈ।

ਮੁਖ ਮਹਿਮਾਨ ਅੰਮ੍ਰਿਤਪਾਲ ਸਿੰਘ ਗਿੱਲ ਨੇ ਪੰਜਾਬ ਟਾਈਮਜ਼ ਦੇ ਪਾਠਕਾਂ ਤੇ ਸਹਿਯੋਗੀਆਂ ਨੂੰ ਅਖਬਾਰ ਦੀ 19ਵੀਂ ਵਰ੍ਹੇਗੰਢ ‘ਤੇ ਵਧਾਈ ਦਿੰਦਿਆਂ ਆਪਣੇ ਵਲੋਂ ਪੰਜਾਬ ਟਾਈਮਜ਼ ਨੂੰ ਭਰਵੇਂ ਸਮਰਥਨ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਟਾਈਮਜ਼ ਇਕੋ ਇਕ ਅਖਬਾਰ ਹੈ, ਜੋ ਸਭ ਦੀ ਅਵਾਜ਼ ਨਿਧੜਕ ਹੋ ਕੇ ਸਭ ਤੱਕ ਪਹੁੰਚਾਉਂਦਾ ਹੈ, ਸਮਾਜ ਤੇ ਲੋਕਾਂ ਦੇ ਦੁਖ ਦਰਦ ਨੂੰ ਅਖਬਾਰ ਰਾਹੀਂ ਜੁਬਾਨ ਦਿੰਦਾ ਹੈ। ਇਸ ਹਿੰਮਤ ਤੇ ਹੌਸਲੇ ਤੇ ਵਿਸ਼ਵਾਸ ਨੂੰ ਦਾਦ ਦੇਣੀ ਬਣਦੀ ਹੈ। ਮੇਰੀ ਕਾਮਨਾ ਹੈ ਕਿ ਅਖਬਾਰ ਹੋਰ ਤਰੱਕੀ ਕਰੇ। ਪੰਜਾਬ ਟਾਈਮਜ਼ ਦੇ ਸਲਾਹਾਕਾਰ ਬੋਰਡ



ਠਾਕਰ ਸਿੰਘ ਬਸਾਤੀ

ਨੇ ਪਲੇਕ ਦੇ ਕੇ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ।

ਇਸ ਮੌਕੇ ਅਦਾਰੇ ਨੇ ਆਪਣੇ ਵੱਡੇ ਹਮਦਰਦ, ਸ਼ੁਭਚਿੰਤਕ ਅਤੇ ਸਲਾਹਕਾਰ ਬੋਰਡ ਦੇ ਸੀਨੀਅਰ ਮੈਂਬਰ ਪ੍ਰੋ. ਜੋਗਿੰਦਰ ਸਿੰਘ ਰਮਦੇਵ ਸਿੰਘ ਦੇ ਤੁਰ ਜਾਣ ਦਾ ਹਉਕਾ ਭਰਿਆ। ਪ੍ਰੋ. ਰਮਦੇਵ ਪ੍ਰਤੀ ਜਾਣਕਾਰੀ ਠਾਕਰ ਸਿੰਘ ਬਸਾਤੀ ਨੇ ਭਾਵ ਭਿੰਨੇ ਸ਼ਬਦਾਂ ਵਿਚ ਦਿੱਤੀ। ਸਲਾਹਕਾਰ ਬੋਰਡ ਨੇ ਆਪਣੇ ਮੈਂਬਰ ਸ. ਸਵਰਨਜੀਤ ਸਿੰਘ ਢਿੱਲੋਂ ਦੀ ਸਿਹਤਯਾਬੀ ਦੀ ਅਰਦਾਸ ਵੀ ਕੀਤੀ। ਕਾਲਮਨਵੀਸ ਡਾ. ਗੁਰਬਖਸ਼ ਸਿੰਘ ਭੰਡਾਲ ਦੇ ਪਿਤਾ ਦੇ ਚਲਾਣੇ ‘ਤੇ ਦੁੱਖ ਜਾਹਰ ਕੀਤਾ।

ਇਸ ਮੌਕੇ ਵਿਸ਼ੇਸ਼ ਤੌਰ ‘ਤੇ ਪੁੱਜੇ ਸ਼ਿਕਾਗੋ ਤੋਂ ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ ਨੇ ਕਿਹਾ ਕਿ ਪੰਜਾਬੀਆਂ ਦਾ ਇਹ ਇਕੱਠ ਵੇਖ ਕੇ ਲੱਗਦਾ ਹੈ ਕਿ ਅਮਰੀਕਾ ਹੁਣ ਇਸਾਈਆਂ ਦਾ ਹੀ ਨਹੀਂ, ਸਗੋਂ ਭਾਰਤੀ ਅਤੇ ਖਾਸਕਰ ਪੰਜਾਬੀ ਕੌਮ ਦਾ ਵੀ ਦੇਸ਼ ਹੈ।

ਪੰਜਾਬ ਟਾਈਮਜ਼ ਅਦਾਰੇ ਵੱਲੋਂ ਮਨਦੀਪ ਸਿੰਘ ਜੰਮੂ ਅਤੇ ਬੀਬੀ ਸੰਦੀਪ ਕੌਰ ਜੰਮੂ ਨੇ ਹੋਰਨਾਂ ਨਾਲ ਰਲ ਕੇ ਰਾਜਾ ਕ੍ਰਿਸ਼ਨਾਮੂਰਤੀ ਦਾ ਸਵਾਗਤ ਕੀਤਾ। ਸ੍ਰੀ ਕ੍ਰਿਸ਼ਨਾਮੂਰਤੀ ਨੇ ਪੰਜਾਬ ਟਾਈਮਜ਼ ਦੇ ਸੰਪਾਦਕ ਸ. ਅਮੋਲਕ ਸਿੰਘ ਜੰਮੂ ਨੂੰ ਅਦਾਰੇ ਦੀ 19ਵੀਂ ਵਰ੍ਹੇਗੰਢ ਦੀ ਵਧਾਈ ਦਿੰਦਿਆਂ ਉਨ੍ਹਾਂ ਦੀ ਸਿਹਤਯਾਬੀ ਲਈ ਦੁਆ ਕੀਤੀ।



ਇਸ ਇਕੱਤਰਤਾ ਵਿਚ ਪੰਜਾਬੀਆਂ ਵੱਲੋਂ ਮਿਲੇ ਪਿਆਰ, ਸਤਿਕਾਰ ਤੇ ਮਾਣ ਤੋਂ ਗਦਗਦ ਹੁੰਦਿਆਂ ਕ੍ਰਿਸ਼ਨਾਮੂਰਤੀ ਨੇ ਜਦੋਂ ਕਿਹਾ ਕਿ ਮੇਰਾ ਨਾਂ ਵੀ ਰਾਜਾ ਸਿੰਘ ਕਰ ਦਿਓ ਤਾਂ ਹਾਲ ਤਾੜੀਆਂ ਨਾਲ ਗੂੰਜ ਉਠਿਆ। ਉਨ੍ਹਾਂ ਕਿਹਾ ਕਿ ਮੈਨੂੰ ਮਾਣ ਹੈ ਕਿ ਮੈਂ ਅਮਰੀਕਾ ਵਿਚ ਭਾਰਤੀ ਲੋਕਾਂ ਸਦਕਾ ਕਾਂਗਰਸਮੈਨ ਹਾਂ। ਮੇਰੇ ਦਰਵਾਜੇ ਪੰਜਾਬੀਆਂ ਅਤੇ ਭਾਰਤੀ ਲੋਕਾਂ ਲਈ ਹਮੇਸ਼ਾ ਖੁਲ੍ਹੇ ਹਨ ਤੇ ਕੋਈ ਵੀ ਮੇਰੇ ਦਫਤਰ ਆ ਕੇ ਮੈਨੂੰ ਮਿਲ ਸਕਦਾ ਹੈ।



ਡਾ. ਹਰਜਿੰਦਰ ਸਿੰਘ ਖਹਿਰਾ

ਉਨ੍ਹਾਂ ਇਹ ਵੀ ਕਿਹਾ ਯੂ ਐਸ ਏ ਵਿਚ ਪੰਜਾਬੀ ਲੋਕਾਂ ਨੂੰ ਵੀਜ਼ਿਆਂ ਸਬੰਧੀ ਆਉਂਦੀਆਂ ਦਿੱਕਤਾਂ ਹੱਲ ਕਰਨ ਲਈ ਯਤਨਸ਼ੀਲ ਰਹਿਣਗੇ।

ਸ਼ਾਮਬਰਗ ਵਿਲੇਜ ਦੇ ਪ੍ਰੈਜ਼ੀਡੈਂਟ ਦੀ ਚੋਣ ਲੜ ਚੁਕੇ ਨਫੀਸ ਰਹਿਮਾਨ ਨੇ ਹਾਜ਼ਰੀਨ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਭਾਵੇਂ ਉਹ ਚੋਣ ਨਹੀਂ ਜਿੱਤ ਸਕੇ, ਪਰ ਪੰਜਾਬੀ ਭਾਈਚਾਰੇ ਵਲੋਂ ਮਿਲਿਆ ਪਿਆਰ ਤੇ ਸਹਿਯੋਗ ਉਨ੍ਹਾਂ ਨੂੰ ਹਮੇਸ਼ਾ ਯਾਦ ਰਹੇਗਾ। ਉਹ ਪੰਜਾਬੀ ਭਾਈਚਾਰੇ ਦੇ ਦਿਲੋਂ ਧੰਨਵਾਦੀ ਹਨ।

ਇਸ ਮੌਕੇ ਸ਼ਿਕਾਗੋ ਦੇ ਉਘੇ ਬਿਜਨਸਮੈਨ ਰਵਿੰਦਰਪਾਲ (ਰਵੀ) ਹੰਜਰਾ ਦਾ ‘ਬਿਜਨਸਮੈਨ ਆਫ ਦੀ ਯੀਅਰ’ ਅਵਾਰਡ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ। ਪੰਜਾਬ ਟਾਈਮਜ਼ ਵਲੋਂ ਗਾਇਕਾ ਜਸਪਿੰਦਰ ਰੈਣਾ, ਗਾਇਕ ਰਾਜਨ ਸੰਧੂ ਅਤੇ ਦਵਿੰਦਰ ਧਨੋਆ ਦਾ ਸਨਮਾਨ ਚਿੰਨ ਦੇ ਕੇ ਸਨਮਾਨ ਕੀਤਾ ਗਿਆ।

ਸਥਾਨਕ ਜਿਊਲਰ ‘ਰੀਗਲ ਜਿਊਲਰਜ਼’ ਦੇ ਰਾਹੁਲ ਗਿੱਲ ਵਲੋਂ ਇਕ ਤੋਲਾ ਸੋਨੇ ਦੇ ਇਨਾਮ ਦਾ ਰੈਫਲ ਡਰਾਅ ਵੀ ਕੱਢਿਆ ਗਿਆ, ਜੋ ਪੰਮੀ ਸੰਘਾ ਦੇ ਹਿੱਸੇ ਆਇਆ। ਰੈਫਲ ਲਈ ਜੋ ਵੀ ਟਕਾ ਰੁਪਈਆ ਇਕੱਠਾ ਹੋਇਆ, ਉਹ ‘ਪੰਜਾਬ ਟਾਈਮਜ਼’ ਦੀ ਝੋਲੀ ‘ਚ ਪਾ ਦਿੱਤਾ।

ਮਨਦੀਪ ਸਿੰਘ ਜੰਮੂ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਸਮਾਗਮ ਵਿਚ ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਦੇ ਮੈਂਬਰ ਦਰਸ਼ਨ ਸਿੰਘ ਗਰੇਵਾਲ, ਗੁਰਦਿਆਲ ਸਿੰਘ ਬਸਰਾਨ, ਡਾ. ਹਰਗੁਰਮੁਖਪਾਲ ਸਿੰਘ, ਹਰਦਿਆਲ ਸਿੰਘ ਦਿਉਲ, ਜੈਦੇਵ ਸਿੰਘ ਭੱਠਲ, ਗੁਲਜ਼ਾਰ ਸਿੰਘ ਮੁਲਤਾਨੀ, ਨਵਦੀਪ ਕੌਰ ਸੰਧੂ, ਨਿੱਕੀ ਸੇਖੋਂ

(ਅਗਲੇ ਸਫੇ ’ਤੇ ਜਾਰੀ)





ਪਰਿਵਾਰਾਂ ਸਮੇਤ ਅਤੇ ਡਾ. ਤੇਜਿੰਦਰ ਸਿੰਘ ਮੰਡੇਰ, ਜਗਦੀਸ਼ਰ ਸਿੰਘ ਕਲੇਰ, ਡਾ. ਗੁਰਚਰਨ ਸਿੰਘ ਗਰੇਵਾਲ, ਮਨਦੀਪ ਸਿੰਘ ਭੂਰਾ, ਰਾਜਿੰਦਰ ਸਿੰਘ ਬੈਂਸ, ਗੁਰਵੀਰ ਸਿੰਘ ਗਿੱਲ ਆਪਣੇ ਸਾਥੀਆਂ ਨਾਲ ਪਹੁੰਚੇ ਹੋਏ ਸਨ। ਸਲਾਹਕਾਰ ਬੋਰਡ ਦੇ ਮੈਂਬਰ ਕੈਲੀਫੋਰਨੀਆ ਤੋਂ ਅਮੋਲਕ ਸਿੰਘ ਗਾਖਲ ਅਤੇ ਜਸਵਿੰਦਰ ਸਿੰਘ (ਜੱਸੀ) ਹਰਕੀਰਤ ਸਿੰਘ ਸੰਧੂ ਤੇ ਸਤਵੰਤ ਸਿੰਘ ਅਟੱਲ; ਸਾਬਕਾ ਬੋਰਡ ਮੈਂਬਰ ਗਿਆਨ ਸਿੰਘ ਸੀਹਰਾ, ਨਰਿੰਦਰਪਾਲ ਸਿੰਘ ਮਰਵਾਹਾ, ਹਰਜੀਤ ਸਿੰਘ ਗਿੱਲ, ਜਸਦੇਵ ਸਿੰਘ ਤੇ ਸੁਰਿੰਦਰ ਕੌਰ ਸੈਣੀ; ਸੀ. ਆਈ. ਸੀ. ਮੈਂਬਰ ਬਲਵੰਤ ਸਿੰਘ ਹੰਸਰਾ, ਸਾਬਕਾ ਮੈਂਬਰ ਹਰਵਿੰਦਰਪਾਲ ਸਿੰਘ ਲੈਲ ਤੇ ਹਰਜਿੰਦਰ ਸਿੰਘ ਸੰਧੂ ਤੋਂ ਇਲਾਵਾ ਕਾਰ ਸੇਵਾ ਜਸਵਿੰਦਰ ਗਿੱਲ, ਦਰਸ਼ਨ ਸਿੰਘ ਪੰਮਾ, ਸਾਬਕਾ ਚੇਅਰਮੈਨ ਅਮਰਜੀਤ ਸਿੰਘ ਢੀਂਡਸਾ, ਗੁਰਮੀਤ ਸਿੰਘ ਧਾਲੀਵਾਲ ਤੋਂ ਇਲਾਵਾ ਸੰਤੋਖ ਸਿੰਘ ਡੀ.ਸੀ. ਤੇ ਸਾਥੀ; ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ ਵਲੋਂ ਗੁਲਜ਼ਾਰ ਸਿੰਘ ਮੁਲਤਾਨੀ, ਮਿਨੀ ਮੁਲਤਾਨੀ, ਸਿਮ ਮੁਲਤਾਨੀ, ਇੰਦਰ ਹੁੰਜਣ ਤੇ ਕਮਲ ਹੁੰਜਣ; ਪੰਜਾਬ ਸਪੋਰਟਸ



ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਦੇ ਮੈਂਬਰ

ਗਿੱਲ; ਇੰਡੀਆਨਾ ਤੋਂ ਹਰਜੀਤ ਸਿੰਘ ਸਾਹੀ, ਦਰਸ਼ਨ ਸਿੰਘ ਦਰੜ, ਸ਼ਿਕਾਗੋ ਤੋਂ ਅਯੁਧਿਆ ਸਲਵਾਨ ਤੇ ਬਲਵਿੰਦਰ ਸਿੰਘ ਸੰਧੂ, ਟੈਕਸਸ ਤੋਂ ਰਘਬੀਰ ਸਿੰਘ ਘੁੰਨ, ਓਹਾਇਓ ਤੋਂ ਅਵਤਾਰ ਸਿੰਘ ਸਪਰਿੰਗਫੀਲਡ ਅਤੇ ਸਰਵਣ ਸਿੰਘ ਟਿਵਾਣਾ ਜਰੂਰੀ ਰੁਝੇਵਿਆਂ ਕਾਰਨ ਪਹੁੰਚ ਨਹੀਂ ਸਕੇ। ਸਵਰਨਜੀਤ ਸਿੰਘ ਢਿੱਲੋਂ ਦੀ ਸਿਹਤ ਠੀਕ ਨਾ ਹੋਣ ਕਾਰਨ ਉਨ੍ਹਾਂ ਦੀ ਨੁਮਾਇੰਦਗੀ ਉਨ੍ਹਾਂ ਦੀ ਜੀਵਨ ਸਾਥਣ ਜਸਬੀਰ ਕੌਰ ਢਿਲੋਂ ਨੇ ਕੀਤੀ।

ਸਮਾਗਮ ਵਿਚ ਵੱਖ ਵੱਖ ਧਾਰਮਿਕ, ਸਮਾਜਕ, ਸਭਿਆਚਾਰਕ ਤੇ ਖੇਡ ਸੰਸਥਾਵਾਂ ਦੇ ਨੁਮਾਇੰਦੇ ਪਹੁੰਚੇ ਹੋਏ ਸਨ। ਇਨ੍ਹਾਂ ਸੰਸਥਾਵਾਂ ਵਿਚ ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ, ਗੁਰਦੁਆਰਾ ਵ੍ਹੀਟਨ; ਪੰਜਾਬੀ ਕਲਚਰਲ ਸੁਸਾਇਟੀ, ਸ਼ਿਕਾਗੋ; ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ, ਸ਼ਿਕਾਗੋ; ਪੰਜਾਬੀ ਅਮਰੀਕਨ ਆਰਗੇਨਾਈਜੇਸ਼ਨ, ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ (ਮਿਡਵੈਸਟ); ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ (ਮਿਡਵੈਸਟ) ਅਤੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ; ਪੰਜਾਬੀ ਹੈਰੀਟੇਜ ਸੁਸਾਇਟੀ, ਕੈਲਮਜ਼ੂ (ਮਿਸ਼ੀਗਨ) ਸ਼ਾਮਲ ਸਨ।

ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ), ਸ਼ਿਕਾਗੋ ਦੇ ਬੋਰਡ ਮੈਂਬਰ ਜੈ ਰਾਮ ਸਿੰਘ ਕਾਹਲੋਂ, ਅਮਰਦੇਵ ਸਿੰਘ ਬਦੇਸ਼ਾ, ਗੁਰਮੀਤ ਸਿੰਘ ਬੈਂਸ ਤੇ ਸਾਬਕਾ ਪ੍ਰਧਾਨ ਜਸਬੀਰ ਕੌਰ ਸਲੂਜਾ, ਅੰਮ੍ਰਿਤਪਾਲ ਸਿੰਘ ਸੰਘਾ, ਅਮੋਲਕ ਸਿੰਘ ਗਿੱਧਾ, ਇਕਬਾਲ ਸਿੰਘ ਚੋਪੜਾ, ਜਥੇ ਦੇ ਸਤਨਾਮ ਸਿੰਘ ਔਲਖ, ਪਾਲ ਧਾਲੀਵਾਲ, ਲਖਬੀਰ ਸਿੰਘ ਸੰਧੂ, ਸਤਨਾਮ ਸਿੰਘ ਗਿੱਲ, ਕੁਲਬੀਰ ਸਿੰਘ ਦਿਉਲ, ਤਰਲੋਚਨ ਸਿੰਘ ਗਿੱਲ, ਗੁਰਮੀਤ ਸਿੰਘ ਢਿੱਲੋਂ ਤੇ ਸਾਥੀ ਪਹੁੰਚੇ। ਗੁਰਦੁਆਰਾ ਵ੍ਹੀਟਨ ਦੇ ਹੈਡ ਗ੍ਰੰਥੀ ਭਾਈ ਮਹਿੰਦਰ ਸਿੰਘ ਵੀ ਪਧਾਰੇ।

ਪੰਜਾਬੀ ਕਲਚਰਲ ਸੁਸਾਇਟੀ, ਸ਼ਿਕਾਗੋ ਵਲੋਂ ਰਾਜਿੰਦਰਬੀਰ ਸਿੰਘ ਮਾਗੋ, ਭਿੰਦਰ ਸਿੰਘ ਪੰਮਾ, ਪਰਮਜੋਤ ਸਿੰਘ ਪਰਮਾਰ ਤੇ ਗੁਰਲਾਲ ਸਿੰਘ ਭੱਠਲ; ਸ਼ੇਰੇ ਪੰਜਾਬ ਸਪੋਰਟਸ ਕਲੱਬ ਐਂਡ ਕਲਚਰਲ ਕਲੱਬ ਮਿਡਵੈਸਟ (ਸ਼ਿਕਾਗੋ) ਵਲੋਂ ਪ੍ਰਧਾਨ ਅੰਮ੍ਰਿਤਪਾਲ ਸਿੰਘ ਗਿੱਲ, ਮੀਡੀਆ ਸਲਾਹਕਾਰ ਜਸਰੂਪ ਸਿੰਘ, ਸਾਬਕਾ ਪ੍ਰਧਾਨ ਪਰਮਿੰਦਰ ਸਿੰਘ ਵਾਲੀਆ, ਹਰਦੀਪ ਬਦੇਸ਼ਾ, ਬਲਵਿੰਦਰ ਸਿੰਘ ਚੱਠਾ, ਗੁਰਦੇਵ ਸਿੰਘ ਗਿੱਲ, ਐਂਡ ਕਲਚਰਲ ਕਲੱਬ, ਸ਼ਿਕਾਗੋ ਦੇ ਮੀਤ ਪ੍ਰਧਾਨ ਅੰਮ੍ਰਿਤਪਾਲ ਸਿੰਘ ਸੰਘਾ, ਲੱਕੀ ਸਹੋਤਾ, ਯਾਦਵਿੰਦਰ ਸਿੰਘ ਗਰੇਵਾਲ, ਹਰਦੀਪ ਗਿੱਲ, ਜਸਪਾਲ ਸਿੰਘ ਮਿੱਡਾ ਤੇ ਸਾਬਕਾ ਪ੍ਰਧਾਨ ਅਮਰੀਕ ਸਿੰਘ ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਦੇ ਪ੍ਰਧਾਨ ਜਿੰਦਰ ਬੈਨੀਪਾਲ, ਮੀਤ ਪ੍ਰਧਾਨ ਕਾਬਲ ਸਿੰਘ ਭੁੱਲਰ, ਜੋਧ ਸਿੰਘ ਸਿੱਧੂ, ਜਿੰਦੀ ਘੰਗੂੜਾ, ਓਂਕਾਰ ਸਿੰਘ ਸਹੋਤਾ, ਜਤਿੰਦਰ ਸਿੰਘ ਖੰਗੂੜਾ, ਬਲਜੀਤ ਟਿਵਾਣਾ, ਹਰਪ੍ਰੀਤ ਸਿੰਘ ਗਿੱਲ, ਦੀਪਇੰਦਰ ਸਿੰਘ ਵਿਰਕ, ਨੰਨਾ ਸਹੋਤਾ ਤੇ ਲਖਵਿੰਦਰ ਬਿਹਾਰੀਪੁਰੀਆ ਪਹੁੰਚੇ।



ਰਵਿੰਦਰਪਾਲ (ਰਵੀ) ਹੰਜਰਾ ਦਾ 'ਬਿਜਨਸਮੈਨ ਆਫ ਦੀ ਈਅਰ' ਅਵਾਰਡ ਨਾਲ ਸਨਮਾਨ ਕਰਦੇ ਹੋਏ ਬੀਬੀ ਜਸਬੀਰ ਕੌਰ ਢਿੱਲੋਂ

ਹੋਰ ਮੁਅਜ਼ਜ਼ ਮਹਿਮਾਨਾਂ ਵਿਚ ਸਵਰਨ ਸਿੰਘ ਸੇਖੋਂ, ਸੁਰਿੰਦਰ ਸਿੰਘ ਕਾਲੜਾ, ਸੁਰਜੀਤ ਕੌਰ ਗਿੱਲ, ਨਛੱਤਰ ਸਿੰਘ ਤੂਰ, ਮਨਜੀਤ ਸਿੰਘ ਗਿੱਲ ਤੇ ਪੰਮੀ ਗਿੱਲ, ਡਾ. ਅਮਰਜੀਤ ਸਿੰਘ, ਗੁਰਦੀਪ ਸਿੰਘ ਸੈਣੀ, 'ਧੀਆਂ ਪੁਕਾਰਦੀਆਂ' ਸੰਸਥਾ ਦੇ ਕੁਲਦੀਪ ਸਿੰਘ ਸਰਾਂ; ਨਰਿੰਦਰਪਾਲ ਸਿੰਘ ਸੂਦ, ਡਾ. ਵਿਕਰਮਜੀਤ ਸਿੰਘ ਗਿੱਲ, ਹਰਬੀਰ ਸਿੰਘ ਵਿਰਕ, ਸੰਨੀ ਢਿੱਲੋਂ, ਜੁਗਾੜ ਸਿੰਘ ਸਿੱਧੂ; ਮਨਮਿੰਦਰ ਸਿੰਘ ਹੀਰ, ਦਰਸ਼ਨ ਸਿੰਘ ਬੈਨੀਪਾਲ, ਰੋਨੀ ਕੁਲਾਰ, ਸੰਨੀ ਕੁਲਾਰ, ਸਵਰਨਜੀਤ ਸਿੰਘ, ਓਂਕਾਰ ਸਿੰਘ ਸੰਘਾ; ਮਨਜੀਤ ਕੌਰ, ਸ਼ਾਨ ਕਪੂਰ, ਪ੍ਰਦੀਪ ਸਲਵਾਨ, ਪਰਦੀਪ ਸਿੰਘ ਕਾਹਲੋਂ, ਕਮਲਜੀਤ ਸਿੰਘ ਵਿਰਦੀ, ਲਾਡੀ ਸਿੰਘ, ਮੱਖਣ ਸਿੰਘ ਕਲੇਰ, ਗੁਰਬਚਨ ਸਿੰਘ, ਡਾ. ਗੁਰਬਖਸ਼ ਸਿੰਘ ਸੈਣੀ, ਸੰਤੋਖ ਸਿੰਘ ਦੀਵਾਨ ਵਾਲੇ, ਜੀਵਨ ਕੌਰ ਮਾਨ, ਮਨਜੀਤ ਕੌਰ ਚੌਧਰੀ, ਬਲਵਿੰਦਰ ਸਿੰਘ ਗਿੱਲ, ਗੁਰਮੀਤ ਸਿੰਘ ਕਲਸੀ, ਭੁਪਿੰਦਰ ਸਿੰਘ ਬਾਵਾ, ਇੰਦਰਪ੍ਰੀਤ ਕੌਰ ਅਤੇ ਹੋਰ ਬਹੁਤ ਸਾਰੇ ਸੱਜਣ ਮੌਜੂਦ ਸਨ।

ਇੰਡੀਅਨਐਪੋਲਿਸ, ਇੰਡੀਆਨਾ ਤੋਂ



ਮੁੱਖ ਮਹਿਮਾਨ ਅੰਮ੍ਰਿਤਪਾਲ ਸਿੰਘ ਗਿੱਲ (ਐਨ ਸੱਜੇ) ਦਾ ਸਨਮਾਨ ਕਰਦੇ ਹੋਏ ਸਲਾਹਕਾਰ ਬੋਰਡ ਦੇ ਮੈਂਬਰ

ਮਨਜੀਤ ਸਿੰਘ ਨਾਗਰਾ ਤੇ ਸਾਥੀ; ਪੰਜਾਬੀ ਹੈਰੀਟੇਜ ਸੁਸਾਇਟੀ, ਕੈਲਮਜ਼ੂ (ਮਿਸ਼ੀਗਨ) ਦੇ ਰਾਜਬੀਰ ਸਿੰਘ ਧਾਲੀਵਾਲ, ਕੁਲਵਿੰਦਰ ਸਿੰਘ ਗਿੱਲ, ਮਨਜਿੰਦਰ ਸਿੰਘ ਬੈਨੀਪਾਲ, ਗੁਰਦੀਪ ਸਿੰਘ ਧਾਲੀਵਾਲ ਤੇ ਅਜੀਤਪਾਲ ਸਿੰਘ ਬੈਨੀਪਾਲ; ਸਿੰਘ ਸੰਧਰ, ਲਾਲੀ ਸਿੱਧੂ, ਦਲਜੀਤ ਸਿੰਘ ਕਲੇਰ, ਦਰਸ਼ਨ ਸਿੰਘ ਗਰੇਵਾਲ, ਰਣਜੋਧ ਸਿੰਘ ਰੇਹਲ ਤੇ ਸਾਥੀਆਂ ਨੇ ਹਾਜ਼ਰੀ ਭਰੀ।

ਸ਼ਿਕਾਗੋ ਤੋਂ ਬਜੁਰਗ ਦੌੜਾਕ ਕੁਲਦੀਪ ਸਿੰਘ ਸਿੱਬਲ, ਨਿਊ ਯਾਰਕ ਤੋਂ ਗੁਰਦੁਆਰਾ



ਅਮੋਲਕ ਸਿੰਘ (ਵ੍ਹੀਲ ਚੇਅਰ) ਆਪਣੀ ਨਰਸ ਸ਼ੈਰਨ (ਐਨ ਖੱਬੇ) ਅਤੇ ਪਰਿਵਾਰ ਖੱਬਿਓਂ ਸੰਦੀਪ ਕੌਰ, ਮਨਦੀਪ ਸਿੰਘ, ਜਸਪ੍ਰੀਤ ਕੌਰ ਤੇ ਭਰਾ ਬਲਵਿੰਦਰ ਸਿੰਘ ਨਾਲ

ਫੋਰਟਵੇਨ, ਇੰਡੀਆਨਾ ਤੋਂ ਰਾਜਬੀਰ ਸਿੰਘ (ਰਾਣਾ) ਸੇਖੋਂ, ਮੁਖਤਿਆਰ ਸਿੰਘ ਗਿੱਲ, ਗੋਖੀ ਸੇਖੋਂ, ਕੁਲਵਿੰਦਰ ਸਿੰਘ ਨਾਗਰਾ, ਲਖਵਿੰਦਰ ਸਿੰਘ ਚੌਹਾਨ ਤੇ ਅਮਰਜੀਤ ਸਿੰਘ ਧਾਲੀਵਾਲ; ਡਿਟਰਾਇਟ, ਮਿਸ਼ੀਗਨ ਤੋਂ ਬਲਬੀਰ ਸਿੰਘ ਗਰੇਵਾਲ ਤੇ ਸਾਥੀ; ਵਿਸਕਾਨਸਿਨ ਤੋਂ ਅਮਰਜੀਤ ਸੰਤ ਸਾਗਰ ਦੇ ਮੁੱਖ ਸੇਵਾਦਾਰ ਭਾਈ ਸੱਜਣ ਸਿੰਘ, ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ (ਰਿਚਮੰਡ ਹਿੱਲ) ਦੇ ਜਨਰਲ ਸਕੱਤਰ ਭੁਪਿੰਦਰ ਸਿੰਘ ਅਟਵਾਲ ਅਤੇ ਕੈਲੀਫੋਰਨੀਆ ਤੋਂ ਲੇਖਿਕਾ ਲਾਜ ਨੀਲਮ ਸੈਣੀ ਨੇ ਆਪਣੀਆਂ ਸ਼ੁਭ ਇਛਾਵਾਂ ਭੇਜੀਆਂ ਤੇ ਮਾਲੀ ਮਦਦ ਵੀ।









(ਖੱਬਿਓਂ) ਗਾਇਕਾ ਜਸਪਿੰਦਰ ਰੈਣਾ, ਗਾਇਕ ਰਾਜਨ ਸੰਧੂ ਅਤੇ ਦਵਿੰਦਰ ਧਨੋਆ ਦਾ ਸਨਮਾਨ ਕਰਦੇ ਹੋਏ ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਦੇ ਮੈਂਬਰ





# ਪੰਜਾਬ ਟਾਈਮਜ਼ ਨਾਈਟ 2019: ਤਸਵੀਰਾਂ ਦੀ ਜ਼ੁਬਾਨੀ

























# ਊਠਾਂ ਦਾ ਅਮਰੀਕੀ ਸੌਦਾਗਰ ਤੇ ਖਾਲਸਾ ਦਰਬਾਰ

ਸੁਰਿੰਦਰ ਸਿੰਘ ਤੇਜ

ਕੌਣ ਸੀ ਜੋਸਾਇਆ ਹਾਰਲਨ? ਕੀ ਸੀ ਲਾਹੌਰ ਦਰਬਾਰ ਨਾਲ ਉਸ ਦਾ ਸਬੰਧ? ਬਲਭੱਦਰ ਕੁੰਵਰ ਨੇਪਾਲੀ ਸੀ; ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਨਾਲ ਉਸ ਦਾ ਰਿਸ਼ਤਾ ਕਿਵੇਂ ਜੁੜਿਆ? ਕਿਸ ਗੈਰ-ਪੰਜਾਬੀ ਦੀ ਸ਼ਹਾਦਤ ਨੇ ਅਕਾਲੀ ਫੂਲਾ ਸਿੰਘ ਨੂੰ ਪ੍ਰਭਾਵਿਤ ਕੀਤਾ? ਕੋਹਿਨੂਰ ਹੀਰਾ ਕਿਵੇਂ ਇਕ ਫਕੀਰ ਲਈ ਪੇਪਰਵੇਟ ਬਣਿਆ ਰਿਹਾ? ਕਿਸ ਫਰਾਂਸੀਸੀ ਜਰਨੈਲ ਦੀ ਮੌਤ ਨੂੰ ਮਹਾਰਾਜਾ ਰਣਜੀਤ ਸਿੰਘ ਤੋਂ ਛੁਪਾ ਕੇ ਰੱਖਿਆ ਗਿਆ?

ਇਨ੍ਹਾਂ ਸਾਰੇ ਰੌਚਕ ਸਵਾਲਾਂ ਦੇ ਓਨੇ ਹੀ ਰੌਚਕ ਜਵਾਬ ਪੇਸ਼ ਕਰਦੀ ਹੈ ਸਰਬਪ੍ਰੀਤ ਸਿੰਘ ਦੀ ਕਿਤਾਬ 'ਦਿ ਕੈਮਲ ਮਰਚੈਂਟ ਆਫ ਫਿਲੇਡੈਲਫੀਆ' (ਟਰੈਂਕੁਏਬਾਰ ਵੈਸਟਲੈਂਡ; 242 ਪੰਨੇ; 699 ਰੁਪਏ)। ਸਰਬਪ੍ਰੀਤ ਸਿੰਘ ਕਵੀ, ਲੇਖਕ ਤੇ ਪੌਡਕਾਸਟਰ ਹੈ। ਇਤਿਹਾਸਕਾਰ ਵਜੋਂ ਉਸ ਦੀਆਂ ਲਿਖਤਾਂ ਦਾ ਇਹ ਪਹਿਲਾ ਸੰਗ੍ਰਿਹ ਹੈ। ਉਸ ਦਾ ਬਾਲਪਣ ਸਿੱਕਿਮ ਵਿਚ ਗੁਜ਼ਰਿਆ। ਫਿਰ ਉਹ ਅਮਰੀਕਾ ਵਸ ਗਿਆ ਤੇ ਟੈਕਨਾਲੋਜੀ ਦੇ ਖੇਤਰ 'ਚ ਚੰਗਾ ਨਾਂ ਕਮਾਇਆ। ਗੁਰਮਤਿ ਸੰਗੀਤ ਪਰੰਪਰਾ ਦੀ ਸੰਭਾਲ ਸਬੰਧੀ ਪ੍ਰੋਜੈਕਟ ਦਾ ਉਹ ਸੰਸਥਾਪਕ ਹੈ। ਨਾਲ ਹੀ 'ਹਫਿੰਗਟਨ ਪੋਸਟ', 'ਬੋਸਟਨ ਹੈਰਲਡ' ਤੇ ਹੋਰ ਅਮਰੀਕੀ ਪ੍ਰਕਾਸ਼ਨਾਵਾਂ ਵਿਚ ਉਸ ਦੇ ਲੇਖ ਛਪਦੇ ਆ ਰਹੇ ਹਨ। 'ਦਿ ਸਟੋਰੀ ਆਫ ਦਿ ਸਿੱਖਸ' ਨਾਂ ਵਾਲਾ ਉਸ ਦਾ ਪੌਡਕਾਸਟ 80 ਮੁਲਕਾਂ 'ਚ ਸੁਣਿਆ ਜਾਂਦਾ ਹੈ। ਬਾਣੇ, ਬਿਰਤੀ ਤੇ ਬਿਬੇਕ ਪੱਖੋਂ ਸਿੱਖੀ ਨੂੰ ਪ੍ਰਣਾਏ ਕਿਸੇ ਵੀ ਲੇਖਕ ਦੀਆਂ ਲਿਖਤਾਂ ਉਤੇ ਮਜ਼ਹਬੀ ਚਾਸ਼ਨੀ ਚੜ੍ਹੇ ਹੋਣ ਦੇ ਤੌਖਲੇ ਮਨ ਵਿਚ ਉਠਣੇ ਸੁਭਾਵਿਕ ਹਨ ਪਰ ਸਰਬਪ੍ਰੀਤ ਦਾ ਕਿਤਾਬੀ ਉਦਮ ਇਸੇ ਤੌਖਲੇ ਨੂੰ ਨਿਰਮੂਲ ਸਾਬਤ ਕਰਦਾ ਹੈ। ਲਿਖਣ ਸ਼ੈਲੀ, ਖੋਜ ਤੇ ਵਿਆਖਿਆ ਅਤੇ ਇਤਿਹਾਸਕ ਤੱਥਾਂ ਦੀ ਪੇਸ਼ਕਾਰੀ ਵਰਗੇ ਤੱਤਾਂ ਪੱਖੋਂ ਬੜੀ ਮਿਆਰੀ ਹੈ ਉਸ ਦੀ ਕਿਤਾਬ। ਇਸ ਦਾ ਪੰਜਾਬੀ ਵਿਚ ਅਨੁਵਾਦ ਹੋਣਾ ਚਾਹੀਦਾ ਹੈ। ਜੇ ਖੁਦ ਲੇਖਕ ਕਰੇ ਤਾਂ ਹੋਰ ਵੀ ਚੰਗਾ; ਤਕਨੀਕੀ ਤੇ ਤੱਥ-ਮੂਲਕ ਬਾਰੀਕੀਆਂ ਦੀ ਸ਼ਿੱਦਤ ਤੇ ਸੁਹਜ ਉਹ ਵਧੀਆ ਢੰਗ ਨਾਲ ਬਰਕਰਾਰ ਰੱਖ ਸਕਦਾ ਹੈ।


ਹੁਣ ਗੱਲਾਂ ਜੋਸਾਇਆ ਹਾਰਲਨ, ਬਲਭੱਦਰ ਕੁੰਵਰ, ਲਹੂਰਿਆਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੀਆਂ। ਮਹਾਰਾਜੇ ਦੇ ਇਕ ਅਮਰੀਕੀ ਅਹਿਲਕਾਰ ਦਾ ਜ਼ਿਕਰ ਇਤਿਹਾਸ ਦੀਆਂ ਕਿਤਾਬਾਂ ਵਿਚ ਅਕਸਰ ਹੀ ਆਉਂਦਾ ਹੈ; ਪਰ ਇਹ ਅਮਰੀਕੀ ਕਿੰਨਾ ਤਿਕੜਮਬਾਜ਼, ਰੰਗੀਲਾ ਤੇ ਮੌਕਾਪ੍ਰਸਤ ਸੀ, ਇਸ ਦਾ ਖੁਲਾਸਾ ਕਰਦੀ ਹੈ ਊਠਾਂ ਦੇ ਅਮਰੀਕੀ ਸੌਦਾਗਰ ਵਾਲੀ ਨਾਟਕੀ ਗਾਥਾ। ਸਾਦਗੀ ਤੇ ਅਹਿੰਸਾ ਨੂੰ ਪ੍ਰਣਾਈ ਇਸਾਈ 'ਕੁਏਕਰ' ਸੰਪਰਦਾ ਨਾਲ ਸਬੰਧਿਤ ਸੀ, ਜੋਸਾਇਆ ਹਾਰਲਨ। 1799 'ਚ ਪੈਨਸਿਲਵੇਨੀਆ ਵਿਚ ਜਨਮੇ ਜੋਸਾਇਆ ਦੇ ਪੈਰਾਂ ਵਿਚ ਚੱਕਰ ਸੀ ਅਤੇ ਦਿਮਾਗ 'ਤੇ ਸਵਾਰ ਸੀ ਧਨ-ਕੁਬੇਰ ਤੇ ਦਿੱਗਜ ਬਣਨ ਦਾ ਫਤੂਰ। ਇਹ ਦੋਵੇਂ ਤੱਤ ਉਸ ਨੂੰ ਭਾਰਤ ਲਿਆਏ। ਖੁਰਾਫਾਤੀ ਦਿਮਾਗ ਨੇ ਉਸ ਨੂੰ ਬਿਨਾ ਕਿਸੇ ਡਿਗਰੀ ਜਾਂ ਸਿਖਲਾਈ ਦੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੀ ਫੌਜ ਵਿਚ ਡਾਕਟਰ ਬਣਾ ਦਿੱਤਾ। ਇਸੇ 'ਡਾਕਟਰੀ' ਨੇ ਉਸ ਨੂੰ ਪਹਿਲਾਂ ਕਰਨਾਲ, ਫਿਰ ਕਾਬੁਲ ਅਤੇ ਫਿਰ ਲਾਹੌਰ ਪਹੁੰਚਾਇਆ, ਉਹ ਮਹਾਰਾਜੇ ਦੀ ਨਜ਼ਰੀਂ ਚੜ੍ਹਿਆ; ਪਹਿਲਾਂ ਨੂਰਪੁਰ ਤੇ ਜਸਰੋਟਾ ਦਾ ਹਾਕਮ ਬਣਿਆ ਤੇ ਫਿਰ ਗੁਜਰਾਤ ਦਾ ਗਵਰਨਰ। ਇਹੋ ਤਿਕੜਮਬਾਜ਼ੀ ਕੁਝ ਵਰ੍ਹਿਆਂ ਬਾਅਦ ਉਸ ਪ੍ਰਤੀ ਮਹਾਰਾਜੇ ਦੀ ਨਾਰਾਜ਼ਗੀ ਅਤੇ ਫਿਰ ਪੰਜਾਬ ਤੋਂ ਬੇਦਖਲੀ ਦੀ ਵਜ੍ਹਾ ਬਣੀ।

ਅਮਰੀਕਾ ਪਰਤਣ 'ਤੇ ਉਸ ਨੇ ਬ੍ਰਿਟਿਸ਼ ਇੰਡੀਆ ਤੇ ਅਫਗਾਨਿਸਤਾਨ ਵਿਚਲੇ ਆਪਣੇ ਤਜਰਬੇ ਨੂੰ ਅਮਰੀਕੀ ਫੌਜ 'ਚ ਰੁਤਬੇਦਾਰੀ ਦੇ ਰੂਪ ਵਿਚ ਵਰਤਿਆ ਪਰ ਅਮਰੀਕੀ ਗ੍ਰਹਿ ਯੁੱਧ ਦੌਰਾਨ ਉਸ ਨੂੰ ਕੋਰਟ ਮਾਰਸ਼ਲ ਵਰਗੀ ਨਮੋਸ਼ੀ ਝਾਗਣੀ ਪਈ। ਪਿਛੋਂ ਉਹ ਫੌਜ ਵਿਚ ਬਹਾਲ ਹੋ ਗਿਆ ਪਰ ਚੌਧਰ ਦੇਰ ਤਕ ਨਾ ਚੱਲੀ। ਨਾ ਉਹ ਧਨ ਕੁਬੇਰ ਬਣ ਸਕਿਆ, ਨਾ ਹੀ ਵੱਡ-ਚੌਧਰੀ। ਅਮਰੀਕੀ ਫੌਜ ਦੀ ਬੋਤਾ ਰੈਜਮੈਂਟ ਲਈ ਬੋਤਿਆਂ ਦੀ ਸੌਦਾਗਰੀ ਕਰਨ ਦੇ ਹੀਲੇ-ਉਪਰਾਲੇ ਵੀ ਨਿਹਫਲ ਸਾਬਤ ਹੋਏ। ਅੰਤ ਮੁਫਲਿਸਾਂ ਵਾਲੀ ਮੌਤ ਹੀ ਪੱਲੇ ਪਈ।

ਜੋਸਾਇਆ ਜਿਹੀਆਂ ਹੀ ਹੈਰਤਅੰਗੇਜ਼ ਕਹਾਣੀਆਂ ਹਨ ਮਹਾਰਾਜੇ ਦੀ ਫੌਜ ਦੀ ਗੋਰਖਾ ਰੈਜਮੈਂਟ ਦੇ ਸੰਸਥਾਪਕ, ਕੁੰਵਰ ਬਲਭੱਦਰ ਸਿੰਘ ਅਤੇ ਫਰਾਂਸੀਸੀ ਜਰਨੈਲ ਯਾਂ ਫਰਾਂਸਵਾ ਐਲਾਰਡ (ਫਰੈਂਚ ਉਚਾਰਨ ਔਲੋਰ) ਦੀਆਂ। ਬਲਭੱਦਰ ਨੇ ਕਿਰਪਾਨ ਤੇ ਖੁਖਰੀ ਦਾ ਸੁਮੇਲ ਸਾਬਤ ਕਰ ਦਿਖਾਇਆ। ਇਸ ਕਾਰਨਾਮੇ ਨੇ ਵਿਦੇਸ਼ੀ ਧਰਤੀ 'ਤੇ ਫੌਜੀਆਂ ਵਜੋਂ ਕੰਮ ਕਰਨ ਵਾਲੇ ਗੋਰਖਿਆਂ ਲਈ 'ਲਹੂਰੇ' ਸ਼ਬਦ ਦਾ ਮੁੱਢ ਬੰਨ੍ਹਿਆ। ਹੁਣ ਲਹੂਰਿਆਂ ਬਾਰੇ ਦੰਦ-ਕਥਾਵਾਂ ਨੇਪਾਲੀ ਲੋਕਧਾਰਾ



ਸਰਬਪ੍ਰੀਤ ਸਿੰਘ




ਦਾ ਹਿੱਸਾ ਹਨ। ਨੌਸ਼ਹਿਰੇ ਦੀ ਲੜਾਈ ਵਿਚ ਬਲਭੱਦਰ ਦੀ ਸ਼ਹਾਦਤ ਨੇ ਅਕਾਲੀ ਫੂਲਾ ਸਿੰਘ ਅੰਦਰ ਇੰਨਾ ਰੋਹ ਜਗਾਇਆ ਕਿ ਉਸ ਨੇ ਜਾਨ ਦੀ ਬਾਜ਼ੀ ਲਾ ਕੇ ਅਫਗਾਨ ਫੌਜ ਨੂੰ ਖਦੇੜਿਆ। ਸ਼ੁਕਰਚਕੀਆ ਮਿਸਲ ਦੇ ਉਭਾਰ, ਸਰਦਾਰਨੀ ਸਦਾ ਕੌਰ ਦੀ ਸ਼ਖਸੀਅਤ, ਰਾਣੀ ਮੋਰਾਂ ਤੇ ਮਹਾਰਾਜੇ ਦੀ ਪ੍ਰੇਮ ਕਥਾ, ਡੋਗਰਿਆਂ ਦੀ ਭੂਮਿਕਾ ਤੇ ਸਿੱਖ ਰਾਜ ਦੇ ਪਤਨ ਦੇ ਬਿਰਤਾਂਤ ਵੀ ਇਸ ਕਿਤਾਬ ਦਾ ਸ਼ਿੰਗਾਰ ਹਨ। ਕਿਉਂਕਿ ਇਹ ਪਹਿਲਾਂ ਪ੍ਰਕਾਸ਼ਿਤ ਲੇਖਾਂ ਦਾ ਸੰਗ੍ਰਿਹ ਹੈ, ਇਸ ਲਈ ਇਸ 'ਚ ਵਿਸ਼ਾ-ਸਮੱਗਰੀ ਦਾ ਦੁਹਰਾਅ ਮੌਜੂਦ ਹੈ, ਜੋ ਚੁਭਦਾ ਹੈ। ਚੁਸਤ-ਦਰੁਸਤ ਸੰਪਾਦਨ ਰਾਹੀਂ ਇਹ ਖਾਮੀ ਸਹਿਜੇ ਹੀ ਢਕੀ ਜਾ ਸਕਦੀ ਸੀ। ਫਿਰ ਵੀ, ਜੋ ਕੁਝ ਦਿੱਤਾ ਗਿਆ ਹੈ, ਉਹ ਖੋਜ, ਅਧਿਐਨ ਤੇ ਮੁਸ਼ੱਕਤ ਦੀ ਨਿੱਗਰਤਾ ਦੇ ਫਲ ਦੇ ਰੂਪ ਵਿਚ ਹੈ। ਅਜਿਹਾ ਫਲ ਸਦਾ ਹੀ ਮਿੱਠਾ ਹੁੰਦਾ ਹੈ।

**ਜ਼ੋਰਾਵਰਾਂ ਦੇ ਖੂਨ ਦੇ ਬਦਲਦੇ ਰੰਗ:** ਯਹੂਦੀ ਭਾਈਚਾਰੇ ਦੀ ਅਮਰੀਕੀ ਸਿਆਸਤ ਅਤੇ ਆਰਥਕਤਾ 'ਤੇ ਬੜੀ ਪਕੜ ਮੰਨੀ ਜਾਂਦੀ ਹੈ। ਆਮ ਧਾਰਨਾ ਹੈ ਕਿ ਇਸੇ ਕਾਰਨ ਹੀ ਅਮਰੀਕਾ, ਆਲਮੀ ਮੰਚਾਂ ਅਤੇ ਮੱਧ-ਪੂਰਬੀ ਜੰਗੀ ਅਖਾੜੇ ਵਿਚ ਹਮੇਸ਼ਾ ਇਜ਼ਰਾਈਲ ਦੇ ਹੱਕ ਵਿਚ ਭੁਗਤਦਾ ਆਇਆ ਹੈ। ਇਜ਼ਰਾਈਲੀ ਆਪਹੁਦਰੀਆਂ ਨੂੰ ਨਿੰਦਣ ਜਾਂ ਉਸ ਉਤੇ ਬੰਦਿਸ਼ਾਂ ਲਾਉਣ ਦੇ ਆਲਮੀ ਯਤਨ ਵੀ ਅਮਰੀਕੀ ਵੀਟੋ ਸ਼ਕਤੀ ਕਾਰਨ ਹਮੇਸ਼ਾ ਨਿਹਫਲ ਸਾਬਤ ਹੁੰਦੇ ਆਏ ਹਨ।

ਇਸ ਸਵਾਲ ਦਾ ਜਵਾਬ ਨਾਂਹ-ਵਾਚੀ ਹੈ। ਇਤਿਹਾਸ ਅਨੁਸਾਰ ਦੂਜੇ ਮਹਾਂਯੁੱਧ ਤੋਂ ਪਹਿਲਾਂ ਅਮਰੀਕਾ, ਯਹੂਦੀਆਂ ਦਾ ਹਮਦਰਦ ਨਹੀਂ ਸੀ। ਯਹੂਦੀ ਨਾਮਵਰਾਂ ਨੂੰ ਅਪਨਾਉਣ ਤੇ ਉਨ੍ਹਾਂ ਦੀ ਲਿਆਕਤ ਦਾ ਫਾਇਦਾ ਲੈਣ ਵਿਚ ਅਮਰੀਕਾ ਨੂੰ ਕੋਈ ਪਰਹੇਜ਼ ਨਹੀਂ ਸੀ ਪਰ ਆਮ ਯਹੂਦੀਆਂ ਲਈ ਇਸ ਦੇ ਦਰ ਆਸਾਨੀ ਨਾਲ ਨਹੀਂ ਸੀ ਖੁੱਲ੍ਹਦੇ। ਇਸ ਤੱਥ ਦੀ ਤਸਦੀਕ ਤੇ ਚੀਰ-ਫਾੜ ਕਰਦੀਆਂ ਦਰਜਨਾਂ ਕਿਤਾਬਾਂ ਪਹਿਲਾਂ ਹੀ ਮੌਜੂਦ ਹਨ। ਅਮਰੀਕੀ ਪੱਤਰਕਾਰ ਮਾਈਕਲ ਡੌਬਜ਼ ਦੀ ਹਾਲੀਆ ਕਿਤਾਬ 'ਦਿ ਅਨਵਾਂਟਿਡ' ਇਨ੍ਹਾਂ ਕਿਤਾਬਾਂ ਤੋਂ ਇਸ ਗੱਲੋਂ ਵੱਖਰੀ ਹੈ ਕਿ ਇਹ ਯਹੂਦੀਆਂ ਦੇ ਇਕ ਪਿੰਡ ਉਤੇ ਢਹੇ ਕਹਿਰ ਦੇ ਬਿਰਤਾਂਤ ਰਾਹੀਂ ਅਮਰੀਕੀ ਹੁਕਮਰਾਨਾਂ ਦੀ ਸੋਚ 'ਤੇ ਹਾਵੀ ਨਸਲਵਾਦ ਅਤੇ ਮੁਨਾਫਾਵਾਦ ਨੂੰ ਵੀ ਬੇਪਰਦ ਕਰਦੀ ਹੈ। ਡੌਬਜ਼ ਦਾ ਦਾਅਵਾ ਹੈ ਕਿ ਦੂਜੇ ਮਹਾਂਯੁੱਧ ਦੌਰਾਨ ਜੇ ਅਮਰੀਕੀ ਹੁਕਮਰਾਨਾਂ ਦਾ ਰੁਖ ਹਮਦਰਦਾਨਾ ਹੁੰਦਾ ਤਾਂ ਔਸ਼ਵਿਜ਼ ਅਤੇ ਹੋਰ ਕਤਲਗਾਹਾਂ 'ਤੇ ਯਹੂਦੀਆਂ ਦੇ ਘਾਣ ਦਾ ਅੰਕੜਾ ਸੱਤ ਲੱਖ ਨਹੀਂ ਸੀ ਹੋਣਾ।

ਅਮਰੀਕਾ ਨੂੰ ਨਸਲਵਾਦ ਦਾ 'ਮਹਾਂਸਰਪ੍ਰਸਤ' ਦੱਸਦਿਆਂ ਡੌਬਜ਼ ਲਿਖਦਾ ਹੈ ਕਿ ਡੋਨਲਡ ਟਰੰਪ ਤੋਂ ਪਹਿਲਾਂ ਵੀ ਜਿੰਨੇ ਰਾਜਨੀਤੀਵਾਨ ਰਾਸ਼ਟਰਪਤੀ ਦੇ ਅਹੁਦੇ 'ਤੇ ਰਹੇ, ਉਨ੍ਹਾਂ ਦੀ ਪਰਵਾਸੀਆਂ ਪ੍ਰਤੀ ਪਹੁੰਚ ਟਰੰਪ ਤੋਂ ਕੋਈ ਵੱਖਰੀ ਨਹੀਂ ਰਹੀ। ਉਹ ਨਸਲਵਾਦੀ ਵੀ ਸਨ ਤੇ ਅੰਧ-ਰਾਸ਼ਟਰਵਾਦੀ ਵੀ। ਗੋਰੇ ਇਸਾਈ ਪਰਵਾਸੀਆਂ ਲਈ ਨਿਯਮ ਵੱਖਰੇ ਸਨ ਅਤੇ ਯਹੂਦੀਆਂ ਸਣੇ ਬਾਕੀ ਭਾਈਚਾਰਿਆਂ ਲਈ ਵੱਖਰੇ। ਯਹੂਦੀਆਂ ਨੂੰ ਅਮਰੀਕੀ ਧਰਤੀ 'ਤੇ ਦਾਖਲਾ ਦੇਣ ਪ੍ਰਤੀ ਪੂਰੀ ਕਿਫਾਇਤ ਕੀਤੀ ਗਈ। ਉਨ੍ਹਾਂ 'ਤੇ ਨਸਲੀ ਜਬਰ ਜਾਂ ਉਨ੍ਹਾਂ ਦਾ ਕਤਲੇਆਮ ਰੁਕਵਾਉਣ ਲਈ ਕੀਤੇ ਗਏ ਯਤਨ ਸਭ ਕਾਗਜ਼ੀ ਤੇ ਕੱਚੇ-ਪਿੱਲੇ ਸਨ। ਹਾਂ, ਜਦੋਂ ਯਹੂਦੀਆਂ ਦੇ 'ਜੱਦੀ ਘਰ' (ਹੋਮਲੈਂਡ) ਵਜੋਂ ਇਜ਼ਰਾਈਲ ਵਜੂਦ 'ਚ ਆ ਗਿਆ ਤਾਂ ਅਮਰੀਕੀ ਹੁਕਮਰਾਨਾਂ ਦੀ ਪਹੁੰਚ ਬਿਲਕੁਲ ਬਦਲ ਗਈ। ਉਹ ਇਜ਼ਰਾਈਲ ਦੇ ਸਭ ਤੋਂ ਵੱਡੇ ਖੈਰਖਵਾਹ ਬਣ ਗਏ। ਜਾਹਰ ਹੈ ਕਿ ਇਸ ਨਵੇਂ ਮੁਲਕ ਦੇ ਜ਼ਰੀਏ ਅਮਰੀਕਾ ਨੂੰ ਮੱਧ ਪੂਰਬ ਵਿਚ ਅਸਥਿਰਤਾ ਸਥਾਈ ਬਣਾਉਣ, ਉਥੋਂ ਦੇ ਤੇਲ ਅਰਥਚਾਰੇ ਨੂੰ ਆਪਣੀ ਮੁੱਠੀ ਵਿਚ ਕਰਨ ਅਤੇ ਉਸ ਖਿੱਤੇ ਦੇ ਹਰ ਮੁਲਕ ਦੇ ਅੰਦਰੂਨੀ/ਬਹਿਰੂਨੀ ਮਾਮਲਿਆਂ ਵਿਚ ਦਖਲ ਦੇ ਹੱਕ ਹਾਸਲ ਕਰਨ ਦੀ ਸੰਭਾਵਨਾ ਨਜ਼ਰ ਆਈ ਤੇ ਇਹ ਅਸਲੀਅਤ ਹੁਣ ਤਕ ਰਿੜਕੀ ਜਾ ਰਹੀ ਹੈ।

ਡੌਬਜ਼ ਇਸ ਪੂਰੀ ਰਾਮਕਹਾਣੀ ਨੂੰ ਦੱਖਣ-ਪੱਛਮੀ ਜਰਮਨੀ ਦੇ ਬਾਡੇਨ ਖਿੱਤੇ ਦੇ ਪਿੰਡ ਕਿੱਪਨਹੀਮ ਦੇ 144 ਯਹੂਦੀ ਪਰਿਵਾਰਾਂ ਦੀ ਕਹਾਣੀ ਜ਼ਰੀਏ ਪੇਸ਼ ਕਰਦਾ ਹੈ। ਬੜੀ ਦਿਲ-ਕੰਬਾਊ ਕਹਾਣੀ ਹੈ। 144 ਪਰਿਵਾਰਾਂ ਵਿਚੋਂ ਬਹੁਤਿਆਂ ਦੇ ਸਿਰਫ ਬੱਚੇ ਹੀ ਨਾਜ਼ੀਆਂ ਵਲੋਂ ਢਾਹੇ ਘੱਲੂਘਾਰੇ ਦੇ ਕਹਿਰ ਤੋਂ ਬਚ ਸਕੇ। ਹਾਂ, ਉਨ੍ਹਾਂ ਨੇ ਯਾਦਾਂ, ਆਪਣੇ ਮਾਪਿਆਂ ਦੇ ਖਤਾਂ ਤੇ ਹੋਰ ਲਿਖਤਾਂ ਨੂੰ ਬਹੁਤ ਸੁਹਜ ਤੇ ਸ਼ਿੱਦਤ ਨਾਲ ਸੰਭਾਲਿਆ ਹੋਇਆ ਹੈ। ਇਹੋ ਸਮੱਗਰੀ ਮਾਈਕਲ ਡੌਬਜ਼ ਦੇ ਖੋਜ ਕਾਰਜ ਦਾ ਆਧਾਰ ਸਾਬਤ ਹੋਈ। ਇਹ ਸਮੱਗਰੀ ਯਹੂਦੀ ਭਾਈਚਾਰੇ ਵਲੋਂ ਸਦੀਆਂ ਤੋਂ ਝੱਲੀ ਜ਼ਿੱਲਤ ਦਾ ਦਸਤਾਵੇਜ਼ੀ ਸਬੂਤ ਹੈ। ਇਹੋ ਸਮੱਗਰੀ ਰਾਸ਼ਟਰਪਤੀ ਫਰੈਂਕਲਿਨ ਡੀ. ਰੂਜ਼ਵੈਲਟ ਵਰਗੇ ਅਖੌਤੀ ਉਦਾਰਵਾਦੀ ਅਮਰੀਕੀ ਹਾਕਮਾਂ ਦੇ ਦੋਗਲੇਪਣ ਨੂੰ ਵੀ ਬੇਪਰਦ ਕਰਦੀ ਹੈ।

ਉਂਜ, ਕਿਤਾਬ ਪੜ੍ਹ ਕੇ ਮਨ ਵਿਚ ਇਹ ਖਿਆਲ ਵੀ ਪੈਦਾ ਹੋਇਆ ਕਿ ਜਿਸ ਯਹੂਦੀ ਕੌਮ ਨੇ ਤਕਰੀਬਨ ਦੋ ਦਹਿਸਦੀਆਂ ਉਜਾੜਾ, ਬੇਦਖਲੀਆਂ, ਆਰਥਿਕ ਤੇ ਸਮਾਜਿਕ ਕਹਿਰ, ਨਸਲੀ ਤੇ ਮਜ਼ਹਬੀ ਜ਼ਿੱਲਤ, ਇਨਸਾਨੀ ਹੱਕਾਂ ਦਾ ਘਾਣ, ਹਰ ਮਿਜ਼ਾਜ ਦੀਆਂ ਬੇਪਤੀਆਂ ਅਤੇ ਹੋਰ ਹਰ ਕਿਸਮ ਦੇ ਅਮਾਨਵੀ ਤਸੀਹੇ ਝੱਲੇ, ਉਹ ਹੁਣ ਇੰਨੀ ਬੇਕਿਰਕ, ਇੰਨੀ ਸੰਗਦਿਲ ਕਿਵੇਂ ਹੋ ਗਈ ਹੈ ਕਿ ਆਪਣੇ ਹੀ ਹਮਸਾਏ ਫਲਸਤੀਨੀਆਂ ਨੂੰ ਇੱਜ਼ਤ-ਮਾਣ ਨਾਲ ਜਿਊਣ ਅਤੇ ਆਪਣੇ ਘਰਾਂ ਵਿਚ ਸੁਖੀ ਵਸਣ ਦਾ ਹੱਕ ਦੇਣ ਲਈ ਤਿਆਰ ਨਹੀਂ। ਗਾਜ਼ਾ ਪੱਟੀ ਤੇ ਹੋਰ ਫਲਸਤੀਨੀ ਇਲਾਕਿਆਂ ਵਿਚ ਜੋ ਬਦਸਲੂਕੀ ਤੇ ਬਦਇਖਲਾਕੀ ਫਲਸਤੀਨੀਆਂ ਨਾਲ ਨਿੱਤ ਦਿਨ ਹੋ ਰਹੀ ਹੈ, ਉਹ ਕਿੱਪਨਹੀਮ ਦੇ ਵਸਨੀਕਾਂ ਉਤੇ ਹੋਏ ਜ਼ੁਲਮ-ਓ-ਤਸ਼ੱਦਦ ਤੋਂ ਵੱਖਰੀ ਨਹੀਂ। ਇਸ ਸਮੁੱਚੇ ਬਿਰਤਾਂਤ ਨੂੰ ਵੀ ਉਸੇ ਸ਼ਿੱਦਤ, ਉਸੇ ਸੰਵੇਦਨਾ ਨਾਲ ਦਸਤਾਵੇਜ਼ੀ ਰੂਪ ਦਿੱਤੇ ਜਾਣ ਦੀ ਜ਼ਰੂਰਤ ਹੈ ਜੋ ਯਹੂਦੀ ਭਾਈਚਾਰੇ ਉਪਰ ਢਾਹੇ ਕਹਿਰਾਂ ਦੇ ਬਿਰਤਾਤਾਂ ਦਾ ਖਾਸਾ ਰਹੀ ਹੈ। ਅਗਲੀਆਂ ਪੀੜ੍ਹੀਆਂ ਨੂੰ ਸੁਚੇਤ ਕਰਨ ਦੀ ਲੋੜ ਹੈ ਕਿ ਜ਼ੋਰਾਵਰੀ, ਇਨਸਾਨੀ ਖੂਨ ਵਿਚੋਂ ਕਿਵੇਂ ਇਨਸਾਨੀਅਤ ਦੇ ਕਣਾਂ ਦਾ ਸਫਾਇਆ ਕਰ ਦਿੰਦੀ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਮਈ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-378



*ਮੇਲੇ ਵਿਚ ਨੇ ਆਣ ਕੇ ਖੁਸ਼ ਹੋਈਆਂ, ਸਾਂਭੇ ਜਾਣ ਨਾ ਚਾਅ ਮਜਾਜਣਾਂ ਦੇ।*
*ਰੂਪ ਸਾਣ 'ਤੇ ਚਾੜ੍ਹਿਆ ਗਹਿਣਿਆ ਨੇ, ਹਾਸੇ ਡੁੱਲ੍ਹਦੇ ਦੇਖ ਪੰਜਾਬਣਾਂ ਦੇ।*

## ਕੈਪਸ਼ਨ ਮੁਕਾਬਲਾ-376



ਨਾੜ ਕਣਕ ਦਾ ਸਾੜ ਦਿੰਦੇ ਨੇ
ਤੂੜੀ ਕੋਈ ਵਿਰਲਾ ਸਾਂਭੇ।
ਜਦੋਂ ਤੋਟ ਪੱਠਿਆਂ ਦੀ ਆਉਂਦੀ
ਫਿਰ ਨਾ ਤੱਕਣ ਉਲਾਂਭੇ।
ਜਿਸ ਭਾਅ ਵੀ ਮਿਲਦੀ ਤੂੜੀ
ਸੌਦਾ ਝੱਟ ਕਰ ਬਹਿੰਦੇ।
ਭੰਨਿਆ ਕੁੱਪ ਭਰੀ ਟਰਾਲੀ
ਡਰ ਨਹੀਂ ਕਾਨੂੰਨ ਦਾ, ਕਹਿੰਦੇ।

*-ਸੇਵਾ ਸਿੰਘ ਨੂਰਪੁਰੀ*

---

ਓਵਰਲੋਡ ਕਰ ਟਰੱਕ, ਟਰਾਲੀ
ਤੁਰ ਪੈਂਦੇ ਨੇ ਸੜਕ ਮੱਲ ਕੇ ਸਾਰੀ।
ਲੰਘਣਾ ਕਿੱਥੋਂ, ਵਾਪਰਨ ਹਾਦਸੇ
ਲਾਪਰਵਾਹੀਆਂ ਨੇ ਮੱਤ ਮਾਰੀ।
ਕੜਾ ਕਾਨੂੰਨ ਛਿੱਕੇ 'ਤੇ ਟੰਗਦੇ
ਹੱਥੀਂ ਜਾਂਦੇ ਨੇ ਘਰ ਉਜਾੜੀ।

*-ਦਵਿੰਦਰ ਕੌਰ*

---

ਟਾਂਗਰ ਨੂੰ ਕਹਿੰਦੇ ਅੱਗ ਨਹੀਂ ਲਾਉਣੀ
ਹੋਇਆ ਹੁਕਮ ਸਰਕਾਰੀ।
ਤੂੜੀ ਬਣਾ ਕੇ ਟਰਾਲੀ ਭਰ'ਲੀ
ਬਣਿਆ ਜੱਟ ਵਪਾਰੀ।

ਕੋਈ ਤਾਂ ਆ ਕੇ ਪੁੱਛੋ ਇਹਨੂੰ,
ਸੜਕ ਕਾਹਤੋਂ ਬਈ ਰੋਕੀ ਸਾਰੀ?
ਅੱਗੋਂ ਪਿੱਛੋਂ ਕੋਈ ਲੰਘ ਨਹੀਂ ਸਕਦਾ
ਦੁਰਘਟਨਾ ਹੋ ਸਕਦੀ ਹੈ ਭਾਰੀ।

*-ਗੁਰਦੇਵ ਸਿੰਘ ਢਪਾਲੀ, ਬਠਿੰਡਾ*

---

ਪਾਣੀ ਦਾ ਛਿੱਟਾ ਲਾ ਤੂੜੀ ਨੂੰ
ਕੁੱਪ 'ਚੋਂ ਭਰੀ ਟਰਾਲੀ।
ਸਾਈਕਲ, ਪੌੜੀ ਬੰਨ ਲਏ ਪਿਛੇ
ਥਾਂ ਦਿਸੇ ਨਾ ਖਾਲੀ।
ਮਿੱਟੀ ਘੱਟਾ ਵਿਚ ਤੂੜੀ ਦੇ
ਔਖਾ ਬੋਝ ਉਠਾਉਣਾ।
ਚਮਚਾ-ਚਮਚਾ ਲਾ ਭੁੱਕੀ ਦਾ
ਪਊਗਾ ਵਕਤ ਲੰਘਾਉਣਾ।
ਕੰਮ ਇਹ ਬਦਲੋ, ਹੋਰ ਕਰੋ
ਸਾਰੇ ਨਸ਼ੇ ਤਿਆਗੋ।
ਨਸ਼ਿਆਂ ਦਿੱਤੀ ਰੋਲ ਜੁਆਨੀ
ਸੁਰਤ ਕਰੋ, ਸਭ ਜਾਗੋ।

*-ਮਾਸਟਰ ਪ੍ਰੀਤਮ ਸਿੰਘ ਲੰਮੇ*

---

ਬੰਨ ਸਾਰਾ ਬੋਰੀਆ ਬਿਸਤਰਾ
ਸਣੇ ਕੁੱਲੀ, ਗੁੱਲੀ ਤੇ ਜੁੱਲੀ
ਚੱਲ ਪਏ ਘਰੋਂ ਬੇਘਰ
ਜਾ ਰਿਹਾ ਵਾਹਨ ਸੜਕ ਵਿਚਾਲੇ
ਹੈ ਨਹੀਂ ਕੋਈ ਘਰ ਘਾਟ
ਫਿਰ ਡਰ ਕਾਹਦਾ!
ਪਾ ਦਿੱਤੀਆਂ ਧਮਾਲਾਂ ਸੜਕ 'ਤੇ
ਜੋ ਕੁਝ ਕੋਲ ਇਹੀ ਸਰਮਾਇਆ
ਸਾਡਾ ਇਹੀ ਰੈਣ ਬਸੇਰਾ
ਹੱਕਾਂ ਤੋਂ ਵਾਂਝੇ ਜਾ ਰਹੇ ਹਾਂ
ਦੇ ਰਹੇ ਹਾਂ ਸੁਨੇਹਾ ਲੋਕਾਂ ਨੂੰ
ਉਠੋ ਜਾਗਦੇ ਰਹੋ
ਪਾ ਨਾ ਜਾਏ ਕੋਈ ਤੁਹਾਨੂੰ ਪਾਉਂਦੀ।

*-ਦਰਸ਼ਨਪਾਲ ਦੋਸਾਂਝ*

# ‘ਪੰਜਾਬ ਟਾਈਮਜ਼ ਨਾਈਟ 2019’ ਦੇ ਅੰਗ-ਸੰਗ

**ਐਸ. ਅਸ਼ੋਕ ਭੌਰਾ**

**ਸ਼ਿਕਾਗੋ:** ਜਿਸ ਦੌਰ ਵਿਚ ਮੀਡੀਏ ‘ਤੇ ਵਿਕਾਊ ਹੋਣ ਦੇ ਦੋਸ਼ ਲੱਗਦੇ ਹੋਣ, ਜਦੋਂ ਖਬਰਾਂ ‘ਤੇ ‘ਪੇਡ’ ਦਾ ਟੈਗ ਲੱਗਦਾ ਹੋਵੇ ਤੇ ਜਦੋਂ ਖਬਰਾਂ ਦੀ ਇਸ਼ਤਿਹਾਰਾਂ ਨਾਲ ਸੌਦੇਬਾਜੀ ਕੀਤੀ ਜਾਂਦੀ ਹੋਵੇ, ਉਸ ਦੌਰ ਵਿਚ ਸਿਹਤ ਨਾ ਠੀਕ ਹੋਣ ਦੇ ਬਾਵਜੂਦ ਸਿਹਤਮੰਦ ਅਖਬਾਰ ਚਲਾਉਣਾ, ਇਹ ਸਿਰਫ ਅਮੋਲਕ ਸਿੰਘ ਜੰਮੂ ਨੂੰ ਹੀ ਪਤਾ ਹੋ ਸਕਦਾ ਹੈ ਕਿ ਏਦਾਂ ਸਾਰਾ ਕੁਝ ਕਿਵੇਂ ਕਰੀਦਾ ਹੈ, ਜਾਂ ਇਉਂ ਕਿ ਲਾਹੌਰ ਦੇ ਉਚੇ ਬੁਰਜ ‘ਤੇ ਚੜ੍ਹ ਕੇ ਕੇਸ ਸੁਕਾਉਣ ਦਾ ਹੁਨਰ ਕਿਵੇਂ ਆ ਸਕਦਾ ਹੈ?

ਸ਼ਿਕਾਗੋ ਤੋਂ ਇਕ ਮੈਗਜ਼ੀਨ ਸਾਈਜ਼ ਪਰਚੇ ਤੋਂ ਸ਼ੁਰੂ ਹੋ ਕੇ ‘ਪੰਜਾਬ ਟਾਈਮਜ਼’ ਅਖਬਾਰ ਨੇ 19 ਵਰ੍ਹੇ ਪੂਰੇ ਕਰ ਲਏ ਹਨ ਤੇ ਹੁਣ ਇਸ ਦੇ ਸ਼ਿਕਾਗੋ (ਮਿਡਵੈਸਟ) ਤੋਂ ਇਲਾਵਾ ਨਿਊ ਯਾਰਕ ਅਤੇ ਕੈਲੀਫੋਰਨੀਆ ਤੋਂ ਇਕੋ ਸਮੇਂ 3 ਐਡੀਸ਼ਨ ਛਪਦੇ ਹਨ। ਛਪਣ ਗਿਣਤੀ ਪੱਖੋਂ ਇਹ ਅਮਰੀਕਾ ’ਚ ਸਭ ਤੋਂ ਵੱਡਾ ਪੰਜਾਬੀ ਅਖਬਾਰ ਹੈ।

ਇਸ ਵਾਰ ਕਰੀਬ ਪੰਜ ਵਰ੍ਹਿਆਂ ਪਿੱਛੋਂ ‘ਪੰਜਾਬ ਟਾਈਮਜ਼ ਨਾਈਟ’ ਸ਼ਿਕਾਗੋ ਵੇਖਣ ਦਾ ਮੌਕਾ ਮਿਲਿਆ। ਕਈ ਨਵੇਂ ਰੰਗ ਚੜ੍ਹੇ, ਕਈ ਪੁਰਾਣੇ ਵੀ ਵੇਖਣ ਨੂੰ ਮਿਲੇ, ਕਈ ਚੜ੍ਹੇ ਹੀ ਨਹੀਂ। ਕਈ ਨਵੇਂ ਹਮਦਰਦ ਆਏ, ਕਈ ਪੁਰਾਣਿਆਂ ਨੇ ਰੁਝੇਵਿਆਂ ਦਾ ਬਹਾਨਾ ਘੜ੍ਹ ਲਿਆ; ਕੁਝ ਰੁੱਸ ਗਏ, ਕੁਝ ਮੰਨ ਗਏ ਤੇ ਏਦਾਂ ਅੱਗੜ-ਪਿੱਛੜ ਘਟਨਾਵਾਂ ਇਸ ਨਾਈਟ ਦਾ ਹਿੱਸਾ ਬਣੀਆਂ ਰਹੀਆਂ। ਇਸ ਵਾਰ ਮੁੱਖ ਮਹਿਮਾਨ ਅੰਮ੍ਰਿਤਪਾਲ ਸਿੰਘ ਗਿੱਲ ਸਨ।

ਕੈਲੀਫੋਰਨੀਆ ਤੋਂ ਆਏ ਰਾਜਨ ਸੰਧੂ ਨੇ ਆਪਣੇ ਸੋਲੋ ਤੇ ‘ਟੀਚਰ ਅੰਗਰੇਜ਼ੀ’ ਵਰਗੇ ਦੋਗਾਣੇ ਜਸਪਿੰਦਰ ਰੈਣਾ ਨਾਲ ਪੇਸ਼ ਕਰਕੇ ‘ਪੰਜਾਬ ਟਾਈਮਜ਼ ਨਾਈਟ’ ਨੂੰ ਸੰਗੀਤਕ ਰੰਗੀਨਮਈ ਬਣਾ ਦਿੱਤਾ। ਗਾਇਕਾ ਸ਼ਰੂਤੀ ਉਰਫ ਜਸਪਿੰਦਰ ਰੈਣਾ ਨੇ ਜੁਗਨੀ ਵੀ ਸੁਣਾਈ, ਮਾਹੀਆ ਵੀ ਤੇ ਟੱਪੇ ਵੀ। ਤਾਰਾ ਮੁਲਤਾਨੀ ਨੇ ਗੀਤਾਂ ਦਾ ਖੂਬਸੂਰਤ ਰੰਗ ਬਿਖੇਰਿਆ ਅਤੇ ਦਵਿੰਦਰ ਧਨੋਆ ਤੇ ਸੰਨੀ ਵੀ ਨਵਿਆਂ ‘ਚੋਂ ਨਿੱਖਰੇ।

ਅਦਾਰੇ ਨੇ ਨਵਿਆਂ ਨੂੰ ਜੀ ਆਇਆਂ ਕਿਹਾ, ਪੁਰਾਣਿਆਂ ਨੂੰ ਵਡਿਆਇਆ, ਜਿਹੜੇ ਨਹੀਂ ਵੀ ਪਹੁੰਚ ਸਕੇ, ਧੰਨਵਾਦ ਉਨ੍ਹਾਂ ਦਾ ਵੀ ਕੀਤਾ।

ਭੌਤਿਕ ਵਿਗਿਆਨੀ ਸਟੀਫਨ ਹਾਕਿੰਗ ਵਾਲੀ ਬਿਮਾਰੀ ਏ. ਐਲ. ਐਸ. ਨਾਲ ਜੂਝ ਰਹੇ ਅਮੋਲਕ ਸਿੰਘ ਜੰਮੂ ਦੀ ਤੰਦਰੁਸਤੀ ਲਈ ਪੰਜਾਬ ਟਾਈਮਜ਼ ਦੇ ਚਹੇਤਿਆਂ ਤੇ ਹਮਦਰਦਾਂ ਨੇ ਦੁਆਵਾਂ ਵੀ ਮੰਗੀਆਂ ਤੇ ਉਸ ਦੀ ਧਰਮ ਪਤਨੀ ਵਲੋਂ ਅਖਬਾਰ ਦੇ ਸੰਚਾਲਨ ਲਈ ਨਿਭਾਏ ਜਾ ਰਹੇ ਰੋਲ ਦੇ ਨਾਲ ਨਾਲ ਪਤੀ ਦੀ ਸਾਂਭ-ਸੰਭਾਲ ਦੀ ਵਡਿਆਈ ਵੀ ਕੀਤੀ।

ਚਲੋ! ਮਿਸ਼ੀਗਨ ਤੋਂ ਦਰਸ਼ਨ ਸਿੰਘ ਗਰੇਵਾਲ ਵੀ ਆਇਆ, ਸ਼ਿਕਾਗੋ ਦੇ ਨਿੱਘੇ ਮਿੱਤਰਾਂ ‘ਚੋਂ ਡਾ. ਨਵਦੀਪ ਕੌਰ ਸੰਧੂ, ਡਾ. ਹਰਮਗੁਰਮੁਖ ਪਾਲ ਸਿੰਘ, ਡਾ. ਤੇਜਿੰਦਰ ਸਿੰਘ ਮੰਡੇਰ, ਹਰਦਿਆਲ ਸਿੰਘ ਦਿਓਲ, ਡਾ. ਗੁਰਦਿਆਲ ਸਿੰਘ ਬਸਰਾਨ ਵੀ ਹਾਜ਼ਰ ਹੋਏ। ਗੁਰਮੁਖ ਸਿੰਘ ਭੁੱਲਰ ਕਿਸੇ ਵਿਆਹ ‘ਚ ਰੁੱਝਿਆ ਰਿਹਾ, ਡਾ. ਖਹਿਰਾ ਦੇਰ ਨਾਲ ਆਇਆ, ਰੇਡੀਓ ਚੰਨ ਪਰਦੇਸੀ ਵਾਲਾ ਸਰਵਣ ਟਿਵਾਣਾ ਆਇਆ ਹੀ ਨਹੀਂ, ਦਰਸ਼ਨ ਸਿੰਘ ਦਰੜ ਇੰਡੀਆ ਗਿਆ ਹੋਇਆ ਸੀ-ਜਿਹੜੇ ਆ ਗਏ ਵਾਹ ਭਲਾ! ਜਿਹੜੇ ਨਹੀਂ ਆਏ ਉਨ੍ਹਾਂ ਦਾ ਵੀ ਭਲਾ ਕਹਿ ਕੇ ਅਖਬਾਰ ਨੇ ਆਉਂਦੇ ਵਰ੍ਹਿਆਂ ‘ਚ ਵੀ ਉਨ੍ਹਾਂ ਤੋਂ ਸਹਿਯੋਗ ਲਈ ਆਸਾਂ ਦੀ ਬੁਣਤੀ ਬੁਣ ਕੇ ਰੱਖੀ। ਲਗਾਤਾਰ ਕੰਮ ਕਰਦੇ ਰਹਿਣ ਨਾਲ ਕੰਮ ਮੁੱਕਦਾ ਨਹੀਂ, ਸਗੋਂ ਕੰਮ ਦਾ ਪੱਧਰ ਜੇ ਬਣਾਈ ਰੱਖਿਆ ਜਾਵੇ ਤਾਂ ਯਤਨ ਵੱਡੇ ਹੋ ਜਾਂਦੇ ਹਨ।

ਅਮਰੀਕਾ ਵਰਗੀ ਧਰਤੀ ‘ਤੇ ਮੀਡੀਏ ਦੀ ਮਾਣ ਮਰਿਆਦਾ ਨੂੰ ਕਾਇਮ ਰੱਖਣਾ, ਪਾਠਕਾਂ ਨੂੰ ਵਧੀਆ ਤੇ ਸਿਹਤਮੰਦ ਸਮਗਰੀ ਪੜ੍ਹਨ ਨੂੰ ਦੇਣਾ ਤੇ ਅੰਦਰ ਤੱਕ ਲੋਕਾਂ ਦਾ ਦਿਲ ਜਿੱਤ ਲੈਣਾ, ਸ਼ਾਇਦ ਇਸੇ ਹੀ ਅਖਬਾਰ ਦੇ ਹਿੱਸੇ ਆਇਆ ਹੈ। ਇਸ ਗੱਲ ਨੂੰ ਸਰਬਪ੍ਰਵਾਨਤ ਮੰਨਿਆ ਜਾਂਦਾ ਹੈ ਕਿ ਅਖਬਾਰ ਦੇ ਸੰਪਾਦਕ ਨੇ ਘਾਟੇ ਤਾਂ ਖਾਧੇ ਹੋਣਗੇ ਪਰ ਮੁਨਾਫਿਆਂ ਲਈ ਸਮਝੌਤੇ ਨਹੀਂ ਕੀਤੇ। ਇਸੇ ਕਰਕੇ ਅਖਬਾਰ ਚਾਰੇ ਕੂੰਟਾਂ ‘ਚ ਪ੍ਰਵਾਨ ਹੀ ਨਹੀਂ ਸਗੋਂ ਇਸ ਦੀਆਂ ਅਮਰੀਕਾ ਦੀ ਧਰਤੀ ‘ਤੇ ਪੰਜਾਬੀ ਅਖਬਾਰੀ ਖੇਤਰ ਵਿਚ ਵਿਲੱਖਣ ਪੈੜਾਂ ਹਨ। ਇਹ ਗੱਲ ਮੰਨਣੀ ਪਵੇਗੀ ਅਤੇ ਦੋਖੀ ਵੀ ਇਸ ਗੱਲ ‘ਤੇ ਮੋਹਰ ਲਾਉਂਦੇ ਹਨ ਕਿ ਆਪਣੇ ਨਾਅਰੇ ‘ਬੇਲਾਗ, ਬੇਬਾਕ ਤੇ ਨਿਰਪੱਖ ਪੱਤਰਕਾਰੀ ਦਾ ਮੁੱਦਈ’ ਨੂੰ ਇਸ ਅਖਬਾਰ ਨੇ ਕਾਇਮ ਰੱਖਿਆ ਹੋਇਆ ਹੈ। ਇਸ ਅਖਬਾਰ ਵਿਚ ਤੁਹਾਨੂੰ ਤਾਂਤਰਿਕਾਂ ਤੇ ਪੀਰ ਬਾਬਿਆਂ, ਮੁੰਡੇ ਜਾਂ ਕੁੜੀ ਜਿਹੇ ਮਿਆਰੋਂ ਲੱਥੇ ਇਸ਼ਤਿਹਾਰ ਨਹੀਂ ਮਿਲਣਗੇ। ਇਹ ਗੱਲ ਕਹਿਣ ਵਿਚ ਵੀ ਕੋਈ ਹਰਜ ਨਹੀਂ ਕਿ ਇਹ ਉਹੀ ਅਖਬਾਰ ਹੈ, ਜੋ ਪੰਜਾਬੀ ਦੀਆਂ ਰੋਜ਼ਾਨਾ ਅਖਬਾਰਾਂ ਦੇ ਮੁਕਾਬਲੇ ਪਾਠਕਾਂ ਨੂੰ ਭਰਵੀਂ ਸਮੱਗਰੀ ਪੜ੍ਹਨ ਲਈ ਦੇ ਰਿਹਾ ਹੈ।

ਤਕਰੀਬਨ ਸਾਢੇ ਸੱਤ ਵਜੇ ਸ਼ੁਰੂ ਹੋਈ ‘ਪੰਜਾਬ ਟਾਈਮਜ਼ ਨਾਈਟ’ ਜਦੋਂ 11 ਕੁ ਵਜੇ ਮੁੱਕਦੀ ਹੈ ਤਾਂ ਚੁੰਝ ਚਰਚਾ ਇਹ ਵੀ ਚੱਲਦੀ ਹੈ ਕਿ ਅਮੋਲਕ ਸਿੰਘ ਜੰਮੂ ਦੀ ਥਾਂ ਕੋਈ ਹੋਰ ਸੰਪਾਦਕ ਹੁੰਦਾ ਤੇ ਉਹਦੀ ਸਿਹਤ ਏਨਾ ਸਾਥ ਨਾ ਦਿੰਦੀ ਹੁੰਦੀ ਤਾਂ ਸ਼ਾਇਦ ਵੱਡੇ ਤੋਂ ਵੱਡੇ ਸਰਮਾਏਦਾਰਾਂ ਦੀ ਅਖਬਾਰ ਵੀ ਢਾਈ ਦਿਨ ਦੀ ਪ੍ਰਾਹੁਣੀ ਬਣ ਕੇ ਰਹਿ ਜਾਂਦੀ। ਰੱਬ ਤੋਂ ਡਰ ਕੇ ਇਹ ਗੱਲ ਵੀ ਕਹੀ ਜਾ ਸਕਦੀ ਹੈ ਕਿ ਜੰਮੂ ਨੇ ਨਾ ਸਿਹਤ ਪੱਖੋਂ ਹੱਥ ਖੜ੍ਹੇ ਕੀਤੇ ਹਨ ਅਤੇ ਨਾ ਇਕ ਸੰਤੁਲਿਤ ਮੀਡੀਆ ਦੇ ਪੱਖੋਂ। ਇਸੇ ਕਰਕੇ ਨਾਰਾਜ਼ ਲੋਕ ਵੀ ਕਹਿੰਦੇ ਨੇ ਕਿ ਕੋਈ ਗੱਲ ਨਹੀਂ, ਵਾਧੇ ਘਾਟੇ ਤਾਂ ਹੁੰਦੇ ਈ ਰਹਿੰਦੇ ਨੇ, ਪਰ ਪੰਜਾਬੀ ਜ਼ੁਬਾਨ ਨੂੰ, ਬੋਲੀ ਨੂੰ ਤੇ ਮੀਡੀਏ ਨੂੰ ਸਹੀ ਅਰਥਾਂ ‘ਚ ਜਿਉਂਦੇ ਰੱਖਣ ਲਈ ਅਮੋਲਕ ਸਿੰਘ ਜੰਮੂ ਦੇ ਹੱਕ ਵਿਚ ਸਹੀ ਪਾਉਣਾ ਕੋਈ ਗੁਨਾਹ ਨਹੀਂ। ਚਰਖਾ ਤਾਂ ਚੱਪਾ ਚੱਪਾ ਚੱਲਦਾ ਹੋਵੇ ਜਾਂ ਨਾ ਪਰ ਇਹ ਅਖਬਾਰ ਦੋਵੇਂ ਕਦਮਾਂ ਨਾਲ ਹਮੇਸ਼ਾ ਅੱਗੇ ਵਧੀ ਹੈ। ਅਖਬਾਰ ਨੇ ਦੋ ਦਰਜਨ ਤੋਂ ਵੱਧ ਲੇਖਕਾਂ ਨੂੰ ਛਾਪਿਆ ਹੀ ਨਹੀਂ ਸਗੋਂ ਉਨ੍ਹਾਂ ਦੇ ਸਾਹਿਤਕ ਕੱਦ ਨੂੰ ਵੀ ਕੋਠੇ ਜਿੱਡਾ ਕਰਕੇ ਰੱਖਿਆ ਹੈ। ਚਲੋ! ਲੋਕ ਟੁੱਟ ਜਾਂਦੇ ਨੇ, ਜੁੜ ਜਾਂਦੇ ਨੇ, ਕਈ ਹੋਰ ਟੁੱਟਣਗੇ, ਕਈ ਹੋਰ ਜੁੜਨਗੇ, ਕਈ ਨੀਵੇਂ ਪੱਧਰ ਦੀ ਆਲੋਚਨਾ ਕਰਨਗੇ, ਕਈ ਨਾਰਾਜ਼ਗੀਆਂ ਦੇ ਢੇਰ ਲਾਉਣਗੇ, ਕਈ ਗਿਲੇ ਸ਼ਿਕਵੇ ਦੀਆਂ ਪੰਡਾਂ ਬੰਨ੍ਹੀਂ ਬੈਠੇ ਹੋਣਗੇ, ਕਈ ‘ਮੇਰਾ ਨਾਂ ਨੀ ਛਪਦਾ’ ਤੋਂ ਨਾਰਾਜ਼ ਹੋਣਗੇ, ਪਰ ਸੱਚ ਇਹ ਹੈ ਕਿ ਸੂਈ ਦੇ ਨੱਕੇ ਥਾਣੀਂ ਅੱਖਰਾਂ ਨੂੰ ਲੰਘਾਉਣ ਦਾ ਹੁਨਰ ਇਸੇ ਅਖਬਾਰ ਦੇ ਹਿੱਸੇ ਆਇਆ ਹੈ।

ਹਮਦਰਦਾਂ ਨੇ ਬੜੇ ਵਿਚਾਰ ਪੇਸ਼ ਕੀਤੇ, ਜਿਹੜੇ ਆਏ ਨ੍ਹੀਂ, ਉਹ ਅੰਦਰੋਂ ਇਕ ਵਾਰ ਸੋਚਦੇ ਜ਼ਰੂਰ ਹੋਣਗੇ ਕਿ ਜਾਣਾ ਚਾਹੀਦਾ ਸੀ, ਜਿਹੜੇ ਆਏ ਸਨ, ਉਨ੍ਹਾਂ ਦੇ ਦਿਲ ‘ਚ ਸੀ ਚੰਗਾ ਹੋਇਆ ਘਰ ਨਹੀਂ ਰਹੇ। ਕਿਉਂਕਿ ਇਹ ਅਖਬਾਰ ਦੀਆਂ ਹੀ ਰੌਣਕਾਂ ਨਹੀਂ, ਸਗੋਂ ‘ਪੰਜਾਬੀਅਤ ਜ਼ਿੰਦਾਬਾਦ’ ਦੇ ਨਾਅਰਿਆਂ ਦਾ ਇਕ ਕਾਫਲਾ ਹੈ।

ਕੈਲੀਫੋਰਨੀਆ ਦੇ ਉਘੇ ਕਾਰੋਬਾਰੀ, ਖੇਡ ਪ੍ਰੋਮੋਟਰ ਅਤੇ ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਦੇ ਮੈਂਬਰ ਅਮੋਲਕ ਸਿੰਘ ਗਾਖਲ ਨੇ ਆਪਣੇ ਸੰਦੇਸ਼ ਵਿਚ ਕਿਹਾ ਕਿ ਅਸੀਂ ਹਰ ਤਰ੍ਹਾਂ ਇਸ ਅਖਬਾਰ ਤੇ ਅਮੋਲਕ ਸਿੰਘ ਜੰਮੂ ਦੇ ਨਾਲ ਹਾਂ। ਕਦੇ ਵੀ ਇਸ ਅਖਬਾਰ ਦੇ ਡਾਵਾਂਡੋਲ ਹੋਣ ਦੀ ਸਥਿਤੀ ਆਈ ਤਾਂ ਗਾਖਲ ਭਰਾ ਥੰਮ੍ਹ ਬਣ ਕੇ ਖੜ੍ਹੇ ਰਹੇ ਨੇ, ਖੜ੍ਹੇ ਰਹਿਣਗੇ। ਉਹ ਅਮੋਲਕ ਸਿੰਘ ਜੰਮੂ ਨੂੰ ਆਪਣਾ ਭਰਾ ਵੀ ਸਵੀਕਾਰ ਕਰਦੇ ਹਨ। ਲੇਖਿਕਾ ਨੀਲਮ ਸੈਣੀ, ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮਰੀਕਾ ਦੇ ਅਹਿਮ ਕਾਰਕੁਨ ਚਰਨ ਸਿੰਘ ਜੱਜ, ਜਸਵਿੰਦਰ (ਜੱਸੀ) ਗਿੱਲ ਅਤੇ ਹੋਰ ਬਹੁਤ ਸਾਰੇ ਹਮਦਰਦਾਂ ਨੇ ਸ਼ੁਭ ਕਾਮਨਾਵਾਂ ਭੇਜੀਆਂ।

ਮੈਂ ਮਾਣ ਨਾਲ ਕਹਾਂਗਾ ਕਿ ਪਾਠਕਾਂ ਨੂੰ ਜਾਂ ਸ਼ਿਕਾਗੋ ਵਸਦੇ ਲੋਕਾਂ ਨੂੰ ਇਹ ਤਾਂ ਲੱਗਦਾ ਸੀ ਕਿ ਮੈਨੂੰ ਸ਼ਬਦਾਂ ਦੀ ਬੁਣਤੀ ਬੁਣਨੀ ਆਉਂਦੀ ਹੈ, ਪਰ ਸ਼ਾਇਦ ਕਈਆਂ ਨੂੰ ਪਹਿਲੀ ਵਾਰ ਲੱਗਾ ਕਿ ਅਸ਼ੋਕ ਭੌਰਾ ਨੂੰ ਸ਼ਾਇਰੀ ਵੀ ਆਉਂਦੀ ਹੈ, ਬੋਲਣਾ ਵੀ ਆਉਂਦਾ ਹੈ, ਮੰਚ ਸੰਚਾਲਨ ਕਰਨਾ ਅਤੇ ਲੋਕਾਂ ਨੂੰ ਤਾੜੀਆਂ ਵਜਾਉਣ ਲਈ ਮਜਬੂਰ ਕਰਨਾ ਵੀ ਆਉਂਦਾ ਹੈ। ਮੈਂ ਮੰਨਦਾ ਹਾਂ ਕਿ ‘ਅਜੀਤ’ ਤੋਂ ਬਾਅਦ ਜੇ ਕੌਮਾਂਤਰੀ ਪੱਧਰ ਦੇ ਕਿਸੇ ਅਖਬਾਰ ਨੇ ਮੇਰੀ ਮਾਣ ਵਡਿਆਈ ਵਿਚ ਵਾਧਾ ਕੀਤਾ ਹੈ ਤਾਂ ਉਹ ਪੰਜਾਬ ਟਾਈਮਜ਼ ਹੈ ਤੇ ਬਰਜਿੰਦਰ ਸਿੰਘ ਹਮਦਰਦ ਪਿਛੋਂ ਜੇ ਮੇਰੇ ਪੱਤਰਕਾਰੀ ਦੇ ਕੈਰੀਅਰ ‘ਚ ਕਿਸੇ ਵਿਅਕਤੀ ਵਿਸ਼ੇਸ਼ ਦਾ ਯੋਗਦਾਨ ਹੈ ਤਾਂ ਉਹ ਅਮੋਲਕ ਸਿੰਘ ਜੰਮੂ ਦਾ ਹੈ।

ਜੈ ਰਾਮ ਸਿੰਘ ਕਾਹਲੋਂ ਅਤੇ ਸੁਰਿੰਦਰ ਸਿੰਘ ਭਾਟੀਆ ਦੀ ‘ਪੰਜਾਬ ਟਾਈਮਜ਼ ਨਾਈਟ’ ਦੀ ਸਫਲਤਾ ਲਈ ਨਿਭਾਈ ਭੂਮਿਕਾ ‘ਤੇ ਮੋਹਰ ਲੱਗਦੀ ਰਹੇਗੀ। ਮੰਨਣਾ ਪਵੇਗਾ ਕਿ ਪੰਜਾਬ ਟਾਈਮਜ਼ ਦੇ ਹਮਦਰਦਾਂ ਦੀ ਸੂਚੀ ਲੰਬੀ ਹੈ ਅਤੇ ਇਸ ਸੂਚੀ ‘ਚ ਹਾਲੇ ਹੋਰ ਲੋਕ ਜੁੜਦੇ ਰਹਿਣਗੇ।

ਸ਼ਾਲਾ! ਅਖਬਾਰ ਦੀਆਂ ਉਮਰਾਂ ਲੰਮੀਆਂ ਹੋਣ, ਇਹ ਕਹਿ ਕੇ,

ਕੀ ਹੋਇਆ ਜੇ ਕੁਝ ਕਹਿ ਦਿੱਤਾ ਸੀ
ਪਰ ਆਪਣੇ ਲਈ ਨਹੀਂ ਕਹਿੰਦਾ ਸੀ
ਮੈਂ ਜਿਉਂਦੀ ਪੰਜਾਬੀਅਤ ਰੱਖਣੀ ਸੀ
ਤਾਂ ਦਿਲ ‘ਤੇ ਬੜਾ ਕੁਝ ਸਹਿੰਦਾ ਸੀ।

‘ਪੰਜਾਬ ਟਾਈਮਜ਼ ਨਾਈਟ’ ਹਰ ਸਾਲ ਹੁੰਦੀ ਰਹੇ ਤੇ ਵਸਦਾ ਰਹੇ ‘ਪੰਜਾਬ ਟਾਈਮਜ਼’ ਦਾ ਭਰ ਵਗਦਾ ਪੱਤਰਕਾਰੀ ਦਾ ਵਹਿਣ।

## ਗੀਤ ਸੰਗੀਤ

# ਗੁਰਦਾਸ ਮਾਨ ਪੰਜਾਬੀਅਤ ਦਾ ਮਾਣ ਹੈ

**ਐਸ. ਅਸ਼ੋਕ ਭੌਰਾ**

ਕਹਿਣ ਨੂੰ ਕੋਈ ਜੋ ਮਰਜ਼ੀ ਕਹੀ ਜਾਵੇ, ਪਰ ਇਹ ਗੱਲ ਮੰਨਣਯੋਗ ਹੈ ਕਿ ਗੁਰਦਾਸ ਮਾਨ ਵਾਕਿਆ ਹੀ ਗੁਰਦਾਸ ਮਾਨ ਹੈ, ਕਿਉਂਕਿ ਦੁਨੀਆਂ ਘੱਟ ਵੀ ਤਾਂ ਨਹੀਂ ਤੋਲਦੀ। ਆਲੋਚਕਾਂ ਦਾ ਮੂੰਹ ਬੰਦ ਨਹੀਂ ਕੀਤਾ ਜਾ ਸਕਦਾ। ਕੁਝ ਲੋਕ ਸਿਰਫ ਈਰਖਾ ਜਾਂ ਸਾੜੇ ‘ਚ ਹੀ ਆਲੋਚਨਾ ਕਰ ਸਕਦੇ ਹਨ। ਪਰ ਇਸ ਗੱਲ ਨੂੰ ਹੋਰ ਵੀ ਸਪੱਸ਼ਟ ਕਰਨਾ ਹੋਵੇ ਤਾਂ ਸੱਚ ਇਹ ਹੈ ਕਿ ਗੁਰਦਾਸ ਮਾਨ ਕੱਲ ਵੀ ਸੀ, ਅੱਜ ਵੀ ਹੈ ਅਤੇ ਹਾਲੇ ਕੱਲ ਵੀ ਉਸੇ ਦਾ ਹੀ ਹੈ। ਉਹ ਪੰਜਾਬੀ ਗਾਇਕੀ ਦਾ ਨਹੀਂ, ਪੰਜਾਬੀ ਜ਼ੁਬਾਨ ਤੇ ਭਾਸ਼ਾ ਦਾ ਪ੍ਰਤੀਬਿੰਬ ਹੈ। ਉਹ ਸੱਭਿਆਚਾਰ ਅਤੇ ਸੰਗੀਤ ਦੀ ਮੂਰਤ ਹੈ। ਸੰਗੀਤ ਨਾਲ ਜੁੜਦੇ ਜਿੰਨੇ ਵੀ ਚੰਗੇ ਅਲੰਕਾਰ ਹੋਣਗੇ, ਗੁਰਦਾਸ ਦੀ ਝੋਲੀ ‘ਚ ਪਾਏ ਜਾ ਸਕਦੇ ਹਨ।

ਗਹੁ ਨਾਲ ਵੇਖੋ, ਹਾਲੇ ਵੀ ਉਹਦੇ ਪ੍ਰੋਗਰਾਮਾਂ ‘ਚ ਧੱਕਮਧੱਕਾ ਹੈ, ਚਾਅ ਹੈ, ਪੰਜਾਬੀ ਪਰਿਵਾਰਾਂ ਨਾਲ ਵੇਖਣ ਜਾਂਦੇ ਹਨ, ਬਜੁਰਗ ਵੀ ਜਾਂਦੇ ਹਨ, ਜੁਆਨ ਵੀ, ਬੱਚੇ ਵੀ, ਔਰਤਾਂ ਵੀ, ਮੁਟਿਆਰਾਂ ਵੀ, ਬੀਬੀਆਂ ਵੀ ਤੇ ਕਿਵੇਂ ਮੁਨਕਰ ਹੋਇਆ ਜਾ ਸਕਦਾ ਹੈ ਕਿ ਉਹਦੇ ਨਾਲ ਫੋਟੋਆਂ ਖਿਚਵਾਉਣ ਦੀ ਕਤਾਰ ਵੀ ਲੰਬੀ ਹੁੰਦੀ ਜਾ ਰਹੀ ਹੈ। ਲੋਕੀਂ ਉਹਨੂੰ ਵਾਰਿਸ ਸ਼ਾਹ ਵਾਂਗ ਸੁਣਦੇ ਹਨ, ਉਹਨੇ ਹੀਰ ਗਾਈ ਹੀ ਨਹੀਂ, ਉਹ ਸੱਚੀਂ ਮੁੱਚੀਂ ਹੀ ਪੰਜਾਬੀ ਗਾਇਕੀ ਦਾ ਹੀਰ-ਰਾਂਝਾ ਹੈ ਤੇ ਸ਼ਾਇਦ ਉਹ ਇਕੋ ਹੀ ਅਜਿਹਾ ਗਵੱਈਆ ਹੈ, ਜਿਸ ਦੇ ਕਿਸੇ ਵੀ ਗੀਤ ‘ਤੇ ਪ੍ਰਸ਼ਨ ਚਿੰਨ੍ਹ ਨਹੀਂ ਲਾਇਆ ਜਾ ਸਕਦਾ। ਗੁਰਦਾਸ ਅਮਰੀਕਾ ‘ਚ ਸ਼ੋਅ ਕਰੇ, ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਇੰਗਲੈਂਡ ਜਾਂ ਹਿੰਦੋਸਤਾਨ ਦੇ ਕਿਸੇ ਕੋਨੇ ‘ਚ, ਉਹਨੂੰ ਨਾ ਸਿਰਫ ਪੰਜਾਬੀ ਵੇਖਣ ਜਾਂਦੇ ਹਨ ਸਗੋਂ ਗੈਰ ਪੰਜਾਬੀਆਂ ਦੀ ਗਿਣਤੀ ਵੀ ਕਿਤੇ ਵੱਧ ਹੈ। ਹਾਲਾਤ ਬਿਲਕੁਲ ਉਵੇਂ ਹਨ ਜਿਵੇਂ ਨੁਸਰਤ ਸਾਹਿਬ ਨੂੰ ਸੁਣਨ ਲਈ ਗੋਰੇ ਵੀ ਚਲੇ ਜਾਂਦੇ ਸਨ ਤੇ ਉਹ ਤਾੜੀ ਭਾਵੇਂ ਘੱਟ ਵਜਾਉਣ ਪਰ ਸਿਰ ਝੂਮਦੇ ਵੇਖੇ ਜਾ ਸਕਦੇ ਸਨ।

ਗੁਰਦਾਸ ਦੇ ਸ਼ੋਆਂ ਦੀ ਗੱਲ ਕਈ ਪੱਖਾਂ ਤੋਂ ਅਲਹਿਦਾ ਹੈ। ਉਹ ਵਧੀਆ ਗਵੱਈਆ ਹੀ ਨਹੀਂ, ਚੰਗਾ ਪੇਸ਼ਕਾਰ ਵੀ ਹੈ। ਜਿਵੇਂ ਮੁਕਲਾਵੇ ਨੂੰ ਕੁੜੀ ਵੀ ਸੋਹਣੀ ਲੱਗਦੀ ਹੈ ਤੇ ਪਹਿਰਾਵਾ ਵੀ ਜਾਂ ਜਿਵੇਂ ਪੁੰਨਿਆਂ ਦੀ ਰਾਤ ਹੋਵੇ ਚੰਨ ਵੀ ਸੋਹਣਾ ਲੱਗਦਾ ਹੈ ਤੇ ਰਾਤ ਵੀ। ਉਹਦੇ ਪ੍ਰੋਗਰਾਮਾਂ ‘ਚ ਸਰੋਤਿਆਂ ਦਾ ਨੱਚਣ ਦਾ ਚਾਅ ਪੂਰਾ ਹੁੰਦਾ ਹੈ, ਅੱਡੀ ਵੀ ਉਠਦੀ ਹੈ, ਲੱਕ ਵੀ ਹਿਲਾਉਣ ਨੂੰ ਜੀਅ ਕਰਦਾ ਹੈ ਤੇ ਕੁਝ ਲੋਕ ਸਿਰ ਦੇ ਵਾਲਾਂ ‘ਚ ਹੱਥ ਫੇਰ ਕੇ ਕਹਿੰਦੇ ਨੇ ਆਪਣਾ ਪੰਜਾਬ ਹੋਵੇ। ਕਿਤੇ ਨਾ ਕਿਤੇ ਇਹ ਅਵਾਜ਼ ਵੀ ਉਠਦੀ ਹੋਵੇਗੀ ਕਿ ‘ਕੀ ਖੱਟਿਆ ਮੈਂ ਤੇਰੀ ਹੀਰ ਬਣ ਕੇ।’

ਕਮਾਲ ਦੇਖੋ ਕਿ ਜੇ ਉਹਦੇ ਗੀਤ ‘ਚ ਪੰਜਾਬ ਦੀ ਪੀੜਾ ਵੇਖਣੀ ਹੋਵੇ ਤਾਂ ਕਾਮਰੇਡਾਂ ਦੀਆਂ ਸਟੇਜਾਂ ‘ਤੇ ਵੀ ਗੁਰਦਾਸ ਦੇ ਗੀਤ ‘ਮੈਂ ਵਸਦੀ ਉਜੜ ਗਈ, ਅੱਜ ਮੇਰੇ ਪੁੱਤਰਾਂ ਨੇ ਲੁੱਟਿਆ ਜੋ ਕੁਝ ਮੇਰਾ ਸੀ’ ਤੇ ਕੋਰੀਓਗ੍ਰਾਫੀ ਅਕਸਰ ਵੇਖੀ ਜਾ ਸਕਦੀ ਹੈ। ਧਾਰਮਿਕ ਖੇਤਰ ’ਚ ਉਹਨੇ ਘੱਟ ਵੀ ਗਾਇਆ ਹੋਵੇ ਪਰ ਲੱਠਾ ਬੰਦਾ ਹੈ ਤੇ ਉਹਦਾ ਇਕ ਗੀਤ ਲੱਠੇ ਵਰਗਾ ਹੀ ਹੈ ਤੇ ਸਿਰ ਢਕਣ ਨੂੰ ਮੱਲੋ ਮੱਲੀ ਜੀ ਕਰਦਾ ਹੈ ‘ਸਰਬੰਸਦਾਨੀਆਂ ਵੇ ਦੇਣਾ ਕੌਣ ਦਊਗਾ ਤੇਰਾ?’ ਲੱਗਦਾ ਨਹੀਂ ਕਿ ਉਹਨੇ ਚੌਥੀ ਕੰਨੀ ਵੀ ਸਫਲਤਾ ਨਾਲ ਖਿੱਚੀ ਹੈ?

ਜਿਵੇਂ ਕੋਈ ਬੰਦਾ ਇਹ ਨਹੀਂ ਕਹਿ ਸਕਦਾ ਕਿ ਮੈਂ ਕਦੇ ਪੀੜ ਦੀ ਦਵਾਈ ਨਹੀਂ ਖਾਧੀ ਕਿਉਂਕਿ ਸਿਰ ਤਾਂ ਹਰ ਕਿਸੇ ਦਾ ਕਦੇ ਨਾ ਕਦੇ ਦੁਖਿਆ ਹੋਵੇਗਾ ਤੇ ਕੋਈ ਪੰਜਾਬੀ ਇਹ ਨਹੀ ਕਹੇਗਾ ਕਿ ਮੈਂ ਗੁਰਦਾਸ ਮਾਨ ਨੂੰ ਨਹੀਂ ਜਾਣਦਾ, ਸਗੋਂ ਜਿਹਦੇ ਅੰਦਰ ਪੰਜਾਬੀਅਤ ਦਾ ਦੀਵਾ ਜਗਦਾ ਹੈ, ਜਿਹਦੇ ਅੰਦਰ ਸੱਭਿਆਚਾਰ ਦੀਆਂ ਪੂਣੀਆਂ ਕੱਤੀਆਂ ਜਾ ਰਹੀਆਂ ਹਨ, ਜਿਹਨੂੰ ਪੰਜਾਬੀ ਬੋਲੀ ‘ਤੇ ਮਾਣ ਹੈ, ਉਹ ਇਹ ਵੀ ਮਾਣ ਨਾਲ ਕਹੇਗਾ ਕਿ ਗੁਰਦਾਸ ਮਾਨ ਸਾਡਾ ਹੈ। ਪੰਜਾਬੀ ਗਾਇਕੀ ‘ਤੇ ਬੜੇ ਝੱਖੜ ਝੁੱਲੇ, ਬੜੇ ਦੌਰ ਆਏ ਕਦੇ ਪੌਪ ਦਾ ਤੂਫਾਨ ਉਠਿਆ, ਕਦੇ ਦੋਗਾਣੇ ਗੀਤਾਂ ਦੀ ਨ੍ਹੇਰੀ ਆਈ, ਕਦੇ ਰੈਪ ਨੇ ਦੁਹਾਈਆਂ ਪਾਈਆਂ ਪਰ ਪੰਜਾਬੀ ਗਾਇਕੀ ਵਿਚ ਗੁਰਦਾਸ ਦੀ ਉਹ ਸਥਿਤੀ ਹੈ ਕਿ ਮੌਸਮ ਕੋਈ ਵੀ ਹੋਵੇ ਕਿ ਗੁਰਦਾਸ ਇਕ ਉਹ ਬੋਹੜ ਹੈ, ਜਿਸ ’ਤੇ ਕਿਸੇ ਵੀ ਨਾ ਮੌਸਮ ਦਾ ਕੋਈ ਅਸਰ ਹੋਇਆ ਹੈ, ਨਾ ਸਰੋਤਿਆਂ ਦੀ ਸੋਚ ‘ਤੇ ਤਬਦੀਲੀ ਦਾ। ਜੇ ਹਾਲੇ ਤੀਕਰ ਵਿਦੇਸ਼ਾਂ ‘ਚ ਪ੍ਰੋਮੋਟਰ ਭੱਜ ਕੇ ਗੁਰਦਾਸ ਦੇ ਸ਼ੋਅ ਖਰੀਦਣੇ ਚਾਹੁੰਦੇ ਹਨ, ਜੇ ਸਪਾਂਸਰ ਡਾਲਰਾਂ ਪੌਂਡਾਂ ਦਾ ਬੁੱਕ ਭਰ ਕੇ ਖੜ੍ਹੇ ਹਨ, ਜੇ ਸਰੋਤਿਆਂ ਦੀਆਂ ਕਤਾਰਾਂ ਲੱਗਦੀਆਂ ਹਨ, ਤਾਂ ਕਿਵੇਂ ਕਿਹਾ ਜਾ ਸਕਦਾ ਹੈ ਕਿ ਵਿਦੇਸ਼ਾਂ ‘ਚ ਪੰਜਾਬੀ ਸ਼ੋਅ ਦੇਖਣ ਤੋਂ ਸਰੋਤੇ ਕੰਨੀ ਖਿੱਚ ਰਹੇ ਹਨ?

ਇਸ ਗੱਲ ਨੂੰ ਉਹਦੇ ਸ਼ਰੀਕ ਵੀ ਮੰਨਦੇ ਹਨ ਕਿ ਸਟੇਜ ਪੇਸ਼ਕਾਰੀ ‘ਚ ਗੁਰਦਾਸ ਦਾ ਕੋਈ ਬਦਲ ਹੈ ਹੀ ਨਹੀਂ। ਉਹ ਬੜੇ ਢੰਗ ਨਾਲ ਜਵਾਬ ਦਿੰਦਾ ਰਿਹਾ ਹੈ ਕਿ ‘ਤੇਰੇ ਕੋਲ ਤਾਨਪੁਰਾ ਸਾਡੇ ਕੋਲ ਖੰਜਰੀ, ਕਿੰਨਾ ਚਿਰ ਕਰੂਗੀ ਕਲੋਲ ਤੇਰੀ ਕੰਜਰੀ, ਕਦੇ ਭੁੱਲੀਏ ਨਾ ਆਪਣੀ ਔਕਾਤ’ ਕੋਈ ਫੇਲ੍ਹ ਹੋ ਗਿਆ ਹੋਵੇ ਜਾਂ ਕੋਈ ਪਾਸ ਗੁਰਦਾਸ ਮਾਨ ਉਹ ਇਮਤਿਹਾਨ ਹੈ, ਜਿਹਦੇ ਲਈ ਪਰਚੇ ਸੈਟ ਕਰਨ ਵਾਲਿਆਂ ਨੂੰ ਵੀ ਬਹੁਤ ਕੁਝ ਸੋਚਣਾ ਪਵੇਗਾ। ਉਹਦੀ ਟੀਮ ‘ਚ ਬਠਿੰਡੇ ਵਾਲਾ ਭੋਲਾ ਵੀ ਵੇਖਿਆ ਜਾ ਸਕਦਾ ਹੈ, ਗੁਰਦਾਸ ਦੇ ਹੱਥ ‘ਚ ਡਫਲੀ ਵੀ ਵੇਖੀ ਜਾ ਸਕਦੀ ਹੈ ਤੇ ਗੀਤਾਂ ਨਾਲ ਕਲੋਲਾਂ ਕਰਨਾ ਸੱਚੀਂ ਮੁੱਚੀਂ ਗੁਰਦਾਸ ਨੂੰ ਹੀ ਆਉਂਦਾ ਹੈ।

ਇਹ ਗੱਲ ਸਦੀਵੀ ਸੱਚ ਹੈ ਕਿ ਗੁਰਦਾਸ ਦੇ ਕਲਾਤਮਿਕ ਕੈਰੀਅਰ ‘ਚ ਮਨਜੀਤ ਮਾਨ ਦਾ ਬਹੁਤ ਵੱਡਾ ਯੋਗਦਾਨ ਹੈ ਤੇ ਜੇ ਅੱਜ ਗੁਰਦਾਸ ਦਾ ਸੂਰਜ ਚਮਕ ਰਿਹਾ ਹੈ ਤਾਂ ਇਸ ਨੂੰ ਅਰਘ ਮਨਜੀਤ ਨੇ ਹੀ ਦਿੱਤਾ ਹੈ। ਨੁਕਸ ਕੱਢਣ ਵਾਲਿਆਂ ਦੀ ਆਦਤ ਨਹੀਂ ਬਦਲ ਸਕਦੀ ਪਰ ਪ੍ਰਸ਼ੰਸਾ ਕਰਨ ਵਾਲਿਆਂ ਦੇ ਨਾਲ ਤਾਂ ਖੜ੍ਹੇ ਹੋਣਾ ਚਾਹੀਦਾ ਹੈ। ਇਨ੍ਹਾਂ ਦਿਨ੍ਹਾਂ ‘ਚ ਗੁਰਦਾਸ ਅਮਰੀਕਾ ਦੇ ਦੌਰੇ ‘ਤੇ ਹੈ। ਪੰਜਾਬੀਆਂ ਨੂੰ ਉਹਦੇ ਆਉਣ ਦਾ ਓਨਾ ਚਾਅ ਹੈ, ਜਿੰਨਾ ਅੱਜਕੱਲ ਲੋਕਾਂ ਨੂੰ ਵਿਆਹ ਦਾ ਘੱਟ ਤੇ ਜਾਗੋ ਦਾ ਵੱਧ ਹੁੰਦਾ ਹੈ। ਦੁਆ ਹੀ ਕਰਾਂਗਾ ਕਿ ਗੁਰਦਾਸ ਮਾਨ ਦੇ ਰੂਪ ‘ਚ ਪੰਜਾਬੀਅਤ ਦੀ ਜਾਗੋ ਨਿਕਲਦੀ ਰਹੇ ਤੇ ਜਿਹੜਾ ਉਹਨੇ ਉਮਰ ਤੇ ਸਰੀਰ ਦਾ ਭੇਦ ਛੁਪਾ ਕੇ ਰੱਖਿਆ ਹੋਇਆ ਹੈ ਉਹ ਭੇਦ ਭੇਦ ਹੀ ਬਣਿਆ ਰਹੇ। ਕਦੇ ਵਕਤ ਆਏਗਾ ਜਦੋਂ ਅੰਗਰੇਜ਼ੀ ‘ਚ ‘ਜੀ’ ਫਾਰ ਗੁਰਦਾਸ ਜਾਂ ‘ਗ’ ਗੁਰਦਾਸ ਮਾਨ ਕਿਹਾ ਹੀ ਜਾਵੇਗਾ। ਉਹਦੇ ਅਮਰੀਕੀ ਸ਼ੋਆਂ ਲਈ ਸ਼ੁਭ ਕਾਮਨਾਵਾਂ ਤੇ ਦੁਆ ਕਰਦਾ ਹਾਂ।

# ਕਰਤਾਰਪੁਰ ਲਾਂਘਾ: ਚੋਣਾਂ ਮਗਰੋਂ ਗੱਲਬਾਤ ਦੀ ਆਸ

**ਇਸਲਾਮਾਬਾਦ:** ਪਾਕਿਸਤਾਨ ਨੇ ਆਸ ਜਤਾਈ ਹੈ ਕਿ ਕਰਤਾਰਪੁਰ ਲਾਂਘੇ ਬਾਰੇ ਕਰਾਰ ਨੂੰ ਅੰਤਿਮ ਰੂਪ ਦੇਣ ਲਈ ਗੱਲਬਾਤ ਹੁਣ ਭਾਰਤ ਵਿਚ ਨਵੀਂ ਸਰਕਾਰ ਦੀ ਕਾਇਮੀ ਮਗਰੋਂ ਹੀ ਸ਼ੁਰੂ ਹੋਵੇਗੀ। ਕਰਤਾਰਪੁਰ ਲਾਂਘਾ ਪਾਕਿਸਤਾਨ ਦੇ ਨਾਰੋਵਾਲ ਵਿਚਲੇ ਗੁਰਦੁਆਰਾ ਦਰਬਾਰ ਸਾਹਿਬ ਨੂੰ ਚੜ੍ਹਦੇ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਵਿਚ ਡੇਰਾ ਬਾਬਾ ਨਾਨਕ ਗੁਰਦੁਆਰੇ ਨਾਲ ਜੋੜੇਗਾ।

ਇਸ ਲਾਂਘੇ ਦੇ ਸ਼ੁਰੂ ਹੋਣ ਨਾਲ ਭਾਰਤ ਰਹਿੰਦੇ ਸਿੱਖਾਂ ਨੂੰ ਕਰਤਾਰਪੁਰ ਦੇ ਗੁਰਦੁਆਰੇ ਤਕ ਵੀਜ਼ਾ ਮੁਕਤ ਰਸਾਈ ਮਿਲ ਜਾਏਗੀ। ਦਿ ਐਕਸਪ੍ਰੈਸ ਟ੍ਰਿਬਿਊਨ ਨੇ ਅਧਿਕਾਰਤ ਸੂਤਰਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਪਾਕਿਸਤਾਨ ਇਹ ਆਸ ਲਾਈ ਬੈਠਾ ਹੈ ਕਿ ਕਰਤਾਰਪੁਰ ਲਾਂਘੇ ਨੂੰ ਲੈ ਕੇ ਬੰਦ ਪਈ ਗੱਲਬਾਤ ਭਾਰਤ ਵਿਚ ਨਵੀਂ ਸਰਕਾਰ ਦੇ ਹੋਂਦ ਵਿਚ ਆਉਣ ਮਗਰੋਂ ਮੁੜ ਸ਼ੁਰੂ ਹੋਵੇਗੀ। ਭਾਰਤ ਵਿਚ ਲੋਕ ਸਭਾ ਚੋਣਾਂ ਦੇ ਛੇ ਪੜਾਅ ਮੁਕੰਮਲ ਹੋ ਚੁੱਕੇ ਹਨ ਤੇ ਸੱਤਵੇਂ ਤੇ ਆਖਰੀ ਪੜਾਅ ਲਈ ਐਤਵਾਰ 19 ਮਈ ਨੂੰ ਵੋਟਾਂ ਪੈਣਗੀਆਂ ਜਦੋਂਕਿ ਨਤੀਜੇ 23 ਮਈ ਨੂੰ ਐਲਾਨੇ ਜਾਣੇ ਹਨ। ਇਕ ਸੀਨੀਅਰ ਪਾਕਿਸਤਾਨੀ ਅਧਿਕਾਰੀ ਨੇ ਕਿਹਾ ਉਨ੍ਹਾਂ ਵੱਲੋਂ ਇਸ ਮਾਮਲੇ ‘ਚ ਕੋਈ ਦੇਰੀ ਨਹੀਂ ਹੈ। ਅਧਿਕਾਰੀ ਨੇ ਆਪਣੀ ਪਛਾਣ ਨਾ ਦੱਸਣ ਦੀ ਸ਼ਰਤ ‘ਤੇ ਕਿਹਾ, ‘ਉਹ ਭਾਰਤ ਹੀ ਹੈ ਜੋ ਇਸ ਮੌਕੇ ਇਸ ਮੁੱਦੇ (ਕਰਤਾਰਪੁਰ ਲਾਂਘੇ) ‘ਤੇ ਸੰਵਾਦ ਦੀ ਇੱਛਾ ਨਹੀਂ ਰੱਖਦਾ।‘

ਉਂਜ ਅਧਿਕਾਰੀ ਨੇ ਕਿਹਾ ਕਿ ਪਾਕਿਸਤਾਨ ਨੂੰ ਭਰੋਸਾ ਹੈ ਕਿ ਭਾਰਤ ਚੋਣਾਂ ਪਿਛੋਂ ਮੁੜ ਗੱਲਬਾਤ ਸ਼ੁਰੂ ਕਰੇਗਾ। ਦੋਵਾਂ ਮੁਲਕਾਂ ਵੱਲੋਂ ਆਖਰੀ ਵਾਰ 16 ਅਪਰੈਲ ਨੂੰ ਸਿਫਰ ਪੁਆਇੰਟ (ਕਰਤਾਰਪੁਰ) ‘ਤੇ ਤਕਨੀਕੀ ਪੱਧਰ ਦੀ ਗੱਲਬਾਤ ਹੋਈ ਸੀ। ਭਾਰਤੀ ਟੀਮ ਨੇ ਵੀ ਅਪਰੈਲ ਵਿਚ ਮੋੜਵੀਂ ਫੇਰੀ ਪਾਉਣੀ ਸੀ, ਪਰ ਭਾਰਤ ਨੇ ਐਨ ਆਖਰੀ ਮੌਕੇ ਪਾਕਿਸਤਾਨ ਵੱਲੋਂ ਕਰਤਾਰਪੁਰ ਲਾਂਘੇ ਲਈ ਬਣਾਈ ਦਸ ਮੈਂਬਰੀ ਪਾਕਿਸਤਾਨ ਸਿੱਖ ਗੁਰਦੁਆਰਾ ਕਮੇਟੀ ’ਚ ਖਾਲਿਸਤਾਨ ਹਮਾਇਤੀ ਵੱਖਵਾਦੀਆਂ ਦੀ ਸ਼ਮੂਲੀਅਤ ‘ਤੇ ਉਜਰ ਜਤਾਉਂਦਿਆਂ, ਇਹ ਫੇਰੀ ਰੱਦ ਕਰ ਦਿੱਤੀ ਸੀ।

# ਭਾਰਤ ‘ਚ ਸ਼ਰਾਬ ਦੀ ਖਪਤ ਨੇ ਤੋੜੇ ਰਿਕਾਰਡ

**ਬਰਲਿਨ:** ਭਾਰਤ ਵਿਚ 2010 ਤੋਂ 2017 ਵਿਚਕਾਰ ਸ਼ਰਾਬ ਦੀ ਖਪਤ ‘ਚ ਸਾਲਾਨਾ 38 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਇਸ ਦੇ ਨਾਲ 1990 ਤੋਂ ਬਾਅਦ ਆਲਮੀ ਪੱਧਰ ‘ਤੇ ਸ਼ਰਾਬ ਦੀ ਵਰਤੋਂ ਦੀ ਕੁੱਲ ਮਾਤਰਾ ‘ਚ 70 ਫੀਸਦੀ ਦਾ ਵਾਧਾ ਹੋਇਆ ਹੈ। ਇਹ ਦਾਅਵਾ ਇਕ ਅਧਿਐਨ ‘ਚ ਕੀਤਾ ਗਿਆ ਹੈ। ‘ਦਿ ਲਾਂਸੇਟ‘ ਪੱਤਰਿਕਾ ਵਿਚ 1999 ਤੋਂ 2017 ਦਰਮਿਆਨ 189 ਮੁਲਕਾਂ ‘ਚ ਸ਼ਰਾਬ ਦੀ ਵਰਤੋਂ ਬਾਰੇ ਅਧਿਐਨ ਪ੍ਰਕਾਸ਼ਿਤ ਕੀਤਾ ਗਿਆ ਹੈ।

ਸਾਲ 2030 ਤੱਕ ਸ਼ਰਾਬ ਪੀਣ ਵਾਲਿਆਂ ਦੀ ਅੰਦਾਜ਼ਨ ਗਿਣਤੀ ਦੱਸਦੀ ਹੈ ਕਿ ਸ਼ਰਾਬ ਦੀ ਵਰਤੋਂ ਖਿਲਾਫ ਟੀਚਾ ਹਾਸਲ ਕਰਨ ਲਈ ਮੁਲਕ ਸਹੀ ਦਿਸ਼ਾ ਵੱਲ ਨਹੀਂ ਵਧ ਰਹੇ ਹਨ। ਜਰਮਨੀ ‘ਚ ਟੀਯੂ ਡ੍ਰੇਸਡੇਨ ਦੇ ਖੋਜਾਰਥੀਆਂ ਨੇ ਦੱਸਿਆ ਕਿ 2010 ਤੇ 2017 ਵਿਚਾਲੇ ਭਾਰਤ ‘ਚ ਸ਼ਰਾਬ ਦੀ ਖਪਤ 38% ਤੱਕ ਵਧੀ ਅਤੇ ਇਹ ਮਾਤਰਾ ਹਰ ਸਾਲ 4.3 ਤੋਂ 5.9 ਲਿਟਰ ਪ੍ਰਤੀ ਵਿਅਕਤੀ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸੇ ਵਕਫੇ ‘ਚ ਅਮਰੀਕਾ (9.3 ਤੋਂ 9.8 ਲਿਟਰ) ਅਤੇ ਚੀਨ ‘ਚ (7.1 ਤੋਂ 7.4 ਲਿਟਰ) ਸ਼ਰਾਬ ਦੀ ਖਪਤ ਵਿਚ ਮਾਮੂਲੀ ਵਾਧਾ ਦਰਜ ਕੀਤਾ ਗਿਆ। ਅਧਿਐਨ ਮੁਤਾਬਕ 1990 ਮਗਰੋਂ ਆਲਮੀ ਪੱਧਰ ‘ਤੇ ਸ਼ਰਾਬ ਦੀ ਵਰਤੋਂ ਦੀ ਕੁੱਲ ਮਾਤਰਾ ਵਿਚ 70 ਫੀਸਦੀ ਦਾ ਵਾਧਾ ਹੋਇਆ ਹੈ। ਸ਼ਰਾਬ ਦੀ ਵਧੀ ਖਪਤ ਤੇ ਆਬਾਦੀ ‘ਚ ਵਾਧੇ ਦੇ ਸਿੱਟੇ ਵਜੋਂ ਆਲਮੀ ਪੱਧਰ ‘ਤੇ ਹਰ ਸਾਲ ਸ਼ਰਾਬ ਦੀ ਕੁੱਲ ਮਾਤਰਾ ਵਿਚ ਇਹ ਵਾਧਾ ਦਰਜ ਹੋਇਆ ਹੈ।

# ਸਕੂਲ ਬੋਰਡ ਦੇ ਬਾਰ੍ਹਵੀਂ ਦੇ ਨਤੀਜਿਆਂ 'ਚ ਵੀ ਛਾ ਗਈਆਂ ਕੁੜੀਆਂ

**ਮੁਹਾਲੀ:** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰ੍ਹਵੀਂ ਸ਼੍ਰੇਣੀ ਦੀ ਸਾਲਾਨਾ ਪ੍ਰੀਖਿਆ ਦੇ ਐਲਾਨੇ ਨਤੀਜਿਆਂ ਵਿਚ ਲੜਕੀਆਂ ਨੇ ਬਾਜ਼ੀ ਮਾਰੀ ਹੈ। ਲੜਕੀਆਂ ਦੀ ਪਾਸ ਪ੍ਰਤੀਸ਼ਤਤਾ 90.86 ਜਦੋਂਕਿ ਲੜਕਿਆਂ ਦੀ ਪਾਸ ਪ੍ਰਤੀਸ਼ਤਤਾ 82.08 ਫੀਸਦੀ ਹੈ।

ਇਸ ਸਾਲ ਬਾਰ੍ਹਵੀਂ ਸ਼੍ਰੇਣੀ ਦੀ ਪ੍ਰੀਖਿਆ ਵਿਚ 2,69,228 ਵਿਦਿਆਰਥੀ ਅਪੀਅਰ ਹੋਏ ਸਨ, ਇਨ੍ਹਾਂ ਵਿਚੋਂ 2,32,639 ਵਿਦਿਆਰਥੀ ਪਾਸ ਹੋਏ ਹਨ। ਸੂਬੇ ਦੀ ਪਾਸ ਪ੍ਰਤੀਸ਼ਤਤਾ 86.41 ਫੀਸਦੀ ਬਣਦੀ ਹੈ।



ਸਿੱਖਿਆ ਬੋਰਡ ਵੱਲੋਂ ਜਾਰੀ ਮੈਰਿਟ ਸੂਚੀ ਅਨੁਸਾਰ ਅਕਾਦਮਿਕ ਸ਼੍ਰੇਣੀ ਵਿਚ ਪੰਜਾਬ ਭਰ ਵਿਚ ਮੋਹਰੀ ਰਹੇ ਤਿੰਨ ਵਿਦਿਆਰਥੀਆਂ ਨੇ 445 ਬਰਾਬਰ ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ ਹੈ। ਇਨ੍ਹਾਂ ਵਿਚ ਸ਼ਾਲੀਮਾਰ ਮਾਡਲ ਸੀਨੀਅਰ ਸੈਕੰਡਰੀ ਸਕੂਲ, ਲੁਧਿਆਣਾ ਦਾ ਸਰਵਜੋਤ ਸਿੰਘ ਬਾਂਸਲ (ਕਾਮਰਸ ਗਰੁੱਪ), ਜੀ.ਟੀ.ਬੀ. ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮਲੋਟ ਦੀ ਅਮਨ (ਹਿਊਮੈਨਿਟੀਜ਼ ਗਰੁੱਪ) ਅਤੇ ਕੇ.ਆਰ.ਐਮ.ਡੀ.ਏ.ਵੀ. ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਨਕੋਦਰ ਦੀ ਮੁਸਕਾਨ ਸੋਨੀ (ਸਾਇੰਸ ਗਰੁੱਪ) ਸ਼ਾਮਲ ਹਨ। ਆਰ.ਐਸ. ਮਾਡਲ ਸੀਨੀਅਰ ਸੈਕੰਡਰੀ ਸਕੂਲ ਲੁਧਿਆਣਾ ਦੀ ਲਵਲੀਨ ਵਰਮਾ (ਸਾਇੰਸ ਗਰੁੱਪ) ਨੇ 444 ਅੰਕ ਲੈ ਕੇ ਦੂਜਾ ਅਤੇ ਮਾਇਆ ਦੇਵੀ ਮੈਮੋਰੀਅਲ ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਕੇਰਾ ਖੇੜਾ, ਫਾਜ਼ਿਲਕਾ ਦੀ ਨਾਜ਼ੀਆ ਕੰਬੋਜ (ਹਿਊਮੈਨਿਟੀਜ਼ ਗਰੁੱਪ) ਅਤੇ ਆਰ.ਐਸ. ਮਾਡਲ ਸੀਨੀਅਰ ਸੈਕੰਡਰੀ ਸਕੂਲ ਲੁਧਿਆਣਾ ਦੀ ਮੁਸਕਾਨ (ਹਿਊਮੈਨਿਟੀਜ਼ ਗਰੁੱਪ) ਨੇ 443 ਬਰਾਬਰ ਅੰਕ ਲੈ ਕੇ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਲ ਕੀਤਾ ਹੈ।

ਖੇਡ ਕੋਟੇ 'ਚੋਂ ਨਾਨਕ ਦੇਵ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸਮਾਘ, ਸ੍ਰੀ ਮੁਕਤਸਰ ਸਾਹਿਬ ਦੀ ਨਵਦੀਪ ਕੌਰ (ਹਿਊਮੈਨਿਟੀਜ਼ ਗਰੁੱਪ) ਅਤੇ ਟੈਗੋਰ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਅਭੁਨ, ਫਾਜ਼ਿਲਕਾ ਦੀ ਖੁਸ਼ਦੀਪ ਕੌਰ (ਹਿਊਮੈਨਿਟੀਜ਼ ਗਰੁੱਪ) ਅਤੇ ਤੇਜਾ ਸਿੰਘ ਸੁਤੰਤਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ, ਸ਼ਿਮਲਾਪੁਰੀ, ਲੁਧਿਆਣਾ ਦੀ ਰਵਜੀਤ ਕੌਰ (ਕਾਮਰਸ ਗਰੁੱਪ) ਨੇ 100 ਫੀਸਦੀ ਅੰਕਾਂ ਨਾਲ ਸਾਂਝੇ ਤੌਰ 'ਤੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੂਡੀਆਂ, ਸੰਗਰੂਰ ਦੀ ਲਵਪ੍ਰੀਤ ਕੌਰ 448 (99.56 ਫੀਸਦੀ) ਅੰਕ ਲੈ ਕੇ ਦੂਜਾ, ਤੇਜਾ ਸਿੰਘ ਸੁਤੰਤਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ, ਸ਼ਿਮਲਾਪੁਰੀ, ਲੁਧਿਆਣਾ ਦੀ ਅਮਨਪ੍ਰੀਤ ਕੌਰ ਅਤੇ ਸੰਤ ਮੋਹਨ ਦਾਸ ਮੈਮੋਰੀਅਲ ਸਕੂਲ ਕੋਟ ਸੁਖੀਆ, ਫਰੀਦਕੋਟ ਦੀ ਹਰਮਨਪ੍ਰੀਤ ਕੌਰ ਨੇ 445 ਬਰਾਬਰ (98.89 ਫੀਸਦੀ) ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ ਹੈ।

ਬੋਰਡ ਮੁਖੀ ਨੇ ਦੱਸਿਆ ਕਿ ਓਪਨ ਸਕੀਮ ਤਹਿਤ 21690 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ, ਜਿਨ੍ਹਾਂ 'ਚੋਂ 12694 ਬੱਚੇ ਪਾਸ ਹੋਏ। ਇਨ੍ਹਾਂ ਦੀ ਪਾਸ ਪ੍ਰਤੀਸ਼ਤਤਾ 58.52 ਫੀਸਦੀ ਹੈ। ਉਨ੍ਹਾਂ ਦੱਸਿਆ ਕਿ 1,20,022 ਲੜਕੀਆਂ ਬਾਰ੍ਹਵੀਂ ਦੀ ਪ੍ਰੀਖਿਆ 'ਚ ਅਪੀਅਰ ਹੋਈਆਂ ਸਨ, ਜਿਨ੍ਹਾਂ ਵਿਚੋਂ 1,09,053 (90.86 ਫੀਸਦੀ) ਪਾਸ ਹੋਈਆਂ ਹਨ ਜਦੋਂਕਿ 1,49,206 ਲੜਕਿਆਂ 'ਚੋਂ 1,23,586 (82.83 ਫੀਸਦੀ) ਪਾਸ ਹੋਏ ਹਨ। ਸ਼ਹਿਰੀ ਖੇਤਰ ਵਿਚ 85.73 ਫੀਸਦੀ ਪਾਸ ਹਨ ਜਦੋਂਕਿ ਪੇਂਡੂ ਖੇਤਰ ਦੇ ਵਿਦਿਆਰਥੀਆਂ ਦੀ ਪਾਸ ਫੀਸਦੀ 86.94 ਹੈ। ਇਸੇ ਤਰ੍ਹਾਂ ਐਫੀਲੀਏਟਿਡ ਅਤੇ ਆਦਰਸ਼ ਸਕੂਲਾਂ ਦੇ 87,386 ਵਿਦਿਆਰਥੀਆਂ 'ਚੋਂ 85.35 ਫੀਸਦੀ ਪਾਸ ਹੋਏ ਹਨ। ਐਸੋਸੀਏਟਿਡ ਸਕੂਲਾਂ ਦੇ 15,963 ਵਿਦਿਆਰਥੀਆਂ ਨੇ ਪੇਪਰ ਦਿੱਤੇ ਸਨ, ਜਿਨ੍ਹਾਂ ਵਿਚੋਂ 83.69 ਫੀਸਦੀ ਪਾਸ ਹੋਏ। ਸਰਕਾਰੀ ਮੈਰੀਟੋਰੀਅਸ ਸਕੂਲਾਂ ਦੇ 2,615 ਵਿਦਿਆਰਥੀਆਂ 'ਚੋਂ 99.46 ਫੀਸਦੀ, ਸਰਕਾਰੀ ਸਕੂਲਾਂ ਦੇ 1,32,126 ਵਿਦਿਆਰਥੀਆਂ 'ਚੋਂ 1,16,460 (88.14 ਫੀਸਦੀ), ਏਡਿਡ ਸਕੂਲਾਂ ਦੇ 31,138 ਵਿਦਿਆਰਥੀਆਂ ਵਿਚੋਂ 25,639 (82.34 ਫੀਸਦੀ) ਪਾਸ ਹੋਏ ਹਨ।

## ਮੈਰਿਟ ਸੂਚੀ 'ਚ ਲੁਧਿਆਣਾ ਦਾ ਕਬਜ਼ਾ

**ਮੁਹਾਲੀ:** ਬਾਰ੍ਹਵੀਂ ਦੇ ਨਤੀਜਿਆਂ ਦੀ ਮੈਰਿਟ ਅਨੁਸਾਰ ਜ਼ਿਲ੍ਹਾ ਲੁਧਿਆਣਾ ਐਤਕੀਂ ਫਿਰ 108 ਪੁਜ਼ੀਸ਼ਨਾਂ ਹਾਸਲ ਕਰਕੇ ਪੰਜਾਬ ਭਰ 'ਚੋਂ ਮੋਹਰੀ ਰਿਹਾ। ਮੁੱਖ ਮੰਤਰੀ ਦਾ ਜ਼ਿਲ੍ਹਾ ਪਟਿਆਲਾ 19 ਪੁਜ਼ੀਸ਼ਨਾਂ ਲੈ ਕੇ 5ਵੇਂ ਤੇ ਸਿੱਖਿਆ ਮੰਤਰੀ ਓਪੀ ਸੋਨੀ ਦਾ ਜ਼ਿਲ੍ਹਾ ਅੰਮ੍ਰਿਤਸਰ 9ਵੇਂ ਸਥਾਨ 'ਤੇ ਰਿਹਾ। ਪਠਾਨਕੋਟ ਦਾ ਕੋਈ ਵੀ ਬੱਚਾ ਮੈਰਿਟ ਵਿਚ ਆਪਣਾ ਨਾਂ ਦਰਜ ਨਹੀਂ ਕਰਵਾ ਸਕਿਆ। ਸਿੱਖਿਆ ਬੋਰਡ ਵੱਲੋਂ ਜਾਰੀ ਮੈਰਿਟ ਸੂਚੀ ਮੁਤਾਬਕ ਜ਼ਿਲ੍ਹਾ ਵਾਈਜ਼ ਰੈਂਕਿੰਗ ਵਿਚ ਲੁਧਿਆਣਾ 108 ਪੁਜ਼ੀਸ਼ਨਾਂ ਲੈ ਕੇ ਪਹਿਲੇ ਸਥਾਨ 'ਤੇ ਰਿਹਾ ਹੈ ਜਦੋਂਕਿ ਜ਼ਿਲ੍ਹਾ ਹੁਸ਼ਿਆਰਪੁਰ ਤੇ ਸ੍ਰੀ ਮੁਕਤਸਰ ਸਾਹਿਬ ਨੇ 26-26 ਪੁਜ਼ੀਸ਼ਨਾਂ ਲੈ ਕੇ ਦੂਜਾ ਅਤੇ ਜ਼ਿਲ੍ਹਾ ਜਲੰਧਰ ਨੇ 25 ਪੁਜ਼ੀਸ਼ਨਾਂ ਨਾਲ ਤੀਜਾ ਸਥਾਨ ਹਾਸਲ ਕੀਤਾ। ਫਾਜ਼ਿਲਕਾ ਨੇ 22 ਪੁਜ਼ੀਸ਼ਨਾਂ ਨਾਲ ਚੌਥਾ, ਪਟਿਆਲਾ ਨੇ 19 ਪੁਜ਼ੀਸ਼ਨਾਂ ਨਾਲ 5ਵਾਂ, ਸੰਗਰੂਰ ਨੇ 13 ਪੁਜ਼ੀਸ਼ਨਾਂ ਨਾਲ ਛੇਵਾਂ ਸਥਾਨ, ਫਰੀਦਕੋਟ ਨੇ 12 ਪੁਜ਼ੀਸ਼ਨਾਂ ਨਾਲ 7ਵਾਂ, ਫਿਰੋਜ਼ਪੁਰ ਨੇ 9 ਪੁਜ਼ੀਸ਼ਨਾਂ ਨਾਲ ਅੱਠਵਾਂ ਸਥਾਨ, ਅੰਮ੍ਰਿਤਸਰ ਸਾਹਿਬ ਤੇ ਫਤਹਿਗੜ੍ਹ ਸਾਹਿਬ ਨੇ 8-8 ਪੁਜ਼ੀਸ਼ਨਾਂ ਨਾਲ 9ਵਾਂ ਸਥਾਨ ਹਾਸਲ ਕੀਤਾ।

## ਸਰਕਾਰੀ ਸਕੂਲਾਂ ਦੀ ਪਾਸ ਫੀਸਦੀ ਨਿੱਜੀ ਸਕੂਲਾਂ ਤੋਂ ਬਿਹਤਰ

**ਚੰਡੀਗੜ੍ਹ:** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਦਸਵੀਂ ਜਮਾਤ ਦੇ ਨਤੀਜੇ ਵਿਚੋਂ ਸਰਕਾਰੀ ਸਕੂਲ ਦੀ ਪਾਸ ਫੀਸਦੀ ਨਿੱਜੀ ਸਕੂਲਾਂ ਨਾਲੋਂ ਵਧੀਆ ਰਹਿਣ ਕਾਰਨ ਸਿੱਖਿਆ ਅਧਿਕਾਰੀ ਬਾਗੋ ਬਾਗ ਹਨ। ਸਕੂਲ ਸਿੱਖਿਆ ਪੰਜਾਬ ਦੇ ਸਕੱਤਰ ਸ੍ਰੀ ਕ੍ਰਿਸ਼ਨ ਕੁਮਾਰ ਨੇ ਪੰਜਾਬ ਦੇ ਸਮੂਹ ਅਧਿਆਪਕਾਂ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਦਸਵੀਂ ਦੇ ਨਤੀਜਿਆਂ ਵਿਚ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀ ਮਿਹਨਤ ਰੰਗ ਲਿਆਈ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਸਰਕਾਰੀ ਸਕੂਲਾਂ ਦੀ ਪਾਸ ਫੀਸਦੀ ਨਿੱਜੀ ਸਕੂਲਾਂ ਨਾਲੋਂ 8.70 ਪ੍ਰਤੀਸ਼ਤ ਜ਼ਿਆਦਾ 88.21 ਪ੍ਰਤੀਸ਼ਤ ਰਹੀ ਹੈ। ਸਰਕਾਰੀ ਸਕੂਲਾਂ ਦਾ ਨਤੀਜਾ ਪਿਛਲੇ ਸਾਲ ਨਾਲੋਂ 30.07 ਪ੍ਰਤੀਸ਼ਤ ਵਧਿਆ ਹੈ। ਲੜਕੀਆਂ ਦਾ ਨਤੀਜਾ ਪਿਛਲੇ ਸਾਲ ਨਾਲੋਂ 21.50 ਪ੍ਰਤੀਸ਼ਤ ਅਤੇ ਲੜਕਿਆਂ ਦਾ 28.99 ਪ੍ਰਤਿਸ਼ਤ ਵਧਿਆ ਹੈ।

# ਦੀਆ ਮਿਰਜ਼ਾ ਸੰਯੁਕਤ ਰਾਸ਼ਟਰ ਦੀ ਪ੍ਰਤੀਨਿਧ ਨਿਯੁਕਤ

**ਸੰਯੁਕਤ ਰਾਸ਼ਟਰ:** ਸਥਾਈ ਵਿਕਾਸ ਟੀਚਿਆਂ ਨੂੰ ਸਰ ਕਰਨ ਵਾਸਤੇ ਚੁੱਕੇ ਜਾਣ ਵਾਲੇ ਕਦਮਾਂ ਦੀ ਦ੍ਰਿੜ੍ਹਤਾ ਨਾਲ ਪੈਰਵੀ ਕਰਨ ਲਈ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਅੰਤੋਨੀਓ ਗੁਟੇਰੇਜ਼ ਵੱਲੋਂ 17 ਮਸ਼ਹੂਰ ਸ਼ਖ਼ਸੀਅਤਾਂ ਨੂੰ ਪ੍ਰਤੀਨਿਧੀ ਨਿਯੁਕਤ ਕੀਤਾ ਗਿਆ ਹੈ ਜਿਨ੍ਹਾਂ ਵਿਚ ਭਾਰਤੀ ਅਦਾਕਾਰਾ ਦੀਆ ਮਿਰਜ਼ਾ ਅਤੇ ਅਲੀਬਾਬਾ ਦੇ ਮੁਖੀ ਜੈਕ ਮਾ ਵੀ ਸ਼ਾਮਲ ਹਨ। ਸਥਾਈ ਵਿਕਾਸ ਟੀਚਿਆਂ ਦੇ ਨਵੇਂ ਪ੍ਰਤੀਨਿਧਾਂ ਵਿਚ 17 ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਹਨ ਜੋ ਸਥਾਈ ਵਿਕਾਸ ਟੀਚਿਆਂ ਦੀ ਪ੍ਰਾਪਤੀ ਲਈ ਜਾਗਰੂਕਤਾ ਫੈਲਾਉਣ ਦੇ ਨਾਲ ਇਸ ਸਬੰਧੀ ਚੁੱਕੇ ਜਾਣ ਵਾਲੇ ਕਦਮਾਂ ਨੂੰ ਦ੍ਰਿੜ੍ਹਤਾ ਨਾਲ ਅੱਗੇ ਤੋਰਨਗੀਆਂ।



# ਮੁੰਬਈ ਚੌਥੀ ਵਾਰ ਬਣੀ ਆਈ.ਪੀ.ਐਲ. ਚੈਂਪੀਅਨ

**ਹੈਦਰਾਬਾਦ:** ਇਥੋਂ ਦੇ ਰਾਜੀਵ ਗਾਂਧੀ ਇੰਟਰਨੈਸ਼ਨਲ ਸਟੇਡੀਅਮ ਵਿਚ ਆਈ.ਪੀ.ਐਲ. ਸੀਜ਼ਨ-12 ਦੇ ਫਾਈਨਲ ਮੈਚ 'ਚ ਮੁੰਬਈ ਇੰਡੀਅਨਜ਼ ਨੇ ਰੁਮਾਂਚਕ ਮੁਕਾਬਲੇ 'ਚ ਚੇਨਈ ਸੁਪਰਕਿੰਗਜ਼ ਨੂੰ ਇਕ ਦੌੜ ਨਾਲ ਹਰਾਇਆ। ਮੁੰਬਈ ਇੰਡੀਅਨਜ਼ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ। ਮੁੰਬਈ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 149 ਦੌੜਾਂ ਬਣਾਈਆਂ ਤੇ ਚੇਨਈ ਨੂੰ 148 'ਤੇ ਰੋਕ ਕੇ ਇਕ ਦੌੜ ਨਾਲ ਜਿੱਤ ਹਾਸਲ ਕੀਤੀ। ਮੁੰਬਈ ਨੇ ਚੌਥੀ ਵਾਰ ਆਈ.ਪੀ.ਐਲ. ਟਰਾਫੀ ਆਪਣੇ ਨਾਂ ਕੀਤੀ।

ਜ਼ਿਕਰਯੋਗ ਹੈ ਕਿ ਮੁੰਬਈ ਇੰਡੀਅਨਜ਼ ਤੇ ਚੇਨਈ ਸੁਪਰਕਿੰਗਜ਼ ਦੋਵੇਂ ਹੀ ਆਈ.ਪੀ.ਐਲ. ਦਾ ਖਿਤਾਬ ਤਿੰਨ-ਤਿੰਨ ਵਾਰ ਜਿੱਤ ਚੁੱਕੀਆਂ ਸਨ ਤੇ ਇਹ ਮੈਚ ਜਿੱਤ ਕੇ ਮੁੰਬਈ ਨੇ ਬੜ੍ਹਤ ਬਣਾਉਂਦਿਆਂ ਅੰਕ 4-3 ਕਰ ਲਿਆ ਹੈ। ਮੁੰਬਈ ਤੇ ਚੇਨਈ ਦੇ ਮੁਕਾਬਲੇ ਨੂੰ ਆਈ.ਪੀ.ਐਲ. ਦਾ ਅਲ-ਕਲਾਸਿਕੋ ਮੁਕਾਬਲਾ ਵੀ ਕਿਹਾ ਜਾਂਦਾ ਹੈ। ਮੁੰਬਈ ਤੇ ਚੇਨਈ ਵਿਚਾਲੇ ਇਸ ਸੀਜ਼ਨ ਦਾ ਪਹਿਲਾ ਮੈਚ ਤਿੰਨ ਅਪਰੈਲ ਨੂੰ ਮੁੰਬਈ 'ਚ ਖੇਡਿਆ ਗਿਆ। ਇਸ ਨੂੰ ਮੁੰਬਈ ਨੇ 37 ਦੌੜਾਂ ਨਾਲ ਜਿੱਤਿਆ ਸੀ। ਇਹ ਦੋਵੇਂ ਟੀਮਾਂ ਇਸ ਦੇ ਬਾਅਦ 26 ਅਪਰੈਲ ਨੂੰ ਭਿੜੀਆਂ, ਜਿਸ ਨੂੰ ਮੁੰਬਈ ਨੇ 46 ਦੌੜਾਂ ਨਾਲ ਜਿੱਤਿਆ। ਇਸ ਦੇ ਬਾਅਦ ਦੋਵੇਂ ਟੀਮਾਂ 7 ਮਈ ਨੂੰ ਆਹਮਣੇ-ਸਾਹਮਣੇ ਆਈਆਂ। ਇਸ ਨੂੰ ਮੁੰਬਈ ਨੇ ਛੇ ਵਿਕਟਾਂ ਨਾਲ ਜਿੱਤਿਆ।

ਫਾਈਨਲ ਮੁਕਾਬਲੇ 'ਚ ਮੁੰਬਈ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਚੇਨਈ ਨੂੰ 150 ਦੌੜਾਂ ਦਾ ਟੀਚਾ ਦਿੱਤਾ। ਮੁੰਬਈ ਵੱਲੋਂ ਕਿਰਨ ਪੋਲਾਰਡ ਨੇ ਸਭ ਤੋਂ ਵੱਧ 25 ਗੇਂਦਾਂ 'ਚ 3 ਛੱਕਿਆਂ ਤੇ 3 ਚੌਕਿਆਂ ਦੀ ਮਦਦ ਨਾਲ ਨਾਬਾਦ 41 ਦੌੜਾਂ ਬਣਾਈਆਂ। ਮੁੰਬਈ ਦੇ ਸਲਾਮੀ ਬੱਲੇਬਾਜ਼ਾਂ ਨੇ ਤੇਜ਼ ਸ਼ੁਰੂਆਤ ਕੀਤੀ। ਸਲਾਮੀ ਬੱਲੇਬਾਜ਼ ਕੁਇੰਟਨ ਡੀ ਕਾਕ ਨੇ 17 ਗੇਂਦਾਂ 'ਚ 4 ਛੱਕੇ ਮਾਰੇ ਤੇ 29 ਦੌੜਾਂ ਬਣਾ ਕੇ ਠਾਕੁਰ ਦੇ ਗੇਂਦ 'ਤੇ ਧੋਨੀ ਨੂੰ ਕੈਚ ਦੇ ਬੈਠੇ। ਕਪਤਾਨ ਰੋਹਿਤ ਸ਼ਰਮਾ ਨੇ 15 ਦੌੜਾਂ ਬਣਾਈਆਂ ਤੇ ਚਾਹਰ ਦੀ ਗੇਂਦ 'ਤੇ ਧੋਨੀ ਨੂੰ ਕੈਚ ਦੇ ਬੈਠੇ। ਉਪਰੰਤ ਆਏ ਸੂਰਿਆਕੁਮਾਰ ਯਾਦਵ 15 ਦੌੜਾਂ, ਇਸ਼ਾਨ ਕਿਸ਼ਨ 23 ਦੌੜਾਂ ਤੇ ਕਰੁਣਾਲ ਪਾਂਡਿਆ 7 ਦੌੜਾਂ ਬਣਾ ਕੇ ਆਊਟ ਹੋ ਗਏ। ਹਾਰਦਿਕ ਪਾਂਡਿਆ ਵੀ ਕੁਝ ਖਾਸ ਨਾ ਕਰ ਪਾਏ।



ਮੈਚ ਦੌਰਾਨ ਸ਼ੁਰੂ 'ਚ ਹੀ ਉਹ ਕੈਚ ਦੇ ਬੈਠੇ ਪਰ ਕੈਚ ਨਾ ਹੋ ਸਕਣ ਕਾਰਨ ਉਹ ਬਚ ਗਏ ਤੇ 10 ਗੇਂਦਾਂ 'ਤੇ 16 ਦੌੜਾਂ ਬਣਾ ਕੇ ਆਊਟ ਹੋ ਗਏ। ਮੁੜ ਆਏ ਰਾਹੁਲ ਚਾਹਰ ਤੇ ਮਿਸ਼ੇਲ ਬਿਨਾਂ ਖਾਤਾ ਖੋਲ੍ਹਿਆ ਹੀ ਪੈਵੇਲੀਅਨ ਪਰਤ ਗਏ। ਮੁੰਬਈ ਨੇ 20 ਓਵਰਾਂ 'ਚ 8 ਵਿਕਟਾਂ ਦੇ ਨੁਕਸਾਨ 'ਤੇ 149 ਦੌੜਾਂ ਬਣਾਈਆਂ। ਚੇਨਈ ਦੇ ਗੇਂਦਬਾਜ਼ ਦੀਪਕ ਚਾਹਰ ਨੇ ਤਿੰਨ, ਸ਼ਰਦੂਲ ਠਾਕੁਰ ਤੇ ਇਮਰਾਨ ਤਾਹਿਰ ਨੇ ਦੋ-ਦੋ ਵਿਕਟਾਂ ਝਟਕਾਈਆਂ।

150 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉਤਰੀ ਚੇਨਈ ਨੇ ਚੰਗੀ ਸ਼ੁਰੂਆਤ ਕੀਤੀ। ਚੇਨਈ ਦੇ ਸਲਾਮੀ ਬੱਲੇਬਾਜ਼ ਫਾਫ ਡੂ ਪਲੇਸਿਸ 26 ਦੌੜਾਂ ਤੇ ਸ਼ੇਨ ਵਾਟਸਨ 59 ਗੇਂਦਾਂ 'ਚ 8 ਚੌਕਿਆਂ ਤੇ 4 ਛੱਕਿਆਂ ਦੀ ਮਦਦ ਨਾਲ 80 ਦੌੜਾਂ ਬਣਾ ਕੇ ਆਊਟ ਹੋ ਗਏ। ਉਪਰੰਤ ਆਏ ਸੁਰੇਸ਼ ਰੈਣਾ 8 ਦੌੜਾਂ, ਅੰਬਾਤੀ ਰਾਇਡੂ 1 ਦੌੜ, ਕਪਤਾਨ ਮਹਿੰਦਰ ਸਿੰਘ ਧੋਨੀ 2 ਦੌੜਾਂ, ਬਰਾਵੋ 15 ਦੌੜਾਂ ਬਣਾ ਕੇ ਆਊਟ ਹੋ ਗਏ। ਅਖੀਰਲਾ ਓਵਰ ਮਲਿੰਗਾ ਨੇ ਕਰਵਾਇਆ ਤੇ ਉਸ ਦੇ ਓਵਰ ਦੀ ਆਖਰੀ ਗੇਂਦ 'ਤੇ ਚੇਨਈ ਨੂੰ 2 ਦੌੜਾਂ ਚਾਹੀਦੀਆਂ ਸਨ ਤੇ ਮਲਿੰਗਾ ਨੇ ਯੋਰਕਰ ਗੇਂਦ ਸੁੱਟ ਕੇ ਸ਼ਰਦੂਲ ਠਾਕੁਰ ਨੂੰ ਆਊਟ ਕਰ ਮੈਚ ਮੁੰਬਈ ਝੋਲੀ ਪਾਇਆ।

# ਪਟਿਆਲਾ ਦੇ ਮੁਲਤਾਨੀ ਮੱਲ ਮੋਦੀ ਕਾਲਜ ਨੇ ਟਰਾਫੀਆਂ ਜਿੱਤੀਆਂ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਸਾਲਾਨਾ ਖੇਡ ਇਨਾਮ ਵੰਡ ਸਮਾਗਮ ਇਥੇ ਸੰਨੀ ਓਬਰਾਏ ਆਰਟਸ ਆਡੀਟੋਰੀਅਮ ਵਿਚ ਹੋਇਆ ਜਿਸ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਬੀ.ਐਸ. ਘੁੰਮਣ ਨੇ ਕੀਤੀ। ਸਮਾਗਮ ਵਿਚ ਪਟਿਆਲਾ ਦੇ ਮੁਲਤਾਨੀ ਮੱਲ ਮੋਦੀ ਕਾਲਜ ਨੂੰ ਲੜਕੀਆਂ ਅਤੇ ਲੜਕਿਆਂ ਦੇ ਵਰਗ ਦੀਆਂ ਚੈਂਪੀਅਨਸ਼ਿਪ ਟਰਾਫੀਆਂ ਦਿੱਤੀਆਂ ਗਈਆਂ।

ਇਸ ਮੌਕੇ 'ਸਾਲ ਦਾ ਸਰਵੋਤਮ ਖਿਡਾਰੀ' ਇਨਾਮ ਮਸਤੂਆਣਾ ਸਾਹਿਬ ਦੇ ਅਕਾਲ ਕਾਲਜ ਆਫ ਫਿਜੀਕਲ ਐਜੂਕੇਸ਼ਨ ਦੀ ਵੀਰਪਾਲ ਕੌਰ ਨੂੰ ਦਿੱਤਾ ਗਿਆ। ਇੰਸਟਰੱਕਟਰ ਇੰਦਰਜੀਤ ਸਿੰਘ ਨੂੰ ਸਾਲਾਨਾ ਕੋਚ ਐਵਾਰਡ ਸੌਂਪਿਆ ਗਿਆ। ਸਾਲ 2016-17 ਲਈ ਮਾਕਾ ਟਰਾਫੀ 'ਚ ਯੋਗਦਾਨ ਪਾਉਣ ਵਾਲੇ ਤਿੰਨ ਕਾਲਜਾਂ ਨੂੰ ਕ੍ਰਮਵਾਰ ਇਕ ਲੱਖ ਰੁਪਏ, 51 ਹਜ਼ਾਰ ਰੁਪਏ ਅਤੇ 31 ਹਜ਼ਾਰ ਰੁਪਏ ਦਿੱਤੇ ਗਏ। ਇਨ੍ਹਾਂ ਕਾਲਜਾਂ ਦੇ ਨਾਂ ਕ੍ਰਮਵਾਰ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ, ਨੈਸ਼ਨਲ ਕਾਲਜ ਆਫ ਐਜੂਕੇਸ਼ਨ ਛਪਕੀ ਤੇ ਅਕਾਲ ਕਾਲਜ ਆਫ ਫਿਜੀਕਲ ਐਜੂਕੇਸ਼ਨ ਮਸਤੂਆਣਾ ਸਾਹਿਬ ਸ਼ਾਮਿਲ ਹੋਏ। ਇਸ ਤੋਂ ਬਿਨਾ ਇਨ੍ਹਾਂ ਕਾਲਜਾਂ ਦੇ ਫਿਜੀਕਲ ਐਜੂਕੇਸ਼ਨ ਦੇ ਲੈਕਚਰਾਰਾਂ ਪ੍ਰੋਫੈਸਰ ਨਿਸ਼ਾਨ ਸਿੰਘ (ਮੋਦੀ ਕਾਲਜ), ਪ੍ਰੋ. ਸੰਦੀਪ ਸਿੰਘ (ਛਪਕੀ ਕਾਲਜ) ਅਤੇ ਸੋਹਣਦੀਪ ਸਿੰਘ (ਮਸਤੂਆਣਾ ਸਾਹਿਬ ਕਾਲਜ) ਨੂੰ ਕ੍ਰਮਵਾਰ 21 ਹਜ਼ਾਰ, 11 ਹਜ਼ਾਰ ਰੁਪਏ ਤੇ 5100 ਰੁਪਏ ਇਨਾਮ ਵਜੋਂ ਦਿੱਤੇ ਗਏ।




ਇਸ ਸਮਾਗਮ ਵਿਚ ਕੁਲ 550 ਖਿਡਾਰੀਆਂ, 151 ਕੋਚਾਂ ਅਤੇ ਹੋਰ ਖੇਡ ਅਧਿਕਾਰੀਆਂ ਦਾ ਸਨਮਾਨ ਕੀਤਾ ਗਿਆ ਅਤੇ ਇਨ੍ਹਾਂ ਨੂੰ ਕੁਲ 1.94 ਕਰੋੜ ਰੁਪਏ ਦੇ ਨਕਦ ਇਨਾਮ ਵੰਡੇ ਗਏ। ਇਸ ਦੇ ਨਾਲ ਹੀ 28 ਜਣਿਆਂ ਨੂੰ ਯੂਨਿਵਰਸਿਟੀ ਪੱਧਰ 'ਤੇ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਵਿਸ਼ੇਸ਼ ਇਨਾਮ ਦਿੱਤੇ ਗਏ। ਚੋਟੀ ਦੇ 10 ਕਾਲਜਾਂ - ਮੋਦੀ ਕਾਲਜ ਪਟਿਆਲਾ, ਨੈਸ਼ਨਲ ਕਾਲਜ ਆਫ ਫਿਜੀਕਲ ਐਜੂਕੇਸ਼ਨ ਛਪਕੀ, ਅਕਾਲ ਕਾਲਜ ਆਫ ਐਜੂਕੇਸ਼ਨ ਮਸਤੂਆਣਾ ਸਾਹਿਬ, ਗੌਰਮਿੰਟ ਕਾਲਜ ਆਫ ਫਿਜੀਕਲ ਐਜੂਕੇਸ਼ਨ ਪਟਿਆਲਾ, ਪੰਜਾਬੀ ਯੂਨਿਵਰਸਿਟੀ ਕੈਂਪਸ, ਗੌਰਮਿੰਟ ਮਹਿੰਦਰਾ ਕਾਲਜ ਪਟਿਆਲਾ, ਗੁਰੂ ਨਾਨਕ ਕਾਲਜ ਬੁਢਲਾਡਾ, ਗੌਰਮਿੰਟ ਰਾਜਿੰਦਰਾ ਕਾਲਜ ਬਠਿੰਡਾ, ਪਬਲਿਕ ਕਾਲਜ ਸਮਾਣਾ ਅਤੇ ਖਾਲਸਾ ਕਾਲਜ ਪਟਿਆਲਾ ਨੂੰ ਕ੍ਰਮਵਾਰ ਇਕ ਲੱਖ ਰੁਪਏ, 75 ਹਜ਼ਾਰ, 65 ਹਜ਼ਾਰ, 55 ਹਜ਼ਾਰ, 45 ਹਜ਼ਾਰ, 40 ਹਜ਼ਾਰ, 35 ਹਜ਼ਾਰ, 30 ਹਜ਼ਾਰ, 25 ਹਜ਼ਾਰ ਅਤੇ 20 ਹਜ਼ਾਰ ਰੁਪਏ ਦਿੱਤੇ ਗਏ।

ਸਮਾਗਮ ਵਿਚ 'ਗੈਸਟ ਆਫ ਆਨਰ' ਵਾਈਸ ਚਾਂਸਲਰ ਦੀ ਪਤਨੀ ਡਾ. ਡੀ.ਕੇ. ਘੁੰਮਣ ਸਨ। ਸਪੋਰਟਸ ਵਿਭਾਗ ਦੀ ਡਾਇਰੈਕਟਰ ਡਾ. ਗੁਰਦੀਪ ਕੌਰ ਰੰਧਾਵਾ ਨੇ ਸਾਲਾਨਾ ਖੇਡ ਰਿਪੋਰਟ ਪੜ੍ਹੀ। ਉਨ੍ਹਾਂ ਯੂਨਿਵਰਸਟੀ ਦੇ ਖਿਡਾਰੀਆਂ ਅਤੇ ਕੋਚ ਵੱਲੋਂ ਸਾਲਾਨਾ 2016-17 ਲਈ ਜਿੱਤੀ ਵੱਕਾਰੀ ਸਾਲਾਨਾ ਟਰਾਫੀ ਲਈ ਉਨ੍ਹਾਂ ਨੂੰ ਵਧਾਈ ਦਿੱਤੀ। ਵਾਈਸ ਚਾਂਸਲਰ ਡਾ. ਘੁੰਮਣ ਨੇ ਵੀ ਖਿਡਾਰੀਆਂ ਅਤੇ ਕੋਚਾਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਥਾਪੜਾ ਦਿੱਤਾ।

# ਉਡੀਕ ਦੀ ਆਰਸੀ

**ਚਿਰਾਗ-ਡਾਰ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਪਰਦੇਸਾਂ ਵਿਚ ਆ ਕੇ ਵੱਸੇ ਪੰਜਾਬੀਆਂ, ਖਾਸ ਕਰ ਨਵੀਂ ਪੀੜ੍ਹੀ ਨੂੰ ਦਰਪੇਸ਼ ਸਮੱਸਿਆਵਾਂ, ਉਨ੍ਹਾਂ ਦੇ ਭੈੜੀ ਸੰਗਤ ਵਿਚ ਪੈਣ ਤੇ ਨਸ਼ਿਆਂ ਦਾ ਸ਼ਿਕਾਰ ਹੋਣ ਦਾ ਜ਼ਿਕਰ ਕਰਦਿਆਂ ਕੁਝ ਬਹੁਮੁੱਲੇ ਸੁਝਾਅ ਦਿੱਤੇ ਸਨ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਆਸ ਦਾ ਵਿਖਿਆਨ ਕੀਤਾ ਹੈ ਕਿ ਆਸ ਬਿਨਾ ਜ਼ਿੰਦਗੀ ਨਿਭ ਨਹੀਂ ਸਕਦੀ। ਕਿਆਸ ਕਰੋ, ਬ੍ਰਿਹਣ ਨੂੰ ਮਾਹੀ ਦੀ ਉਡੀਕ ਦੀ! ਇਹ ਵੱਖਰੀ ਗੱਲ ਹੈ ਕਿ ਅੱਜ ਕੱਲ ਲੋਕਾਂ ਨੂੰ ਧੀਰਜ ਨਾਲ ਉਡੀਕਣਾ ਗਵਾਰਾ ਨਹੀਂ। ਉਹ ਤੱਤਫੱਟ ਨਤੀਜਿਆਂ ਦੀ ਆਸ ਅਤੇ ਅਮੀਰ ਬਣਨ ਦੀ ਲਾਲਸਾ ਕਾਰਨ ਉਡੀਕਹੀਣ ਹੋ ਜਾਂਦੇ, ਜੋ ਅਜਿਹੇ ਲੋਕਾਂ ਲਈ ਅਰਥਹੀਣਤਾ ਬਣ ਜਾਂਦੇ। ਡਾ. ਭੰਡਾਲ ਦਸਦੇ ਹਨ ਕਿ ਕਦੇ ਇਕ ਪਲ ਦੀ ਉਡੀਕ ਉਮਰਾਂ ਜੇਡ ਹੁੰਦੀ, ਪਰ ਕਦੇ ਕਦਾਈਂ ਉਮਰਾਂ ਲੰਮੀਂ ਉਡੀਕ ਪਲ ਵਿਚ ਹੀ ਬੀਤ ਜਾਂਦੀ। ਉਨ੍ਹਾਂ ਦੀ ਨਸੀਹਤ ਹੈ, "ਕਿਸੇ ਕ੍ਰਿਸ਼ਮੇ ਦੀ ਆਸ ਵਿਚ ਜੀਵਨ ਨੂੰ ਵਿਅਰਥ ਨਾ ਗਵਾਓ।" -ਸੰਪਾਦਕ*

ਉਡੀਕ ਇਕ ਵਿਸਮਾਦ, ਅਕਹਿ ਅਨੰਦ, ਇਲਾਹੀ ਅਹਿਸਾਸ, ਮਿਲਣ ਦੀ ਆਸ ਅਤੇ ਕੁਝ ਪਾਉਣ ਦਾ ਧਰਵਾਸ।

ਉਡੀਕ, ਉਮੀਦ ਦੀ ਜਗਦੀ ਲੋਅ, ਉਡਾਣ ਨੂੰ ਅਵਾਰਗੀ ਦੀ ਕਾਹਲ, ਉਤਸੁਕਤਾ ਵਿਚ ਪਨਪੀ ਆਸਵੰਦ ਲੋਰ ਅਤੇ ਆਪਣੇ ਤੋਂ ਆਪ ਤੀਕ ਦੀ ਮਟਕਵੀਂ ਤੋਰ।

ਉਡੀਕ, ਅਰਥਾਂ ਦੀ ਝੋਲੀ ਵਿਚ ਦਗਦੇ ਸੂਰਜਾਂ ਦੀ ਖੈਰ, ਅੰਬਰਾਂ ਦੇ ਛੱਜ ਵਿਚ ਤਾਰਿਆਂ ਦੀ ਲੋਰ, ਵਰਕਿਆਂ 'ਤੇ ਉਗ ਰਹੀ ਤਹਿਰੀਕ ਦਾ ਸ਼ੋਰ ਅਤੇ ਇਸ ਸ਼ੋਰ ਵਿਚ ਚੁੱਪ ਹੋਠਾਂ 'ਤੇ ਧੜਕਦੀ ਅਮੂਰਤ ਅਤੇ ਅਮੁੱਲੀ ਘਣਘੋਰ।

ਉਡੀਕ, ਵਕਤ ਨੂੰ ਠਹਿਰ ਜਾਣ ਦਾ ਸੁਝਾਅ, ਦਰਿਆ ਦੀ ਰਵਾਨਗੀ 'ਚ ਪੰਧ ਮੁਕਾਉਣ ਦਾ ਸੂਦਾ ਅਤੇ ਹਵਾਵਾਂ ਦੇ ਪਿੰਡੇ 'ਤੇ ਤੈਰਦੀ ਮੂਕ ਵੇਦਨਾ ਦੀ ਘਾਟ।

ਉਡੀਕ, ਕਿਸੇ ਦੇ ਨੈਣਾਂ ਵਿਚ ਦੇਖਣ ਦੀ ਚਾਹਤ, ਗਲੇ ਲਾਉਣ ਦੀ ਤਮੰਨਾ, ਚੁੱਪ ਗੁਫਤਗੂ ਦੀ ਤਾਂਘ ਜਾਂ ਦਿਲਲਗੀ ਕਰਨ ਦੀ ਤੜਪ।

ਉਡੀਕ, ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੀ ਚਾਹਨਾ, ਸੁਪਨਿਆਂ ਦੀ ਪੂਰਤੀ ਨੂੰ ਕਿਆਸ, ਸੁਪਨਿਆਂ 'ਚ ਸੰਧੂਰੀ ਰੰਗ ਭਰਦਿਆਂ, ਜੀਵਨ ਨੂੰ ਰਾਂਗਲੀ ਦਿੱਖ ਪ੍ਰਦਾਨ ਕਰਨਾ।

ਉਡੀਕ, ਸਮਿਆਂ ਦੀ ਤੰਦੀ 'ਤੇ ਆਸ ਦੀਆਂ ਤੰਦਾਂ, ਵਿਸ਼ਵਾਸ ਹੀਣਤਾ 'ਚੋਂ ਵਿਸ਼ਵਾਸ ਪੂਰਤੀ ਨੂੰ ਆਪਣੇ ਨਾ ਕਰਨ ਦੀ ਲੋਚਾ ਅਤੇ ਕਦਮਹੀਣਾਂ ਨੂੰ ਨਵੀਆਂ ਮੰਜ਼ਿਲਾਂ ਸਰ ਕਰਨ ਲਈ ਉਤਸ਼ਾਹਿਤ ਕਰਨਾ।

ਉਡੀਕ, ਪੈਰ ਦੇ ਨਿਸ਼ਾਨਾਂ ਨੂੰ ਪੈੜ, ਪੈੜ ਨੂੰ ਮਾਰਗ ਅਤੇ ਮਾਰਗ ਨੂੰ ਮੰਜ਼ਿਲਾਂ ਵੰਨੀਂ ਜਾਂਦੀ ਰਾਹ-ਰਵਾਨਗੀ ਦਾ ਨਾਂ ਦੇਣ ਦੀ ਸਾਰਥਕਤਾ।

ਉਡੀਕ, ਕਲਮ ਨੂੰ ਹਰਫ ਦੀ, ਹਰਫਾਂ ਨੂੰ ਵਾਕ-ਬਣਤਰ ਦੀ, ਵਾਕਾਂ ਵਿਚੋਂ ਉਦੈ ਹੁੰਦੀ ਅਰਥ-ਲੋਅ ਨਾਲ ਜਿੰਦ-ਬੀਹੀ ਨੂੰ ਰੁਸ਼ਨਾਉਣ ਦੀ ਸਿਦਕ ਸਾਧਨਾ।

ਉਡੀਕ, ਬਰੇਤਿਆਂ ਨੂੰ ਪਾਣੀਆਂ ਦੀ ਤਾਂ ਕਿ ਪਾਣੀਆਂ ਦੀ ਹਿੱਕ ਵਿਚ ਉਗ ਆਏ ਬਰੇਤੇ ਫਿਰ ਦਰਿਆ ਬਣ ਕੇ ਜੀਵਨ-ਕੰਢੇ 'ਤੇ ਮੌਲਦੀਆਂ ਬਰਕਤਾਂ ਦੀ ਧਰਾਤਲ ਸਿਰਜਣਾ।

ਉਡੀਕ, ਜੋਤ-ਹੀਣ ਲਈ ਚੰਨ-ਚਿਰਾਗ, ਵਿਯੋਗੇ ਲਈ ਮਿਲਣ ਦੀ ਆਸ ਅਤੇ ਰਿਸਦੇ ਜਖਮ ਲਈ ਮਲ੍ਹਮ ਅਤੇ ਕੋਸੀ-ਕੋਸੀ ਟਕੋਰ ਕਰਨ ਦਾ ਉਦਮ।

ਉਡੀਕ, ਬੋਰੀ ਦੇ ਬਸਤਿਆਂ ਨੂੰ ਕਿਤਾਬਾਂ ਦੀ, ਕੱਚ ਦੀ ਦਵਾਤ ਨੂੰ ਗੂੜ੍ਹੀ ਸਿਆਹੀ ਦੀ, ਕਾਨੇ ਨੂੰ ਕਲਮ ਬਣਨ ਦੀ ਅਤੇ ਸਿਆਹੀ 'ਚ ਭਿੱਜੀ ਕਲਮ ਨੂੰ ਕੋਰੀ ਫੱਟੀ 'ਤੇ ਉਕਰੇ ਪੂਰਨਿਆਂ ਵਿਚ ਆਪਾ ਉਲਥਾਉਣ ਦੀ।

ਉਡੀਕ, ਪੱਤਹੀਣ ਬਿਰਖ ਨੂੰ ਹਰੇ ਲਿਬਾਸ ਦੀ, ਕੂਲੀਆਂ ਕਰੂੰਬਲਾਂ ਦੀ, ਰੇਸ਼ਮੀ ਪੱਤੀਆਂ ਦੀ, ਲਹਿਰਾਉਂਦੀਆਂ ਟਾਹਣੀਆਂ ਦੀ, ਪੁੰਗਾਰਿਆਂ ਵਿਚੋਂ ਫੁੱਲ-ਪੱਤੀਆਂ ਅਤੇ ਇਨ੍ਹਾਂ ਵਿਚ ਫਲਾਂ ਦੀ ਆਮਦ ਦੀ, ਜਿਸ ਨੇ ਜੀਵਨ ਨੂੰ ਫਲਾਂ ਲੱਦੀਆਂ ਰੁੱਤਾਂ 'ਚ ਤਬਦੀਲ ਕਰਨ ਦਾ ਉਦਮ ਬਣਨਾ।

ਉਡੀਕ, ਖੇਤ ਦੀ ਹਿੱਕ ਨੂੰ ਚੀਰਦੇ ਸਿਆੜਾਂ ਦੀ, ਪੋਰ ਰਾਹੀਂ ਕੇਰੇ ਜਾ ਰਹੇ ਬੀਜ ਦੀ ਅਤੇ ਇਸ ਬੀਜ ਨੂੰ ਵੱਤਰ ਧਰਤੀ ਵਿਚ ਉਗਣ ਤੇ ਭੁੱਖਮਰੀ ਨੂੰ ਦੂਰ ਕਰਨ ਦੀ ਦਲੇਰੀ ਤੇ ਦਰਿਆ-ਦਿਲੀ ਦੀ।

ਉਡੀਕ, ਬੁੱਢੀ ਮਾਂ ਲਈ ਆਪਣੇ ਪੁੱਤਰ ਨੂੰ ਮਿਲਣ ਵਾਲੀ ਡਿਗਰੀ ਅਤੇ ਡਿਗਰੀਨੁਮਾ ਕਾਗਜ਼ 'ਚੋਂ ਝਲਕਦੀ ਰੋਟੀ, ਰੁਤਬੇ ਅਤੇ ਰਸਾਈ। ਇਸ ਨੇ ਹੀ ਜੱਗ-ਹਸਾਈ ਨੂੰ ਜੀਵਨ-ਧਰਾਤਲ ਦੇ ਨਵੇਂ ਕੀਰਤੀਮਾਨਾਂ ਲਈ ਕਿਰਤ-ਸਾਧਨਾ ਬਣਨਾ।

ਉਡੀਕ, ਭੈਣ ਨੂੰ ਗੁੱਟ 'ਤੇ ਸਜਣ ਵਾਲੀ ਰੱਖੜੀ ਦੀ, ਬਾਪ ਲਈ ਸੱਗਵੇਂ ਮੋਢੇ ਦੀ, ਮਾਂ ਲਈ ਨਰੋਈ ਆਸ ਦੀ ਅਤੇ ਮਾਪਿਆਂ ਦੇ ਦੀਦਿਆਂ ਵਿਚ ਮੁਰਝਾ ਚੁਕੇ ਚਮਨ ਨੂੰ ਮੁੜ ਅਬਾਦ ਕਰਨ ਦੀ ਤਮੰਨਾਈ ਆਸ ਦੀ।

ਉਡੀਕ, ਬੇਆਸ ਹੋ ਚੁਕੀਆਂ ਸਰਦਲਾਂ ਨੂੰ ਪਰਦੇਸੋਂ ਆਉਂਦੀ ਪੈੜਚਾਲ ਦੀ, ਦਰਾਂ 'ਤੇ ਉਡੀਕਦੀ ਮਾਂ ਦੇ ਦੀਦਿਆਂ ਵਿਚ ਮੱਧਮ ਪੈ ਰਹੀ ਲੋਅ ਨੂੰ ਜਗਣ ਦੀ ਅਤੇ ਹਟਕੋਰੇ ਭਰਦੀ ਲੋਅ ਦੀ ਸੰਕੇਤਕਤਾ 'ਚੋਂ ਕੁਝ ਅਚੇਤ ਤੇ ਸੁਚੇਤ ਰੂਪ ਵਿਚ ਆਪਣੀ ਹੋਣੀ 'ਤੇ ਉਕਰਨ ਦਾ ਆਸਰਾ।

ਉਡੀਕ, ਆਬ-ਓ-ਹਵਾ ਵਿਚ ਘੁਲ ਗਏ ਜ਼ਹਿਰੀਲੇ ਤੱਤਾਂ ਨੂੰ ਪਛਾਣ ਕੇ ਖਤਮ ਕਰਨ ਦੀ ਸੋਝੀ, ਹਟਕੋਰੇ ਭਰਦੀ ਪੌਣ ਲਈ ਦੁਆਵਾਂ, ਪਾਣੀ ਦੀ ਤਰਸੇਵੇਂ-ਭਰੀ ਜੋਦੜੀ ਅਤੇ ਮੌਤ-ਧਰਾਤਲ ਬਣੀ ਮਿੱਟੀ ਲਈ ਹੂਕ ਲਈ ਜੋ ਬੇ-ਖਸਮੀ ਅਤੇ ਬੇ-ਬਰਕਤੀ ਬਣ, ਬੰਜਰ-ਰੱਕੜ ਬਣਨ ਲਈ ਕਬਰਾਂ ਵੱਲੀਂ ਤੁਰੀ ਜਾ ਰਹੀ ਏ।

ਉਡੀਕ, ਖੁਦ ਨਾਲ ਕਰਨ ਵਾਲੇ ਸੰਵਾਦ ਦੀ, ਆਪੇ ਨੂੰ ਸ਼ਬਦਾਂ ਵਿਚ ਉਲਥਾਉਣ ਅਤੇ ਇਸ ਨੂੰ ਪਰਿਭਾਸ਼ਤ ਕਰਨ ਦੀ। ਅਦਿੱਖ ਕਿਰਤ 'ਚੋਂ ਬਹੁਤ ਕੁਝ ਅਣਬੋਲਿਆ ਵਰਕਿਆਂ 'ਤੇ ਧਰਨ ਦੀ, ਖੁਦ ਨੂੰ ਅਰਪਿਤ ਕਰਨ ਦੀ ਅਤੇ ਆਪਣੀ ਝੋਲੀ ਆਪਣੀਆਂ ਅਲਾਮਤਾਂ, ਨਹੋਰਿਆਂ, ਉਲਾਹਮਿਆਂ ਅਤੇ ਊਣਤਾਈਆਂ ਨਾਲ ਭਰਦਿਆਂ, ਆਪੇ ਨੂੰ ਨਿਖਾਰ ਕੇ ਸੁੱਚਮ ਬਣਨ ਦੀ।

ਉਡੀਕ ਦੀ ਉਡੀਕ ਕਰਨਾ, ਸਭ ਤੋਂ ਔਖਾ ਅਤੇ ਅਸਾਨ। ਜਦ ਉਡੀਕ ਲੰਮੇਰੀ ਹੋ, ਸਾਹਾਂ ਵਿਚ ਤਿੜਕਣ ਰੁੱਤ ਬਣਦੀ ਤਾਂ ਉਡੀਕ ਵੀ ਰੜਕਣ ਬਣ ਜਾਂਦੀ।

ਉਡੀਕ ਕਰਨਾ, ਜੀਵਨ ਦਾ ਅਸੂਲ। ਕੁਝ ਵੀ ਉਡੀਕ ਕਰਨ ਤੋਂ ਬਿਨਾ ਨਹੀਂ ਮਿਲਦਾ। ਬੇਸਬਰੇ ਲੋਕ ਕਾਹਲ ਵਿਚ ਬਹੁਤ ਕੁਝ ਗਵਾ ਬਹਿੰਦੇ। ਪਰ ਆਸਵੰਦ ਲੋਕ ਉਡੀਕ ਦੌਰਾਨ ਆਪਣੀ ਖੁਦੀ ਅਤੇ ਖੁਦ ਨੂੰ ਬੁਲੰਦਗੀ ਦੀ ਅਜਿਹੀ ਉਚਾਣ 'ਤੇ ਲੈ ਜਾਂਦੇ ਕਿ ਉਡੀਕ ਖੁਦ ਹੀ ਉਨ੍ਹਾਂ ਨੂੰ ਉਡੀਕਣ ਲੱਗ ਪੈਂਦੀ। ਅਜਿਹੇ ਲੋਕ ਜਦ ਉਡੀਕ ਨੂੰ ਉਡੀਕਣ ਲਾ ਦੇਣ ਤਾਂ ਬਹੁਤ ਕੁਝ ਤੁਹਾਡਾ ਮਾਣਮੱਤਾ ਇਤਿਹਾਸ ਬਣਨ ਲਈ ਕਾਹਲਾ ਹੁੰਦਾ।

ਅੱਜ ਕੱਲ ਲੋਕਾਂ ਨੂੰ ਧੀਰਜ ਨਾਲ ਉਡੀਕਣਾ ਗਵਾਰਾ ਨਹੀਂ। ਉਹ ਤੱਤਫੱਟ ਨਤੀਜਿਆਂ ਦੀ ਆਸ ਅਤੇ ਅਮੀਰ ਬਣਨ ਦੀ ਲਾਲਸਾ ਕਾਰਨ ਉਡੀਕਹੀਣ ਹੋ ਜਾਂਦੇ, ਜੋ ਅਜਿਹੇ ਲੋਕਾਂ ਲਈ ਅਰਥਹੀਣਤਾ ਬਣ ਜਾਂਦੇ। ਮਹਾਨ ਵਿਅਕਤੀ ਨੇ ਦੁਰਲੱਭ ਪ੍ਰਾਪਤੀਆਂ ਇਕ ਦਿਨ ਜਾਂ ਪਲ ਵਿਚ ਪ੍ਰਾਪਤ ਨਹੀਂ ਕੀਤੀਆਂ। ਉਮਰਾਂ ਲੱਗ ਜਾਂਦੀਆਂ ਸਫਲਤਾ ਦਾ ਸਿਖਰ ਸਿਰਜਣ ਲਈ। ਮਿਹਨਤ ਅਤੇ ਲਗਨ ਦਾ ਕਿਆਸ ਕੀਤੇ ਤੋਂ ਬਿਨਾ ਕੀਰਤੀ ਨੂੰ ਅਦਬ ਅਤੇ ਸਤਿਕਾਰ ਦੇਣ ਦੇ ਕੋਈ ਅਰਥ ਨਹੀਂ ਹੁੰਦੇ।

ਕਿਸੇ ਵੀ ਉਪਲਬਧੀ ਅਤੇ ਕਿਰਤ 'ਤੇ ਓਪਰਾ ਧਿਆਨ ਨਾ ਦਿਓ ਸਗੋਂ ਇਸ ਕਿਰਤ ਨੂੰ ਅੰਜਾਮ ਦੇਣ ਲਈ ਕੀਤੀ ਸਾਧਨਾ, ਕਿਰਤ-ਕਮਾਈ, ਪ੍ਰਤੀਬਧਤਾ ਸਮਰਪਣ ਅਤੇ ਸਿਰੜ ਨੂੰ ਸਿਰ ਨਿਵਾਉਣਾ, ਤੁਹਾਨੂੰ ਕਿਰਤ ਤੋਂ ਪਹਿਲਾਂ ਕਿਰਤ ਨਾਲ ਮੋਹ ਹੋ ਜਾਵੇਗਾ।



ਉਡੀਕ ਜਦ ਮੌਤ ਦੀ ਕਰਨੀ ਪਵੇ ਤਾਂ ਅਲਾਹੁਣੀਆਂ, ਵੈਣ, ਸਿਆਪੇ ਅਤੇ ਕੀਰਨੇ, ਸੋਗੀ ਸੋਚ 'ਚ ਕੁਰਬਲ ਕੁਰਬਲ ਕਰਦੇ। ਇਹ ਉਡੀਕ ਖੁਦ ਦੀ ਮੌਤ ਦੀ ਹੋਵੇ ਜਾਂ ਕਿਸੇ ਆਪਣੇ ਦੀ। ਕਦੇ ਵੀ ਮੌਤ ਨੂੰ ਨਾ ਉਡੀਕੋ। ਸਗੋਂ ਜੀਵਨ ਨੂੰ ਉਡੀਕਣਾ, ਤੁਹਾਡੀਆਂ ਜੀਵਨ ਪ੍ਰਤੀ ਤੁਹਾਡੀ ਦ੍ਰਿਸ਼ਟੀ ਹੀ ਬਦਲ ਜਾਵੇਗੀ। ਜਿਉਣ ਨਾਲੋਂ ਮਰਨਾ ਬਹੁਤ ਅਸਾਨ ਹੁੰਦਾ। ਬੇਹਿੰਮਤੇ ਤੇ ਬੁਜ਼ਦਿਲ ਹੀ ਮੌਤ ਵਿਚੋਂ ਮਰਨ-ਬੰਦਗੀ ਨੂੰ ਤਰਜ਼ੀਹ ਦਿੰਦੇ।

ਉਡੀਕ ਜਦ ਚੰਨ ਦੀ ਹੋਵੇ, ਚਾਨਣੀ ਵਿਚ ਚੰਨ ਦੇ ਚਾਨਣ ਵਿਚ ਭਿੱਜਣ ਦੀ ਰੀਝ ਹੋਵੇ। ਉਸ ਚੰਦ ਦੀ ਆਰਤੀ ਉਤਾਰਦਿਆਂ ਖੁਦ ਹੀ ਆਰਤੀ ਬਣ ਜਾਣ ਦੀ ਹੋਵੇ ਤਾਂ ਚੰਨ ਤੁਹਾਡੀ ਮਨ-ਦਹਿਲੀਜ਼ 'ਤੇ ਦਸਤਕ ਦਿੰਦਾ, ਤੁਹਾਡੇ ਸੁਪਨਿਆਂ ਨੂੰ ਆਪਣੇ ਰੰਗ ਵਿਚ ਰੰਗ, ਤੁਹਾਡੀਆਂ ਤ੍ਰਿਸ਼ਨਾਵਾਂ, ਤਮੰਨਾਵਾਂ ਅਤੇ ਤਾਂਘਾਂ ਦੀ ਤ੍ਰਿਪਤੀ ਬਣ ਜਾਂਦਾ।

ਕਦੇ ਇਕ ਪਲ ਦੀ ਉਡੀਕ ਉਮਰਾਂ ਜੇਡ ਹੁੰਦੀ, ਪਰ ਕਦੇ ਕਦਾਈਂ ਉਮਰਾਂ ਲੰਮੀਂ ਉਡੀਕ ਪਲ ਵਿਚ ਹੀ ਬੀਤ ਜਾਂਦੀ। ਇਹ ਤਾਂ ਉਡੀਕ ਦੀ ਤਾਸੀਰ, ਤਸੱਵਰ ਅਤੇ ਤਰਜੀਹ 'ਤੇ ਨਿਰਭਰ।

ਉਡੀਕ ਨੂੰ ਉਡੀਕ ਹੀ ਨਾ ਰਹਿਣ ਦਿਓ। ਇਸ ਦੀ ਝੋਲੀ ਵਿਚ ਹਿੰਮਤ, ਹੌਸਲੇ, ਹੱਠਧਰਮੀ, ਹੁੰਦਤਹੇਲਤਾ ਅਤੇ ਹਮਜੋਲਤਾ ਦੀ ਦਾਤ ਪਾਓਗੇ ਤਾਂ ਉਡੀਕ ਨੂੰ ਰਹਿਮਤਾਂ ਦੀ ਬਖਸ਼ਿਸ਼ ਹੋਵੇਗੀ। ਉਡੀਕ ਵਿਚ ਉਤਪੰਨ ਹੋਵੇਗੀ ਆਸਵੰਦੀ ਉਮੀਦ।

ਕਦੇ ਵੀ ਰੱਬ ਦੀ ਉਡੀਕ ਨਾ ਕਰੋ, ਜੋ ਤੁਹਾਡੇ ਲਈ ਪੂਰਨਤਾ ਦਾ ਸਬੱਬ ਬਣੇ। ਸਗੋਂ ਆਪਣੇ ਅੰਤਰੀਵ ਵਿਚ ਬੈਠੇ ਖੁਦਾ ਰੂਪੀ ਖੁਦ ਨੂੰ ਜਗਾਓ, ਸੰਵਾਦ ਰਚਾਓ, ਸੁੱਤੀਆਂ ਕਲਾਂ ਜਗਾਓ ਅਤੇ ਫਿਰ ਮਨਚਾਹਿਆ ਫਲ ਪਾਓ।

ਸੱਚੀ ਉਡੀਕ ਕਦੇ ਵੀ ਅਰਥਹੀਣ ਨਹੀਂ ਹੁੰਦੀ। ਬਸ਼ਰਤੇ ਉਡੀਕ ਦੀ ਬੀਹੀ ਵਿਚ ਉਮੀਦਾਂ, ਆਸਾਂ, ਅਰਥਾਂ ਅਤੇ ਆਲ੍ਹਣੇ ਗੁਣਗੁਣਾਉਂਦੇ ਹੋਣ। ਬੋਲ-ਹੋਠਾਂ 'ਤੇ ਕੁਝ ਨਵਾਂ ਅਤੇ ਨਰੋਇਆ ਸਿਰਜਣ ਦੀ ਤਮੰਨਾ ਟਹਿਕਦੀ ਹੋਵੇ।

ਬੇਫਜ਼ੂਲ ਉਡੀਕ ਹਮੇਸ਼ਾ ਅਕਾਰਥ ਹੁੰਦੀ ਜਦ ਕਿ ਕੁਝ ਚੰਗੇਰੇ ਅਤੇ ਬਿਹਤਰੀ ਲਈ ਕੀਤੀ ਜਾ ਰਹੀ ਉਡੀਕ ਹਮੇਸ਼ਾ ਹੀ ਅਰਥ ਭਰਪੂਰ ਅਤੇ ਸਾਰਥਕ ਹੁੰਦੀ।

ਕੁਝ ਵਧੀਆ ਅਤੇ ਵਡੇਰਾ ਅਰਥਾਂ ਵਾਲਾ ਕਾਰਜ ਕਰਨ ਲਈ ਜ਼ਿੰਦਗੀ ਭਰ ਸਿਰਫ ਉਡੀਕ ਕਰਨ ਨਾਲ ਕੁਝ ਵੀ ਪੱਲੇ ਨਹੀਂ ਪੈਣਾ। ਸਗੋਂ ਬੇਲੋੜੀ ਉਡੀਕ ਕਰਨ ਦੀ ਥਾਂ ਹੁਣ ਤੋਂ ਹੀ ਦਲਿੱਦਰ ਦੂਰ ਕਰ, ਹਿੰਮਤੀ ਕਦਮ ਉਠਾਓ, ਮੰਜ਼ਿਲਾਂ ਤੁਹਾਡੇ ਧੰਨਭਾਗ ਦਾ ਬਿੰਬ ਬਣਨਗੀਆਂ।

ਸਹੀ ਮੌਕਿਆਂ ਦੀ ਉਡੀਕ ਵਿਚ ਜੀਵਨ ਨੂੰ ਵਿਅਰਥ ਗਵਾਉਣ ਵਾਲੇ ਗੰਵਾਰ ਲੋਕ, ਪਰ ਸਹੀ ਮੌਕਿਆਂ ਨੂੰ ਪੈਦਾ ਕਰਨ ਵਾਲੇ ਲੋਕ ਉਡੀਕ ਨੂੰ ਵੀ ਉਡੀਕ ਕਰਵਾਉਂਦੇ ਅਤੇ ਹਾਰ ਕੇ ਉਡੀਕ ਵਾਪਸ ਹੀ ਪਰਤ ਜਾਂਦੀ। ਹਿੰਮਤ ਸਾਹਵੇਂ ਕੌਣ ਅਤੇ ਕਿਸ ਲਈ ਉਡੀਕ ਕਰੇ।

ਕਾਰਜ ਵਿਚ ਰੁੱਝੇ ਅਤੇ ਉਡੀਕ ਨੂੰ ਭੁਲਾ ਕੇ, ਧੀਰਜ ਰੱਖਣ ਵਾਲੇ ਆਖਰ ਨੂੰ ਮਨ ਮੰਗੀਆਂ ਮੁਰਾਦਾਂ ਪਾ ਹੀ ਲੈਂਦੇ। ਕਾਹਲੇਪਣ ਵਿਚ ਸਿਰਫ ਗਵਾਉਣ ਲਈ ਹੁੰਦਾ, ਪਾਉਣ ਲਈ ਕੁਝ ਨਹੀਂ ਬਚਦਾ।

ਉਡੀਕ
ਜਦ ਤਾਰਿਆਂ ਦੀਆਂ ਖਿੱਤੀਆਂ
ਗਿਣਨ ਵਿਚ ਰੁੱਝ ਜਾਵੇ,
ਕੰਧਾਂ 'ਤੇ ਮਾਰੀਆਂ ਲਕੀਰਾਂ ਦੀ
ਉਲਝਣ ਵਿਚ ਉਲਝ ਜਾਵੇ
ਚੁੱਲੇ ਮੂਹਰੇ ਬੈਠਿਆਂ ਧੂੰਏਂ ਦੇ
ਪੱਜ ਰੋਣ ਨੂੰ ਜੀਅ ਕਰੇ
ਤਾਂ ਦਿਲ ਦੀ ਵੇਦਨਾ ਕੌਣ ਕਿਸ ਦੇ ਨਾਂ ਕਰੇ।
ਜਦ
ਵਾਅ ਦਾ ਬੁੱਲਾ ਵੀ ਹੁੰਗਾਰਾ ਨਾ ਭਰੇ
ਰਾਤ ਦੀ ਚੁੱਪ ਤੜਫਦੀ ਹੀ ਮਰੇ
ਅਤੇ ਦੀਦਿਆਂ ਵਿਚ ਖਾਰਾ ਸਾਗਰ ਤਰੇ
ਤਾਂ ਕਿਹੜਾ ਮੋਢਾ ਗਮ-ਗਾਥਾ ਦਾ ਦਰਦ ਹਰੇ।
ਜਦ
ਕਾਗਜ਼ ਦੀ ਡਿਗਰੀ ਅੱਥਰੂ ਤੇ ਹੌਕਿਆਂ ਨੂੰ
ਖਾਲੀ ਪੇਟ ਦੇ ਨਾਮ ਕਰੇ
ਅੰਨ ਦੇ ਅੰਬਾਰ ਉਸਾਰਨ ਵਾਲਾ ਹੀ ਭੁੱਖਾ ਮਰੇ
ਮੌਤ-ਮੁਹਾਣ ਨੂੰ ਮੋੜਨ ਵਾਲਾ
ਖੁਦਕੁਸ਼ੀ ਦੇ ਰਾਹੀਂ ਤੁਰੇ
ਪਰ ਕੋਈ ਵੀ ਨਾ ਉਸ ਦੀ
ਖੁਦਕੁਸ਼ੀ 'ਤੇ ਹਉਕਾ ਭਰੇ।
ਜਦ
ਬੁੱਢੇ ਮਾਪਿਆਂ ਦੀ ਉਡੀਕ
ਸਰਦਲਾਂ 'ਚ ਔਸੀਆਂ ਭਰੇ
ਘਰ ਦੀ ਹਰ ਨੁੱਕਰੇ
ਮਾਤਮੀ ਚੁੱਪ ਦਾ ਆਲਮ ਤਰੇ
ਖਾਲੀ ਕਮਰਾ ਵੀ ਹੁੰਗਾਰਾ ਭਰਨ ਤੋਂ ਡਰੇ
ਬੱਚਿਆਂ ਦੀਆਂ ਕਾਪੀਆਂ ਦਾ ਤੱਕਣਾ
ਪੂਰਨਿਆਂ 'ਚ ਰੋਣਾ ਧਰੇ
ਯਾਦਾਂ ਦੀ ਮਮਟੀ 'ਤੇ ਚਿਰਾਗ ਹਟਕੋਰਾ ਭਰੇ
ਤਾਂ ਕੌਣ ਦੂਰ ਤੁਰ ਗਿਆਂ ਨੂੰ
ਵਾਪਸ ਪਰਤਣ ਦੀ ਅਰਜੋਈ ਕਰੇ।
ਜਦ
ਕਲਮ ਨੂੰ ਆਹਾਂ ਦੀ ਸਿਆਹੀ ਮਿਲੇ
ਵਰਕਿਆਂ ਦੀ ਇਬਾਰਤ ਹੰਝੂਆਂ ਦੀ ਨੈਂਅ ਤਰੇ
ਅਤੇ ਹਰ ਹਰਫ ਹਰਦਮ ਰੋਣ-ਰੋਣ ਕਰੇ
ਤਾਂ ਕੌਣ ਉਨ੍ਹਾਂ ਦੀਆਂ ਗਰਾਲਾਂ ਨੂੰ
ਤਹਿਰੀਕ 'ਚੋਂ ਮਨਫੀ ਕਰੇ।
ਜਦ
ਹਰ ਵੇਲੇ ਉਡੀਕ ਵਿਚੋਂ ਹੀ
ਉਡੀਕ ਦਰ ਉਡੀਕ ਆਪਣਾ
ਮੁਹਾਂਦਰਾ ਸਿਰਜਦੀ ਰਹੇ
ਤਾਂ ਉਡੀਕ 'ਚੋਂ ਭਲੇ ਵਕਤਾਂ ਦੀ
ਆਸ ਅਣਿਆਈ ਮੌਤ ਮਰੇ
ਤਦ ਅਜਿਹੇ ਮੌਕਿਆਂ 'ਤੇ
ਸੂਹੀ, ਸੰਗਰਾਮੀ, ਸਿਰੜੀ
ਅਤੇ ਸੰਤੁਲਿਤ ਸੋਚ ਦਾ ਦੀਵਾ
ਜੀਵਨ ਓਟੇ 'ਤੇ ਮਨ-ਮਜਬੂਤੀ ਦਾ
ਚਾਨਣ ਕਰੇ
ਤਾਂ ਜੀਵਨ ਦਾ ਅੰਧਕਾਰ
ਖੁਦ ਹੀ ਆਪਣੀ ਮੌਤੇ ਮਰੇ
ਫਿਰ ਸਾਹ-ਸੁਤਵੀਂ ਫਿਜ਼ਾ ਵਿਚ
ਜਿਉਣ-ਨਾਦ ਚਰੇ
ਜੋ ਯੁੱਗ-ਜਿਉਣ ਦੀਆਂ ਗੱਲਾਂ ਕਰੇ
ਅਤੇ
ਜੀਵਨ-ਜੋਤ ਨੂੰ ਹਰ ਸਾਹੇ ਹੀ
ਹੋਰ ਉਜਵਲ ਕਰੇ।

ਅਜਿਹੀ ਉਡੀਕ ਵਿਚੋਂ ਉਪਜੀ ਨਰੋਈ ਨਵੀਨਤਮ ਆਸ ਦਾ ਹਰ ਕੋਈ ਪਾਣੀ ਭਰੇ ਅਤੇ ਜਿਉਣ-ਅਦਬ ਨੂੰ ਜੀਵਨ ਦਾ ਸੱਚ ਕਰੇ।

ਰਾਤ ਦੀ ਉਡੀਕ ਵਿਚ ਹਮੇਸ਼ਾ ਸਰਘੀ ਦੀ ਆਸ। ਸਰਘੀ ਦੀ ਕੁੱਖ ਵਿਚ ਤਿੱਖੜ ਦੁਪਹਿਰਾ ਅਤੇ ਦੁਪਹਿਰ ਨੂੰ ਢਲਦੀ ਸ਼ਾਮ ਦਾ ਅਹਿਸਾਸ। ਢਲਦੀ ਸ਼ਾਮ ਹੀ ਰਾਤ ਦਾ ਅਚੇਤ ਸੁਨੇਹਾ। ਹਰ ਵਕਤ ਨੂੰ ਸੁਹੰਢਣੇ ਅਤੇ ਸਾਰਥਕ ਤਰੀਕੇ ਨਾਲ ਜਿਉਣ ਦੀ ਕਲਾ ਆ ਜਾਵੇ ਤਾਂ ਢਲਦੀ ਸ਼ਾਮ ਜਾਂ ਉਤਰਦੀ ਰਾਤ ਦਾ ਡਰ ਮਨ ਵਿਚ ਪੈਦਾ ਨਹੀਂ ਹੁੰਦਾ। ਇਕ ਆਸ-ਉਡੀਕ ਤੁਹਾਡੀ ਮਨ-ਮਮਟੀ 'ਤੇ ਹਮੇਸ਼ਾ ਜਗਦੀ ਰਹਿੰਦੀ।

ਕਿਸੇ ਕ੍ਰਿਸ਼ਮੇ ਦੀ ਆਸ ਵਿਚ ਜੀਵਨ ਨੂੰ ਵਿਅਰਥ ਨਾ ਗਵਾਓ। ਯਾਦ ਰੱਖਣਾ! ਜ਼ਿੰਦਗੀ ਇਕ ਕ੍ਰਿਸ਼ਮਾ। ਇਸ ਨਾਲ ਹੋਰ ਕ੍ਰਿਸ਼ਮਿਆਂ ਨੂੰ ਸਿਰਜਣ ਦੀ ਮਨੁੱਖ 'ਚ ਸਮਰੱਥਾ ਅਤੇ ਸੰਭਾਵਨਾ। ਕ੍ਰਿਸ਼ਮੇ ਅਕਸਰ ਹੀ ਮਹਾਨ ਮਨੁੱਖ ਸਿਰਜਦੇ।

ਉਮਰ ਭਰ ਬੇਅਰਥੀ ਉਡੀਕ ਕਰਨ ਨਾਲੋਂ ਪਲ ਭਰ ਲਈ ਕੁਝ ਅਜਿਹਾ ਕਰ ਜਾਓ ਕਿ ਉਡੀਕ ਨੂੰ ਸ਼ਰਮਸਾਰ ਹੋਣਾ ਪਵੇ ਅਤੇ ਉਹ ਤੁਹਾਡੀਆਂ ਬਰੂਹਾਂ ਵਿਚ ਜਾਚਨਾ ਕਰਦੀ ਫਿਰੇ।

ਉਡੀਕ ਵਿਚਲਾ ਆਪਣਾਪਨ, ਅਪਣੱਤ, ਅਦਾਇਗੀ, ਅਰਾਧਨਾ, ਆਸਥਾ, ਆਸ ਅਤੇ ਆਤਮਿਕਤਾ ਜਦ ਅੰਤਰੀਵ ਨੂੰ ਅਪਨਾਉਂਦੇ ਤਾਂ ਮਨੁੱਖ ਲਈ ਇਨਸਾਨੀਅਤ ਦੇ ਦਰ ਖੁੱਲ੍ਹ ਜਾਂਦੇ। ਇਹ ਦਰ ਤੁਹਾਡੀ ਹੀ ਉਡੀਕ ਕਰ ਰਹੇ ਨੇ।

ਅਜਿਹੀ ਉਡੀਕ ਨੂੰ ਨਿਰਾਸ਼ ਤਾਂ ਨਹੀਂ ਕੀਤਾ ਜਾ ਸਕਦਾ।

ਵਿਚਾਰ ਚਰਚਾ

## ਇਤਿਹਾਸਕ ਨਜ਼ਰੀਏ ਤੋਂ...

# 'ਆਦਿ ਬੀੜ' ਕਿਵੇਂ ਬਣੀ?

ਸੰਨ 1604 ਈਸਵੀ (ਭਾਦਉਂ ਵਦੀ 1 ਸੰਮਤ 1661) ਵਿਚ ਗੁਰੂ ਅਰਜਨ ਦੇਵ ਨੇ 'ਪੋਥੀ' ਸਾਹਿਬ ਦੀ ਰਚਨਾ ਕੀਤੀ ਅਤੇ ਪਹਿਲਾ ਪ੍ਰਕਾਸ਼ ਭਾਦਉਂ ਸੁਦੀ 1, ਸੰਮਤ 1661 ਨੂੰ ਦਰਬਾਰ ਸਾਹਿਬ ਵਿਚ ਕਰ ਦਿੱਤਾ ਗਿਆ। 'ਪੋਥੀ' ਨਾਂ ਭਾਈ ਗੁਰਦਾਸ ਵਲੋਂ ਲਿਖੇ 'ਪੋਥੀ ਲਿਖਿ ਪਹੁੰਚੇ' ਵਾਕ ਅੰਸ਼ ਤੋਂ ਸਪੱਸ਼ਟ ਹੈ। 'ਪੋਥੀ' ਸਾਹਿਬ ਨੂੰ 'ਆਦਿ ਬੀੜ' ਵੀ ਕਿਹਾ ਜਾਣ ਲੱਗ ਪਿਆ ਹੈ। ਚੌਂਤੀ ਬਾਣੀਕਾਰਾਂ ਦੀ ਰਚੀ ਬਾਣੀ ਨੂੰ ਇੱਕੋ ਜਿਲਦ ਵਿਚ ਲਿਖਣ ਦੀ ਸੇਵਾ ਭਾਈ ਗੁਰਦਾਸ ਨੇ ਪੰਜਵੇਂ ਗੁਰੂ ਜੀ ਦੀ ਦੇਖ-ਰੇਖ ਹੇਠ ਰਾਮਸਰ ਦੇ ਅਸਥਾਨ 'ਤੇ ਅੰਮ੍ਰਿਤਸਰ ਵਿਚ ਸੰਪੂਰਨ ਕੀਤੀ। ਭਾਈ ਬੰਨੋ ਵਾਲੀ ਬੀੜ ਵੀ ਉਸੇ ਸਮੇਂ ਤਿਆਰ ਕੀਤੀ ਗਈ, ਜਿਸ ਨੂੰ ਲਿਖਣ ਲਈ 12 ਲਿਖਾਰੀ ਲਾਏ ਗਏ।

ਕੁਝ ਪੁਰਾਤਨ ਗ੍ਰੰਥਾਂ ਵਿਚ ਲਿਖਿਆ ਹੈ ਕਿ ਬਾਣੀ ਦਾ ਸਾਰਾ ਭੰਡਾਰ ਪੰਜਵੇਂ ਗੁਰੂ ਜੀ ਕੋਲ ਨਹੀਂ ਸੀ। ਇਹ ਗ੍ਰੰਥ ਹਨ-'ਸੂਰਜ ਪ੍ਰਕਾਸ਼', ਕ੍ਰਿਤ ਕਵੀ ਸੰਤੋਖ ਸਿੰਘ ਨਿਰਮਲਾ; 'ਗੁਰਬਿਲਾਸ

**ਕਸ਼ਮੀਰਾ ਸਿੰਘ (ਪ੍ਰੋ.)**
ਫੋਨ: 801-414-0171

ਪਾਤਿਸ਼ਾਹੀ 6', ਲਿਖਾਰੀ ਦਾ ਨਾਂ ਨਹੀਂ; ਅਤੇ 'ਤਵਾਰੀਖ ਗੁਰੂ ਖਾਲਸਾ', ਕ੍ਰਿਤ ਗਿਆਨੀ ਗਿਆਨ ਸਿੰਘ।

ਇਹ ਤਿੰਨੇ ਲਿਖਾਰੀ ਕਹਿੰਦੇ ਹਨ ਕਿ ਪੰਜਵੇਂ ਗੁਰੂ ਜੀ ਕੋਲ ਪਹਿਲੇ ਗੁਰੂ ਪਾਤਿਸ਼ਾਹਾਂ ਦੀ ਬਾਣੀ ਨਹੀਂ ਸੀ ਅਤੇ ਉਹ ਥਾਂ-ਥਾਂ ਖਿਲਰੀ ਪਈ ਸੀ। ਇਨ੍ਹਾਂ ਲਿਖਾਰੀਆਂ ਦੀ ਇਹ ਗੱਲ ਝੂਠ ਦਾ ਪੁਲੰਦਾ ਹੈ। ਕੋਈ ਕਵੀ ਆਪਣੀ ਕਵਿਤਾ ਲਿਖ ਕੇ ਗੁੰਮਾਉਂਦਾ ਨਹੀਂ। ਗੁਰਬਾਣੀ ਤਾਂ ਖਸਮ ਕੀ ਬਾਣੀ ਹੈ, ਜਿਸ ਨੂੰ ਕਿਵੇਂ ਗੁੰਮਾਇਆ ਜਾ ਸਕਦਾ ਸੀ? ਜੇ ਇਨ੍ਹਾਂ ਨੇ ਗੁਰਬਾਣੀ ਦੀ ਇਹ ਪੰਕਤੀ ਪੜ੍ਹੀ ਹੁੰਦੀ ਤਾਂ ਅਜਿਹਾ ਨਾ ਲਿਖਦੇ,

ਆਸਾ ਮਹਲਾ 5
ਹਮਾਰੀ ਪਿਆਰੀ ਅੰਮ੍ਰਿਤ ਧਾਰੀ
ਗੁਰਿ ਨਿਮਖ ਨ ਮਨ ਤੇ ਟਾਰੀ ਰੇ॥1॥ ਰਹਾਉ॥

ਗੁਰੂ ਪਾਤਿਸ਼ਾਹ ਤਾਂ ਆਖਦੇ ਹਨ ਕਿ ਗੁਰਬਾਣੀ ਏਨੀ ਪਿਆਰੀ ਸੀ ਕਿ ਇਸ ਨੂੰ ਨਿਮਖ ਭਰ ਲਈ ਵੀ ਦੂਰ ਨਹੀਂ ਕੀਤਾ ਗਿਆ; ਪਰ ਤਿੰਨੇ ਲਿਖਾਰੀ ਆਖਦੇ ਹਨ ਕਿ ਗੁਰਬਾਣੀ ਨੂੰ ਸੰਭਾਲਿਆ ਨਹੀਂ ਸੀ ਗਿਆ।

'ਗੁਰਬਿਲਾਸ ਪਾਤਿਸ਼ਾਹੀ 6' ਵਿਚ ਘੜੀ ਕਹਾਣੀ: ਇਸ ਗ੍ਰੰਥ ਵਿਚ ਇਸ ਦਾ ਰਚਨਾ ਕਾਲ ਸੰਨ 1718 ਲਿਖਿਆ ਹੈ, ਪਰ ਇਸ ਵਿਚ ਲਿਖੀਆਂ ਘਟਨਾਵਾਂ ਸੰਨ 1839 ਤਕ ਜਾਂਦੀਆਂ ਹਨ (ਆਰਕਾਈਵ ਡਾਟ ਓ ਆਰ ਜੀ, ਸੰਪਾਦਕ ਡਾ. ਗੁਰਮੁਖ ਸਿੰਘ)। ਇਸ ਗ੍ਰੰਥ ਨੇ ਭਾਈ ਮੋਹਨ ਤੋਂ ਗੁਰਬਾਣੀ ਦੀਆਂ ਪੋਥੀਆਂ ਲੈਣ ਵਾਲੀ ਕਹਾਣੀ ਘੜੀ, ਜਿਸ ਤੋਂ ਸਪੱਸ਼ਟ ਹੈ ਕਿ ਇਸ ਦੇ ਲਿਖਾਰੀ ਨੂੰ ਗੁਰਬਾਣੀ ਵਿਚ ਲਿਖੇ 'ਮੋਹਨ' ਸ਼ਬਦ ਦੇ ਅਰਥ ਦੀ ਕੋਈ ਸੂਝ-ਬੂਝ ਨਹੀਂ ਸੀ। ਇਕੱਲੀਆਂ ਦੋ ਪੋਥੀਆਂ ਦੀ ਗੁਰਬਾਣੀ ਨਾਲ 'ਆਦਿ ਬੀੜ' ਮੁਕੰਮਲ ਨਹੀਂ ਸੀ ਹੋ ਸਕਦੀ। ਸਿੱਖ ਇਤਿਹਾਸ ਨੂੰ ਵਿਗਾੜਨ ਵਿਚ ਇਸ ਗ੍ਰੰਥ ਨੇ ਬਹੁਤ ਹਿੱਸਾ ਪਾਇਆ ਹੈ, ਜਿਵੇਂ ਦਰਬਾਰ ਸਾਹਿਬ ਵਿਸ਼ਨੂੰ ਮੰਦਿਰ ਹੈ, ਭਾਈ ਬੁੱਢਾ ਜੀ ਦੇ ਵਰ ਨਾਲ ਮਾਤਾ ਗੰਗਾ ਜੀ ਦੇ ਪੇਟ ਵਿਚ ਉਸੇ ਸਮੇਂ ਹਵਾ ਭਰ ਗਈ, ਆਦਿ।

ਕਵੀ ਸੰਤੋਖ ਸਿੰਘ ਨੇ 'ਸੂਰਜ ਪ੍ਰਕਾਸ਼' ਸੰਨ 1843 ਵਿਚ ਮੁਕੰਮਲ ਕੀਤਾ। ਬਿਨਾ ਸੋਚੇ ਸਮਝੇ ਇਸ ਕਵੀ ਨੇ 'ਗੁਰਬਿਲਾਸ ਪਾਤਿਸ਼ਾਹੀ 6' ਵਾਲੀ ਭਾਈ ਮੋਹਨ ਤੋਂ ਗੁਰਬਾਣੀ ਦੀਆਂ ਪੋਥੀਆਂ ਲਿਆਉਣ ਵਾਲੀ ਸਾਖੀ ਦੀ ਨਕਲ ਕਰ ਕੇ ਮਨਮੱਤ ਵਿਚ ਵਾਧਾ ਹੀ ਕੀਤਾ ਹੈ (ਇਸ ਗ੍ਰੰਥ ਵਿਚ ਕਵੀ ਸੰਤੋਖ ਸਿੰਘ ਨੇ ਹੋਰ ਵੀ ਕਈ ਮਨਮਤਾਂ ਕੀਤੀਆਂ ਹਨ ਜਿਵੇਂ-ਦਸਵੇਂ ਗੁਰੂ ਜੀ ਨੂੰ ਭੰਗ ਅਤੇ ਅਫੀਮ ਦਾ ਸੇਵਨ ਕਰਦੇ ਲਿਖਣਾ, ਦਸਵੇਂ ਗੁਰੂ ਜੀ ਤੋਂ ਖੰਡੇ ਦੀ ਪਾਹੁਲ ਤੋਂ ਪਹਿਲਾਂ ਕਈ ਮਹੀਨੇ ਦੁਰਗਾ ਮਾਈ ਪਾਰਬਤੀ ਕਾਲਕਾ ਦੀ ਪੂਜਾ ਕਰਵਾਉਣੀ ਅਤੇ ਦੇਵੀ ਦੇ ਦਰਸ਼ਨ ਕਰ ਕੇ ਉਸ ਤੋਂ ਕਰਦ ਅਤੇ ਬਰ ਪ੍ਰਾਪਤ ਕਰਨੇ ਆਦਿ)।

ਭਾਈ ਬੁੱਢਾ ਜੀ ਅਤੇ ਭਾਈ ਗੁਰਦਾਸ ਵਲੋਂ ਭਾਈ ਮੋਹਨ ਤੋਂ ਚਾਰ ਗੁਰੂ ਪਾਤਿਸ਼ਾਹਾਂ ਦੀ ਬਾਣੀ ਲੈਣ ਜਾਣਾ ਤੇ ਨਿਰਾਸ਼ ਮੁੜਨਾ ਲਿਖਿਆ ਹੈ। ਪੰਜਵੇਂ ਗੁਰੂ ਜੀ ਵਲੋਂ ਭਾਈ ਮੋਹਨ ਦੀ ਸਿਫਤ ਕਰ ਕੇ ਪੋਥੀਆਂ ਲਿਆਉਣੀਆਂ ਲਿਖਿਆ ਹੈ। ਕਵੀ ਸੰਤੋਖ ਸਿੰਘ ਨੂੰ ਵੀ ਇਹ ਨਹੀਂ ਪਤਾ ਲੱਗਾ ਕਿ ਗੁਰਬਾਣੀ ਵਿਚ 'ਮੋਹਨ' ਸ਼ਬਦ ਦਾ ਅਰਥ 'ਅਕਾਲ ਪੁਰਖ' ਹੈ, ਨਾ ਕਿ ਭਾਈ ਮੋਹਨ। 'ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ...' ਵਾਲੇ ਸ਼ਬਦ ਨੂੰ ਭਾਈ ਮੋਹਨ ਨਾਲ ਜੋੜਨਾ ਕਵੀ ਸੰਤੋਖ ਸਿੰਘ ਦੀ ਗੁਰਬਾਣੀ ਦੇ ਅਰਥਾਂ ਪੱਖੋਂ ਅਗਿਆਨਤਾ ਅਤੇ ਝੂਠੀ ਕਹਾਣੀ ਦੀ ਨਕਲ ਕਰਨ ਦੀ ਵੱਡੀ ਗਲਤੀ ਸੀ। ਇਸ ਨਕਲੀ ਕਹਾਣੀ ਨਾਲ ਸਬੰਧਤ ਗੁਰਬਾਣੀ ਦੇ ਸ਼ਬਦ ਦਾ ਜੋੜਿਆ ਇੱਕ ਬੰਦ,

ਮੋਹਨ ਤੁਧੁ ਸਤਸੰਗਤਿ ਧਿਆਵੈ
ਦਰਸ ਧਿਆਨਾ॥
ਮੋਹਨ ਜਮੁ ਨੇੜਿ ਨ ਆਵੈ
ਤੁਧੁ ਜਪਹਿ ਨਿਦਾਨਾ॥
ਜਮਕਾਲੁ ਤਿਨ ਕਉ ਲਗੈ ਨਾਹੀ
ਜੋ ਇਕ ਮਨਿ ਧਿਆਵਹੇ॥
ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ
ਸੇ ਸਭੇ ਫਲ ਪਾਵਹੇ॥
ਮਲ ਮੂਤ ਮੂੜ ਜਿ ਮੁਗਧ ਹੋਤੇ
ਸਿ ਦੇਖਿ ਦਰਸੁ ਸੁਗਿਆਨਾ॥
ਬਿਨਵੰਤਿ ਨਾਨਕ ਰਾਜੁ ਨਿਹਚਲੁ
ਪੂਰਨ ਪੁਰਖ ਭਗਵਾਨਾ॥
(ਗੁਰੂ ਗ੍ਰੰਥ ਸਾਹਿਬ, ਪੰਨਾ 248)

ਗੁਰਬਾਣੀ ਵਿਚ 'ਮੋਹਨ' ਸ਼ਬਦ 30 ਵਾਰੀ, 'ਮੋਹਨੁ' 7 ਵਾਰੀ, 'ਮੋਹਨਾ' 2 ਵਾਰੀ ਅਤੇ 'ਮੋਹਨਿਆ' ਇਕ ਵਾਰੀ ਵਰਤਿਆ ਗਿਆ ਹੈ। ਕੁਝ ਪ੍ਰਮਾਣ ਦੇਖੋ,

ਅਨਿਕ ਬਿਲਾਸ ਕਰਤ ਮਨ ਮੋਹਨ
ਪੂਰਨ ਹੋਤ ਨ ਕਾਮਾ॥ (ਪੰਨਾ 215)

---

ਮੋਹਨ ਲਾਲ ਅਨੂਪ ਸਰਬ ਸਾਧਾਰੀਆ॥
(ਪੰਨਾ 241)

---

ਕਹੁ ਨਾਨਕ ਛੰਤ ਦਇਆਲ ਮੋਹਨ ਕੇ
ਮਨ ਹਰਿ ਚਰਣ ਗਹੀਜੈ
ਐਸੀ ਮਨ ਪ੍ਰੀਤਿ ਕੀਜੈ॥ (ਪੰਨਾ 455)

---

ਕਰਤ ਫਿਰੇ ਬਨ ਭੇਖ ਮੋਹਨ ਰਹਤ ਨਿਰਾਰ॥
(ਪੰਨਾ 534)

---

ਦੇਵਗੰਧਾਰੀ 5
ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ॥
ਅਤਿ ਸੁੰਦਰ ਮਨਮੋਹਨ ਪਿਆਰੇ
ਸਭਹੂ ਮਧਿ ਨਿਰਾਰੇ॥1॥ ਰਹਾਉ॥
(ਪੰਨਾ 534)

ਉਕਤ ਪੰਜਾਂ ਪ੍ਰਮਾਣਾਂ ਵਿਚੋਂ ਪਹਿਲੇ ਪ੍ਰਮਾਣ ਵਿਚ 'ਮੋਹਨ' ਸ਼ਬਦ ਦਾ ਅਰਥ ਮਨ ਨੂੰ ਮੋਹ ਲੈਣ ਵਾਲੇ ਰੰਗ ਤਮਾਸ਼ੇ ਅਤੇ ਬਾਕੀ ਪ੍ਰਮਾਣਾਂ ਵਿਚ 'ਮੋਹਨ' ਸ਼ਬਦ ਦਾ ਅਰਥ ਅਕਾਲ ਪੁਰਖ ਹੈ। ਕਿਤੇ ਵੀ 'ਮੋਹਨ' ਦਾ ਅਰਥ ਭਾਈ ਮੋਹਨ ਨਹੀਂ ਹੈ।

'ਤਵਾਰੀਖ ਖਾਲਸਾ' ਵਿਚ ਬਾਣੀ ਇਕੱਠੀ ਕਰਨ ਬਾਰੇ ਕੀ ਲਿਖਿਆ ਹੈ?: ਗਿਆਨੀ ਗਿਆਨ ਸਿੰਘ ਦਾ ਜੀਵਨ ਕਾਲ ਸੰਨ 1822 ਤੋਂ 1921 ਤਕ ਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਇਸ ਲਿਖਾਰੀ ਨੇ 'ਗੁਰਬਿਲਾਸ ਪਾਤਿਸ਼ਾਹੀ 6' ਅਤੇ 'ਸੂਰਜ ਪ੍ਰਕਾਸ਼' ਵਿਚ ਦਿੱਤੀ ਜਾਣਕਾਰੀ ਜ਼ਰੂਰ ਪੜ੍ਹੀ ਹੋਵੇਗੀ। 'ਗੁਰਬਿਲਾਸ ਪਾਤਿਸ਼ਾਹੀ 6' ਅਤੇ 'ਸੂਰਜ ਪ੍ਰਕਾਸ਼' ਵਿਚ ਕਵੀਆਂ ਨੇ ਕੇਵਲ ਭਾਈ ਮੋਹਨ ਤੋਂ ਹੀ ਪੋਥੀਆਂ ਲੈਣ ਉਤੇ ਜ਼ੋਰ ਦਿੱਤਾ ਹੈ ਅਤੇ ਭਗਤ ਬਾਣੀ ਪ੍ਰਾਪਤ ਕਰਨ ਬਾਰੇ ਕੁਝ ਨਹੀਂ ਲਿਖਿਆ। 'ਤਵਾਰੀਖ ਖਾਲਸਾ' ਵਿਚ ਲਿਖਿਆ ਹੈ ਕਿ ਭਾਈ ਮੋਹਨ ਵਾਲੀਆਂ ਪੋਥੀਆਂ ਵਿਚ ਬਹੁਤ ਥੋੜ੍ਹੀ ਬਾਣੀ ਸੀ ਅਤੇ ਇਹ ਲਿਖ ਕੇ ਉਸ ਨੇ 'ਗੁਰਬਿਲਾਸ ਪਾਤਿਸ਼ਾਹੀ 6' ਅਤੇ 'ਸੂਰਜ ਪ੍ਰਕਾਸ਼' ਦੀ ਇਸ ਗੱਲ ਨੂੰ ਰੱਦ ਕਰ ਦਿੱਤਾ ਕਿ ਪੋਥੀਆਂ ਵਿਚ ਹੀ ਸਾਰੀ ਬਾਣੀ ਸੀ।

'ਤਵਾਰੀਖ ਖਾਲਸਾ' ਦੀ ਵੱਖਰੀ ਮਨਮਤੀ ਕਾਢ: ਤਵਾਰੀਖ (ਤਾਰੀਖ ਸ਼ਬਦ ਦਾ ਬਹੁ-ਵਚਨ) ਦਾ ਅਰਥ ਹੈ, ਤਾਰੀਖਵਾਰ ਲਿਖੀ ਹੋਈ ਰਚਨਾ। ਗਿਆਨੀ ਗਿਆਨ ਸਿੰਘ ਨੇ ਭਾਈ ਮੋਹਨ ਤੋਂ ਪੋਥੀਆਂ ਲੈਣ ਤੋਂ ਬਿਨਾ ਇਹ ਵੀ ਲਿਖਿਆ ਹੈ ਕਿ ਪੰਜਵੇਂ ਗੁਰੂ ਜੀ ਨੇ ਦੂਰ-ਦੁਰਾਡੇ ਸਿੱਖ ਸੰਗਤਾਂ ਨੂੰ ਸੁਨੇਹੇ ਭੇਜੇ ਕਿ ਜਿੱਥੇ ਕਿਤੇ ਵੀ ਕੋਈ ਗੁਰਬਾਣੀ ਦਾ ਸ਼ਬਦ ਕਿਸੇ ਕੋਲ ਪਿਆ ਹੈ, ਉਹ ਉਨ੍ਹਾਂ ਕੋਲ ਪਹੁੰਚਾ ਦੇਣ। 'ਤਵਾਰੀਖ ਖਾਲਸਾ' ਵਿਚ ਲਿਖਿਆ ਹੈ ਕਿ ਇਸ ਕੰਮ ਨੂੰ ਕਈ ਸਾਲ ਲੱਗ ਗਏ।

ਗਿਆਨੀ ਗਿਆਨ ਸਿੰਘ ਦੀ ਸੋਚ ਉਤੇ ਅਫਸੋਸ ਹੈ ਕਿ ਉਨ੍ਹਾਂ 'ਗੁਰਬਿਲਾਸ ਪਾਤਿਸ਼ਾਹੀ 6' ਅਤੇ 'ਸੂਰਜ ਪ੍ਰਕਾਸ਼' ਦੇ ਲਿਖਾਰੀਆਂ ਦੀ ਗੁਰਬਾਣੀ ਦੀ ਮਹਾਨਤਾ ਪੱਖੋਂ ਆਪਣੀ ਅਗਿਆਨਤਾ ਵੱਧ ਦਿਖਾਈ ਹੈ।

'ਤਵਾਰੀਖ ਖਾਲਸਾ' ਦਾ ਲਿਖਾਰੀ ਵੱਡੀ ਗੱਪ ਮਾਰਦਾ ਲਿਖਦਾ ਹੈ ਕਿ ਬਖਤਾ ਅਰੋੜਾ ਨਾਂ ਦਾ ਇੱਕ ਸਿੱਖ ਪੰਜਵੇਂ ਗੁਰੂ ਜੀ ਕੋਲ ਇੱਕ ਗ੍ਰੰਥ ਲੈ ਕੇ ਆਇਆ, ਜਿਸ ਨੂੰ ਬਹੁਤ ਭਾਰਾ ਹੋਣ ਕਾਰਨ ਇੱਕ ਬੰਦਾ ਮਸਾਂ ਹੀ ਚੁੱਕ ਸਕਦਾ ਸੀ। ਅੱਗੇ ਉਹ ਲਿਖਦਾ ਹੈ ਕਿ ਇਸ ਗ੍ਰੰਥ ਵਿਚ ਬਾਣੀ ਵੀ ਚਹੁੰ ਗੁਰੂ ਪਾਤਿਸ਼ਾਹਾਂ ਦੀ ਸੀ ਅਤੇ ਬਖਤਾ ਆਪ ਪਹਿਲੇ ਗੁਰੂ ਜੀ ਤੋਂ ਲੈ ਕੇ ਚੌਥੇ ਗੁਰੂ ਜੀ ਦੇ ਹਜ਼ੂਰ ਰਹਿ ਕੇ ਬਾਣੀ ਦਾ ਉਤਾਰਾ ਕਰਦਾ ਰਿਹਾ ਤੇ ਗੁਰੂ ਪਾਤਿਸ਼ਾਹਾਂ ਤੋਂ ਦਸਤਖਤ ਵੀ ਕਰਵਾਉਂਦਾ ਰਿਹਾ। ਇਹ ਸਿੱਖ ਬਖਤਾ ਅਰੋੜਾ ਜਲਾਲਪੁਰੀ ਪਰਗਨੇ ਹਸਨ ਅਬਦਾਲ ਤੋਂ ਪੋਥਾ ਲਿਆਇਆ ਦੱਸਿਆ ਗਿਆ ਹੈ। ਲਿਖਾਰੀ ਲਿਖਦਾ ਹੈ ਕਿ ਬਖਤੇ ਵਾਲੇ ਪੋਥੇ ਵਿਚੋਂ ਜੋ ਬਾਣੀ ਗੁਰੂ ਜੀ ਨੇ ਲਿਖਣੀ ਚਾਹੀ, ਉਹ ਲਿਖ ਕੇ ਪੋਥਾ ਉਸ ਨੂੰ ਵਾਪਸ ਮੋੜ ਦਿੱਤਾ।


ਭਾਈ ਬਖਤੇ ਵਾਲੀ ਕਹਾਣੀ ਦਾ ਕੋਈ ਆਧਾਰ ਨਹੀਂ ਹੈ। ਕਾਰਨ ਇਹ ਹਨ,

1. ਭਾਈ ਬਖਤਾ ਜੇ 25 ਸਾਲ ਦੀ ਉਮਰੇ ਪਹਿਲੇ ਗੁਰੂ ਜੀ ਦੀਆਂ ਇਤਿਹਾਸਕ ਫੇਰੀਆਂ ਤੋਂ ਪਿੱਛੋਂ ਕਰਤਾਰਪੁਰ ਆਇਆ ਮੰਨਿਆ ਜਾਵੇ ਤਾਂ ਉਸ ਦੀ ਉਮਰ ਆਦਿ ਬੀੜ ਦੀ ਲਿਖਾਈ ਸੰਨ 1604 ਸਮੇਂ 108 ਸਾਲ ਦੀ ਬਣਦੀ ਹੈ, ਜਿਸ ਵਿਚੋਂ ਉਸ ਨੇ 83 ਸਾਲ ਪਹਿਲੇ 4 ਗੁਰੂ ਪਾਤਿਸ਼ਾਹਾਂ ਦੇ ਹਜ਼ੂਰ ਬਾਣੀ ਦੇ ਉਤਾਰੇ ਕਰਨ ਵਿਚ ਬਿਤਾਏ। ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਸਿੱਖਾਂ ਦੇ ਨਾਂਵਾਂ ਦਾ ਜ਼ਿਕਰ ਕਰਦਿਆਂ ਕਿਤੇ ਬਖਤੇ ਦਾ ਨਾਂ ਨਹੀਂ ਲਿਖਿਆ ਅਤੇ ਨਾ ਹੀ ਏਡੇ ਉਘੇ ਅਖੌਤੀ ਦਰਸ਼ਨੀ ਸਿੱਖ ਦਾ ਜ਼ਿਕਰ ਤਵਾਰੀਖ ਦੇ ਲਿਖਾਰੀ ਤੋਂ ਬਿਨਾ ਕਿਸੇ ਹੋਰ ਨੇ ਆਪਣੀਆਂ ਲਿਖਤਾਂ ਵਿਚ ਕੀਤਾ ਹੈ।

2. ਭਾਈ ਬਖਤਾ ਪਹਿਲੇ 4 ਗੁਰੂ ਪਾਤਿਸ਼ਾਹਾਂ ਦੀ ਬਾਣੀ ਤਾਂ ਆਪ ਜਾ ਕੇ ਕਾਗਜ਼ਾਂ ਉਤੇ ਉਤਾਰਦਾ ਰਿਹਾ, ਪਰ ਪੰਜਵੇਂ ਗੁਰੂ ਜੀ ਕੋਲ ਬਾਣੀ ਦਾ ਉਤਾਰਾ ਕਰਨ ਉਹ ਕਿਉਂ ਨਹੀਂ ਆਇਆ? ਕੀ ਉਸ ਦਾ ਬਾਣੀ ਦੇ ਉਤਾਰੇ ਕਰਨ ਦਾ ਚਾਅ ਮੁੱਕ ਗਿਆ ਸੀ? ਕੀ ਉਸ ਨੂੰ ਪੰਜਵੇਂ ਗੁਰੂ ਜੀ ਦੀ ਬਾਣੀ ਨਾਲ ਕੋਈ ਪਿਆਰ ਨਹੀਂ ਸੀ?

3. ਗੁਰੂ ਨਾਨਕ ਸਾਹਿਬ ਤਾਂ ਇਤਿਹਾਸਕ ਫੇਰੀਆਂ ਤੋਂ ਪਿੱਛੋਂ ਵੀ ਦੂਰ-ਨੇੜੇ ਸਤਿਨਾਮ ਦਾ ਉਪਦੇਸ਼ ਦੇਣ ਜਾਂਦੇ ਰਹੇ, ਪਰ ਬਖਤੇ ਦਾ ਕਿਸੇ ਨੇ ਜ਼ਿਕਰ ਨਹੀਂ ਕੀਤਾ ਕਿ ਉਹ ਵੀ ਨਾਲ ਜਾਂਦਾ ਹੁੰਦਾ ਸੀ। ਕੇਵਲ ਭਾਈ ਮਰਦਾਨੇ ਦਾ ਹੀ ਹਰ ਥਾਂ ਗੁਰੂ ਜੀ ਦਾ ਸਾਥੀ ਬਣਨ ਦਾ ਜ਼ਿਕਰ ਹੈ।

4. ਜੇ ਬਾਣੀ ਖਿਲਰੀ ਪਈ ਸੀ ਅਤੇ ਗੁਰੂ ਜੀ ਆਪਣੇ ਕੋਲ ਲਿਖ ਕੇ ਨਹੀਂ ਸਨ ਰੱਖਦੇ ਤਾਂ ਭਾਈ ਬਖਤੇ ਨੇ ਉਹ ਬਾਣੀ ਕਿੱਥੋਂ ਉਤਾਰੀ, ਜੋ ਗੁਰੂ ਨਾਨਕ ਸਾਹਿਬ ਨੇ ਆਪਣੇ ਇਤਿਹਾਸਕ ਸਫਰਾਂ ਸਮੇਂ ਲੋਕਾਂ ਨੂੰ ਸਮਝਾਉਣ ਲਈ ਗਾਈ ਸੀ?



5. ਜੇ ਬਖਤੇ ਕੋਲ ਸਾਰੀ ਹੀ ਬਾਣੀ ਸੀ ਅਤੇ ਗੁਰੂ ਪਾਤਿਸ਼ਾਹਾਂ ਦੇ ਦਸਤਖਤ ਵੀ ਨਾਲ ਕਰਵਾਏ ਸਨ ਤਾਂ ਪੰਜਵੇਂ ਗੁਰੂ ਜੀ ਨੂੰ ਚੋਣਵੀਂ ਬਾਣੀ ਰੱਖ ਕੇ ਬਾਕੀ ਕਿਉਂ ਮੋੜਨੀ ਪਈ? ਕੀ ਬਾਕੀ ਮੋੜੀ ਬਾਣੀ ਨਕਲੀ ਇਕੱਠੀ ਕੀਤੀ ਹੋਈ ਸੀ?

ਸੋ, ਜਾਹਰ ਹੈ ਕਿ ਭਾਈ ਬਖਤੇ ਨੂੰ 'ਤਵਾਰੀਖ ਖਾਲਸਾ' ਦੇ ਲਿਖਾਰੀ ਨੇ ਇਸ ਲਈ ਸਿਰਜਿਆ ਕਿ ਉਹ 'ਗੁਰਬਿਲਾਸ ਪਾਤਿਸ਼ਾਹੀ 6' ਅਤੇ 'ਸੂਰਜ ਪ੍ਰਕਾਸ਼' ਵਿਚ ਲਿਖੇ ਤੱਥਾਂ ਤੋਂ ਕੋਈ ਵੱਖਰੀ ਗੱਲ ਲਿਖ ਸਕੇ। 'ਤਵਾਰੀਖ ਖਾਲਸਾ' ਦੇ ਲਿਖਾਰੀ ਨੇ ਸੋਚਿਆ ਕਿ ਭਾਈ ਮੋਹਨ ਤੋਂ ਲਿਆਂਦੀਆਂ ਦੋ ਪੋਥੀਆਂ ਤੋਂ ਤਾਂ ਐਡਾ ਵੱਡਾ ਗ੍ਰੰਥ (ਆਦਿ ਬੀੜ) ਨਹੀਂ ਤਿਆਰ ਹੋ ਸਕਦਾ ਤੇ ਕਿਉਂ ਨਾ ਬਾਣੀ ਨੂੰ ਖਿਲਰੀ ਸਮਝ ਕੇ ਉਸ ਨੂੰ ਇਕੱਠਾ ਕੀਤੇ ਜਾਣ ਦਾ ਢੌਂਗ ਰਚੀਏ। ਭਗਤ ਬਾਣੀ ਵੀ ਤਾਂ ਬੀੜ ਵਿਚ ਸ਼ਾਮਲ ਹੈ ਹੀ।

ਵਿਚਾਰ ਅਧੀਨ ਤਿੰਨਾਂ ਲਿਖਾਰੀਆਂ ਦੀਆਂ ਲਿਖਤਾਂ ਵਿਚ ਗੁਰਬਾਣੀ ਨੂੰ ਇਕੱਠਾ ਕਰਨ ਦੀ ਕਹਾਣੀ ਕੋਰਾ ਝੂਠ ਹੈ, ਜਿਸ ਤੋਂ ਲਿਖਾਰੀਆਂ ਦੀ ਗੁਰਬਾਣੀ ਦੀ ਮਹਾਨਤਾ ਪੱਖੋਂ ਘੋਰ ਅਗਿਆਨਤਾ ਨਜ਼ਰੀਂ ਪੈਂਦੀ ਹੈ। ਸਿੱਖਾਂ ਵਾਲੇ ਨਾਂ ਵਰਤ ਕੇ ਪੁਰਾਤਨ ਲਿਖਾਰੀਆਂ ਨੇ ਆਪਣੇ ਲਿਖੇ ਗ੍ਰੰਥਾਂ ਵਿਚ ਸਿੱਖਾਂ ਦਾ ਅਸਲੀ ਇਤਿਹਾਸ ਵਿਗਾੜ ਦਿੱਤਾ ਹੋਇਆ ਹੈ।

ਗੁਰਬਾਣੀ ਗਿਆਨ

# ਇਹੁ ਮਨੁ ਸੰਤਨ ਕੈ ਬਲਿਹਾਰ

**ਰਾਮਕਲੀ ਮਹਲਾ ੫**
ਭੇਟਤ ਸੰਗਿ ਪਾਰਬ੍ਰਹਮੁ ਚਿਤਿ ਆਇਆ॥
ਸੰਗਤਿ ਕਰਤ ਸੰਤੋਖੁ ਮਨਿ ਪਾਇਆ॥
ਸੰਤਹ ਚਰਨ ਮਾਥਾ ਮੇਰੋ ਪਉਤ॥
ਅਨਿਕ ਬਾਰ ਸੰਤਹ ਡੰਡਉਤ॥
ਇਹੁ ਮਨੁ ਸੰਤਨ ਕੈ ਬਲਿਹਾਰੀ॥
ਜਾ ਕੀ ਓਟ ਗਹੀ ਸੁਖੁ ਪਾਇਆ
ਰਾਖੇ ਕਿਰਪਾ ਧਾਰੀ॥ ਰਹਾਉ॥
ਸੰਤਹ ਚਰਣ ਧੋਇ ਧੋਇ ਪੀਵਾ॥
ਸੰਤਹ ਦਰਸੁ ਪੇਖਿ ਪੇਖਿ ਜੀਵਾ॥
ਸੰਤਹ ਕੀ ਮੇਰੈ ਮਨਿ ਆਸ॥
ਸੰਤ ਹਮਾਰੀ ਨਿਰਮਲ ਰਾਸਿ॥
ਸੰਤ ਹਮਾਰਾ ਰਾਖਿਆ ਪੜਦਾ॥
ਸੰਤ ਪ੍ਰਸਾਦਿ ਮੋਹਿ ਕਬਹੂ ਨ ਕੜਦਾ॥
ਸੰਤਹ ਸੰਗੁ ਦੀਆ ਕਿਰਪਾਲ॥
ਸੰਤ ਸਹਾਈ ਭਏ ਦਇਆਲ॥
ਸੁਰਤਿ ਮਤਿ ਬੁਧਿ ਪਰਗਾਸੁ॥
ਗਹਿਰ ਗੰਭੀਰ ਅਪਾਰ ਅਪਾਰ ਗੁਣਤਾਸੁ॥
ਜੀਅ ਜੰਤ ਸਗਲੇ ਪ੍ਰਤਿਪਾਲ॥
ਨਾਨਕ ਸੰਤਹਿ ਦੇਖਿ ਨਿਹਾਲ॥

ਗੁਰੂ ਅਰਜਨ ਦੇਵ ਆਖਦੇ ਹਨ, ਹੇ ਭਾਈ! ਪ੍ਰਭੂ ਦੇ ਪਿਆਰੇ ਸੰਤ ਜਨਾਂ ਨਾਲ ਮਿਲਦਿਆਂ ਪਰਮਾਤਮਾ ਮੇਰੇ ਚਿਤ ਵਿਚ ਆ ਵੱਸਿਆ ਹੈ ਅਤੇ ਪ੍ਰਭੂ ਪਿਆਰਿਆਂ ਦੀ ਸੰਗਤ ਕਰਦਿਆਂ ਮੈਂ ਮਨ ਵਿਚ ਸੰਤੋਖ ਪ੍ਰਾਪਤ ਕਰ ਲਿਆ ਹੈ। ਪ੍ਰਭੂ ਮਿਹਰ ਕਰਨ, ਮੇਰਾ ਮੱਥਾ ਸੰਤ ਜਨਾਂ ਦੇ ਚਰਨਾਂ 'ਤੇ ਪਿਆ ਰਹੇ। ਹੇ ਭਾਈ, ਮੈਂ ਅਨੇਕਾਂ ਵਾਰ ਸੰਤ ਜਨਾ ਨੂੰ ਡੰਡਉਤ ਭਾਵ ਨਮਸਕਾਰ ਕਰਦਾ ਹਾਂ।

ਇਹੁ ਮਨੁ ਸੰਤਨ ਕੈ ਬਲਿਹਾਰੀ॥
ਜਾ ਕੀ ਓਟ ਗਹੀ ਸੁਖੁ ਪਾਇਆ
ਰਾਖੇ ਕਿਰਪਾ ਧਾਰੀ॥ ਰਹਾਉ॥

ਰਹਾਉ ਦੀ ਇਸ ਪੰਕਤੀ ਵਿਚ ਸਤਿਗੁਰੂ ਪਾਤਸ਼ਾਹ ਉਪਦੇਸ਼ ਕਰਦੇ ਹਨ, ਹੇ ਭਾਈ! ਪ੍ਰਭੂ ਦੇ ਪਿਆਰੇ ਸੰਤ ਜਨਾ ਤੋਂ ਮੇਰਾ ਇਹ ਮਨ ਸਦਕੇ ਜਾਂਦਾ ਹੈ, ਜਿਨ੍ਹਾਂ ਦਾ ਓਟ ਆਸਰਾ ਲੈ ਕੇ ਮੈਂ ਆਤਮਕ ਅਨੰਦ ਹਾਸਲ ਕੀਤਾ ਹੈ। ਹੇ ਭਾਈ, ਪ੍ਰਭੂ ਦੇ ਪਿਆਰੇ ਸੰਤ ਜਨ ਹੀ ਕਿਰਪਾ ਕਰਕੇ ਜਗਤ ਦੇ ਵਿਕਾਰਾਂ ਤੋਂ ਰੱਖਿਆ ਕਰਦੇ ਹਨ ਅਤੇ ਪ੍ਰਭੂ ਨਾਲ ਜੋੜਦੇ ਹਨ।

ਸੰਤਹ ਚਰਣ ਧੋਇ ਧੋਇ ਪੀਵਾ॥
ਸੰਤਹ ਦਰਸੁ ਪੇਖਿ ਪੇਖਿ ਜੀਵਾ॥
ਸੰਤਹ ਕੀ ਮੇਰੈ ਮਨਿ ਆਸ॥
ਸੰਤ ਹਮਾਰੀ ਨਿਰਮਲ ਰਾਸਿ॥

ਗੁਰਦੇਵ ਆਖਦੇ ਹਨ, ਮਿਹਰਬਾਨ ਪ੍ਰਭੂ ਕਿਰਪਾ ਕਰੇ ਤਾਂ ਮੈਂ ਉਸ ਦੇ ਪਿਆਰੇ ਸੰਤ ਜਨਾਂ ਦੇ ਚਰਨ ਧੋ ਧੋ ਕੇ ਪੀਂਦਾ ਰਹਾਂ। ਭਾਈ, ਸੰਤ ਜਨਾਂ ਦੇ ਦਰਸ਼ਨ ਕਰ ਕਰਕੇ ਮੈਨੂੰ ਆਤਮਕ ਜੀਵਨ ਮਿਲਦਾ ਹੈ; ਮੇਰੇ ਮਨ ਵਿਚ ਸੰਤ ਜਨਾਂ ਵਲੋਂ ਸਹਾਇਤਾ ਦਾ ਧਰਵਾਸ ਬਣਿਆ ਰਹਿੰਦਾ ਹੈ। ਹੇ ਭਾਈ, ਸੰਤ ਜਨਾਂ ਦੀ ਸੰਗਤ ਹੀ ਮੇਰੇ ਲਈ ਜ਼ਿੰਦਗੀ ਦਾ ਪਵਿੱਤਰ ਸਰਮਾਇਆ ਹੈ।

ਸੰਤ ਹਮਾਰਾ ਰਾਖਿਆ ਪੜਦਾ॥
ਸੰਤ ਪ੍ਰਸਾਦਿ ਮੋਹਿ ਕਬਹੂ ਨ ਕੜਦਾ॥
ਸੰਤਹ ਸੰਗੁ ਦੀਆ ਕਿਰਪਾਲ॥
ਸੰਤ ਸਹਾਈ ਭਏ ਦਇਆਲ॥

ਗੁਰਦੇਵ ਆਖਦੇ ਨੇ, ਹੇ ਭਾਈ! ਪ੍ਰਭੂ ਦੇ ਪਿਆਰਿਆਂ ਨੇ ਮੇਰਾ ਪੜਦਾ ਢਕ ਲਿਆ ਹੈ ਭਾਵ ਵਿਕਾਰਾਂ ਤੋਂ ਬਚਾ ਕੇ ਮੇਰੀ ਇੱਜਤ ਰੱਖ ਲਈ ਹੈ; ਸੰਤ ਜਨਾਂ ਦੀ ਕਿਰਪਾ ਨਾਲ ਮੈਨੂੰ ਕਦੇ ਕੋਈ ਫਿਕਰ ਨਹੀਂ ਸਤਾਉਂਦਾ। ਮਿਹਰਾਂ ਦੇ ਸੋਮੇ ਮਿਹਰਬਾਨ ਪ੍ਰਭੂ ਜੀ ਨੇ ਆਪ ਹੀ ਮੈਨੂੰ ਸੰਤਾਂ ਦਾ ਸੰਗ ਬਖਸ਼ਿਆ ਹੈ। ਜਦੋਂ ਸੰਤ ਜਨ ਸਹਾਈ ਹੁੰਦੇ ਹਨ ਤਾਂ ਪ੍ਰਭੂ ਦਇਆਵਾਨ ਹੋ ਜਾਂਦਾ ਹੈ।

ਸੁਰਤਿ ਮਤਿ ਬੁਧਿ ਪਰਗਾਸੁ॥
ਗਹਿਰ ਗੰਭੀਰ ਅਪਾਰ ਅਪਾਰ ਗੁਣਤਾਸੁ॥
ਜੀਅ ਜੰਤ ਸਗਲੇ ਪ੍ਰਤਿਪਾਲ॥
ਨਾਨਕ ਸੰਤਹਿ ਦੇਖਿ ਨਿਹਾਲ॥

ਹੇ ਭਾਈ, ਸੰਤ ਜਨਾਂ ਦੀ ਸੰਗਤਿ ਨਾਲ ਮੇਰੀ ਸੁਰਤਿ ਵਿਚ, ਮੱਤ ਵਿਚ, ਬੁਧਿ ਵਿਚ, ਉਚੇ ਆਤਮਕ ਜੀਵਨ ਦੀ ਚਾਨਣ ਹੋ ਜਾਂਦਾ ਹੈ। 'ਨਾਨਕ ਸੰਤਹ ਦੇਖਿ ਨਿਹਾਲ॥' ਨਾਨਕ ਆਖਦਾ ਹੈ, ਅਥਾਹ ਭਾਵ ਜਿਸ ਦੀ ਥਾਹ ਨਾ ਪਾਈ ਜਾ ਸਕੇ, ਬੇਅੰਤ ਗੁਣਾਂ ਦਾ ਖਜਾਨਾ ਅਤੇ ਸਾਰੇ ਹੀ ਜਗਤ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ ਉਹ ਸਵਾਮੀ ਮਿਹਰਬਾਨ ਮਾਲਕ ਪ੍ਰਭੂ ਪਰਮਾਤਮਾ ਆਪਣੇ ਸੰਤ ਜਨਾਂ ਨੂੰ ਦੇਖ ਦੇਖ ਕੇ ਅਤਿਅੰਤ ਪ੍ਰਸੰਨ ਹੁੰਦਾ ਹੈ। ਆਓ, ਉਸ ਦੇ ਨਾਮ ਦਾ ਸਿਮਰਨ ਕਰੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਪੰਜਾਬ ਦੇ ਨੌਜਵਾਨਾਂ ਨੂੰ ਚੰਬੜੀਆਂ ਅਲਾਮਤਾਂ ਦਾ ਕਾਰਨ ਮੌਜੂਦਾ ਪੂੰਜੀਵਾਦੀ ਵਿਦਿਅਕ (ਸੋਚ) ਪ੍ਰਬੰਧ

**ਗੁਰਬਚਨ ਸਿੰਘ**
ਫੋਨ: 91-98156-98451

ਕੁਝ ਲੋਕਾਂ ਨੂੰ ਇਹ ਗੱਲ ਪੜ੍ਹਨ-ਸੁਣਨ ਵਿਚ ਬੜੀ ਅਜੀਬ ਲੱਗ ਸਕਦੀ ਹੈ ਕਿ ਪੰਜਾਬ ਵਿਚ ਬੇਰੁਜਗਾਰੀ, ਨਸ਼ੇੜੀਪੁਣੇ ਤੇ ਪਰਵਾਸ ਦਾ ਵੱਡਾ ਕਾਰਨ ਸਾਡਾ ਵਿਦਿਅਕ ਪ੍ਰਬੰਧ ਹੈ। ਇਸ ਸੱਚਾਈ ਨੂੰ ਜਾਣਨ ਲਈ ਇਹ ਸਮਝਣਾ ਜਰੂਰੀ ਹੈ ਕਿ ਵਿਦਿਆ ਕੀ ਹੈ?

ਵਿਦਿਆ ਕੁਦਰਤੀ ਨੇਮਾਂ ਭਾਵ ਵਿਗਿਆਨਕ ਗਿਆਨ ਤੇ ਮਨੁਖ ਜਾਤੀ ਦੇ ਹਜ਼ਾਰਾਂ ਸਾਲ ਦੇ ਅਨੁਭਵੀ ਤਜ਼ਰਬਿਆਂ ਵਿਚੋਂ ਪੁਸ਼ਟ ਹੋਏ ਗਿਆਨ ਦੀ ਜਾਣਕਾਰੀ ਤੇ ਇਸ ਜਾਣਕਾਰੀ ਨੂੰ ਆਪਣੀ ਚੇਤਨਾ ਵਿਚ ਵਸਾਉਣ ਦੀ ਜੁਗਤ ਹੈ। ਇਹ ਜਾਣਕਾਰੀ ਜਦੋਂ ਮਨੁਖ ਦੇ ਆਪਣੇ ਵਿਹਾਰ ਰਾਹੀਂ ਪੁਸ਼ਟ ਹੁੰਦੀ ਹੈ ਤਾਂ ਇਹ ਮਨੁਖ ਦੀ ਆਪਣੀ ਅਨੁਭਵੀ ਸਿਆਣਪ (ਚੇਤੰਨਤਾ) ਦਾ ਹਿੱਸਾ ਬਣਦੀ ਹੈ। ਜਦੋਂ ਮਨੁਖ ਇਸ ਜਾਣਕਾਰੀ ਨੂੰ ਚੇਤੰਨ ਰੂਪ ਵਿਚ ਅਪਨਾਉਂਦਾ ਹੈ ਤਾਂ ਇਹ ਸਦਾ ਲਈ ਮਨੁਖੀ ਹੋਂਦ ਦਾ ਅੰਗ ਬਣ ਜਾਂਦੀ ਹੈ।

ਪੀੜ੍ਹੀ ਦਰ ਪੀੜ੍ਹੀ ਇਕੱਠਾ ਹੋਇਆ ਇਹ ਸਮੂਹਕ ਅਨੁਭਵੀ ਗਿਆਨ ਫਿਲਾਸਫੀ ਦੀਆਂ ਧਾਰਨਾਵਾਂ ਰਾਹੀਂ ਪ੍ਰਗਟ ਹੁੰਦਾ ਹੈ ਅਤੇ ਇਹ ਗਿਆਨ ਹੀ ਵਿਦਿਆ ਦਾ ਆਧਾਰ ਹੈ। ਇਸੇ ਕਰਕੇ ਵਿਦਿਆ ਦਾ ਤਤ ਸਮਾਜੀ ਹੈ, ਵਿਦਿਆ ਪਰਉਪਕਾਰੀ ਹੈ। ਇਹ ਵਿਦਿਆ ਹੀ ਮਨੁਖ ਨੂੰ ਸੋਝੀ ਦਿੰਦੀ ਹੈ ਕਿ ਉਸ ਦਾ ਕੁਦਰਤ, ਬਾਕੀ ਮਨੁਖਾਂ ਤੇ ਹੋਰਨਾਂ ਜੀਵ-ਜੰਤੂਆਂ ਨਾਲ ਕੀ ਰਿਸ਼ਤਾ ਹੈ? ਕਾਰਲ ਮਾਰਕਸ ਨੇ ਵਿਦਿਆ ਦੇ ਮੰਤਵ ਨੂੰ ਸਪਸ਼ਟ ਕਰਦਿਆਂ ਲਿਖਿਆ ਹੈ, ''ਰਾਜ ਖੁਦ ਲੋਕਾਂ ਨੂੰ ਆਪਣਾ ਅੰਗ ਬਣਾ ਕੇ, ਵਿਅਕਤੀ ਦੇ ਉਦੇਸ਼ਾਂ ਨੂੰ ਸਮੂਹ ਦੇ ਨਿਸ਼ਾਨਿਆਂ ਵਿਚ ਢਾਲ ਕੇ, ਮਨੁਖ ਦੀਆਂ ਉਜੱਡ ਬਿਰਤੀਆਂ ਨੂੰ ਸਦਾਚਾਰਕ ਬਿਰਤੀਆਂ ਵਿਚ ਬਦਲ ਕੇ, ਕੁਦਰਤੀ ਆਜ਼ਾਦੀ ਨੂੰ ਆਤਮਿਕ ਆਜ਼ਾਦੀ ਵਿਚ ਬਦਲ ਕੇ ਇਸ ਤਰ੍ਹਾਂ ਸਿਖਿਅਤ ਕਰੇ ਕਿ ਹਰ ਵਿਅਕਤੀ ਆਪਣਾ ਭਲਾ ਸਰਬਤ ਦੇ ਭਲੇ ਵਿਚੋਂ ਲੋਚੇ ਅਤੇ ਸਰਬਤ ਨੂੰ ਆਪਣੇ ਮਨ ਦੇ ਚੌਖਟੇ ਵਿਚੋਂ ਪਛਾਣੇ।''...''ਜਦੋਂ ਕਿ (ਪੂੰਜੀਵਾਦੀ) ਅਖਬਾਰ ਲੋਕਾਂ ਦੇ ਸਮੂਹ ਨੂੰ ਇਕ-ਦੂਜੇ ਨੂੰ ਸਿਖਿਅਤ ਕਰਨ ਵਾਲੇ ਆਜ਼ਾਦ ਮਨੁਖਾਂ ਦੀ ਸੰਗਤ ਦੇ ਰੂਪ ਵਿਚ ਨਾ ਵੇਖ ਕੇ ਬਾਲਗਾਂ ਦੀ ਇਕ ਭੀੜ ਦੇ ਰੂਪ ਵਿਚ ਵੇਖਦਾ ਹੈ, ਜਿਨ੍ਹਾਂ ਦੀ ਹੋਣੀ ਉਪਰੋਂ ਸਿਖਿਅਤ ਹੋਣਾ ਤੇ ਇਕ ਛੋਟੇ ਪੁਰਾਣੇ ਸਕੂਲੀ ਕਮਰੇ ਵਿਚੋਂ ਇਕ ਵੱਡੇ ਆਧੁਨਿਕ ਸਕੂਲ ਦੇ ਹਾਲ ਵਿਚ ਦਾਖਲ ਹੋਣਾ ਹੈ।''

ਵਿਦਿਆ ਬਾਰੇ ਫ੍ਰੈਡਰਿਕ ਏਂਗਲਜ ਦੀ ਧਾਰਨਾ ਹੈ, ''ਆਪਣੀ ਵਿਦਿਆ ਦੌਰਾਨ ਫਜ਼ੂਲ ਪੰਡਤਾਊ ਗਿਆਨ ਦੇ ਕੋਠੇ ਭਰਨ ਵਾਲਾ ਮਨੁਖ ਕੋਈ ਸਿਆਣਾ ਮਨੁਖ ਨਹੀਂ। ਪੜ੍ਹਾਈ ਦੌਰਾਨ ਜ਼ਿੰਦਗੀ ਦੇ ਗੁੱਝੇ ਨੇਮ ਇਕ ਬੰਦ ਕਿਤਾਬ ਵਾਂਗ ਉਸ ਦੀ ਸੂਝ ਦਾ ਹਿੱਸਾ ਨਹੀਂ ਬਣਦੇ। ਬਨਸਪਤੀ ਵਿਗਿਆਨ ਦੀਆਂ ਬਹੁਤ ਸਾਰੀਆਂ ਕਿਤਾਬਾਂ ਪੜ੍ਹਨ ਪਿਛੋਂ ਵੀ ਜੋ ਮਨੁਖ ਤੁਹਾਨੂੰ ਕੱਟੜ ਅਸੂਲਾਂ ਦਾ ਗਿਆਨ ਦਿੰਦਾ ਹੈ, ਪਰ ਖੁਦ ਉਗਦੇ ਘਾਹ ਦੀ ਆਵਾਜ਼ ਨਹੀਂ ਸੁਣ ਸਕਦਾ, ਉਹ ਤੁਹਾਨੂੰ ਕਦੀ ਵੀ ਸਹੀ ਸੂਝ ਨਹੀਂ ਦੇ ਸਕਦਾ। ਵਿਦਿਆ ਦੇ ਜ਼ਰਾਸੀਮ ਮਨੁਖ ਦੇ ਧੁਰ ਹਿਰਦੇ ਅੰਦਰ ਛੁਪੇ ਹੁੰਦੇ ਹਨ। ਮਨੁਖੀ ਜ਼ਿੰਦਗੀ ਜਿਉਣ ਦੀ ਕਲਾ ਆਪਣੇ ਅੰਦਰੋਂ ਖੋਜਿਆਂ ਹੀ ਪ੍ਰਾਪਤ ਹੁੰਦੀ ਹੈ। ਦੀਵੇ ਦੇ ਚਾਨਣ ਵਿਚ ਅਧੀ-ਅਧੀ ਰਾਤ ਤਕ ਪੜ੍ਹ ਕੇ ਵੀ ਮਨੁਖੀ ਜਜ਼ਬਿਆਂ ਨੂੰ ਕਾਬੂ ਕਰਨ ਦੇ ਭੇਦ ਪਤਾ ਨਹੀਂ ਲਗਦੇ। ਜੋ ਮਨੁਖ ਆਪਣੇ ਦਿਲ ਦੀ ਆਵਾਜ਼ ਸੁਣਦਾ ਹੈ, ਪਰ ਇਸ ਨੂੰ ਮਿਥਿਆ ਸਮਝ ਕੇ ਜਿਦੀ ਢੰਗ ਨਾਲ ਨਕਾਰ ਦਿੰਦਾ ਹੈ, ਉਹ ਜ਼ਿੰਦਗੀ ਜਿਉਣ ਦੀ ਜੁਗਤ ਨਹੀਂ ਜਾਣ ਸਕਦਾ। ਸਾਰੇ ਨੇਕ ਤੇ ਸਿਆਣੇ ਸ਼ਬਦਾਂ ਵਿਚ ਸਭ ਤੋਂ ਵਧ ਮੁਕੰਮਲ ਮਨੁਖੀ ਸੂਝ ਭਰੀ ਹੋਈ ਹੈ।''

ਵਿਦਿਆ ਦਾ ਮੰਤਵ ਗਿਆਨੀ ਭਾਵ ਚੇਤੰਨ ਮਨੁਖ ਪੈਦਾ ਕਰਨਾ ਹੈ। ਗਿਆਨ ਦਾ ਭਾਵ ਸਕੂਲੀ ਵਿਦਿਆ ਜਾਂ ਕਾਲਜਾਂ ਯੂਨੀਵਰਸਿਟੀਆਂ ਦੀਆਂ ਡਿਗਰੀਆਂ ਦੀ ਪ੍ਰਾਪਤੀ ਨਹੀਂ ਸਗੋਂ ਚੇਤੰਨ ਮਨੁਖੀ ਹੋਂਦ ਹੈ ਅਤੇ ਕਾਰਲ ਮਾਰਕਸ ਦੇ ਕਥਨ ਅਨੁਸਾਰ ''ਮਨੁਖ ਦੀ ਚੇਤੰਨ ਹੋਂਦ ਦਾ ਪ੍ਰਗਟ ਰੂਪ, ਉਸ ਦੀ ਜੀਵਨ ਜੁਗਤ ਹੈ।'' ਭਾਵ ਕਿਸੇ ਮਨੁਖ ਦੀ ਚੇਤਨਾ ਦਾ ਪੈਮਾਨਾ ਉਸ ਦੀ ਕਹਿਣੀ ਨਹੀਂ ਸਗੋਂ ਉਸ ਦੀ ਕਰਨੀ ਹੈ। ਮਨੁਖ ਦੀ ਕਹਿਣੀ ਅਤੇ ਕਰਨੀ ਦੇ ਸੁਮੇਲ ਤੋਂ ਹੀ ਮਨੁਖ ਦੀ ਸੋਚ ਅਤੇ ਹੋਂਦ ਦੇ ਰਿਸ਼ਤੇ ਦਾ ਪਤਾ ਲਗਦਾ ਹੈ। ਸੋਚ ਅਤੇ ਹੋਂਦ ਦੀ ਇਕਸੁਰਤਾ ਹੀ ਕਹਿਣੀ ਤੇ ਕਰਨੀ ਦੀ ਸਾਂਝ ਹੈ। ਚੇਤੰਨ ਹੋਂਦ ਦਾ ਭਾਵ ਸੋਚ ਅਤੇ ਹੋਂਦ ਦੀ ਚੇਤੰਨ ਇਕਸੁਰਤਾ ਹੈ। ਗੁਰਮਤਿ ਦੀ ਧਾਰਨਾ ਹੈ, 'ਗਿਆਨੀ ਹੋਇ ਜੋ ਚੇਤੰਨ ਹੋਇ' ਅਤੇ ਕਾਰਲ ਮਾਰਕਸ ਦਾ ਕਥਨ ਹੈ, ਚੇਤੰਨ ਮਨੁਖੀ ਹੋਂਦ ਹੀ ਚੇਤਨਾ ਹੈ। ਚੇਤੰਨ ਹੋਂਦ ਹੀ ਸਮਾਜੀ ਸਦਾਚਾਰ ਦੀ ਜਨਕ ਹੈ।

> **ਮੌਜੂਦਾ ਵਿਦਿਅਕ ਪ੍ਰਬੰਧ ਨੇਕ ਸਦਾਚਾਰੀ ਮਨੁਖ ਨਹੀਂ ਸਗੋਂ ਹਥੀਂ ਕਿਰਤ ਤੋਂ ਟੁਟੀਆਂ ਪੈਸਾ ਕਮਾਉਣ ਵਾਲੀਆਂ ਮਸ਼ੀਨਾਂ ਪੈਦਾ ਕਰ ਰਿਹਾ ਹੈ। ਇਹ ਮਸ਼ੀਨਾਂ ਵਧ ਤੋਂ ਵਧ ਪੈਸੇ ਕਮਾਉਣ ਵਾਲੀਆਂ ਚਿਟ ਕਪੜੀਆ ਨੌਕਰੀਆਂ ਭਾਲਦੀਆਂ ਹਨ। ਮੌਜੂਦਾ ਮੁਨਾਫੇ-ਮੁਕਾਬਲੇ ਤੇ ਅਨਾਰਕੀ ਵਾਲੇ ਪੂੰਜੀਵਾਦੀ ਪ੍ਰਬੰਧ ਹੇਠ ਸਭ ਨੂੰ ਇਹ ਰੁਜਗਾਰ ਮਿਲਣੇ ਅਸੰਭਵ ਹਨ। ਜਦੋਂ ਇਹ ਰੁਜਗਾਰ ਨਹੀਂ ਮਿਲਦੇ ਤਾਂ ਇਹ ਮਸ਼ੀਨਾਂ ਆਪਣੇ-ਆਪ ਨੂੰ ਬੇਰੁਜਗਾਰ ਸਮਝਦੀਆਂ ਹਨ। ਮੌਜੂਦਾ ਵਿਦਿਅਕ ਪ੍ਰਬੰਧ ਹਥੀਂ ਕਿਰਤ ਪ੍ਰਤੀ ਨਫਰਤ ਪੈਦਾ ਕਰਦਾ ਹੈ। ਹੱਥੀਂ ਕਿਰਤ ਤੋਂ ਟੁਟੀਆਂ ਇਨ੍ਹਾਂ ਬੇਰੁਜਗਾਰ ਮਸ਼ੀਨਾਂ ਨੂੰ ਜਦੋਂ ਮਨ ਚਾਹੇ ਰੁਜਗਾਰ ਨਹੀਂ ਮਿਲਦੇ ਤਾਂ ਫਿਰ ਇਹ ਨਿਰਾਸ਼ ਹੋ ਕੇ ਜਾਂ ਨਸ਼ੇੜੀ ਬਣਦੀਆਂ ਹਨ ਜਾਂ ਮਾਪਿਆਂ ਦੀ ਸੰਘੀ ਵਿਚ ਅੰਗੂਠਾ ਦੇ ਕੇ ਜਿਵੇਂ-ਕਿਵੇਂ ਪਰਦੇਸਾਂ ਵਲ ਕੂਚ ਕਰਦੀਆਂ ਹਨ।**

ਗਿਆਨੀ ਭਾਵ ਚੇਤੰਨ ਹੋਣ ਦਾ ਮੰਤਵ ਆਪਣੀਆਂ ਕੁਦਰਤੀ, ਭੌਤਿਕ ਅਤੇ ਜਜ਼ਬਾਤੀ ਲੋੜਾਂ ਦੀ ਪਛਾਣ ਕਰਨੀ ਤੇ ਉਨ੍ਹਾਂ ਅਨੁਸਾਰ ਆਪਣੇ ਜੀਵਨ ਦੀ ਵਿਉਂਤਬੰਦੀ ਕਰਨਾ ਹੈ। ਮਨੁਖ ਦਾ ਅਸਲੀ ਇਤਿਹਾਸਕ ਵਿਕਾਸ ਇਹੀ ਹੈ ਕਿ ਉਹ ਆਪਣੇ ਮਨ ਅਤੇ ਤਨ ਦਾ ਰਿਸ਼ਤਾ ਸੰਤੁਲਿਤ ਰਖਦਿਆਂ ਆਪਣੇ ਮਨੁਖੀ ਜਜ਼ਬਿਆਂ ਦਾ ਭਰਪੂਰ ਅਨੰਦ ਮਾਣੇ। ਗੁਰਮਤਿ ਜਦੋਂ ਮਨ ਨੂੰ ਸੱਦਾ ਦਿੰਦੀ ਹੈ, ''ਮਨੁ ਤੂ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥'' ਤੇ ਕਹਿੰਦੀ ਹੈ, ''ਮਨੁ ਕੀ ਮੈਲਿ ਨ ਤਨਿ ਤੇ ਜਾਤ॥'' ਜਾਂ ''ਇਸ ਦੇਹੀ ਕੀ ਬਹੁ ਸਾਧਨਾ ਕਰੈ॥ ਮਨ ਤੇ ਕਬਹੂੰ ਨ ਬਿਖਿਆ ਟਰੈ॥'' ਤਾਂ ਗੁਰਮਤਿ ਮਨ ਤੇ ਤਨ ਦੇ ਇਸ ਰਿਸ਼ਤੇ ਨੂੰ ਨਿਖੇੜ ਕੇ ਮਨ ਨੂੰ ਸਵੈਕਾਬੂ ਕਰਨ ਦੀ ਲੋੜ ਬਾਰੇ ਹੀ ਦੱਸ ਰਹੀ ਹੈ। ਸਪਸ਼ਟ ਹੈ ਕਿ ਮਨ ਦੀ ਮੈਲ ਤਨ ਜਾਂ ਸਰੀਰ ਦੇ ਧੋਣ ਨਾਲ ਖਤਮ ਨਹੀਂ ਹੁੰਦੀ ਸਗੋਂ ਮਨ ਦੀ ਮੈਲ ਖਤਮ ਕਰਨ ਲਈ ਮਨੁਖ ਦੇ ਚੇਤੰਨ ਵਿਕਾਸ ਦੀ ਲੋੜ ਹੈ। ਚੇਤੰਨ ਵਿਕਾਸ ਦਾ ਭਾਵ ਮਨੁਖ ਦਾ ਆਪਣੇ ਆਪੇ ਤੋਂ ਜਾਣੂ ਹੋਣਾ ਹੈ। ਚੇਤੰਨ ਤੌਰ 'ਤੇ ਪੂਰਨ ਵਿਕਸਿਤ ਮਨੁਖ ਹੀ ਆਪਣੇ ਵਿਕਾਰਾਂ ਤੋਂ ਖਹਿੜਾ ਛੁਡਾ ਕੇ ਅਤੇ ਆਪਣੇ ਜਜ਼ਬਿਆਂ 'ਤੇ ਕਾਬੂ ਪਾ ਕੇ ਆਪਣੀ ਕੁਦਰਤੀ ਮਨੁਖੀ ਹੋਂਦ ਦਾ ਭਰਪੂਰ ਅਨੰਦ ਮਾਣ ਸਕਦਾ ਹੈ; ਆਪਣੇ ਸੂਖਮ ਮਨੋਭਾਵਾਂ ਨੂੰ ਵਿਕਸਿਤ ਕਰ ਸਕਦਾ ਹੈ ਤੇ ਇਨ੍ਹਾਂ ਸੂਖਮ ਮਨੋਭਾਵਾਂ ਨਾਲ ਨਰੋਏ ਸਮਾਜੀ ਰਿਸ਼ਤੇ ਬਣਾ ਸਕਦਾ ਹੈ ਭਾਵ ਸਦਾਚਾਰੀ ਬਣ ਸਕਦਾ ਹੈ।

ਮਾਰਕਸ ਨੇ ਖਿਆਲੀ ਕਮਿਊਨਿਸਟਾਂ ਤੇ ਵਿਗਿਆਨਕ ਕਮਿਊਨਿਸਟਾਂ ਵਿਚਾਲੇ ਇਹੀ ਨਿਖੇੜਾ ਕੀਤਾ ਹੈ। ਖਿਆਲੀ ਕਮਿਊਨਿਸਟ ਆਪਣੇ ਦਿਮਾਗ 'ਚ ਕਮਿਊਨਿਸਟ ਸਮਾਜ ਦਾ ਇਕ ਸੰਕਲਪ ਘੜਦੇ ਹਨ ਤੇ ਉਸ ਨੂੰ ਹਕੀਕਤ ਵਿਚ ਲਾਗੂ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਦੇ ਮਨ ਵਿਚ ਅਜੋਕੇ (ਸਾਮਰਾਜੀ) ਸਮਾਜ ਦੀਆਂ ਖਪਤਕਾਰੀ ਵਸਤਾਂ, ਜੋ ਹੁਣ ਕੁਝ ਕੁ ਚੁਣਿੰਦਾ ਲੋਕਾਂ ਦੇ ਕੋਲ ਹਨ, ਸਭ ਕੋਲ ਹੋਣ ਦੀ ਸ਼ੁਭ ਇੱਛਾ ਪੈਦਾ ਹੁੰਦੀ ਹੈ। ਇਸੇ ਖਪਤਕਾਰੀ ਕਲਪਨਾ ਵਿਚੋਂ ਨਿਕਲੀ ਕਲਪਿਤ ਜ਼ਿੰਦਗੀ ਨੂੰ ਹਕੀਕੀ ਰੂਪ ਦੇਣ ਲਈ ਜਦੋਜਹਿਦ ਕੀਤੀ ਜਾਂਦੀ ਹੈ। ਜਦੋਂ ਕਿ ਇਕ ਵਿਗਿਆਨਕ ਕਮਿਊਨਿਸਟ ਕੁਦਰਤ ਤੇ ਮਨੁਖ ਦੇ ਹਕੀਕੀ ਰਿਸ਼ਤੇ ਅਨੁਸਾਰ ਪੈਦਾਵਾਰੀ ਸ਼ਕਤੀਆਂ ਦੇ ਮੌਜੂਦਾ ਵਿਕਾਸ ਨੂੰ ਆਧਾਰ ਬਣਾ ਕੇ ਸਾਰੇ ਮਨੁਖਾਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਇਕ ਯੋਜਨਾਬਧ ਵਿਕਾਸ ਦਾ ਦਾਅਵਾ ਕਰਦਾ ਹੈ।

ਬੇਸ਼ਕ ਇਸ ਲਈ ਜਰੂਰੀ ਹੈ ਕਿ ਸਮਾਜਵਾਦੀ ਸਮਾਜ ਦੇ ਲੋਕਾਂ ਨੂੰ ਭੌਤਿਕਵਾਦੀ ਫਿਲਾਸਫੀ ਦੀ ਵਿਦਿਆ ਦਿਤੀ ਜਾਏ। ਉਨ੍ਹਾਂ ਨੂੰ ਆਪਣੇ ਅੰਦਰੋਂ ਸੱਚ ਲੱਭਣ ਭਾਵ ਆਪਣੀ ਆਤਮਾ ਤੇ ਆਪਣੇ ਮਨ ਨੂੰ ਜਾਗ੍ਰਿਤ ਕਰਨ ਦੀ ਗੁੜ੍ਹਤੀ ਦਿਤੀ ਜਾਏ। ਆਪਣੀ ਕਾਇਆ ਅੰਦਰਲੇ ਅਨੁਭਵੀ ਮਨ ਅਤੇ ਆਪਣੀ ਸਰੀਰੀ ਆਤਮਾ ਵਿਚਾਲੇ ਨਿਰੰਤਰ ਚਲ ਰਹੇ ਸੰਵਾਦ ਨੂੰ ਸੁਣਨ ਦੀ ਜੁਗਤ ਦਸੀ ਜਾਏ, ਭਾਵ ਇਕ ਮਨੁਖ ਆਪਣੀ ਸਰੀਰੀ ਹੋਂਦ ਪ੍ਰਤੀ ਚੇਤੰਨ ਹੋਵੇ। ਇਕ ਚੇਤੰਨ ਮਨੁਖ ਹੀ ਆਪਣੀਆਂ ਕੁਦਰਤੀ-ਮਨੁਖੀ ਲੋੜਾਂ ਦੀ ਸੁਚੇਤ ਪਛਾਣ ਕਰ ਸਕਦਾ ਹੈ। ਇਹੀ ਕੁਝ ਸਮਾਜਵਾਦੀ ਵਿਦਿਆ ਨੇ ਕਰਨਾ ਸੀ, ਜੋ ਉਹ ਕਰ ਨਹੀਂ ਸਕੀ। ਮੌਜੂਦਾ ਸਾਮਰਾਜੀ ਵਿਦਿਆ ਐਨ ਇਸ ਦੇ ਉਲਟ ਵਿਦਿਆਰਥੀਆਂ ਨੂੰ ਖਪਤਕਾਰੀ ਸਭਿਆਚਾਰ ਦਾ ਸ਼ਿਕਾਰ ਬਣਾ ਕੇ ਉਨ੍ਹਾਂ ਦੇ ਅਚੇਤ ਮਨ ਨੂੰ ਭਟਕਾ ਰਹੀ ਹੈ। ਵਿਦਿਆਰਥੀਆਂ ਨੂੰ ਆਪਣੇ ਜਜ਼ਬਿਆਂ ਨੂੰ ਕਾਬੂ ਕਰਨ ਦੀ ਜਾਚ ਸਿਖਾਉਣ ਦੀ ਥਾਂ ਉਨ੍ਹਾਂ ਦੇ ਜਜ਼ਬਿਆਂ ਨੂੰ ਬੇਲਗਾਮ ਬਣਾ ਰਹੀ ਹੈ। ਮਨੁਖ ਨੂੰ ਪਰਉਪਕਾਰੀ ਬਣਾਉਣ ਦੀ ਥਾਂ ਸੁਆਰਥੀ ਤੇ ਲਾਲਚੀ ਬਣਾ ਰਹੀ ਹੈ।

> **ਮੌਜੂਦਾ ਸਾਮਰਾਜੀ ਵਿਦਿਅਕ ਪ੍ਰਬੰਧ ਸਿਰਫ ਜਜ਼ਬਾਤ ਵਿਹੂਣੀਆਂ ਤੇ ਰੂਹਾਨੀਅਤ ਤੋਂ ਸੱਖਣੀਆਂ ਮੁਰਦਾ ਰੂਹਾਂ ਜਾਂ ਵਧ ਤੋਂ ਵਧ ਪੈਸਾ ਕਮਾਉਣ ਦੀ ਦੌੜ ਵਿਚ ਸ਼ਾਮਿਲ ਮਸ਼ੀਨਾਂ ਪੈਦਾ ਕਰ ਸਕਦਾ ਹੈ, ਪਰ ਸਰਬਸਾਂਝੀਵਾਲਤਾ ਤੇ ਸਰਬਤ ਦੇ ਭਲੇ ਦੇ ਪੈਰੋਕਾਰ ਨਹੀਂ, ''ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥'' ਅਸਲੀ ਵਿਦਿਆ ਦਾ ਮੰਤਵ ਬੁਝਣਾ ਹੈ, ਸਿਰਫ ਪੜ੍ਹਨਾ ਨਹੀਂ, ''ਵਿਦਿਆ ਵੀਚਾਰੀ ਤਾਂ ਪਰਉਪਕਾਰੀ॥''**

ਮੌਜੂਦਾ ਸਕੂਲੀ-ਕਾਲਜੀ ਵਿਦਿਆ ਮਨੁਖ ਨੂੰ ਸਿਆਣਾ ਜਾਂ ਗਿਆਨੀ ਨਹੀਂ ਬਣਾਉਂਦੀ ਸਗੋਂ ਉਸ ਨੂੰ ਆਪਣੀ ਅਨੁਭਵੀ ਸਿਆਣਪ ਤੋਂ ਤੋੜਦੀ ਹੈ। ਉਸ ਦੇ ਅਨੁਭਵੀ ਗਿਆਨ ਦੇ ਵਿਕਾਸ ਵਿਚ ਰੁਕਾਵਟ ਬਣਦੀ ਹੈ। ਬੰਦੇ ਅਤੇ ਜਾਨਵਰ ਵਿਚਾਲੇ ਵੱਡਾ ਫਰਕ ਇਹੀ ਹੈ ਕਿ ਬੰਦਾ ਉਥੋਂ ਸ਼ੁਰੂ ਕਰਦਾ ਹੈ, ਜਿਥੋਂ ਉਸ ਦੀਆਂ ਪਹਿਲੀਆਂ ਪੀੜ੍ਹੀਆਂ ਛਡ ਕੇ ਗਈਆਂ ਹੁੰਦੀਆਂ ਹਨ ਅਤੇ ਜਾਨਵਰ ਉਥੋਂ ਸ਼ੁਰੂ ਕਰਦਾ ਹੈ, ਜਿਥੋਂ ਉਸ ਦੀਆਂ ਪਹਿਲੀਆਂ ਪੀੜ੍ਹੀਆਂ ਨੇ ਸ਼ੁਰੂ ਕੀਤਾ ਹੁੰਦਾ ਹੈ। ਭਾਵ ਮਨੁਖ ਕੋਲ ਆਪਣੇ ਤੋਂ ਪਹਿਲੀਆਂ ਸਾਰੀਆਂ ਪੀੜ੍ਹੀਆਂ ਦਾ ਇਕੱਤਰ ਹੋਇਆ ਅਨੁਭਵੀ ਗਿਆਨ ਉਸ ਨੂੰ ਆਪਣੀ ਜ਼ਿੰਦਗੀ ਜਿਉਣ ਲਈ ਅਗਵਾਈ ਦਿੰਦਾ ਹੈ। ਮਨੁਖ ਦੀ ਇਹੀ ਨਸਲੀ ਵਿਲੱਖਣਤਾ ਹੈ। ਮਨੁਖੀ ਜ਼ਿੰਦਗੀ ਦੀ ਇਹੀ ਖੂਬਸੂਰਤੀ ਹੈ। ਪਰ ਸਾਮਰਾਜੀ (ਪੂੰਜੀਵਾਦੀ) ਆਰਥਕ ਰਿਸ਼ਤਿਆਂ (ਘੋਰ ਲਾਲਚ ਤੇ ਘੋਰ ਹੰਕਾਰ) ਦੁਆਲੇ ਬੁਣੇ ਸਮੁਚੇ ਰਾਜਸੀ-ਸਮਾਜੀ ਤਾਣੇ ਬਾਣੇ ਨੇ ਮਨੁਖ ਜਾਤੀ ਨਾਲ ਸਭ ਤੋਂ ਵੱਡਾ ਪਾਪ ਇਹੀ ਕਮਾਇਆ ਹੈ ਕਿ ਇਸ ਨੇ ਪਹਿਲੀਆਂ ਤੇ ਹਰ ਅਗਲੀ ਪੀੜ੍ਹੀ ਵਿਚਾਲੇ ਇਕ ਸਥਾਈ ਪਾੜਾ ਪੈਦਾ ਕਰ ਦਿਤਾ ਹੈ। ਸਾਮਰਾਜੀ ਜੀਵਨ ਜਾਚ ਨੇ ਹਰ ਪੀੜ੍ਹੀ ਨੂੰ ਇਹ ਗੁੜ੍ਹਤੀ ਦਿਤੀ ਹੈ ਕਿ ਉਹ ਆਪਣੀਆਂ ਪਹਿਲੀਆਂ ਪੀੜ੍ਹੀਆਂ ਦੇ ਗਿਆਨ ਨੂੰ ਨਫਰਤ ਕਰੇ ਤੇ ਇਸ ਤਰ੍ਹਾਂ ਆਪਣੀ ਇਤਿਹਾਸਕ ਚੇਤਨਾ ਤੋਂ ਟੁਟ ਕੇ ਤੇ ਸਾਮਰਾਜੀ ਖਪਤਕਾਰੀ ਦੇ ਮਨੋਰੋਗ ਦਾ ਸ਼ਿਕਾਰ ਹੋ ਕੇ ਉਨ੍ਹਾਂ ਲਈ ਮੁਨਾਫਾ ਕਮਾਉਣ ਦੀ ਇਕ ਮਸ਼ੀਨ ਬਣਿਆ ਰਹੇ।

ਮੌਜੂਦਾ ਵਿਦਿਅਕ ਪ੍ਰਬੰਧ ਨੇਕ ਸਦਾਚਾਰੀ ਮਨੁਖ ਨਹੀਂ ਸਗੋਂ ਹਥੀਂ ਕਿਰਤ ਤੋਂ ਟੁਟੀਆਂ ਪੈਸਾ ਕਮਾਉਣ ਵਾਲੀਆਂ ਮਸ਼ੀਨਾਂ ਪੈਦਾ ਕਰ ਰਿਹਾ ਹੈ। ਇਹ ਮਸ਼ੀਨਾਂ ਵਧ ਤੋਂ ਵਧ ਪੈਸੇ ਕਮਾਉਣ ਵਾਲੀਆਂ ਚਿਟ ਕਪੜੀਆ ਨੌਕਰੀਆਂ ਭਾਲਦੀਆਂ ਹਨ। ਮੌਜੂਦਾ ਮੁਨਾਫੇ-ਮੁਕਾਬਲੇ ਤੇ ਅਨਾਰਕੀ ਵਾਲੇ ਪੂੰਜੀਵਾਦੀ ਪ੍ਰਬੰਧ ਹੇਠ ਸਭ ਨੂੰ ਇਹ ਰੁਜਗਾਰ ਮਿਲਣੇ ਅਸੰਭਵ ਹਨ। ਜਦੋਂ ਇਹ ਰੁਜਗਾਰ ਨਹੀਂ ਮਿਲਦੇ ਤਾਂ ਇਹ ਮਸ਼ੀਨਾਂ ਆਪਣੇ-ਆਪ ਨੂੰ ਬੇਰੁਜਗਾਰ ਸਮਝਦੀਆਂ ਹਨ। ਮੌਜੂਦਾ ਵਿਦਿਅਕ ਪ੍ਰਬੰਧ ਹਥੀਂ ਕਿਰਤ ਪ੍ਰਤੀ ਨਫਰਤ ਪੈਦਾ ਕਰਦਾ ਹੈ। ਹੱਥੀਂ ਕਿਰਤ ਤੋਂ ਟੁਟੀਆਂ ਇਨ੍ਹਾਂ ਬੇਰੁਜਗਾਰ ਮਸ਼ੀਨਾਂ ਨੂੰ ਜਦੋਂ ਮਨ ਚਾਹੇ ਰੁਜਗਾਰ ਨਹੀਂ ਮਿਲਦੇ ਤਾਂ ਫਿਰ ਇਹ ਨਿਰਾਸ਼ ਹੋ ਕੇ ਜਾਂ ਨਸ਼ੇੜੀ ਬਣਦੀਆਂ ਹਨ ਜਾਂ ਮਾਪਿਆਂ ਦੀ ਸੰਘੀ ਵਿਚ ਅੰਗੂਠਾ ਦੇ ਕੇ ਜਿਵੇਂ-ਕਿਵੇਂ ਪਰਦੇਸਾਂ ਵਲ ਕੂਚ ਕਰਦੀਆਂ ਹਨ।

ਮਨੁਖੀ ਜ਼ਿੰਦਗੀ ਦੇ ਆਦਰਸ਼ ਖਾਓ-ਪੀਓ-ਖੁਸ਼ ਰਹੋ ਨੂੰ ਸਾਮਰਾਜੀ ਖਪਤਕਾਰੀ ਸਭਿਆਚਾਰ ਨੇ ਖਾਓ-ਪੀਓ-ਐਸ਼ ਕਰੋ ਦੇ ਪ੍ਰਸੰਗ ਵਿਚ ਐਸਾ ਵਿਗਾੜਿਆ ਹੈ ਕਿ ਬੰਦਾ ਇਹ ਵੀ ਭੁੱਲ ਗਿਆ ਹੈ ਕਿ ਕੀ ਖਾਣਾ ਹੈ, ਕਦੋਂ ਖਾਣਾ ਹੈ, ਕਿੰਨਾ ਕੁ ਖਾਣਾ ਹੈ ਅਤੇ ਕਿਵੇਂ ਖਾਣਾ ਹੈ? ਕੀ ਪੀਣਾ ਹੈ, ਕਦੋਂ ਪੀਣਾ ਹੈ, ਕਿੰਨਾ ਕੁ ਪੀਣਾ ਹੈ ਅਤੇ ਕਿਵੇਂ ਪੀਣਾ ਹੈ? ਐਸ਼ ਕਰੋ ਨੂੰ ਉਸ ਨੇ ਹਰ ਵੇਲੇ ਭੋਗਾਂ ਵਿਚ ਰੁਝੇ ਰਹਿਣ ਦੀ ਲਾਲਸਾ ਤਕ ਸੀਮਤ ਕਰ ਲਿਆ ਹੈ, ਜੋ ਨਿਰੋਲ ਭਟਕਣਾ ਹੈ। ਮਨੁਖੀ ਸਰੀਰ ਕੁਦਰਤ ਦੀ ਦੇਣ ਹੈ। ਇਸ ਦੀ ਇਹੋ ਖੂਬਸੂਰਤੀ ਹੈ ਕਿ ਮਨੁਖ ਇਸ ਨੂੰ ਤੰਦਰੁਸਤ ਰੱਖੇ। ਇਸ ਦੀ ਬਣਤਰ ਜੋ ਵੀ ਹੈ, ਓਹੀ ਰਹਿਣੀ ਹੈ। ਇਹ ਕਿਸੇ ਲਈ ਵੀ ਮਾਨਸਿਕ ਗੁੰਝਲਾਂ ਦਾ ਕਾਰਨ ਨਹੀਂ ਬਣਨੀ ਚਾਹੀਦੀ। ਇਸ ਦੀ ਤੰਦਰੁਸਤੀ ਹੀ ਇਸ ਦੀ ਖੂਬਸੂਰਤੀ ਹੈ। ਇਸ ਨੂੰ ਹੋਰ ਖੂਬਸੂਰਤ ਬਣਾਉਣ ਦੇ ਬਾਕੀ ਸਾਰੇ ਨਕਲੀ ਢੰਗ ਤੇ ਸਾਧਨ ਫਜ਼ੂਲ ਹਨ। ਇਹ ਤੰਦਰੁਸਤੀ ਤਨ ਤੇ ਚੇਤੰਨ ਮਨ ਦੇ ਸਹਿਜ ਰਿਸ਼ਤੇ ਨਾਲ ਹੀ ਕਾਇਮ ਰੱਖੀ ਜਾ ਸਕਦੀ ਹੈ। ਰੋਗੀ ਸਰੀਰ ਮਾਨਸਿਕ ਪ੍ਰੇਸ਼ਾਨੀ ਪੈਦਾ ਕਰਦਾ ਹੈ ਅਤੇ ਮਾਨਸਿਕ ਰੋਗ ਸਰੀਰ ਦੀ ਤੰਦਰੁਸਤੀ ਨੂੰ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਦੋਹਾਂ ਦੀ ਸੰਤੁਲਿਤ ਹੋਂਦ ਹੀ ਮਨੁਖੀ ਤੰਦਰੁਸਤੀ ਦੀ ਗਾਰੰਟੀ ਹੈ, ਜਦੋਂ ਕਿ ਮੌਜੂਦਾ ਵਿਦਿਆ ਬੱਚੇ ਨੂੰ ਏਨਾ ਕੁ ਆਮ ਸੱਚ ਵੀ ਦਸਣ ਤੋਂ ਇਨਕਾਰੀ ਹੈ। ਸਗੋਂ ਇਸ ਦੇ ਐਨ ਉਲਟ ਉਹ ਬੱਚਿਆਂ ਨੂੰ ਅਤਿ ਦੀਆਂ ਭੋਗੀ ਬਿਰਤੀਆਂ ਦਾ ਸ਼ਿਕਾਰ ਬਣਾ ਕੇ ਉਨ੍ਹਾਂ ਦੀ ਮਾਨਸਿਕ ਭਟਕਣ ਨੂੰ ਵਧਾ ਰਹੀ ਹੈ। ਨਿਰਸੰਦੇਹ ਸਾਮਰਾਜੀ ਵਿਦਿਆ ਮਨੁਖ ਨੂੰ ਗਿਆਨੀ ਬਣਾਉਣ ਦੀ ਥਾਂ ਉਸ ਨੂੰ ਅਗਿਆਨੀ ਬਣਾ ਰਹੀ ਹੈ।

ਜ਼ਿੰਦਗੀ ਦਾ ਸੱਚ ਹੋਰ ਕੁਝ ਨਹੀਂ, ਸਿਰਫ ਕੁਦਰਤੀ ਸੱਚ ਤੇ ਇਤਿਹਾਸ ਰਾਹੀਂ ਪ੍ਰਗਟ ਹੋਏ ਕੁਦਰਤੀ ਸੱਚ (ਨੇਮਾਂ) ਦੀ ਜਾਣਕਾਰੀ ਹੈ। ਇਹ ਜਾਣਕਾਰੀ ਦੇਣਾ ਹੀ ਵਿਦਿਆ ਦਾ ਕੰਮ ਹੈ। ਇਨ੍ਹਾਂ ਨੇਮਾਂ ਨੂੰ ਜਾਣ ਕੇ ਉਨ੍ਹਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਉਣ ਦੀ ਜੁਗਤ ਹੀ ਵਿਗਿਆਨਕ ਜੀਵਨ ਜਾਚ ਦਾ ਆਧਾਰ ਹੈ। ਇਹੀ ਅਸਲੀ ਵਿਦਿਆ ਦਾ ਧਰਮ ਹੈ।

ਦਰਅਸਲ ਮਨੁਖੀ ਅਨੁਭਵ ਦਾ ਹਿੱਸਾ ਬਣੇ ਕੁਦਰਤੀ ਨੇਮ ਜਾਂ ਮਨੁਖੀ ਅਨੁਭਵ ਰਾਹੀਂ ਪੁਸ਼ਟ ਹੋਇਆ ਕੁਦਰਤੀ ਸੱਚ ਹੀ ਸਾਇੰਸ ਹੈ। ਅਨੁਭਵੀ ਮਨ ਕੁਦਰਤੀ ਵਰਤਾਰਿਆਂ ਤੇ ਆਲੇ ਦੁਆਲੇ ਦੇ ਸਮਾਜੀ ਮਾਹੌਲ ਦਾ ਪਰਤੌ ਹੈ ਅਤੇ ਮਨੁਖੀ ਚੇਤਨਾ ਹੁਣ ਤਕ ਮਨੁਖ ਜਾਤੀ ਦੇ ਸਮੂਹਿਕ ਅਨੁਭਵ ਰਾਹੀਂ ਹਾਸਲ ਕੀਤਾ ਹੋਇਆ ਇਤਿਹਾਸਕ ਗਿਆਨ, ਭਾਵ ਮਨੁਖੀ ਇਤਿਹਾਸ ਰਾਹੀਂ ਪੁਸ਼ਟ ਹੋਇਆ ਵਿਗਿਆਨਿਕ ਸੱਚ। ਇਹੀ ਵਿਗਿਆਨਕ ਸੱਚ ਫਿਲਾਸਫੀ ਦੀਆਂ ਧਾਰਨਾਵਾਂ ਰਾਹੀਂ ਪ੍ਰਗਟ ਹੁੰਦਾ ਹੈ। ਅਨੁਭਵੀ ਮਨ ਅਤੇ ਚੇਤਨਾ (ਆਤਮਾ) ਦਾ ਇਹੀ ਰਿਸ਼ਤਾ ਹੈ। ਮਨੁਖੀ ਮਨ ਨੂੰ ਇਤਿਹਾਸਕ ਚੇਤਨਾ ਭਾਵ ਅਰਜਿਤ ਇਤਿਹਾਸਕ ਗਿਆਨ ਨਾਲ ਲੈਸ ਕਰਕੇ ਮਨੁਖੀ (ਇੰਦ੍ਰਿਆਵੀ) ਜਜ਼ਬਿਆਂ ਦਾ ਨਿਰੰਤਰ ਮਾਨਵੀਕਰਨ ਕਰਦੇ ਜਾਣਾ। ਮਨ ਨੀਵਾਂ ਤੇ ਮਤਿ ਉਚੀ ਹੋਣ ਦਾ ਇਹੀ ਭੇਦ ਹੈ। ਅਸਲੀ ਵਿਦਿਆ ਦਾ ਮੰਤਵ ਆਪਣੇ ਮਨ ਨੂੰ ਚਿੰਤਨਸ਼ੀਲ ਬਣਾਉਣਾ ਹੀ ਹੈ। ਇਸ ਲਈ ਪੂਰਨ ਰੂਪ ਵਿਚ ਨਵੇਂ ਵਿਦਿਅਕ ਪ੍ਰਬੰਧ ਦੀ ਲੋੜ ਹੈ, ਜੋ ਪਰਉਪਕਾਰੀ ਤੇ ਗਿਆਨੀ ਮਨੁਖ ਪੈਦਾ ਕਰੇ।

ਮੌਜੂਦਾ ਸਾਮਰਾਜੀ ਵਿਦਿਅਕ ਪ੍ਰਬੰਧ ਸਿਰਫ ਜਜ਼ਬਾਤ ਵਿਹੂਣੀਆਂ ਤੇ ਰੂਹਾਨੀਅਤ ਤੋਂ ਸੱਖਣੀਆਂ ਮੁਰਦਾ ਰੂਹਾਂ ਜਾਂ ਵਧ ਤੋਂ ਵਧ ਪੈਸਾ ਕਮਾਉਣ ਦੀ ਦੌੜ ਵਿਚ ਸ਼ਾਮਿਲ ਮਸ਼ੀਨਾਂ ਪੈਦਾ ਕਰ ਸਕਦਾ ਹੈ, ਪਰ ਸਰਬਸਾਂਝੀਵਾਲਤਾ ਤੇ ਸਰਬਤ ਦੇ ਭਲੇ ਦੇ ਪੈਰੋਕਾਰ ਨਹੀਂ, ''ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥'' ਅਸਲੀ ਵਿਦਿਆ ਦਾ ਮੰਤਵ ਬੁਝਣਾ ਹੈ, ਸਿਰਫ ਪੜ੍ਹਨਾ ਨਹੀਂ, ''ਵਿਦਿਆ ਵੀਚਾਰੀ ਤਾਂ ਪਰਉਪਕਾਰੀ॥''

###

## ਮਿਨੀ ਕਹਾਣੀ

### ਸਟੇਟ ਐਵਾਰਡ

ਬਲਜਿੰਦਰ ਸਿੰਘ ਸਰਕਾਰੀ ਸਕੂਲ ਵਿਚ ਸਾਇੰਸ ਦਾ ਅਧਿਆਪਕ ਸੀ। ਉਹ ਵਿਦਿਆਰਥੀਆਂ ਨੂੰ ਬਹੁਤ ਮਿਹਨਤ ਨਾਲ ਪੜ੍ਹਾਉਂਦਾ। ਉਹ ਨਾ ਤਾਂ ਕਦੇ ਆਪਣਾ ਪੀਰੀਅਡ ਛੱਡਦਾ ਅਤੇ ਨਾ ਹੀ ਕਦੇ ਸਕੂਲੋਂ ਛੁੱਟੀ ਕਰਦਾ। ਸਮੇਂ ਸਿਰ ਸਕੂਲ ਆਉਣਾ ਅਤੇ ਛੁੱਟੀ ਪਿਛੋਂ ਵੀ ਬੱਚਿਆਂ ਨੂੰ ਮੁਫਤ ਟਿਊਸ਼ਨ ਪੜ੍ਹਾਉਣੀ, ਉਸ ਦਾ ਰੋਜ਼ ਦਾ ਕੰਮ ਸੀ।

ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਵੀ ਬਲਜਿੰਦਰ ਸਿੰਘ ਦੀ ਮਿਹਨਤ ਤੋਂ ਖੁਸ਼ ਸਨ। ਉਸ ਦੇ ਸਕੂਲ ਦੇ ਕੁਝ ਅਧਿਆਪਕ ਉਸ ਦੀਆਂ ਸਿਫਤਾਂ ਕਰਦੇ ਪਰ ਕੁਝ ਅਧਿਆਪਕ ਉਸ ਨੂੰ ਮਖੌਲ ਕਰਦੇ ਕਹਿੰਦੇ ਕਿ ਬਲਜਿੰਦਰ ਸਿੰਹਾਂ ਇੱਥੇ ਮਿਹਨਤ ਦਾ ਕੋਈ ਮੁੱਲ ਨਹੀਂ ਪੈਂਦਾ, ਐਵੇਂ ਏਨੀ ਸਿਰਦਰਦੀ ਨਾ ਲਿਆ ਕਰ, ਪਰ ਬਲਜਿੰਦਰ ਉਨ੍ਹਾਂ ਦੀਆਂ ਗੱਲਾਂ ਅਣਸੁਣੀਆਂ ਕਰ ਦਿੰਦਾ।

ਅਧਿਆਪਕ ਦਿਵਸ ਆਉਣ ਵਿਚ ਅਜੇ ਮਹੀਨਾ ਕੁ ਪਿਆ ਸੀ ਕਿ ਸਕੂਲ ਮੁਖੀ ਨੂੰ ਉਸ ਦੇ ਵਿਭਾਗ ਵੱਲੋਂ ਪੱਤਰ ਆਇਆ ਕਿ ਉਸ ਦੇ ਸਕੂਲ ਵਿਚ ਜੇ ਕੋਈ ਅਧਿਆਪਕ ਵਧੀਆ ਕੰਮ ਕਰ ਰਿਹਾ ਹੈ, ਉਸ ਦਾ ਨਾਂ ਅਤੇ ਵੇਰਵਾ ਭੇਜਿਆ ਜਾਵੇ ਤਾਂ ਜੋ ਉਸ ਅਧਿਆਪਕ ਦਾ ਰਾਜ ਪੱਧਰੀ ਪੁਰਸਕਾਰ ਨਾਲ ਸਨਮਾਨ ਕੀਤਾ ਜਾ ਸਕੇ।

ਸਕੂਲ ਮੁਖੀ ਨੇ ਆਪਣੇ ਸਕੂਲ ਦੇ ਕੁਝ ਅਧਿਆਪਕਾਂ ਨਾਲ ਸਲਾਹ ਕੀਤੀ ਅਤੇ ਆਪਣੇ ਵੱਲੋਂ ਸਟੇਟ ਐਵਾਰਡ ਦੀ ਚੋਣ ਲਈ ਚਿੱਠੀ ਭੇਜ ਦਿੱਤੀ। ਅਧਿਆਪਕ ਦਿਵਸ ਤੋਂ ਕੁਝ ਦਿਨ ਪਹਿਲਾਂ ਸਰਕਾਰ ਵੱਲੋਂ ਸਟੇਟ ਐਵਾਰਡ ਲਈ ਚੁਣੇ ਗਏ ਅਧਿਆਪਕਾਂ ਦੇ ਨਾਂ ਨਸ਼ਰ ਕਰ ਦਿੱਤੇ ਗਏ। ਬਲਜਿੰਦਰ ਸਿੰਘ ਨੂੰ ਇਸ ਸੂਚੀ ਦੇ ਨਾਂ ਪੜ੍ਹ ਕੇ ਉਦੋਂ ਬਹੁਤ ਹੈਰਾਨੀ ਹੋਈ, ਜਦੋਂ ਉਸ ਦੇ ਸਕੂਲ ਦੇ ਇਕ ਅਜਿਹੇ ਅਧਿਆਪਕ ਦਾ ਨਾਂ ਸੂਚੀ ਵਿਚ ਸ਼ਾਮਲ ਸੀ, ਜੋ ਨਾ ਤਾਂ ਆਪ ਬੱਚਿਆਂ ਨੂੰ ਪੜ੍ਹਾਉਂਦਾ ਸੀ ਸਗੋਂ ਬਲਜਿੰਦਰ ਨੂੰ ਵੀ ਨਾ ਪੜ੍ਹਾਉਣ ਦੀਆਂ ਨਸੀਹਤਾਂ ਦਿੰਦਾ ਰਹਿੰਦਾ ਸੀ। ਬਲਜਿੰਦਰ ਸਿੰਘ ਕਦੇ ਉਸ ਸੂਚੀ ਨੂੰ ਦੇਖ ਰਿਹਾ ਸੀ ਅਤੇ ਕਦੇ ਸਕੂਲ ਦੇ ਵਿਹੜੇ ਵਿਚ ਵਿਹਲੇ ਗੱਪਾਂ ਮਾਰ ਰਹੇ ਉਸ 'ਕਾਬਲ' ਅਧਿਆਪਕ ਤੇ ਉਸ ਦੀ ਮਿਹਨਤ ਵੱਲ।

*-ਇੰਦਰਜੀਤ ਸਿੰਘ ਬਾਜਵਾ*
*ਫੋਨ: 91-98155-77574*

# ਸੱਪਾਂ ਵਾਲਾ ਪਹਾੜ ਅਤੇ ਦੁਸ਼ਮਣੀ ਦੀ ਬੂਅ

ਹੱਡ ਬੀਤੀ

***ਜਸਬੀਰ ਭੁੱਲਰ ਮੂਲ ਰੂਪ ਵਿਚ ਕਹਾਣੀਕਾਰ ਹੈ। ਉਹ ਫੌਜ ਵਿਚੋਂ ਬਤੌਰ ਅਫਸਰ ਰਿਟਾਇਰ ਹੋਇਆ ਹੈ। ਉਸ ਨੇ ਫੌਜ ਨਾਲ ਸਬੰਧਤ ਕਈ ਜਾਨਦਾਰ ਕਹਾਣੀਆਂ ਲਿਖੀਆਂ ਹਨ। 'ਸੱਪਾਂ ਵਾਲਾ ਪਹਾੜ ਅਤੇ ਦੁਸ਼ਮਣੀ ਦੀ ਬੂਅ' ਉਸ ਦੇ ਫੌਜੀ ਜੀਵਨ ਦੀ ਇਕ ਘਟਨਾ ਉਤੇ ਆਧਾਰਿਤ ਲਿਖਤ ਹੈ। ਇਸ ਲਿਖਤ ਵਿਚ ਕਹਾਣੀ ਵਰਗੀ ਕੋਈ ਕਥਾ ਹੈ, ਜਿਸ ਨੂੰ ਪਾਠਕ ਸਾਹ ਬੰਦ ਕਰਕੇ ਪੜ੍ਹਦਾ ਹੈ। ਇਹ ਮਨੁੱਖੀ ਮਨ ਅੰਦਰਲੀਆਂ ਤਹਿਆਂ ਫਰੋਲਦੀ ਹੈ। -ਸੰਪਾਦਕ***

ਇਹ ਕੋਈ ਕਹਾਣੀ ਨਹੀਂ, ਮੇਰੇ ਫੌਜੀ ਕਿੱਤੇ ਦੇ ਸ਼ੁਰੂ ਵਾਲੇ ਸਮੇਂ ਵਾਪਰੀ ਇਕ ਘਟਨਾ ਦਾ ਚਿੱਠਾ ਹੈ। ਫਿਰ ਇਕ ਹੋਰ ਘਟਨਾ ਵਾਪਰੀ ਤੇ ਕਹਾਣੀ ਨੇ ਜਨਮ ਲਿਆ। ਮੈਂ ਉਦੋਂ ਜੰਮੂ ਕਸ਼ਮੀਰ ਦੇ ਮੁਹਾਜ਼ 'ਤੇ ਤਾਇਨਾਤ ਸਾਂ। ਮੇਰੀ ਕੰਪਨੀ ਬੇਢੱਬੇ ਜਿਹੇ ਪਹਾੜ 'ਤੇ ਤਾਇਨਾਤ ਸੀ। ਉਥੇ ਅਫਸਰਾਂ ਦੇ ਰਹਿਣ ਲਈ ਕੱਚੇ ਬੰਕਰ ਸਨ, ਜੋ ਧਰਤੀ ਤੋਂ ਢਾਈ-ਤਿੰਨ ਫੁੱਟ ਨੀਵੇਂ ਸਨ।

ਪਹਿਲਾਂ ਉਥੇ ਤੋਪਖਾਨੇ ਵਾਲੇ ਹੁੰਦੇ ਸਨ। ਉਹ ਟੋਏ ਪਹਿਲੋਂ ਉਨ੍ਹਾਂ ਦੀਆਂ ਤੋਪਾਂ ਦੇ ਮੋਰਚੇ ਸਨ। ਉਨ੍ਹਾਂ ਟੋਇਆਂ ਨੂੰ ਮੇਰੀ ਕੰਪਨੀ ਵਾਲਿਆਂ ਨੇ ਬੰਕਰਾਂ ਦਾ ਰੂਪ ਦੇ ਦਿੱਤਾ ਸੀ। ਉਸ ਪਹਾੜ ਦੇ ਪੈਰਾਂ ਕੋਲ ਪਹਾੜੀ ਨਦੀ ਵਗਦੀ ਸੀ। ਰਾਤ ਵੇਲੇ ਪਾਣੀ ਦਾ ਪੱਥਰਾਂ ਨਾਲ ਖਹਿਣ ਦਾ ਰੌਲਾ ਬਹੁਤ ਉਚਾ ਸੁਣਦਾ, ਜਿਵੇਂ ਬੰਕਰਾਂ ਨੂੰ ਆਪਣੀ ਗਲਵਕੜੀ ਵਿਚ ਲੈਣ ਲਈ ਨਦੀ ਪਹਾੜ ਚੜ੍ਹ ਆਈ ਹੋਵੇ।



ਜਸਬੀਰ ਭੁੱਲਰ

ਉਸ ਪਹਾੜ 'ਤੇ ਸੱਪ ਬਹੁਤ ਸਨ। ਕਈ ਵਾਰ ਤਾਂ ਇੰਜ ਲੱਗਦਾ, ਜਿਵੇਂ ਉਥੇ ਸੱਪਾਂ ਦਾ ਸ਼ਹਿਰ ਵਸਿਆ ਹੋਵੇ। ਗਰਮੀ ਕੁਝ ਬਹੁਤੀ ਹੋ ਜਾਂਦੀ ਤਾਂ ਸੱਪ ਵਰਮੀਆਂ ਵਿਚੋਂ ਬਾਹਰ ਆ ਜਾਂਦੇ। ਕਈ ਵਾਰ ਸੱਪ ਡੂੰਘੇ ਬੰਕਰਾਂ ਵਿਚ ਉਤਰ ਆਉਂਦੇ ਤੇ ਉਨ੍ਹਾਂ ਕੋਲੋਂ ਮੁੜ ਬਾਹਰ ਹੀ ਨਾ ਨਿਕਲਿਆ ਜਾਂਦਾ। ਕਦੇ ਕੋਈ ਸੱਪ ਕਿਤਾਬਾਂ ਉਤੇ ਕੁੰਡਲੀ ਮਾਰੀ ਬੈਠਾ ਦਿਸ ਪੈਂਦਾ। ਕਈ ਵਾਰ ਪੈਰਾਂ ਹੇਠ ਮਿੱਧੇ ਜਾਣ ਤੋਂ ਮਸਾਂ ਬਚਦਾ। ਇਕ ਵਾਰ ਤਾਂ ਸੱਪ ਮੇਰੇ ਬਿਸਤਰੇ ਉਤੇ ਇਸ ਤਰ੍ਹਾਂ ਬੈਠਾ ਹੋਇਆ ਸੀ, ਜਿਵੇਂ ਬਿਸਤਰਾ ਉਹਦੇ ਲਈ ਹੀ ਵਿਛਾਇਆ ਹੋਵੇ। ਉਥੇ ਬਿਜਲੀ ਨਹੀਂ ਸੀ। ਰਾਤ ਵੇਲੇ ਕਿਧਰੋਂ ਪਰਤੋ ਤਾਂ ਟੋਹ-ਟੋਹ ਕੇ ਬੰਕਰ ਵਿਚ ਦਾਖਲ ਹੋਣਾ ਪੈਂਦਾ। ਇਹ ਤੌਖਲਾ ਵੀ ਬਣਿਆ ਰਹਿੰਦਾ ਕਿ ਤੀਲ੍ਹਾਂ ਵਾਲੀ ਡੱਬੀ ਲਈ ਹੱਥ ਮਾਰਦਿਆਂ ਕਿਧਰੇ ਸੱਪ ਨੂੰ ਹੀ ਹੱਥ ਨਾ ਪੈ ਜਾਵੇ।

ਸੱਪਾਂ ਵਾਲੇ ਪਹਾੜ ਉਤੇ ਧੁੱਪ ਦਾ ਜਲੌਅ ਸੀ। ਤਿਰਪਾਲਾਂ ਵਿਛਾ ਕੇ ਅਸੀਂ ਹਥਿਆਰਾਂ ਨੂੰ ਧੁੱਪੇ ਲੰਮਾ ਪਾਇਆ ਹੋਇਆ ਸੀ। ਹਥਿਆਰ ਧੁੱਪ ਵੀ ਸੇਕ ਰਹੇ ਸਨ ਅਤੇ ਉਨ੍ਹਾਂ ਦੀ ਸਫਾਈ ਵੀ ਹੋ ਰਹੀ ਸੀ। ਮੈਂ ਧੁੱਪ ਵਿਚ ਖਲੋਤਾ ਸਾਂ। ਮੈਂ ਉਥੋਂ ਦੀਆਂ ਸੱਪਾਂ ਵਾਲੀਆਂ ਰਾਤਾਂ ਤੋਂ ਅੱਕਿਆ ਹੋਇਆ ਸਾਂ। ਮੈਂ ਧੁੱਪ ਨੂੰ ਆਪਣੇ ਅੰਦਰ ਸਮੋ ਲੈਣਾ ਚਾਹੁੰਦਾ ਸਾਂ। ਉਸ ਵੇਲੇ ਮੇਰੇ ਕਮਾਨ ਅਫਸਰ ਦਾ ਬੁਲਾਵਾ ਆ ਗਿਆ। ਮੈਂ ਧੁੱਪ ਤੋਂ ਛਾਂ ਵੱਲ ਤੁਰ ਪਿਆ। ਕਮਾਨ ਅਫਸਰ ਨੇ ਦੱਸਿਆ, "ਮਰਾਠਾ ਵਾਲਿਆਂ ਦੀ ਇਕ ਟੋਲੀ ਲੰਮੀ ਗਸ਼ਤ 'ਤੇ ਜਾ ਰਹੀ ਹੈ। ਅਸੀਂ ਆਪਣਾ ਇਕ ਅਫਸਰ ਵੀ ਭੇਜਣਾ ਏ। ਤੂੰ ਆਪਣੀ ਤਿਆਰੀ ਕਰ ਲੈ।" ਸੱਪਾਂ ਕੋਲੋਂ ਮੈਂ ਜਿੰਨੇ ਕੁ ਦਿਨ ਪਰ੍ਹਾਂ ਰਹਿ ਆਵਾਂ, ਉਨਾ ਹੀ ਚੰਗਾ ਸੀ। ਮੈਂ ਆਖਿਆ, "ਸਰ! ਮੈਂ ਤਿਆਰ ਹਾਂ।"

ਮਿਥੇ ਹੋਏ ਦਿਨ ਇਕ ਫੌਜੀ ਟਰੱਕ ਗਸ਼ਤ ਪਾਰਟੀ ਨੂੰ ਲੈ ਕੇ ਨਾਗਵਲ ਖਾਂਦੀ ਇਕ ਸੜਕ ਦੇ ਰਾਹ ਤੁਰ ਪਿਆ। ਇਕ ਪਸਿੱਤੇ ਜਿਹੇ ਪਿੰਡ ਤੋਂ ਟਰੱਕ ਨੇ ਕੱਚਾ ਰਾਹ ਫੜ ਲਿਆ। ਡਿੱਕੋ-ਡੋਲੇ ਖਾਂਦੇ ਅਸੀਂ ਉਥੇ ਤਕ ਪਹੁੰਚ ਗਏ, ਜਿਥੇ ਜਾ ਕੇ ਸੜਕ ਮੁੱਕ ਗਈ ਸੀ। ਟਰੱਕ ਤੋਂ ਉਤਰ ਅਸੀਂ ਆਪਣੇ ਹਥਿਆਰ ਚੈਕ ਕੀਤੇ, ਮੈਗਜ਼ੀਨਾਂ ਵਿਚ ਗੋਲੀਆਂ ਭਰੀਆਂ, ਹਥਿਆਰ ਲੋਡ ਕੀਤੇ ਤੇ ਸੇਫਟੀ ਕੈਚ ਲਾ ਕੇ ਅਗਲੇ ਸਫਰ ਲਈ ਤੁਰ ਪਏ।

ਅਸੀਂ ਤੇਰਾਂ ਜਣੇ ਸਾਂ। ਲੈਫਟੀਨੈਂਟ ਈਮਾਨ ਦਾ ਅਤੇ ਮੇਰਾ ਰੈਂਕ ਇਕੋ ਸੀ। ਰੈਂਕ ਵਿਚਲੀ ਵਿਥ ਨਾ ਹੋਣ ਕਰਕੇ ਸਾਡੀ ਖੂਬ ਨਿਭਣੀ ਸੀ। ਹਰ ਸੈਨਿਕ ਕੋਲ ਆਪੋ-ਆਪਣਾ ਬੋਝ ਸੀ। ਵੱਡਾ ਪਿੱਠੂ, ਨਿੱਕਾ ਪਿੱਠੂ, ਪਾਣੀ ਦੀ ਬੋਤਲ, ਨਿੱਜੀ ਹਥਿਆਰ ਆਦਿ ਦਾ ਭਾਰ ਕੁੱਲ ਮਿਲਾ ਕੇ ਵੀਹ ਕੁ ਕਿਲੋ ਹੋ ਜਾਂਦਾ ਸੀ। ਸਾਡੇ ਕੋਲ ਸੱਤ ਦਿਨਾਂ ਦੀ ਰਸਦ ਵੀ ਸੀ। ਜਵਾਨਾਂ ਨੇ ਰਸਦ ਦਾ ਬੋਝ ਵੀ ਆਪਸ ਵਿਚ ਵੰਡ ਕੇ ਹਿੱਸੇ ਆਉਂਦਾ ਚੁੱਕ ਲਿਆ। ਉਹ ਪੈਂਡਾ ਸੰਘਣੇ ਜੰਗਲਾਂ ਅਤੇ ਪਹਾੜਾਂ ਦਾ ਸੀ। ਤਿੰਨ ਦਿਨਾਂ ਪਿੱਛੋਂ ਸਾਨੂੰ ਮਨੁੱਖੀ ਆਬਾਦੀ ਦੇ ਪਹਿਲੇ ਚਿੰਨ੍ਹ ਦਿੱਸੇ। ਸਾਡੇ ਨਕਸ਼ਿਆਂ ਅਨੁਸਾਰ ਉਹ ਹਿੰਦੁਸਤਾਨ ਦਾ ਆਖਰੀ ਪਿੰਡ ਸੀ।

ਅਚਨਚੇਤੀ ਮੀਂਹ ਪੈਣ ਲੱਗ ਪਿਆ। ਅਸੀਂ ਛੋਹਲੇ ਕਦਮੀਂ ਇਕ ਪਹਾੜੀ ਮਕਾਨ ਤਕ ਪਹੁੰਚ ਗਏ। ਵਾੜੇ ਦੀ ਛੱਤ ਉਤੇ ਬਣਿਆ ਇਕੋ ਹੀ ਕਮਰਾ ਪੂਰਾ ਘਰ ਸੀ। ਸੂਬੇਦਾਰ ਮੰਗਤ ਰਾਮ ਨੇ ਅਗਾਂਹ ਹੋ ਕੇ ਬੂਹਾ ਠਕੋਰਿਆ ਤੇ ਫਿਰ ਧੱਕ ਕੇ ਖੋਲ੍ਹ ਦਿੱਤਾ। ਘਰ ਖਾਲੀ ਸੀ। ਅਸੀਂ ਪਿੱਠੂ ਲਾਹ ਕੇ ਰੱਖ ਦਿੱਤੇ ਅਤੇ ਹਥਿਆਰ ਆਪੋ-ਆਪਣੇ ਪਿੱਠੂਆਂ ਦੇ ਆਸਰੇ ਖੜ੍ਹੇ ਕਰ ਦਿੱਤੇ। ਉਸ ਘਰ ਦੇ ਜੀਅ ਭੇਡਾਂ ਚਰਾ ਕੇ ਭਿੱਜੇ ਹੋਏ ਵਾਪਸ ਮੁੜੇ। ਭੇਡਾਂ ਵਾੜੇ ਵਿਚ ਡੱਕ ਕੇ ਉਹ ਉਪਰ ਆ ਗਏ। ਘਰ ਵਿਚ ਫੌਜੀਆਂ ਨੂੰ ਵੇਖ ਕੇ ਉਹ ਸਹਿਮ ਗਏ। ਮਰਦ ਨੇ ਡਰੇ ਜਿਹੇ ਨੇ ਪੁੱਛਿਆ, "ਅਸੀਂ ਕੁਝ ਭਾਂਡੇ ਲੈ ਲਈਏ?" ਅਸੀਂ ਆਪਹੁਦਰਿਆਂ ਵਾਂਗੂੰ ਉਨ੍ਹਾਂ ਦਾ ਘਰ ਮੱਲ ਲਿਆ ਸੀ। ਉਨ੍ਹਾਂ ਪਹਾੜੀਆਂ ਦੇ ਮੱਥੇ ਉਤੇ ਤਿਊੜੀ ਨਹੀਂ ਸੀ ਆਈ। "ਅਸੀਂ ਥੱਲੇ ਵਾੜੇ ਵਿਚ ਖਾਣਾ ਪਕਾ ਲਵਾਂਗੇ।" ਮਰਦ ਨੇ ਫਿਰ ਤਰਲਾ ਲਿਆ। ਲੈਫਟੀਨੈਂਟ ਈਮਾਨ ਮੁਸਕਰਾਇਆ, "ਅੱਜ ਅਸੀਂ ਤੁਹਾਨੂੰ ਖਾਣਾ ਖਵਾਵਾਂਗੇ।" ਔਰਤ, ਮਰਦ ਅਤੇ ਉਨ੍ਹਾਂ ਦੇ ਦੋ ਬੱਚੇ ਅੰਦਰ ਲੰਘ ਕੇ ਭੁੰਜੇ ਬੈਠ ਗਏ।

ਕਮਰੇ ਦੀ ਇਕ ਨੁੱਕਰੇ ਚੌਂਕਾ ਸੀ। ਦੋ ਜਵਾਨ ਉਠ ਕੇ ਚੌਂਕੇ ਵਿਚ ਚਲੇ ਗਏ। ਉਹ ਰਾਤ ਦੇ ਭੋਜਨ ਲਈ ਟੀਨ ਦੇ ਬੰਦ ਡੱਬੇ ਖੋਲ੍ਹਣ ਲੱਗ ਪਏ। ਟੀਨ ਦੇ ਡੱਬਿਆਂ ਵਿਚੋਂ ਬਣਿਆ ਬਣਾਇਆ ਭੋਜਨ ਨਿਕਲ ਰਿਹਾ ਸੀ। ਇਹ ਕ੍ਰਿਸ਼ਮਾ ਉਸ ਪਹਾੜੀ ਪੀਰ ਬਖਸ਼ ਅਤੇ ਉਹਦੇ ਟੱਬਰ ਨੂੰ ਹੈਰਾਨ ਕਰ ਰਿਹਾ ਸੀ।

ਸਾਡੀ ਰਸਦ ਵਿਚ ਟੌਫੀਆਂ ਵੀ ਸਨ। ਇਕ ਜਵਾਨ ਨੇ ਉਠ ਕੇ ਸਾਰਿਆਂ ਨੂੰ ਦੋ-ਦੋ ਟੌਫੀਆਂ ਫੜਾ ਦਿੱਤੀਆਂ। ਟੌਫੀਆਂ ਚਿੱਥਦਿਆਂ ਉਨ੍ਹਾਂ ਪਹਾੜੀਆਂ ਦਾ ਤਣਾਅ ਕੁਝ ਘਟਿਆ। ਅਸੀਂ ਪੀਰ ਬਖਸ਼ ਨਾਲ ਇਧਰ ਉਧਰ ਦੀਆਂ ਗੱਲਾਂ ਛੇੜ ਲਈਆਂ ਤੇ ਫਿਰ ਮੁੱਦੇ ਦੀ ਗੱਲ ਪੁੱਛ ਲਈ, "ਬਣੀ ਪਿੰਡ ਤਾਂ ਸਰਹੱਦ ਦੇ ਐਨ ਉਤੇ ਐ।"

"ਸਰਹੱਦ! ਸਰਹੱਦ ਕੀ?" ਪੀਰ ਬਖਸ਼ ਨੂੰ ਸਮਝ ਨਹੀਂ ਸੀ ਪਈ।

"ਸਾਬ੍ਹ ਦਾ ਮਤਲਬ ਹੈ ਕਿ ਦੁਸ਼ਮਣ ਤੁਹਾਨੂੰ ਤੰਗ ਤਾਂ ਨਈਂ ਕਰਦੇ?" ਸੂਬੇਦਾਰ ਮੰਗਤ ਰਾਮ ਨੇ ਗੱਲ ਨੂੰ ਕੁਝ ਸਪਸ਼ਟ ਕਰਨ ਦਾ ਯਤਨ ਕੀਤਾ।

"ਦੁਸ਼ਮਣ? ਕੌਣ ਦੁਸ਼ਮਣ?"

"ਪਹਾੜ ਦੇ ਦੂਜੇ ਪਾਸੇ ਦੇ ਲੋਕ।"

"ਉਹ ਦੁਸ਼ਮਣ ਥੋੜ੍ਹੇ ਈ ਨੇ। ਉਥੇ ਤਾਂ ਮੇਰੀ ਧੀ ਦੇ ਸਹੁਰੇ ਨੇ।" ਪੀਰ ਬਖਸ਼ ਦੀ ਤੀਵੀਂ ਨੇ ਪਹਾੜ ਪਾਰ ਵਾਲਿਆਂ ਨਾਲ ਰਿਸ਼ਤੇ ਦਾ ਖੁਲਾਸਾ ਕੀਤਾ। "ਉਹ ਤਾਂ ਜੀ ਸਾਡੇ ਆਪਣੇ ਲੋਕ ਨੇ। ਅਸੀਂ ਤਾਂ ਕਈ ਵਾਰ ਪਹਾੜੋਂ ਪਾਰ ਭੇਡਾਂ ਚਰਾਉਣ ਵੀ ਜਾਂਦੇ ਹਾਂ, ਨਾਲੇ ਧੀ ਨੂੰ ਮਿਲ ਆਈਦਾ ਹੈ।"

"ਤੁਹਾਨੂੰ ਨਈਂ ਪਤਾ ਕਿ ਉਧਰ ਦੂਜਾ ਮੁਲਕ ਹੈ?" ਲੈਫਟੀਨੈਂਟ ਈਮਾਨ ਨੇ ਕੁਝ ਹੈਰਾਨ ਹੋ ਕੇ ਪੁੱਛਿਆ।

"ਦੂਜਾ ਮੁਲਕ! ਨਈਂ ਜੀ, ਦੂਜਾ ਪਿੰਡ।" ਪੀਰ ਬਖਸ਼ ਨੇ ਲੈਫਟੀਨੈਂਟ ਈਮਾਨ ਦੀ ਗਲਤੀ ਸੋਧੀ, "ਇਕੋ ਰਾਜੇ ਦੇ ਦੋ ਮੁਲਕ ਕਿਵੇਂ ਹੋ ਸਕਦੇ ਨੇ! ਇਥੇ ਵੀ ਮਿੱਟੀ ਉਹੋ ਤੇ ਉਥੇ ਵੀ ਉਹੋ।"

"ਇਹ ਰਾਜਾ ਕੌਣ ਸੀ ਜੋ ਦੋਵਾਂ ਪਾਸਿਆਂ ਦਾ ਸੀ?" ਮੈਂ ਮੱਥਾ ਖੁਰਕਣ ਲੱਗ ਪਿਆ ਸਾਂ।

ਉਸ ਰਾਤ ਦੀ ਠਾਹਰ ਲਈ ਅਸੀਂ ਨੇੜਲੇ ਸਕੂਲ ਵਿਚ ਜਾਣ ਬਾਰੇ ਸੋਚਿਆ। ਭੋਜਨ ਤੋਂ ਵਿਹਲੇ ਹੋਏ ਤਾਂ ਪੀਰ ਬਖਸ਼ ਸਾਨੂੰ ਸਕੂਲ ਤਕ ਛੱਡਣ ਤੁਰ ਪਿਆ। ਉਹ ਸਕੂਲ ਬੂਹੇ-ਬਾਰੀਆਂ ਦੀਆਂ ਚੌਗਾਠਾਂ ਅਤੇ ਪੱਲਿਆਂ ਤੋਂ ਵਿਰਵਾ ਸੀ। ਬਸ ਤੁਰਸ਼ ਹਵਾਵਾਂ ਵਿਚ ਖੜ੍ਹਾ ਇਕ ਕਮਰੇ ਦਾ ਢਾਂਚਾ ਸੀ।

ਮੈਂ ਪੀਰ ਬਖਸ਼ ਨੂੰ ਪੁੱਛਿਆ, "ਮਾਸਟਰ ਕਿਥੇ ਰਹਿੰਦੈ?"

"ਉਹ ਤਾਂ ਜੀ ਕਿਤਿਓਂ ਬਾਹਰੋਂ ਆਉਂਦੈ।"

"ਭਲਕੇ ਮਿਲ ਜਾਊ?"

"ਨਈਂ ਜੀ, ਉਹ ਤਾਂ ਸਾਲ ਵਿਚ ਦੋ-ਤਿੰਨ ਵਾਰ ਹੀ ਆਉਂਦੈ। ਪਿਛਲੇ ਮਹੀਨੇ ਆਇਆ ਸੀ। ਹੁਣ ਪਤਾ ਨਈਂ ਕਦੋਂ ਆਵੇ।"

"ਫਿਰ ਨਿਆਣਿਆਂ ਦੀ ਪੜ੍ਹਾਈ ਕਿਸ ਤਰ੍ਹਾਂ ਹੁੰਦੀ ਐ?"

"ਹੋ ਜਾਂਦੀ ਐ ਜੀ। ਉਹ ਜਦੋਂ ਆਵੇ, ਨਿਆਣਿਆਂ ਨੂੰ ਇਕੱਠੇ ਕਰ ਕੇ ਪੜ੍ਹਾ ਦਿੰਦਾ ਏ।"

ਸ਼ਾਮ ਦੇ ਪਰਛਾਵੇਂ ਹੌਲੀ-ਹੌਲੀ ਲੋਪ ਹੋ ਰਹੇ ਸਨ। ਫੈਲ ਰਹੇ ਹਨੇਰੇ ਵਿਚ ਮੇਰੀ ਮੁਸਕਾਨ ਗੁਆਚ ਗਈ ਸੀ।

---

ਬਣੀ ਪਿੰਡ ਦੇ ਕੁੱਲ ਘਰ ਉਂਗਲਾਂ ਉਤੇ ਗਿਣੇ ਜਾਣ ਜੋਗੇ ਸਨ। ਇਕ ਘਰ ਤੋਂ ਦੂਜੇ ਘਰ ਦੀ ਵਿੱਥ ਕਈ ਵਾਰ ਮੀਲਾਂ ਲੰਮੀ ਵੀ ਹੋ ਜਾਂਦੀ ਸੀ। ਉਸ ਪਿੰਡ ਦੇ ਕੁਝ ਲੋਕ ਖੇਤੀ ਕਰਦੇ ਸਨ। ਜੋ ਖੇਤੀ ਨਹੀਂ ਸਨ ਕਰਦੇ, ਉਹ ਭੇਡਾਂ ਪਾਲਦੇ ਸਨ। ਨਵੀਆਂ ਚਰਾਂਦਾਂ ਦੀ ਭਾਲ ਵਿਚ ਉਹ ਕਈ ਵਾਰ ਦੂਰ-ਦੁਰਾਡੇ ਨਿਕਲ ਜਾਂਦੇ ਤੇ ਫਿਰ ਕਈ-ਕਈ ਦਿਨਾਂ ਪਿੱਛੋਂ ਵਾਪਸ ਮੁੜਦੇ।

ਉਥੇ ਲੋਕ ਘਰਾਂ ਨੂੰ ਜਿੰਦਰੇ ਨਹੀਂ ਸਨ ਲਾਉਂਦੇ। ਚੋਰੀਆਂ ਚਕਾਰੀਆਂ ਦਾ ਵੀ ਕੋਈ ਡਰ ਨਹੀਂ ਸੀ। ਕਈ ਦਿਨਾਂ ਪਿੱਛੋਂ ਵਾਪਸ ਆਉਣ ਉਤੇ ਵੀ ਆਜੜੀਆਂ ਨੂੰ ਹਰ ਸ਼ੈਅ ਟਿਕਾਣੇ ਉਤੇ ਹੀ ਪਈ ਮਿਲਦੀ ਸੀ।

ਖਾਲੀ ਘਰਾਂ ਨੂੰ ਫਰੋਲਦਿਆਂ ਸਾਡੇ ਗਸ਼ਤੀ ਦਲ ਨੂੰ ਨਾ ਤਾਂ ਦੁਸ਼ਮਣ ਦਾ ਕੋਈ ਸੁਰਾਗ ਮਿਲਿਆ ਅਤੇ ਨਾ ਦੁਸ਼ਮਣੀ ਦੀ ਹੀ ਕੋਈ ਭਿਣਕ ਪਈ। ਦਰਅਸਲ, ਉਸ ਇਲਾਕੇ ਦੇ ਵਾਸੀ ਪੰਛੀਆਂ ਵਰਗੇ ਸਨ। ਬੋਟਾਂ ਨੂੰ ਵੀ ਨਾਲ ਲੈ ਕੇ ਉਡਦੇ। ਉਨ੍ਹਾਂ ਦੇ ਸੱਖਣੇ ਆਲ੍ਹਣਿਆਂ ਵਿਚੋਂ ਫੌਜੀਆਂ ਨੂੰ ਭਲਾ ਕੀ ਮਿਲਣਾ ਸੀ।



ਪਿਛਲੇ ਦੋ ਦਿਨਾਂ ਤੋਂ ਕੁਝ ਵੀ ਸਾਡੇ ਪਿੜ-ਪੱਲੇ ਨਹੀਂ ਸੀ ਪੈ ਰਿਹਾ। ਅਗਲੇ ਦਿਨ ਦੀ ਸ਼ਾਮ ਵੀ ਢਲ ਗਈ। ਬੱਦਲ ਨਿੱਤਰੇ ਹੋਏ ਸਨ। ਮੀਂਹ ਦੀ ਸੰਭਾਵਨਾ ਨਹੀਂ ਸੀ। ਰਾਤ ਕੱਟਣ ਲਈ ਅਸੀਂ ਖੁੱਲ੍ਹੇ ਖੇਤ ਵਿਚ ਡੇਰਾ ਲਾ ਲਿਆ। ਉਸ ਖੇਤ ਤੋਂ ਉਪਰ ਪਹਾੜ ਦੇ ਸਿਖਰ ਵੱਲ ਇਕ ਮਕਾਨ ਦਿਸ ਰਿਹਾ ਸੀ। ਅਸੀਂ ਉਸ ਘਰ ਦੀ ਪੜਤਾਲ ਕਰਨ ਬਾਰੇ ਸੋਚ ਲਿਆ।

ਸੈਨਿਕਾਂ ਨੂੰ ਉਥੇ ਛੱਡ ਕੇ ਮੈਂ ਤੇ ਲੈਫਟੀਨੈਂਟ ਈਮਾਨ ਉਥੋਂ ਤੁਰ ਪਏ। ਸੂਬੇਦਾਰ ਮੰਗਤ ਰਾਮ ਵੀ ਕਾਹਲੇ ਕਦਮੀਂ ਸਾਡੇ ਨਾਲ ਆ ਰਲਿਆ। ਉਹ ਪੁਰਾਣਾ ਸੈਨਿਕ ਸੀ। ਉਹਦਾ ਤਜਰਬਾ ਸਾਡੇ ਲਈ ਲਾਹੇਵੰਦ ਸੀ।

ਸਾਨੂੰ ਇਕ ਬੁੱਢਾ ਮਕਾਨ ਦੇ ਬਾਹਰ ਹੀ ਮਿਲ ਪਿਆ। ਉਸ ਦੱਸਿਆ, "ਕੱਲ੍ਹ ਪੀਰ ਬਖਸ਼ ਇੱਜੜ ਲਈ ਜਾਂਦਾ ਮਿਲਿਆ ਸੀ। ਤੁਹਾਡੇ ਬਾਰੇ ਦੱਸਿਆ ਸੀ। ਤੁਸੀਂ ਹਿੰਦੁਸਤਾਨ ਤੋਂ ਆਏ ਹੋ ਨਾ?"

ਬੁੱਢੇ ਦੇ ਸੁਆਲ ਨੇ ਮੈਨੂੰ ਹੈਰਾਨ ਕੀਤਾ। ਮੈਂ ਸੋਚੀਂ ਪੈ ਗਿਆ, ਕਿਤੇ ਅਸੀਂ ਭੁਲੇਖੇ ਨਾਲ ਦੁਸ਼ਮਣ ਮੁਲਕ ਦੇ ਪਿੰਡ ਵਿਚ ਹੀ ਤਾਂ ਨਹੀਂ ਪਹੁੰਚ ਗਏ। ਕੀ ਪਤਾ, ਅਸੀਂ ਨਕਸ਼ਾ ਗਲਤ ਪੜ੍ਹ ਲਿਆ ਹੋਵੇ। ਬੁੱਢੇ ਦਾ ਪ੍ਰਤੀਕਰਮ ਜਾਣਨ ਲਈ ਮੈਂ 'ਹਾਂ' ਵਿਚ ਹੁੰਗਾਰਾ ਭਰਿਆ ਪਰ ਬੁੱਢੇ ਨੂੰ ਜਿਵੇਂ ਸਾਡੇ ਹਿੰਦੁਸਤਾਨੀ ਹੋਣ ਨਾਲ ਕੋਈ ਫਰਕ ਨਹੀਂ ਸੀ ਪੈਂਦਾ। ਉਸ ਪੁੱਛਿਆ, "ਰਾਤ ਖੇਤ ਵਿਚ ਸੌਂਵੋਗੇ?"

"ਹਾਂ।"

"ਮੇਰੇ ਕੋਲ ਹੀ ਰਹਿ ਪਵੋ ਭਾਵੇਂ।"

ਬੁੱਢੇ ਕੋਲ ਰਹਿਣ ਨਾਲ ਕਈ ਗੱਲਾਂ ਦੀ ਸੂਹ ਮਿਲ ਸਕਦੀ ਸੀ। ਮੈਂ ਤੇ ਲੈਫਟੀਨੈਂਟ ਈਮਾਨ ਉਥੇ ਰਹਿਣ ਲਈ ਤਿਆਰ ਹੋ ਗਏ।

"ਤੁਸੀਂ ਸਾਰੇ ਹੀ ਇਥੇ ਰਹਿ ਲਵੋ ਭਾਵੇਂ।" ਬੁੱਢੇ ਨੇ ਜ਼ੋਰ ਦੇ ਕੇ ਆਖਿਆ।

"ਨਈਂ! ਅਸੀਂ ਉਥੇ ਹੀ ਰਹਿ ਲਵਾਂਗੇ। ਜੇ ਮੀਂਹ ਪੈਣ ਦੇ ਆਸਾਰ ਹੋਏ ਤਾਂ ਉਠ ਕੇ ਇਥੇ ਆ ਜਾਵਾਂਗੇ।" ਸੂਬੇਦਾਰ ਮੰਗਤ ਰਾਮ ਨੇ ਕਿਹਾ। ਉਹਨੇ ਵਾਪਸ ਜਾਣ ਦੀ ਇਜਾਜ਼ਤ ਲਈ ਤੇ ਸਲਿਊਟ ਦੇ ਕੇ ਤੁਰ ਪਿਆ।

ਅਸੀਂ ਉਠ ਕੇ ਸਬਾਤ ਵਿਚ ਆ ਗਏ। ਬੁੱਢੇ ਦੀ ਪਤਨੀ ਅਤੇ ਨੂੰਹ ਰੋਟੀ-ਟੁੱਕ ਦੇ ਆਹਰ ਵਿਚ ਸਨ। ਬੁੱਢੇ ਨੇ ਮੰਜੇ ਡਾਹ ਉਪਰ ਮੈਲੀਆਂ ਦਰੀਆਂ ਵਿਛਾ ਦਿੱਤੀਆਂ। ਉਹਨੂੰ ਦੁਨੀਆਂ ਭਰ ਦੀਆਂ ਖਬਰਾਂ ਜਾਣਨ ਦੀ ਕਾਹਲੀ ਸੀ। ਅਸੀਂ ਸੌਖੇ ਹੋ ਕੇ ਮੰਜਿਆਂ 'ਤੇ ਬੈਠ ਗਏ। ਉਸ ਪੁੱਛਿਆ, "ਅੱਜ ਕੱਲ੍ਹ ਹਿੰਦੁਸਤਾਨ ਦਾ ਰਾਜਾ ਕੌਣ ਹੈ?"

ਬੁੱਢੇ ਦਾ ਇਹ ਸਵਾਲ ਵੀ ਪਹਿਲਾਂ ਕੀਤੇ ਸੁਆਲ ਵਰਗਾ ਹੀ ਸੀ। ਜੁਆਬ ਦੇਣ ਲੱਗਾ ਮੈਂ ਭੰਬਲਭੂਸੇ ਵਿਚ ਪੈ ਗਿਆ। ਫਿਰ ਕੁਝ ਛਿਣ ਸੋਚ ਕੇ ਮੈਂ ਉਸ ਵੇਲੇ ਦੇ ਰਾਸ਼ਟਰਪਤੀ ਵੀ. ਵੀ. ਗਿਰੀ ਦਾ ਨਾਂ ਲੈ ਦਿੱਤਾ।

"ਇਹ ਨਾਂ ਤਾਂ ਮੈਂ ਪਹਿਲੀ ਵਾਰੀ ਸੁਣਿਆ ਹੈ।" ਬੁੱਢੇ ਦੇ ਬੋਲਾਂ ਵਿਚ ਬੇਯਕੀਨੀ ਸੀ।

"ਨਈਂ ਬਾਬਾ! ਇਹੀ ਰਾਜਾ ਏ।" ਲੈਫਟੀਨੈਂਟ ਈਮਾਨ ਨੇ ਵੀ ਤਾਈਦ ਕੀਤੀ।

"ਫਿਰ ਨਹਿਰੂ ਕੌਣ ਐ?"

"ਨਹਿਰੂ ਤਾਂ ਵੱਡਾ ਵਜ਼ੀਰ ਸੀ। ਉਹਨੂੰ ਤਾਂ ਮਰੇ ਨੂੰ ਵੀ ਕਈ ਸਾਲ ਹੋ ਗਏ ਨੇ।" ਬੁੱਢੇ ਨੂੰ ਸਾਡੇ ਜੁਆਬ ਝੂਠ ਵਰਗੇ ਲੱਗੇ ਸਨ।

ਰਾਤ ਹੋਈ ਤਾਂ ਚੌਂਕੇ ਵਿਚ ਦੀਵੇ ਦੀ ਲੋਅ ਡੋਲਣ ਲੱਗ ਪਈ। ਬੁੱਢੇ ਦੀ ਪਤਨੀ ਭੋਜਨ ਪਰੋਸ ਕੇ ਸਾਨੂੰ ਥਾਲੀਆਂ ਫੜਾ ਗਈ। ਅਗਲੇ ਗੇੜੇ ਉਹਨੇ ਚੌਂਕੇ ਵਿਚੋਂ ਦੀਵਾ ਚੁੱਕ ਕੇ ਸਬਾਤ ਵਿਚ ਰੱਖ ਦਿੱਤਾ। ਉਹ ਸਬਾਤ ਪੂਰਾ ਘਰ ਸੀ। ਵਿਹਲੇ ਹੋ ਕੇ ਦੋਹਾਂ ਤੀਵੀਆਂ ਨੇ ਵੀ ਸਾਡੇ ਨੇੜੇ ਮੰਜੇ ਡਾਹ ਲਏ ਤੇ ਲੰਮੀਆਂ ਪੈ ਗਈਆਂ। ਬੁੱਢੇ ਨੇ ਉਠ ਕੇ ਦੀਵਾ ਬੁਝਾ ਦਿੱਤਾ। ਵਾਪਸ ਆ ਕੇ ਮੰਜੇ ਉਤੇ ਲੰਮਾ ਪੈਂਦਿਆਂ ਉਸ ਪੁੱਛਿਆ, "ਅੱਜ ਕੱਲ੍ਹ ਮਹਾਰਾਜ ਕਿਥੇ ਨੇ?"

"ਮਹਾਰਾਜ?" ਇਹ ਇਕ ਹੋਰ ਅੱਲੋਕਾਰ ਸਵਾਲ ਸੀ। ਫਿਰ ਖਿਆਲ ਆਇਆ ਕਿ ਬੁੱਢਾ ਤਾਂ ਰਿਆਸਤਾਂ ਵਾਲੇ ਜ਼ਮਾਨੇ ਵਿਚ ਬੈਠਾ ਹੋਇਆ ਸੀ। ਰਿਆਸਤਾਂ ਤਾਂ ਕਦੋਂ ਦੀਆਂ ਮੁੱਕ ਗਈਆਂ ਸਨ। ਜਿਸ ਨੇ ਗੱਦੀ-ਨਸ਼ੀਨ ਹੋਣਾ ਸੀ, ਉਹ ਕਾਂਗਰਸ ਪਾਰਟੀ ਵਿਚ ਰਲ ਗਿਆ ਸੀ। ਮੈਂ ਜਵਾਬ ਦਿੱਤਾ, "ਮਹਾਰਾਜ ਤਾਂ ਸ਼ਾਇਦ ਦਿੱਲੀ ਹੋਣਗੇ।"

"ਮਹਾਰਾਜ ਦਾ ਦਰਬਾਰ ਤਾਂ ਫਿਰ ਉਜਾੜ ਪਿਆ ਹੋਊ!"

"ਹਾਂ।"

"ਖਜ਼ਾਨੇ ਵੀ ਬੰਦ ਹੋਣਗੇ?"

"ਹਾਂ।"

ਅਸੀਂ ਬੁੱਢੇ ਨੂੰ ਅੱਜ ਦੇ ਹਾਲਾਤ ਸਮਝਾਉਣ ਵੱਲ ਨਹੀਂ ਸਾਂ ਪੈਣਾ ਚਾਹੁੰਦੇ। ਸੰਖੇਪ ਜੁਆਬ ਵਿਚ ਹੀ ਸਾਡਾ ਭਲਾ ਸੀ।

"ਪਤੈ, ਸਾਰੇ ਬਣੀ ਵਿਚ ਮੇਰੇ ਜਿੰਨਾ ਕੋਈ ਨਹੀਂ ਘੁੰਮਿਆ। ਮੈਂ ਤਾਂ ਰਾਜਧਾਨੀ ਵੀ ਗਿਆ ਹੋਇਆ ਵਾਂ।" ਬੁੱਢੇ ਨੇ ਹੁੱਬ ਕੇ ਦੱਸਿਆ।

"ਰਾਜਧਾਨੀ ਵੀ?"

"ਹਾਂ, ਰਾਜਧਾਨੀ ਵੀ।"

ਸਬਾਤ ਤੋਂ ਬਾਹਰ ਅਸਮਾਨ 'ਚ ਤਾਰਿਆਂ ਵੱਲ ਵੇਖਦਾ ਉਹ ਪੁਰਾਣੇ ਦਿਨਾਂ ਵੱਲ ਤੁਰ ਗਿਆ, "ਅੱਬੂ ਨੇ ਉਦੋਂ ਮਹਾਰਾਜ ਲਈ ਸਾਲਾਨਾ ਭੇਟ ਲੈ ਕੇ ਜਾਣਾ ਸੀ। ਮੈਂ ਨਿੱਕਾ ਸਾਂ। ਅੱਬੂ ਨੇ ਮੈਨੂੰ ਮੋਢੇ 'ਤੇ ਬਿਠਾ ਲਿਆ। ਉਥੇ ਪਹੁੰਚਦਿਆਂ ਕਈ ਦਿਨ ਤੇ ਕਈ ਰਾਤਾਂ ਲੱਗ ਗਈਆਂ। ਉਦੋਂ ਮੈਂ ਪਹਿਲੀ ਵਾਰ ਮਹਾਰਾਜ ਦੇ ਦਰਸ਼ਨ ਕੀਤੇ ਸਨ।"

"ਇਹ ਤਾਂ ਬਹੁਤ ਪੁਰਾਣੀ ਗੱਲ ਹੋਊ?"

"ਹਾਂ, ਵੀਹ-ਪੰਝੀ ਸਾਲ ਤਾਂ ਹੋ ਹੀ ਗਏ ਹੋਣਗੇ।"

ਬੁੱਢੇ ਦੀ ਉਮਰ ਉਸ ਵੇਲੇ ਪਝੱਤਰ ਕੁ ਦੇ ਨੇੜੇ ਸੀ। ਰਿਆਸਤਾਂ ਤਾਂ ਬਹੁਤ ਪਹਿਲਾਂ ਹੀ ਮੁੱਕ ਗਈਆਂ ਸਨ। ਉਸ ਦੇ ਹਿਸਾਬ ਵਿਚ ਬੜਾ ਵੱਡਾ ਘਪਲਾ ਸੀ। ਮੈਂ ਪੁੱਛਿਆ, "ਬਾਬਾ! ਹੁਣ ਕਿੰਨੀ ਉਮਰ ਐ ਤੇਰੀ?"

"ਵੀਹ-ਪੰਝੀ ਸਾਲ ਦੀ ਹੋਊ।"

"ਤੇਰੀ ਪਤਨੀ ਦੀ ਉਮਰ ਕਿੰਨੀ ਐ?'

"ਵੀਹ-ਪੰਝੀ ਸਾਲ ਉਹਦੀ ਹੋਊ।"

"...ਤੇ ਨੂੰਹ ਦੀ?"

"ਇਹੋ ਵੀਹ-ਪੰਝੀ...।"

"ਨਈਂ ਬਾਬਾ! ਨੂੰਹ ਦੀ ਉਮਰ ਤਾਂ ਕੁਝ ਘੱਟ ਹੋਊ।" ਲੈਫਟੀਨੈਂਟ ਈਮਾਨ ਮੁਸਕੜੀਏਂ ਹੱਸਿਆ।

"ਹਾਂ, ਕੀ ਪਤੈ! ਮੈਂ ਵੀ ਪੁੱਛਿਆ ਨਈਂ ਕਦੀ।" ਬੁੱਢੇ ਨੂੰ ਵੀਹ-ਪੰਝੀ ਤੋਂ ਵੱਧ ਗਿਣਤੀ ਦਾ ਕੁਝ ਪਤਾ ਨਹੀਂ ਸੀ। ਉਹਨੇ ਬਹੁਤਾ ਗਿਣ ਕੇ ਲੈਣਾ ਵੀ ਕੀ ਸੀ। ਦੋਵੇਂ ਤੀਵੀਆਂ ਸੁੱਤੇ ਹੋਣ ਦਾ ਵਿਖਾਵਾ ਕਰ ਰਹੀਆਂ ਸਨ। ਬੁੱਢੇ ਦੇ ਹੁੰਦਿਆਂ ਗੱਲਬਾਤ ਵਿਚ ਦਖਲ ਦੇਣ ਦਾ ਉਨ੍ਹਾਂ ਵਿਚ ਹੌਂਸਲਾ ਨਹੀਂ ਸੀ। ਬਣੀ ਵਿਚ ਵਕਤ ਖਲੋਤਾ ਹੋਇਆ ਸੀ। ਬਾਹਰੀ ਦੁਨੀਆਂ ਨਾਲੋਂ ਟੁੱਟ ਕੇ ਉਹ ਲੋਕ ਜਿਊਂਦੇ ਕਿਸ ਤਰ੍ਹਾਂ ਸਨ। ਲੈਫਟੀਨੈਂਟ ਈਮਾਨ ਨੇ ਉਹਨੂੰ ਘੋਖਣਾ ਸ਼ੁਰੂ ਕੀਤਾ।

"ਬਾਬਾ! ਤੁਹਾਡੀਆਂ ਲੋੜਾਂ ਕਿਸ ਤਰ੍ਹਾਂ ਪੂਰੀਆਂ ਹੁੰਦੀਆਂ ਨੇ?"

"ਲੋੜਾਂ!" ਬੁੱਢਾ ਹੱਸਿਆ, "ਪੁੱਤਰ! ਬਣੀ ਵਿਚ ਕਾਹਦਾ ਘਾਟਾ ਏ। ਸਭ ਕੁਝ ਤਾਂ ਹੈਗਾ ਏ ਇਥੇ। ਲੋੜ ਪਈ 'ਤੇ ਇਕ ਦੂਜੇ ਨਾਲ ਚੀਜ਼ਾਂ ਵਟਾ ਲਈਦੀਆਂ ਨੇ।"

"... ਤੇ ਲੂਣ?

"ਇਕ ਬੰਦਾ ਸਾਲ ਵਿਚ ਦੋ ਕੁ ਵਾਰ ਬਾਹਰੋਂ ਕਿਤਿਓਂ ਲੂਣ ਲੈ ਕੇ ਆਉਂਦਾ ਏ। ਲੂਣ ਦੇ ਕੇ ਉਹ ਸਾਥੋਂ ਸਾਡੀਆਂ ਚੀਜ਼ਾਂ ਲੈ ਲੈਂਦਾ ਏ।"

"ਕੌਣ ਏ ਉਹ ਬੰਦਾ?"

"ਬੰਦੇ ਤਾਂ ਰੱਬ ਦੇ ਈ ਹੁੰਦੇ ਨੇ। ਹੋਰ ਕੌਣ ਹੋਊ ਉਹ?"

ਲੈਫਟੀਨੈਂਟ ਈਮਾਨ ਦਾ ਵੀ ਗੱਲਾਂ ਦਾ ਉਤਸ਼ਾਹ ਮੱਠਾ ਪੈ ਗਿਆ। ਉਹ ਪਾਸਾ ਵੱਟ ਕੇ ਪੈ ਗਿਆ। ਬਾਬੇ ਦੇ ਬੋਲਾਂ ਨੇ ਮੁੜ ਹਲੂਣਿਆ, "ਪੁੱਤਰ! ਭਲਾ ਅੰਗਰੇਜ਼ ਹਿੰਦੁਸਤਾਨ ਵਿਚੋਂ ਚਲੇ ਗਏ ਨੇ?"

*(ਅਗਲੇ ਸਫੇ 'ਤੇ ਜਾਰੀ)*

ਈਮਾਨ ਨੇ ਚੁੱਪ ਰਹਿਣ ਦਾ ਸੋਚ ਲਿਆ ਸੀ। ਜਵਾਬ ਮੈਂ ਦਿੱਤਾ, "ਹਾਂ ਬਾਬਾ, ਇਹ ਤਾਂ ਕਈ ਸਾਲ ਪੁਰਾਣੀ ਗੱਲ ਹੈ। ਉਦੋਂ ਹੀ ਤਾਂ ਨਹਿਰੂ ਪ੍ਰਧਾਨ ਮੰਤਰੀ ਬਣਿਆ ਸੀ।"

"ਨਹਿਰੂ ਤਾਂ ਫਿਰ ਅੰਗਰੇਜ਼ ਨਈਂ ਹੋਣਾ।" ਬੁੱਢੇ ਨੇ ਜਿਵੇਂ ਆਪਣੇ ਆਪ ਨਾਲ ਗੱਲ ਕੀਤੀ, "ਪਰ ਕੀ ਪਤਾ, ਨਹਿਰੂ ਅੰਗਰੇਜ਼ ਹੀ ਹੋਵੇ।"

ਬੁੱਢੇ ਨਾਲ ਗੱਲਾਂ ਕਰਨ ਪਿੱਛੋਂ ਸਾਨੂੰ ਕਿਧਰੋਂ ਵੀ ਕੋਈ ਹੋਰ ਗੱਲ ਪੁੱਛਣ ਦੀ ਲੋੜ ਨਾ ਰਹੀ।

---

ਸਾਡਾ ਵਾਪਸੀ ਦਾ ਰਾਹ ਕੁਝ ਸੁਖਾਲਾ ਵੀ ਸੀ ਤੇ ਨਿੱਕਾ ਵੀ। ਉਸ ਰਾਹ ਉਤੇ ਟਾਵੇਂ-ਟੱਲੇ ਮਕਾਨ ਵੀ ਦਿਸਦੇ ਰਹੇ। ਗਸ਼ਤ ਦੇ ਆਖਰੀ ਦਿਨ ਸਾਰੇ ਸੈਨਿਕ ਉਤਸ਼ਾਹ ਨਾਲ ਭਰੇ ਹੋਏ ਸਨ। ਰਸਦ ਚੁੱਕਣ ਲਈ ਉਨ੍ਹਾਂ ਨੂੰ ਜਿਹੜੇ ਮਜ਼ਦੂਰ ਕਰਨੇ ਪੈਣੇ ਸਨ, ਉਹ ਭਾਰ ਆਪਸ ਵਿਚ ਵੰਡ ਕੇ ਉਨ੍ਹਾਂ ਨੇ ਮਜ਼ਦੂਰੀ ਬਚਾ ਲਈ ਸੀ।

ਸੂਬੇਦਾਰ ਮੰਗਤ ਰਾਮ ਨੇ ਆਖਿਆ, "ਸਰ, ਜਵਾਨਾਂ ਲਈ ਤਾਂ ਬੜਾ ਖਾਣਾ ਹੋਣਾ ਚਾਹੀਦਾ।" ਲੈਫਟੀਨੈਂਟ ਈਮਾਨ ਉਮਾਹ ਨਾਲ ਬੋਲਿਆ, "ਸਾਬ੍ਹ! ਪਲਟਨ ਵਿਚ ਜਾ ਕੇ ਬੜਾ ਖਾਣਾ ਵੀ ਜ਼ਰੂਰ ਹੋਊ ਪਰ ਜੇ ਰਾਹ ਵਿਚ ਕਿਧਰੇ ਕੁੱਕੜ ਮਿਲਣ ਤਾਂ ਬੇਸ਼ੱਕ ਖਰੀਦ ਲਿਓ। ਬੰਦ ਡੱਬਿਆਂ ਦੀ ਦਾਲ, ਭਾਜੀ ਖਾਂਦਿਆਂ ਮੂੰਹ ਦਾ ਜ਼ਾਇਕਾ ਵੀ ਕੁਝ ਹੋਰੂੰ ਹੋਇਆ ਪਿਆ ਏ।"

ਰਾਹ ਵਿਚ ਖੱਚਰ-ਡੰਡੀ ਦੇ ਨਾਲ ਲੱਗਦੇ ਇਕ ਮਕਾਨ ਸਾਹਮਣੇ ਕੁਝ ਕੁੱਕੜ ਕੁੱਕੜੀਆਂ ਚੋਗਾ ਚੁਗ ਰਹੇ ਸਨ। ਇਕ ਅਧਖੜ ਜਿਹਾ ਬੰਦਾ ਪੱਥਰ ਉਤੇ ਬੈਠਾ ਹੁੱਕਾ ਪੀ ਰਿਹਾ ਸੀ। ਸੂਬੇਦਾਰ ਮੰਗਤ ਰਾਮ ਨੇ ਅਗਾਂਹ ਹੋ ਕੇ ਪੁੱਛਿਆ, "ਬੜੇ ਮੀਆਂ, ਕੁੱਕੜ ਵੇਚਣੇ ਨੇ?"

"ਹਾਂ, ਕਿੰਨੇ ਪੈਸੇ ਦਿਓਗੇ?"

"ਤੂੰ ਦੱਸ?"

"ਦੋ ਰੁਪਏ।" ਉਹਨੇ ਆਪਣੇ ਵਲੋਂ ਮੁੱਲ ਕੁਝ ਵਧਾ ਕੇ ਦੱਸਿਆ। ਅਸੀਂ ਲੋੜ ਅਨੁਸਾਰ ਕੁੱਕੜ ਖਰੀਦ ਲਏ। ਅਸੀਂ ਉਦੋਂ ਦਸ-ਬਾਰਾਂ ਕਿਲੋਮੀਟਰ ਦਾ ਪੈਂਡਾ ਤੈਅ ਕਰ ਚੁਕੇ ਸਾਂ ਕਿ ਇਕ ਜਵਾਨ ਨੇ ਸੁਭਾਇਕੀ ਭਉਂ ਕੇ ਵੇਖਿਆ। ਪਿਛਲੇ ਮੋੜ ਉਤੇ ਕੋਈ ਹੱਥ ਹਿਲਾ-ਹਿਲਾ ਕੇ ਸਾਨੂੰ ਰੁਕਣ ਦਾ ਇਸ਼ਾਰਾ ਕਰ ਰਿਹਾ ਸੀ। ਇਹ ਉਹੀ ਆਦਮੀ ਸੀ, ਜੀਹਨੇ ਸਾਨੂੰ ਕੁੱਕੜ ਵੇਚੇ ਸਨ। ਉਹ ਹਫਿਆ ਹੋਇਆ ਸੀ। ਉਹਦੇ ਸਾਹ ਧੌਂਕਣੀ ਵਾਂਗੂੰ ਚੱਲ ਰਹੇ ਸਨ।

ਅਸੀਂ ਰੁਕ ਗਏ। ਕੋਲ ਪਹੁੰਚ ਕੇ ਉਹਨੇ ਸਾਹ ਕਾਬੂ ਵਿਚ ਕੀਤੇ ਤੇ ਗੁੱਸੇ ਵਾਲੇ ਰੌਂਅ ਵਿਚ ਬੋਲਿਆ, "ਤੁਸੀਂ ਮੇਰੇ ਨਾਲ ਧੋਖਾ ਕੀਤਾ ਏ। ਤੁਸੀਂ ਮੈਨੂੰ ਕੁੱਕੜਾਂ ਦੇ ਬੱਸ ਥੋੜ੍ਹੇ ਜਿਹੇ ਪੈਸੇ ਹੀ ਦਿੱਤੇ ਨੇ।"

"ਨਈਂ, ਥੋੜ੍ਹੇ ਤਾਂ ਨਈਂ ਦਿੱਤੇ। ਤੂੰ ਜਿੰਨੇ ਮੰਗੇ ਸੀ, ਗਿਣ ਕੇ ਉਨੇ ਹੀ ਦਿੱਤੇ ਨੇ।" ਸੂਬੇਦਾਰ ਮੰਗਤ ਰਾਮ ਨੇ ਸਪਸ਼ਟ ਕੀਤਾ।

"ਮੇਰਾ ਪੁੱਤਰ ਸਕੂਲ ਪੜ੍ਹਦਾ ਏ। ਉਹਨੂੰ ਸਭ ਪਤਾ ਏ", ਉਹਨੇ ਪੂਰੇ ਦਾਅਵੇ ਨਾਲ ਕਿਹਾ, "ਉਹ ਆਖਦਾ ਏ ਇਕ ਕੁੱਕੜ ਦੇ ਦੋ ਰੁਪਏ ਬਹੁਤ ਥੋੜ੍ਹੇ ਹੁੰਦੇ ਨੇ।" ਮੈਂ ਉਸ ਪਹਾੜੀਏ ਦੀ ਸਾਦਗੀ ਉਤੇ ਮੁਸਕਰਾਇਆ। ਦਸ ਰੁਪਏ ਦਾ ਨੋਟ ਉਹਦੇ ਵੱਲ ਕਰਦਿਆਂ ਕਿਹਾ, "ਮੀਆਂ, ਹੁਣ ਤਾਂ ਰੁਪਏ ਥੋੜ੍ਹੇ ਨਈਂ ਨਾ?"

ਦਸ ਰੁਪਏ ਲੈ ਕੇ ਪਹਾੜੀਆ ਚਾਈਂ-ਚਾਈਂ ਉਥੋਂ ਤੁਰ ਪਿਆ। ਝਾਗੇ ਪੈਂਡੇ ਦਾ ਉਹਦੇ ਚਿਹਰੇ ਉਤੇ ਰੱਤੀ ਭਰ ਵੀ ਹਰਖ ਨਹੀਂ ਸੀ।

ਦੁਪਹਿਰ ਵੇਲੇ ਅਸੀਂ ਉਥੇ ਪਹੁੰਚ ਗਏ, ਜਿਥੋਂ ਇਕ ਹਫਤਾ ਪਹਿਲਾਂ ਤੁਰੇ ਸਾਂ। ਫੌਜੀ ਟਰੱਕ ਨੇ ਸਾਨੂੰ ਦੁਪਹਿਰ ਢਲੇ ਲੈਣ ਆਉਣਾ ਸੀ। ਜਵਾਨਾਂ ਨੇ ਪਿੱਠੂ ਲਾਹ ਕੇ ਇਕ ਕਤਾਰ ਵਿਚ ਰੱਖ ਦਿੱਤੇ ਤੇ ਹਥਿਆਰ ਸਾਫ ਕਰਨ ਲੱਗੇ। ਜਿਨ੍ਹਾਂ ਜਵਾਨਾਂ ਦੀ ਖਾਣਾ ਬਣਾਉਣ ਦੀ ਵਾਰੀ ਸੀ, ਉਨ੍ਹਾਂ ਲੱਕੜਾਂ ਇਕੱਠੀਆਂ ਕਰ ਕੇ ਅੱਗ ਬਾਲ ਲਈ।

ਮੈਂ ਤੇ ਲੈਫਟੀਨੈਂਟ ਈਮਾਨ ਨੇ ਵਾਪਸ ਪਹੁੰਚ ਕੇ ਲੰਮੀ ਗਸ਼ਤ ਬਾਰੇ ਆਪੋ-ਆਪਣੀ ਰਿਪੋਰਟ ਪੇਸ਼ ਕਰਨੀ ਸੀ। ਬਣੀ ਦੇ ਇਲਾਕੇ 'ਚ ਮੀਲਾਂ ਲੰਮੀ ਸਰਹੱਦ ਖੁੱਲ੍ਹੀ ਪਈ ਸੀ। ਕਿਧਰੇ ਕੋਈ ਰੋਕ ਟੋਕ ਨਹੀਂ ਸੀ। ਕੋਈ ਭਾਵੇਂ ਕਿਧਰੋਂ ਵੀ, ਕਦੋਂ ਵੀ ਭਾਰਤ ਅੰਦਰ ਦਾਖਲ ਹੋ ਜਾਵੇ। ਜੇ ਉਥੇ ਰਾਖੀ ਲਈ ਫੌਜ ਬਿਠਾ ਦਿੱਤੀ ਜਾਵੇ ਤਾਂ ਕਿਹੋ ਜਿਹੇ ਪ੍ਰਬੰਧਕੀ ਮਸਲੇ ਦਰਪੇਸ਼ ਆਉਣਗੇ। ਮੈਂ ਰਿਪੋਰਟ ਵਿਚ ਬੱਸ ਇਹੋ ਧਿਆਨ ਰੱਖਣਾ ਸੀ।

ਲੈਫਟੀਨੈਂਟ ਈਮਾਨ ਦੀ ਰਿਪੋਰਟ ਸੁਰੱਖਿਆ ਦੇ ਮਸਲੇ ਨਾਲ ਜੁੜੀ ਹੋਈ ਸੀ। ਉਸ ਰਿਪੋਰਟ ਵਿਚ ਉਹਨੇ ਬਣੀ ਦੇ ਲੋਕਾਂ ਦਾ ਹੀਜ਼-ਪਿਆਜ਼ ਵੀ ਖੋਲ੍ਹਣਾ ਸੀ, ਪਰ ਉਹ ਕੀ ਲਿਖੇਗਾ ਉਨ੍ਹਾਂ ਬਾਰੇ?

ਬਣੀ ਦੇ ਵਾਸੀਆਂ ਕੋਲ ਨਾ ਤਾਂ ਕੋਈ ਦੇਸ਼ ਸੀ ਅਤੇ ਨਾ ਹੀ ਉਹ ਕਿਸੇ ਸਰਹੱਦ ਨੂੰ ਜਾਣਦੇ ਸਨ। ਉਹ ਤਾਂ ਬੇਝਿਜਕ ਲੀਕੋਂ ਪਾਰ ਹੋ ਆਉਂਦੇ ਸਨ। ਉਥੇ ਉਨ੍ਹਾਂ ਦੀਆਂ ਰਿਸ਼ਤੇਦਾਰੀਆਂ ਵੀ ਸਨ। ਅਸੀਂ ਜਿਨ੍ਹਾਂ ਵਿਚੋਂ ਦੁਸ਼ਮਣੀ ਦੀ ਬੂਅ ਸੁੰਘਣ ਗਏ ਸਾਂ, ਉਹ ਪੰਛੀਆਂ ਵਰਗੇ ਸਨ, ਮਾਸੂਮ ਤੇ ਨਿਰਛਲ। ਉਹ ਭਾਵੇਂ ਉਡ ਕੇ ਕਿਤੇ ਵੀ ਚਲੇ ਜਾਣ, ਨਜ਼ਰ ਕਿਸੇ ਲੀਕ ਨੂੰ ਨਹੀਂ ਸੀ ਵੇਖਦੀ।

ਲੈਫਟੀਨੈਂਟ ਈਮਾਨ ਬਾਕੀਆਂ ਤੋਂ ਕੁਝ ਪਰ੍ਹਾਂ ਇਕ ਪੱਥਰ ਨਾਲ ਢੋਅ ਲਾ ਕੇ ਬੈਠ ਗਿਆ ਤੇ ਰਿਪੋਰਟ ਲਿਖਣ ਲਈ ਆਪਣੇ ਪਾਊਚ ਵਿਚੋਂ ਕਾਪੀ ਕੱਢ ਲਈ। ਮੈਂ ਉਹਦੇ ਕੋਲ ਜਾ ਕੇ ਹੱਸਿਆ, "ਕਮ ਆਨ ਈਮਾਨ! ਰੀਲੈਕਸ। ਉਨ੍ਹਾਂ ਨੂੰ ਕੋਰਾ ਕਾਗਜ਼ ਫੜਾ ਦੇਵੀਂ। ਆਖੀਂ, ਇਹੋ ਹੈ ਮੇਰੀ ਰਿਪੋਰਟ।" ਮੇਰੀ ਗੱਲ ਦੇ ਜਵਾਬ ਵਿਚ ਉਹ ਹੱਸਿਆ ਨਹੀਂ ਸੀ, ਚੁੱਪ ਰਿਹਾ। ਉਦੋਂ ਮੈਥੋਂ ਉਹਦੀ ਚੁੱਪ ਦੇ ਆਰ-ਪਾਰ ਨਹੀਂ ਸੀ ਵੇਖਿਆ ਗਿਆ।

---

ਸੱਪਾਂ ਵਾਲੇ ਉਸ ਪਹਾੜ ਉਤੇ ਕਈ ਕਹਾਣੀਆਂ ਖਿਲਰੀਆਂ ਪਈਆਂ ਸਨ। ਉਨ੍ਹਾਂ ਵਿਚੋਂ ਕੁਝ ਕਹਾਣੀਆਂ ਮੈਂ ਲਿਖ ਵੀ ਲਈਆਂ, ਪਰ ਲੰਮੀ ਗਸ਼ਤ ਬਾਰੇ ਮੈਂ ਕੋਈ ਕਹਾਣੀ ਨਹੀਂ ਸੀ ਲਿਖੀ। ਉਦੋਂ ਮੇਰੀ ਕੁਝ ਬੇਯਕੀਨੀ ਵੀ ਸੀ ਕਿ ਜ਼ਿੰਦਗੀ ਵਿਚੋਂ ਇੰਨੀ ਪੂਰੀ ਕਹਾਣੀ ਕਿਸ ਤਰ੍ਹਾਂ ਲੱਭ ਸਕਦੀ ਹੈ ਭਲਾ। ਲੰਮੀ ਗਸ਼ਤ ਵਾਲੀ ਬਾਤ ਵਿਚ ਤਾਂ ਕਲਪਨਾ ਦੀ ਗੁੰਜਾਇਸ਼ ਵੀ ਨਹੀਂ ਸੀ ਜਾਪਦੀ।

ਲੈਫਟੀਨੈਂਟ ਈਮਾਨ ਦੀ ਰਿਪੋਰਟ ਵਿਚੋਂ ਅਫਸਰਾਂ ਨੂੰ ਹਮਕ ਵੀ ਆਈ ਸੀ। ਉਨ੍ਹਾਂ ਨੂੰ ਇਹ ਵੀ ਜਾਪਿਆ ਕਿ ਈਮਾਨ ਨੇ ਆਪਣੇ ਧਰਮ ਵਾਲਿਆਂ ਦਾ ਪੱਖ ਪੂਰਿਆ ਸੀ। ਲੰਮੀ ਗਸ਼ਤ ਦੀ ਰਿਪੋਰਟ ਲਿਖਣ ਵੇਲੇ ਲੈਫਟੀਨੈਂਟ ਈਮਾਨ ਦੀ ਚਿੰਤਾ ਖੁਦ ਦੇ ਮੁਸਲਮਾਨ ਹੋਣ ਦੀ ਸੀ।

ਇਹ ਚਿੰਤਾ ਅਸੀਂ ਹਰ ਕਿਸੇ ਲਈ ਪੈਦਾ ਕਰ ਰਹੇ ਸਾਂ, ਕਿਸੇ ਦੇ ਮੁਸਲਮਾਨ ਹੋਣ ਦੀ ਤੇ ਕਿਸੇ ਦੇ ਸਿੱਖ ਹੋਣ ਦੀ। ਕਿਸੇ ਦੇ ਹਿੰਦੂ ਹੋਣ ਦੀ ਤੇ ਕਿਸੇ ਦੇ ਇਸਾਈ ਹੋਣ ਦੀ।

ਉਦੋਂ ਮੇਰੀ ਛਾਤੀ ਵਿਚੋਂ ਪੀੜ ਨਹੀਂ ਸੀ ਉਠੀ। ਉਦੋਂ ਮੈਂ ਲੈਫਟੀਨੈਂਟ ਈਮਾਨ ਦੇ ਦਰਦ ਨੂੰ ਆਪਣੇ ਅੰਦਰ ਮਹਿਸੂਸ ਨਹੀਂ ਸਾਂ ਕਰ ਸਕਿਆ। 1969 ਦੀ ਉਸ ਘਟਨਾ ਨੂੰ ਚੇਤੇ ਵਿਚ ਸਹੇਜ ਕੇ ਮੈਂ 1986 ਦੇ ਵਿਹੜੇ ਤੱਕ ਪਹੁੰਚ ਗਿਆ ਸਾਂ। ਪੰਜਾਬ ਵਿਚ ਅਤਿਵਾਦ ਦਾ ਦੌਰ-ਦੌਰਾ ਸੀ। ਉਦੋਂ ਫੌਜੀ ਅਫਸਰਾਂ ਦੀਆਂ ਸਾਲਾਨਾ ਗੁਪਤ ਰਿਪੋਰਟਾਂ ਉਤੇ ਵੀ ਅਤਿਵਾਦ ਦਾ ਪਰਛਾਵਾਂ ਪੈਣਾ ਸ਼ੁਰੂ ਹੋ ਗਿਆ ਸੀ। ਮੈਂ ਪੂਣੇ ਤੋਂ ਨਵਾਂ-ਨਵਾਂ ਬਦਲ ਕੇ ਆਇਆ ਸਾਂ। ਅਸੀਂ ਕੁਝ ਜਣੇ ਦੁਪਹਿਰ ਦਾ ਖਾਣਾ ਖਾ ਰਹੇ ਸਾਂ। ਪੰਜਾਬ ਦੇ ਉਸ ਵੇਲੇ ਦੇ ਹਾਲਾਤ ਬਾਰੇ ਗੱਲਾਂ ਛਿੜੀਆਂ ਹੋਈਆਂ ਸਨ। ਇਕ ਮੇਜਰ ਬੀਅਰ ਦੇ ਸਰੂਰ ਵਿਚ ਸੀ, ਅਚਨਚੇਤੀ ਬੋਲਿਆ, "ਇਨ੍ਹਾਂ ਸਿੱਖਾਂ ਨੂੰ ਤਾਂ ਇਕ-ਇਕ ਕਰ ਕੇ ਵੱਢ ਸੁੱਟਣਾ ਚਾਹੀਦੈ।"

ਸੰਨਾਟਾ ਉਸੇ ਪਲ ਪਸਰ ਗਿਆ।


ਮੈਂ ਮਨੁੱਖ ਬਣਨ ਦੇ ਰਾਹ ਤੁਰਿਆ ਹੋਇਆ ਸਾਂ। ਮੈਂ ਸੋਚਦਾ ਸਾਂ, ਪਿਆਰ ਮੇਰਾ ਮਜ਼ਹਬ ਹੋਵੇ ਪਰ ਮੇਰੇ ਮਜ਼ਹਬ ਦੇ ਸਿਰ ਉਤੇ ਪੱਗ ਬੱਝੀ ਹੋਈ ਸੀ। ਉਸ ਪਲ ਲੈਫਟੀਨੈਂਟ ਈਮਾਨ ਦਾ ਉਹ ਦਰਦ ਮੇਰੀ ਛਾਤੀ ਵਿਚ ਉਠਿਆ ਸੀ, ਲੰਮੀ ਗਸ਼ਤ ਦੀ ਰਿਪੋਰਟ ਵਾਲੀ ਘਟਨਾ ਤੋਂ ਉਨੀ ਵਰ੍ਹੇ ਪਿੱਛੋਂ।

ਲੈਫਟੀਨੈਂਟ ਈਮਾਨ ਵਾਲਾ ਜ਼ਬਤ ਮੇਰੇ ਕੋਲ ਨਹੀਂ ਸੀ। ਮੈਂ ਗੁੱਸੇ 'ਚ ਮੂਹਰੇ ਪਿਆ ਦਾਲ ਵਾਲਾ ਡੌਂਗਾ ਉਸ ਮੇਜਰ ਵੱਲ ਵਗਾਹ ਮਾਰਿਆ। ਦਾਲ ਖਾਣੇ ਦੇ ਮੇਜ਼ ਉਤੇ ਡੁੱਲ੍ਹ ਗਈ। ਡੌਂਗਾ ਭੁੰਜੇ ਡਿੱਗ ਕੇ ਟੁੱਟ ਗਿਆ। ਮੈਂ ਉਠ ਕੇ ਖਲੋ ਗਿਆ, "ਜੇ ਬੰਦੇ ਦਾ ਪੁੱਤ ਐਂ ਤਾਂ ਹੁਣ ਬੋਲ, ਮੈਂ ਵੀ ਵੇਖਾਂ...।"

ਉਸ ਮੇਜਰ ਦਾ ਸਰੂਰ ਝੱਗ ਵਾਂਗੂੰ ਸੁਰ-ਸੁਰ ਕਰ ਕੇ ਮੁੱਕ ਗਿਆ। ਉਹਨੇ ਭਮੱਤਰੇ ਹੋਏ ਨੇ ਮੇਰੇ ਵੱਲ ਵੇਖਿਆ। ਉਹ ਜੋ ਉਥੇ ਬੈਠੇ ਹੋਏ ਸਨ, ਉਨ੍ਹਾਂ ਨੂੰ ਕੋਰਟ ਆਫ ਇਨਕੁਆਰੀ ਅਤੇ ਕੋਰਟ ਮਾਰਸ਼ਲ ਦੇ ਆਸਾਰ ਸਾਫ ਦਿਸ ਪਏ ਸਨ। ਉਨ੍ਹਾਂ ਨੂੰ ਇਹ ਵੀ ਦਿਸ ਪਿਆ ਸੀ ਕਿ ਸਭਿਅਕ ਹੋਣ ਦੇ ਭੰਡਾਰਦਾਰਾਂ ਨੇ ਅਤਿਵਾਦ ਤੇ ਸੰਪਰਦਾਇਕਤਾ ਦੇ ਬੀਜ ਤਿਆਰ ਕਰਨ ਅਤੇ ਬੀਜਣ ਦੀ ਜਾਚ ਸਿੱਖ ਲਈ ਸੀ। ਉਹ ਫਿਕਰਮੰਦ ਹੋਏ ਸਨ। ਉਨ੍ਹਾਂ ਰਲ ਕੇ ਸਥਿਤੀ ਨੂੰ ਸੰਭਾਲ ਲਿਆ ਸੀ।

ਇਸ ਘਟਨਾ ਪਿੱਛੋਂ ਮੈਂ ਲੰਮੀ ਗਸ਼ਤ ਦੀ ਉਸ ਕਹਾਣੀ ਨੂੰ ਭੁੱਲ ਨਹੀਂ ਸਕਿਆ। ਬਣੀ ਪਿੰਡ ਦੇ ਲੋਕਾਂ ਵਿਚੋਂ ਅਸੀਂ ਦੁਸ਼ਮਣੀ ਦੀ ਬੂਅ ਲੱਭਣ ਗਏ ਸਾਂ। ਦਰਅਸਲ ਉਹੀ ਅਸਲੀ ਮਨੁੱਖ ਸਨ। ਉਨ੍ਹਾਂ ਨੂੰ ਸਾਡੇ ਸਭਿਅਕ ਹੋਣ ਨੇ ਪਲੀਤ ਨਹੀਂ ਸੀ ਕੀਤਾ। ਉਨ੍ਹਾਂ ਲਈ ਹਰ ਕੋਈ ਰੱਬ ਦਾ ਜੀਅ ਸੀ। ਚੰਡੀ ਮੰਦਿਰ ਦੇ ਅਫਸਰ ਮੈਸ ਵਿਚ ਵਾਪਰੀ ਘਟਨਾ ਮੇਰੀ ਕਹਾਣੀ 'ਪੰਛੀਆਂ ਦੀ ਤਫਤੀਸ਼' ਦੀਆਂ ਜੰਮਣ ਪੀੜਾਂ ਦਾ ਹੀ ਹਿੱਸਾ ਸੀ।

# ਸਿਕੰਦਰ ਦਾ ਸ਼ਹਿਰ



ਸਿਕੰਦਰੀਆ ਸ਼ਹਿਰ ਵਿਚ ਚੜ੍ਹਦੀ ਸਵੇਰ ਦੀ ਇਕ ਦਿਲਕਸ਼ ਝਲਕ।

ਕਈ ਸ਼ਹਿਰਾਂ ਦੇ ਨਾਂ ਬੜੇ ਚੰਗੇ ਲੱਗਦੇ ਹਨ। ਮਿਸਰ ਦਾ ਉਤਰੀ ਸ਼ਹਿਰ ਅਲੈਗਜ਼ੈਂਡਰੀਆ ਵੀ ਉਨ੍ਹਾਂ 'ਚੋਂ ਇਕ ਹੈ। ਇਹਦਾ ਦੂਜਾ ਨਾਂ ਸਿਕੰਦਰੀਆ ਵੀ ਓਨਾ ਹੀ ਸੋਹਣਾ ਹੈ। ਇਹ ਨਾਂ ਮੇਸੇਦੋਨੀਆ ਦੇ ਰਾਜੇ ਸਿਕੰਦਰ ਮਹਾਨ ਦੇ ਨਾਂ 'ਤੇ ਪਏ ਜਿਸ ਨੇ ਇਹ ਸ਼ਹਿਰ 332 ਕਬਲ-ਏ-ਮਸੀਹ ਵਿਚ ਵਸਾਇਆ ਜਦ ਉਸ ਨੇ ਮਿਸਰ ਫਤਿਹ ਕੀਤਾ।

ਹੁਣ ਮਿਸਰ ਦੀ ਰਾਜਧਾਨੀ ਕਾਹਿਰਾ ਤੋਂ ਸਿਕੰਦਰੀਆ 220 ਕਿਲੋਮੀਟਰ ਹੈ। ਨਵਾਂ ਬਣਿਆ ਅੱਠ ਲੇਨ ਦਾ ਹਾਈਵੇ ਐਮ-75 ਕਿਸੇ ਵੀ ਵਿਕਸਿਤ ਮੁਲਕ ਦੀ ਸੜਕ ਨੂੰ ਮਾਤ ਪਾਉਂਦਾ ਹੈ ਜਿਸ 'ਤੇ ਔਸਤ ਰਫਤਾਰ 120 ਕਿਲੋਮੀਟਰ ਪ੍ਰਤੀ ਘੰਟਾ ਹੈ। ਮੇਰਾ ਗਾਈਡ ਆਪਣੇ ਮੁਲਕ ਦੀ ਨਵੀਂ ਬਣੀ ਸਰਕਾਰ ਦੀਆਂ ਸਿਫਤਾਂ ਕਰਦਾ ਨਹੀਂ ਸੀ ਥੱਕ ਰਿਹਾ, ਜਿਸ ਨੇ (ਉਸ ਮੁਤਾਬਕ) 4 ਸਾਲ ਵਿਚ 9000 ਕਿਲੋਮੀਟਰ ਸੜਕਾਂ ਬਣਾ ਦਿੱਤੀਆਂ ਅਤੇ 15 ਲੱਖ ਮੁਰੱਬਾ ਕਿਲੋਮੀਟਰ ਰੇਗਿਸਤਾਨ ਵਿਚ ਨਹਿਰੀ ਪਾਣੀ ਪਹੁੰਚਾ ਦਿੱਤਾ।

ਮਨਜੀਤਇੰਦਰ ਸਿੰਘ ਜੌਹਲ

ਸੜਕ 'ਤੇ ਜਾਂਦਿਆਂ ਦੋ ਚੀਜ਼ਾਂ ਧਿਆਨ ਖਿੱਚ ਰਹੀਆਂ ਸਨ। ਪਹਿਲੀ, ਕਾਹਿਰਾ ਨਿਕਲਦਿਆਂ ਹੀ ਵੱਡੇ ਵੱਡੇ ਫਾਰਮ ਹਾਊਸ, ਜੋ ਸ਼ਹਿਰ ਦੇ ਅਮੀਰਾਂ ਦੇ ਸਨ; ਦੂਜੇ ਗਹੀਰਿਆਂ ਵਰਗੇ ਕਬੂਤਰਾਂ ਦੇ ਖੁੱਡੇ ਜਿਨ੍ਹਾਂ ਵਿਚ ਮੋਰੀਆਂ ਬਣੀਆਂ ਹੋਈਆਂ ਸਨ। ਮਿਸਰ ਵਿਚ ਲੋਕ ਕਬੂਤਰਾਂ ਨੂੰ ਮੁਰਗੀਆਂ ਵਾਂਗ ਖਾਣ ਵਾਸਤੇ ਵੀ ਪਾਲਦੇ ਹਨ। ਨੀਲ ਦਰਿਆ ਦਾ ਡੈਲਟਾ ਦੁਨੀਆਂ ਵਿਚ ਸਭ ਤੋਂ ਵੱਡਾ ਹੈ, ਅੱਧੇ ਪੰਜਾਬ ਜਿੱਡਾ। ਮੱਧ ਸਾਗਰ ਦੇ ਸਾਹਿਲ ਤੇ ਇਸ ਦਾ ਫੈਲਾਓ ਕਰੀਬ 250 ਕਿਲੋਮੀਟਰ ਹੈ। ਜ਼ਰਖੇਜ਼ ਹੋਣ ਕਾਰਨ ਅਬਾਦੀ ਸੰਘਣੀ ਹੈ ਤੇ ਕਈ ਸ਼ਹਿਰ ਵੀ ਜਿਨ੍ਹਾਂ 'ਚੋਂ ਸਿਕੰਦਰੀਆ ਸਭ ਤੋਂ ਵੱਡਾ ਹੈ ਅਤੇ ਮੁੱਖ ਬੰਦਰਗਾਹ ਵੀ। ਪੱਛਮੀ ਮਿਸਰ ਵਿਚ ਕਾਫੀ ਗੈਸ ਨਿਕਲਦੀ ਹੈ ਜੋ ਪਾਈਪਾਂ ਰਾਹੀਂ ਇਥੇ ਲਿਆ ਕੇ ਸੋਧੀ ਜਾਂਦੀ ਹੈ। ਸ਼ਹਿਰ ਵੜਦੇ ਹੀ ਵੱਡੇ ਵੱਡੇ ਗੈਸ ਸੋਧ ਕਾਰਖਾਨੇ ਨਜ਼ਰੀਂ ਪੈਂਦੇ ਹਨ।

ਦੁਨੀਆਂ ਫਤਿਹ ਕਰਨ ਨਿਕਲਿਆ ਸਿਕੰਦਰ ਮਿਸਰ ਵਿਚ ਦੋ ਕੁ ਮਹੀਨੇ ਹੀ ਰਿਹਾ ਅਤੇ ਇਸ ਸ਼ਹਿਰ ਦੀ ਬੁਨਿਆਦ ਰੱਖ ਕੇ ਬਾਕੀ ਕੰਮ ਆਪਣੇ ਗਵਰਨਰ ਕਲੀਓਮੇਨਸ ਨੂੰ ਸੌਂਪ ਗਿਆ। ਯੂਨਾਨੀ ਸ਼ਾਸਨ ਤੇ ਪਿਛੋਂ ਰੋਮਨ ਰਾਜ ਹੇਠ ਸਿਕੰਦਰੀਆ ਨੇ ਬਹੁਤ ਵਿਕਾਸ ਕੀਤਾ। ਇਹ ਦੋ ਸਦੀਆਂ ਤਕ ਰੋਮ ਤੋਂ ਬਾਅਦ ਦੁਨੀਆਂ ਦਾ ਦੂਜਾ ਵੱਡਾ ਸ਼ਹਿਰ ਰਿਹਾ ਅਤੇ ਇਕ ਹਜ਼ਾਰ ਸਾਲ ਤਕ ਮਿਸਰ ਦੀ ਰਾਜਧਾਨੀ ਵੀ। ਮਿਸਰ ਦਾ ਪ੍ਰਵੇਸ਼ ਦੁਆਰ ਹੋਣ ਕਾਰਨ ਇਥੇ ਬਹੁਤ ਸਾਰੇ ਹਮਲੇ ਹੋਏ; ਜਿਵੇਂ ਮੁਸਲਮਾਨਾਂ ਦੀ ਧਾੜ, ਫਿਰ ਨੈਪੋਲੀਅਨ ਦਾ ਹਮਲਾ, ਅੰਗਰੇਜ਼ਾਂ ਦੀ ਗੋਲਾਬਾਰੀ ਅਤੇ ਬਾਅਦ ਵਿਚ ਇਸਰਾਈਲ ਦੀ ਬੰਬਾਰੀ।

ਦੁਨੀਆਂ ਦੇ ਪੁਰਾਣੇ 7 ਅਜੂਬਿਆਂ 'ਚੋਂ ਇਕ ਅਲੈਗਜ਼ੈਂਡਰੀਆ ਦਾ ਲਾਈਟ ਹਾਊਸ ਇਸੇ ਸ਼ਹਿਰ 'ਚ ਸੀ। ਸਮੁੰਦਰ ਦੇ ਨਾਲ ਨਾਲ ਜਾਂਦਿਆਂ ਟਾਪੂ ਦਿਸਦਾ ਹੈ ਜਿਥੇ ਤੀਜੀ ਸਦੀ ਈਸਾ ਪੂਰਵ ਯੂਨਾਨੀ ਤੋਲੋਮੀ (ਪਹਿਲੇ) ਵਲੋਂ 350 ਫੁੱਟ ਉਚਾ ਚਾਨਣ ਮੁਨਾਰਾ ਬਣਾਇਆ ਗਿਆ ਸੀ ਤਾਂ ਜੋ ਦੂਰੋਂ ਆਉਂਦੇ ਸਮੁੰਦਰੀ ਜਹਾਜ਼ਾਂ ਨੂੰ ਬੰਦਰਗਾਹ ਬਾਰੇ ਪਤਾ ਲੱਗ ਸਕੇ। ਪੱਥਰ ਨਾਲ ਬਣੀ ਇਹ ਇਮਾਰਤ ਬਣਾਉਣ ਵਿਚ 12 ਸਾਲ ਲੱਗੇ। ਸੰਨ 1480 ਵਿਚ ਆਏ ਜ਼ਬਰਦਸਤ ਭੂਚਾਲ ਨਾਲ ਇਹ ਖ਼ੂਬਸੂਰਤ ਅਜੂਬਾ ਢਹਿ ਕੇ ਸਮੁੰਦਰ ਵਿਚ ਗਰਕ ਹੋ ਗਿਆ। ਅਲੈਗਜ਼ੈਂਡਰੀਆ ਦੀ ਮਹਾਨ ਲਾਇਬ੍ਰੇਰੀ ਵੀ ਪੁਰਾਤਨ ਦੁਨੀਆਂ ਵਿਚ ਇਲਮ ਦਾ ਚਾਨਣ ਮੁਨਾਰਾ ਮੰਨੀ ਜਾਂਦੀ ਸੀ। ਇਸ ਨੂੰ 2300 ਪਹਿਲਾਂ ਤੋਲੋਮੀ (ਦੂਜੇ) ਨੇ ਉਸਾਰਿਆ ਸੀ। ਇਥੇ ਕਿਸੇ ਵੇਲੇ ਦੋ ਲੱਖ ਕਿਤਾਬਾਂ ਸਨ ਜੋ ਨੀਲ ਦਰਿਆ ਵਿਚ ਹੁੰਦੀ ਖਾਸ ਤਰ੍ਹਾਂ ਦੀ ਬੂਟੀ ਪਪਾਇਰਿਸ ਤੋਂ ਬਣੇ ਕਾਗਜ਼ 'ਤੇ ਲਿਖੀਆਂ ਗਈਆਂ ਸਨ। ਇਥੇ ਸੈਂਕੜੇ ਖੋਜਾਰਥੀ ਖੋਜ ਕਰਦੇ ਸਨ। ਇਸੇ ਕਰਕੇ ਅਲੈਗਜ਼ੈਂਡਰੀਆ ਨੂੰ ਦੁਨੀਆਂ ਦੇ ਇਲਮ ਦੀ ਰਾਜਧਾਨੀ ਕਿਹਾ ਜਾਂਦਾ ਸੀ। ਮਾੜੇ ਕਰਮਾਂ ਨੂੰ ਰੋਮਨ ਰਾਜੇ ਜੂਲੀਅਸ ਸੀਜ਼ਰ ਦੇ ਹਮਲੇ ਦੌਰਾਨ ਲਾਇਬ੍ਰੇਰੀ ਨੂੰ ਅੱਗ ਲੱਗ ਗਈ ਪਰ ਤਸੱਲੀ ਦੀ ਗੱਲ ਹੈ ਕਿ ਮਿਸਰ ਦੀ ਸਰਕਾਰ ਨੇ ਯੂਨੈਸਕੋ ਦੀ ਮਦਦ ਨਾਲ ਉਸੇ ਥਾਂ ਸੰਨ 2002 'ਚ ਮੁੜ ਲਾਇਬ੍ਰੇਰੀ ਬਣਾਈ ਗਈ, ਬਿਬਲੋਥਿਕਾ ਜੋ ਅੱਜ ਦੁਨੀਆਂ ਦੀਆਂ ਵੱਡੀਆਂ ਲਾਇਬ੍ਰੇਰੀਆਂ ਵਿਚੋਂ ਇਕ ਹੈ। ਇਹ ਵੀ ਸਮੁੰਦਰ ਕੰਢੇ ਹੈ, ਐਨ ਮਹਾਨ ਲਾਈਟ ਹਾਊਸ ਟਾਪੂ ਦੇ ਸਾਹਮਣੇ। ਟਿਕਟ ਲੈ ਕੇ ਦੇਖ ਸਕਦੇ ਹੋ ਭਾਵੇਂ ਇਹ ਯੂਨੀਵਰਸਿਟੀ ਆਫ ਅਲੈਗਜ਼ੈਂਡਰੀਆ ਦਾ ਹਿੱਸਾ ਹੈ।



ਸਿਕੰਦਰੀਆ ਦੀ ਖੰਡਰ ਹੋਈ ਲਾਇਬ੍ਰੇਰੀ ਦਾ ਦ੍ਰਿਸ਼।

ਅਸੀਂ ਨੇੜੇ ਹੀ ਬਣੀ ਸ਼ਾਨਦਾਰ ਅਲ-ਮੁਰਸੀ ਮਸਜਿਦ ਦੇਖਣ ਗਏ। ਇਸ ਵਿਚ ਤੇਰਵੀਂ ਸਦੀ ਦੇ ਸੂਫੀ ਸੰਤ ਅਬੁਲ ਅੱਬਾਸ ਮੁਰਸੀ ਦਾ ਮਕਬਰਾ ਹੈ ਅਤੇ ਇਸ ਨੂੰ ਪਹਿਲੀ ਵਾਰ 1286 ਵਿਚ ਤੇ ਮੌਜੂਦਾ ਰੂਪ ਵਿਚ 1940 ਵਿਚ ਬਣਾਇਆ ਗਿਆ ਸੀ। ਅੰਦਰੂਨੀ ਮੀਨਾਕਾਰੀ ਤੇ ਭਵਨ ਕਲਾ ਦੇਖਣਯੋਗ ਹੈ ਜੋ ਇਸਾਈ ਚਰਚ ਜਿਹੀ ਹੈ। ਮਿਸਰ ਦੀਆਂ ਮਸੀਤਾਂ ਵਿਚ ਖਾਸ ਗੱਲ ਦੇਖੀ ਕਿ ਜੁੱਤੀ ਲਾਹ ਕੇ ਹੱਥ 'ਚ ਫੜ ਕੇ ਅੰਦਰ ਜਾ ਸਕਦੇ ਹੋ।

360 ਏਕੜ ਵਿਚ ਬਣਿਆ ਮੌਨਤਾਜ਼ਾ ਮਹਿਲ ਅਤੇ ਬਾਗ ਬਹੁਤ ਮਨਮੋਹਕ ਹੈ। ਇਹ ਵਿਸ਼ਾਲ ਭਵਨ ਰਾਜੇ ਫਵਾਦ ਵਲੋਂ ਬਣਾਇਆ ਗਿਆ ਜੋ ਪਿਛੋਂ ਰਾਸ਼ਟਰਪਤੀ ਅਨਵਰ ਸਦਾਤ ਅਤੇ ਹੁਸਨੇ ਮੁਬਾਰਕ ਨੇ ਆਪਣੇ ਨਿਵਾਸ ਵਜੋਂ ਵਰਤਿਆ। ਮਹਿਲ ਅੰਦਰ ਦਾਖਲਾ ਆਮ ਨਹੀਂ ਸੀ, ਫਿਰ ਵੀ ਇਸ ਬਾਗ ਵਿਚ ਘੁੰਮਣ ਦਾ ਆਪਣਾ ਅਨੰਦ ਆਇਆ। ਭਾਰਤ ਵਾਂਗ ਹੀ ਇਥੇ ਫੁਰਸਤ ਦੇ ਪਲਾਂ ਦਾ ਲਾਹਾ ਲੈਂਦੇ ਕਈ ਜੋੜੇ ਵੀ ਦਿਸੇ।

ਹੁਣ ਅਸੀਂ ਸ਼ਹਿਰ ਵਿਚ ਚੌਥੀ ਸਦੀ ਈਸਵੀ ਵਿਚ ਬਣੇ ਰੋਮਨ ਐਫੀਥੀਏਟਰ ਦੇ ਖੰਡਰ ਦੇਖਣ ਗਏ। ਆਪਣੇ ਰਾਜ ਵਿਚ ਰੋਮਨਾਂ ਨੇ ਵੀ ਇਸ ਸ਼ਹਿਰ ਵਿਚ ਕਈ ਦਿਲਕਸ਼ ਇਮਾਰਤਾਂ ਤਾਮੀਰ ਕਰਵਾਈਆਂ ਜਿਨ੍ਹਾਂ 'ਚੋਂ ਰੋਮਨ ਸ਼ੈਲੀ ਸਾਫ ਦਿਸਦੀ ਹੈ। ਇਹ ਇਕ ਛੇ ਕੁ ਸੌ ਬੰਦਿਆਂ ਦੀ ਸਮਰੱਥਾ ਵਾਲਾ ਓਪਨ ਏਅਰ ਥੀਏਟਰ ਸੀ ਜਿਸ 'ਤੇ ਕਿਸੇ ਵੇਲੇ ਗੁੰਬਦ ਜਾਂ ਛੱਤ ਹੁੰਦੀ ਹੋਵੇਗੀ ਜਿਸ ਦੇ ਥਮਲੇ ਹਾਲੇ ਵੀ ਖੜ੍ਹੇ ਹਨ। ਇਸ ਨੂੰ ਮੀਟਿੰਗਾਂ ਵਾਸਤੇ ਵਰਤਿਆ ਜਾਂਦਾ ਸੀ। ਇਸ ਥੀਏਟਰ ਦੇ ਨਾਲ ਹੀ ਰੋਮਨ ਹਮਾਮਾਂ ਦੇ ਖੰਡਰ ਵੀ ਮੌਜੂਦ ਹਨ ਜੋ ਸ਼ਹਿਰ ਦੀ ਖੁਦਾਈ ਸਮੇਂ ਲੱਭੇ। ਮਿਸਰ ਦੀਆਂ ਅਣਗਿਣਤ ਪੁਰਾਤਨ ਵਸਤਾਂ ਦੁਨੀਆਂ ਦੇ ਹਾਕਮ ਜਾਂ ਧਾੜਵੀ ਇਥੋਂ ਚੁੱਕ ਕੇ ਲੈ ਗਏ। ਇਕ ਵਾਰ ਬਰਤਾਨੀਆ ਦਾ ਸਮੁੰਦਰੀ ਜਹਾਜ਼ ਅਜਿਹੀਆਂ ਕਲਾ ਕ੍ਰਿਤਾਂ ਦਾ ਭਰਿਆ ਹੋਇਆ ਮੱਧ ਸਾਗਰ ਵਿਚ ਡੁੱਬ ਗਿਆ ਸੀ। ਡੁੱਬੇ ਜਹਾਜ਼ ਵਿਚੋਂ ਮਿਸਰ ਸਰਕਾਰ ਨੇ ਕੁਝ ਸਾਮਾਨ ਕੱਢਿਆ ਹੈ ਜੋ ਇਸੇ ਅਹਾਤੇ ਵਿਚ ਵੱਖਰੇ ਤੌਰ 'ਤੇ ਨੁਮਾਇਸ਼ ਲਈ ਰੱਖਿਆ ਗਿਆ ਹੈ।

ਅਲੈਗਜ਼ੈਂਡਰੀਆ ਸ਼ਹਿਰ ਵਿਚ ਵੱਖ-ਵੱਖ ਸ਼ਾਸਕਾਂ ਨੇ ਬਹੁਤ ਕੁਝ ਉਸਾਰਿਆ ਜਿਸ 'ਚੋਂ ਅੱਜ ਦਸਵਾਂ ਹਿੱਸਾ ਵੀ ਨਹੀਂ ਬਚਿਆ। ਸ਼ਹਿਰ ਸਮੁੰਦਰੀ ਤਲ ਤੋਂ ਮਹਿਜ਼ ਪੰਜ ਮੀਟਰ ਉਚਾ ਹੈ। ਸੰਨ 365 ਈਸਵੀ 'ਚ ਆਈ ਜ਼ਬਰਦਸਤ ਸੁਨਾਮੀ ਅਤੇ ਫਿਰ ਪੰਦ੍ਰਵੀਂ ਸਦੀ ਦੇ ਭੂਚਾਲ ਨੇ ਇਸ ਸ਼ਹਿਰ ਦਾ ਬਹੁਤਾ ਹਿੱਸਾ ਮਲੀਆਮੇਟ ਕਰ ਦਿੱਤਾ।

ਅੱਜ ਦੇ ਸਿਕੰਦਰੀਆ ਵਿਚੋਂ ਕਿਸੇ ਯੂਰਪੀ ਸ਼ਹਿਰ ਦੀ ਝਲਕ ਪੈਂਦੀ ਹੈ। ਕਾਹਿਰਾ ਦੇ ਉਲਟ ਇਹ ਸਾਫ ਸੁਥਰਾ ਤੇ ਕਾਨੂੰਨ 'ਚ ਰਹਿਣ ਵਾਲਿਆਂ ਦਾ ਸ਼ਹਿਰ ਜਾਪਿਆ। ਸੁਏਜ਼ ਨਹਿਰ ਰਾਹੀਂ ਆਉਂਦੇ ਮਸਰੂਫ ਸਮੁੰਦਰੀ ਰਸਤੇ ਉਤੇ ਹੋਣ ਕਾਰਨ ਇਹ ਮੁੱਖ ਬੰਦਰਗਾਹ ਤੇ ਵਣਜ ਦਾ ਕੇਂਦਰ ਵੀ ਹੈ। ਸਮੁੰਦਰ ਵਿਚ ਅਣਗਿਣਤ ਜਹਾਜ਼, ਕਰੂਜ਼ ਅਤੇ ਛੋਟੀਆਂ-ਵੱਡੀਆਂ ਕਿਸ਼ਤੀਆਂ ਮਨਮੋਹਕ ਨਜ਼ਾਰਾ ਪੇਸ਼ ਕਰਦੀਆਂ ਹਨ। ਲੋਕਲ ਟਰੇਨਾਂ ਤੋਂ ਬਿਨਾ ਸ਼ਹਿਰ ਵਿਚ ਸ਼ਾਨਦਾਰ ਟਰਾਮ ਸਿਸਟਮ ਵੀ ਹੈ ਜੋ 1863 ਤੋਂ ਚਾਲੂ ਹੈ। ਕੌਮਾਂਤਰੀ ਸੈਲਾਨੀਆਂ ਤੋਂ ਬਿਨਾ ਅਲੈਗਜ਼ੈਂਡਰੀਆ ਮੁਕਾਮੀ ਮਿਸਰ ਦੇ ਲੋਕਾਂ ਲਈ ਵੀ ਮੁੱਖ ਸੈਰਗਾਹ ਹੈ ਕਿਉਂ ਜੋ ਗਰਮੀਆਂ ਵਿਚ ਬਾਕੀ ਮੁਲਕ ਦੇ ਤਪਦੇ ਰੇਗਿਸਤਾਨ ਦੇ ਮੁਕਾਬਲੇ ਤਾਪਮਾਨ ਦਸ ਡਿਗਰੀ ਘੱਟ ਹੁੰਦਾ ਹੈ। ਸੁੰਦਰ ਸਾਫ ਸਮੁੰਦਰੀ ਬੀਚ ਦੀ ਰੇਤ 'ਤੇ ਲੇਟ ਕੇ ਠੰਢੀ ਹਵਾ ਨੂੰ ਮਾਣਨਾ ਵੀ ਖਿੱਚ ਦਾ ਕਾਰਨ ਹੈ। ਇਹ ਪੁਰਾਤਨ ਅਤੇ ਨਵੀਨ ਅਫਰੀਕੀ, ਯੂਰਪ ਅਤੇ ਏਸ਼ਿਆਈ ਸਭਿਅਤਾਵਾਂ ਦੇ ਮੇਲ ਤੋਂ ਬਿਨਾ ਇਸਲਾਮੀ, ਇਸਾਈ ਤੇ ਯਹੂਦੀ ਧਰਮਾਂ ਦਾ ਮੁਜੱਸਮਾ ਜਾਪਿਆ। 12 ਮੁਲਕਾਂ ਵਿਚੋਂ 6700 ਮੀਲ ਤੱਕ ਵਹਿੰਦਾ ਨੀਲ ਧਰਤੀ ਦਾ ਸਭ ਤੋਂ ਲੰਮਾ ਦਰਿਆ ਹੈ। ਅਫਰੀਕਾ ਦੇ ਨਕਸ਼ੇ ਨੂੰ ਵੇਂਹਦਿਆਂ ਸਰਪਟ ਨੀਲ ਦੀ ਤੁਲਨਾ ਵਿਸ਼ਾਲ ਨਾਗ ਨਾਲ ਕੀਤੀ ਜਾ ਸਕਦੀ ਹੈ। ਇਸ ਦਾ ਡੈਲਟਾ ਨਾਗ ਫਨ ਲਗਦਾ ਹੈ ਅਤੇ ਸਿਕੰਦਰੀਆ ਇਸ 'ਤੇ ਚਮਕਦੀ ਨਾਗਮਣੀ!

ਕਹਾਣੀ

# ਪ੍ਰਾਈਵੇਸੀ

ਜਤਿੰਦਰ ਕੌਰ ਰੰਧਾਵਾ
ਫੋਨ: 647-982-2390

ਬਾਹਰੋਂ ਕੋਈ ਅਜੀਬ ਜਿਹੀ ਰੌਸ਼ਨੀ ਦਾ ਲਾਲ ਗੋਲਾ ਰਹਿ ਰਹਿ ਕਿ ਮੇਰੇ ਡਰੈਸਿੰਗ ਟੇਬਲ ਦੇ ਸ਼ੀਸ਼ੇ ਵਿਚ ਲਿਸ਼ਕੋਰ ਪਾ ਰਿਹਾ ਸੀ ਤੇ ਘਬਰਾਹਟ ਵਿਚ ਮੇਰੀ ਅੱਖ ਖੁੱਲ੍ਹ ਗਈ। ਮਿੱਚਦੀਆਂ ਚੁੰਧਿਆਈਆਂ ਅੱਖਾਂ ਖੋਲ੍ਹ ਸੈਲ ਫੋਨ ਤੋਂ ਟਾਈਮ ਚੈਕ ਕਰਨ ਦੀ ਕੋਸ਼ਿਸ਼ ਕੀਤੀ, ਰਾਤ ਦੇ ਦੋ ਵੱਜਣ ਵਾਲੇ ਸਨ। 'ਇਹ ਸਭ ਹੋ ਕੀ ਰਿਹਾ ਹੈ?' ਮੈਂ ਅਣਮੰਨੇ ਮਨ ਨਾਲ ਉਠ ਕੇ ਖਿੜਕੀ ਤੋਂ ਬਾਹਰ ਝਾਕਣ ਲੱਗੀ। ਸਾਹਮਣੇ ਸਟਰੀਟ 'ਤੇ ਪੁਲਿਸ ਦੀਆਂ ਤਿੰਨ-ਚਾਰ ਗੱਡੀਆਂ ਖੜ੍ਹੀਆਂ ਸਨ, ਜਿਨ੍ਹਾਂ ਦੇ ਸਿਰਾਂ 'ਤੇ ਲਾਲ ਲਾਲ ਅੱਗ ਦੇ ਗੋਲਿਆਂ ਵਰਗੀਆਂ ਬੱਤੀਆਂ ਜਿਵੇਂ ਕਾਰ ਦੀ ਪਰਿਕਰਮਾ ਕਰ ਰਹੀਆਂ ਹੋਣ, ਠੰਢੀ ਸਰਦ ਹੱਡ ਚੀਰਵੀਂ ਹਨੇਰੀ ਰਾਤ ਵਿਚ ਬਹੁਤ ਹੀ ਖਤਰਨਾਕ ਡਰਾਉਣਾ ਦ੍ਰਿਸ਼ ਪੈਦਾ ਕਰ ਰਹੀਆਂ ਸਨ। ਬਾਹਰ ਵੇਖ ਕੇ ਇੱਕ ਵਾਰ ਤਾਂ ਮਨ ਦਹਿਲ ਗਿਆ, ਪਰ ਦੂਜੇ ਹੀ ਪਲ ਖਿਆਲ ਉਭਰਿਆ ਕਿ ਐਸਾ ਕੀ ਹੋ ਗਿਆ, ਜੋ ਅੱਧੀ ਰਾਤ ਪੁਲਿਸ ਇੰਜ ਘੇਰਾ ਪਾਈ ਖੜ੍ਹੀ ਹੈ? 'ਇਨ੍ਹਾਂ ਮੁਲਖਾਂ 'ਚ ਪੁਲਿਸ ਵੀ ਹਰ ਥਾਂ ਆਹ ਲਾਲ-ਨੀਲੀਆਂ ਜਿਹੀਆਂ ਬੱਤੀਆਂ ਲਾਈ ਝੱਟ ਆ ਖੜ੍ਹਦੀ ਹੈ। ਜਮਦੂਤ ਜਿਹੇ!' ਮਨ ਹੀ ਮਨ ਮੈਂ ਉਨ੍ਹਾਂ ਨੂੰ ਕੋਸਣ ਲੱਗੀ।

ਏਨੇ ਨੂੰ ਖੜਕਾ ਸੁਣ ਕੇ ਰੀਤ ਵੀ ਮੇਰੇ ਕੋਲ ਆ ਖੜ੍ਹੀ ਹੋਈ। "ਮਾਮ ਕੀ ਹੋਇਆ?" ਉਸ ਦੀਆਂ ਨਜ਼ਰਾਂ ਵੀ ਬਾਹਰ ਨੂੰ ਉਠ ਗਈਆਂ। ਐਂਬੂਲੈਂਸ ਵੀ ਆ ਗਈ ਤੇ ਨੀਲੀਆਂ ਬੱਤੀਆਂ ਵਾਲੀਆਂ ਗੱਡੀਆਂ ਵੀ।

ਦੂਜੇ ਪਾਸੇ ਨਵੀ ਚੀਕਣ ਲੱਗੀ, "ਸੌਣ ਵੀ ਨਹੀਂ ਦਿੰਦੇ। ਚੁੱਪ ਕਰੋ, ਹੁਣ ਸੌਂ ਜਾਵੋ, ਮੈਂ ਸਵੇਰੇ ਸਕੂਲ ਵੀ ਜਾਣਾ।"

"ਸ਼ੱਟਅੱਪ ਨਵੀ, ਸਮ ਥਿੰਗ ਹੈਪਨਡ ਆਊਟਸਾਈਡ।" ਰੀਤ ਉਥੇ ਖੜ੍ਹੀ ਖੜ੍ਹੀ ਚੀਕੀ।

ਮੈਂ ਉਨ੍ਹਾਂ ਵੱਲ ਗੁੱਸੇ ਨਾਲ ਵੇਖਿਆ ਤੇ ਪੌੜੀਆਂ ਉਤਰ ਕਿਚਨ ਵਲ ਤੁਰ ਪਈ। ਮੇਰਾ ਗਲਾ ਸੁੱਕ ਰਿਹਾ ਸੀ, ਤੇ ਪਾਣੀ ਦਾ ਗਲਾਸ ਲੈ ਸੋਫੇ 'ਤੇ ਬੈਠ ਗਈ। ਦਿਲ ਕਰੇ, ਦਰਵਾਜੇ ਦੀ ਝੀਥ ਵਿਚੋਂ ਬਾਹਰ ਹੁੰਦੇ ਘਟਨਾਕ੍ਰਮ ਦਾ ਜਾਇਜ਼ਾ ਲਵਾਂ ਜਾਂ ਪਰਦਾ ਪਰ੍ਹੇ ਕਰਕੇ ਵੇਖਾਂ-ਕੁਝ ਤਾਂ ਪਤਾ ਲੱਗੇ।

ਦੂਜੇ ਹੀ ਪਲ ਇਹ ਖਿਆਲ ਝਟਕ ਦਿੱਤਾ ਹਾਂ, ਬੱਚੇ ਕੀ ਕਹਿਣਗੇ? "ਮਾਮ ਯੂ ਟੂ? ਲਾਈਕ ਟਿਪੀਕਲ ਇੰਡੀਅਨ ਆਂਟੀਜ਼, ਦੂਜਿਆਂ ਦੇ ਘਰਾਂ ਵਲ ਕਿਉਂ ਝਾਕਦੇ ਹੋ। ਮਾਈਂਡ ਯੁਅਰ ਔਨ ਬਿਜਨਸ।"

ਚੰਗਾ ਨਹੀਂ ਲੱਗਦਾ, ਬਾਹਰ ਨਹੀਂ ਝਾਕਣਾ। ਠੰਢ ਬਾਹਲੀ ਹੋਣ ਕਾਰਨ ਦਰਵਾਜਾ ਖੋਲ੍ਹ ਬਾਹਰ ਵੀ ਨਹੀਂ ਸਾਂ ਜਾ ਸਕਦੀ, ਪਰ ਮਨ ਵਿਚ ਧੁਕਧੁਕ ਲੱਗਾ ਹੋਇਆ ਸੀ, 'ਐਸਾ ਕੀ ਹੋ ਗਿਆ, ਜੋ ਅੱਧੀ ਰਾਤ ਇੰਨੀਆਂ ਗੱਡੀਆਂ ਸਟਰੀਟ 'ਤੇ ਖੜ੍ਹੀਆਂ ਹਨ?'

ਸਾਰੀ ਰਾਤ ਨੀਂਦ ਨਾ ਆਈ। ਟਿੱਕ ਟਿੱਕ ਕਰਦੀ ਘੜੀ ਨੇ ਸਵੇਰ ਦੇ ਚਾਰ ਵਜਾ ਦਿੱਤੇ, ਪੁਲਿਸ ਦੀਆਂ ਗੱਡੀਆਂ ਵੀ ਲੱਗਦਾ, ਚਲੀਆਂ ਗਈਆਂ। ਕਿਚਨ ਦਾ ਪੈਣੋਂ ਹੱਟ ਗਈ।

"ਪੈ ਜਾਵੋ ਮੰਮਾ ਹੁਣ, ਸਵੇਰ ਕੰਮ 'ਤੇ ਵੀ ਜਾਣਾ ਹੈ।" ਰੀਤ ਦੀ ਉਪਰੋਂ ਫਿਰ ਅਵਾਜ਼ ਆਈ।

ਨਵੀ ਆਪਣੇ ਕਮਰੇ ਵਿਚ ਸਭ ਕਾਸੇ ਤੋਂ ਬੇਖਬਰ ਘੁਰਾੜੇ ਮਾਰ ਰਹੀ ਸੀ।

ਫਿਰ ਸੋਚਿਆ, 'ਕੋਈ ਛੋਟੀ ਮੋਟੀ ਪਰਿਵਾਰਕ ਲੜਾਈ ਹੋਣੀ ਹੈ, ਵਾਈਫ ਨੇ 911 ਘੁਮਾ ਦਿੱਤਾ ਹੋਣਾ। ਪਰਸੋਂ ਵੀ ਤਾਂ ਪਿਛਲੀ ਗਲੀ ਵਿਚ ਪੁਲਿਸ ਆਈ ਸੀ। ਕੋਈ ਬਰਥਡੇ ਪਾਰਟੀ ਸੀ ਸ਼ਾਇਦ। ਮੁੰਡੇ-ਕੁੜੀਆਂ ਖੱਪ ਪਾ ਰਹੇ ਸਨ, ਤੇ ਕੋਈ ਲੜਾਈ ਹੋ ਗਈ ਜਾਂ ਗਵਾਂਢੀਆਂ ਨੇ ਸ਼ਿਕਾਇਤ ਕਰ ਦਿੱਤੀ ਹੋਊ। ਰਾਤ ਨੂੰ ਪੁਲਿਸ ਆ ਗਈ, ਪਰ ਛੇਤੀ ਹੀ ਚਲੀ ਗਈ।' ਇਸੇ ਦੁਚਿੱਤੀ ਵਿਚ ਪਈ ਦੀ ਕਦੋਂ ਸੋਫੇ 'ਤੇ ਅੱਖ ਲੱਗ ਗਈ, ਪਤਾ ਹੀ ਨਾ ਲੱਗਾ। ਸਵੇਰੇ ਸਾਢੇ ਛੇ ਵਜੇ ਦੇ ਅਲਾਰਮ ਨੇ ਫਿਰ ਰੌਲਾ ਪਾ ਦਿੱਤਾ।

ਵਾਹੋ ਦਾਹੀ ਵਿਚ ਕੰਮ 'ਤੇ ਤੁਰ ਗਈ। ਕਾਹਲੀ ਵਿਚ ਰਾਤ ਦੀ ਘਟਨਾ ਬਾਰੇ ਭੁੱਲ ਹੀ ਗਈ। ਕਾਰ ਵਿਚ ਰੇਡੀਓ 'ਤੇ ਖਬਰ ਸੁਣੀ, "ਮੈਨ ਚਾਰਜਡ, ਆਫਟਰ ਵਾਈਫ, ਮਦਰ-ਇਨ-ਲਾ ਫਾਊਂਡ ਡੈਡ ਇਨ ਹੋਮ।"

"ਹੈਂ!" ਮੈਂ ਧਿਆਨ ਨਾਲ ਸੁਣਨ ਦੀ ਕੋਸ਼ਿਸ਼ ਕੀਤੀ, "ਇਹ ਤਾਂ ਸਾਡੀ ਹੀ ਸਟਰੀਟ ਦੀ ਗੱਲ ਕਰ ਰਹੇ ਨੇ ਤੇ ਹਾਦਸਾ ਵੀ ਰਾਤ ਦਾ ਹੀ ਦੱਸ ਰਹੇ ਨੇ।" ਮੇਰਾ ਸਿਰ ਚਕਰਾਉਣ ਲੱਗਾ, ਆਪਣੇ ਆਪ 'ਤੇ ਸ਼ਰਮ ਜਿਹੀ ਵੀ ਆਈ ਕਿ ਬਾਹਰ ਐਨਾ ਕੁਛ ਹੋ ਗਿਆ, ਤੇ ਸਾਨੂੰ ਪਤਾ ਵੀ ਨਹੀਂ। ਅਸੀਂ ਕਿੰਨੇ ਖੁਦਗਰਜ਼ ਹੋ ਗਏ ਹਾਂ। ਪੈਸਾ, ਕੰਮ, ਟਾਈਮ-ਬੱਸ ਇਹ ਕੁਛ ਹੀ ਸਾਡੀ ਸੋਚ ਦੇ ਘੇਰੇ ਵਿਚ ਹਨ।

ਵਾਰ ਵਾਰ ਇਹੀ ਖਿਆਲ ਆ ਰਿਹਾ ਸੀ ਕਿ ਬੰਦੇ ਨੇ ਕਿਵੇਂ ਆਪਣੀ ਪਤਨੀ ਤੇ ਉਸ ਦੀ ਮਾਂ ਨੂੰ ਚਾਕੂ ਮਾਰ ਮਾਰ ਕੇ ਮਾਰ ਦਿੱਤਾ! ਕਿੰਜ ਐਨਾ ਬੇਰਹਿਮ ਹੋ ਜਾਂਦਾ ਹੈ ਬੰਦਾ ਕਿ ਆਪਣਿਆਂ ਨੂੰ ਹੀ ਕਸਾਈਆਂ ਵਾਂਗ ਵੱਢ ਸੁੱਟਦਾ ਹੈ?

ਸਾਰਾ ਦਿਨ ਸਰੀਰ ਟੁੱਟਿਆ ਰਿਹਾ, ਜਿਵੇਂ ਤਿਵੇਂ ਦਿਹਾੜੀ ਲਾ ਘਰੇ ਪਹੁੰਚੀ। ਅੱਖਾਂ ਮੱਲੋ ਮੱਲੀ ਸਟਰੀਟ ਦੇ ਸਾਹਮਣੇ ਵਾਲੇ ਘਰ ਵਲ ਉਠ ਗਈਆਂ। ਘਰ ਦੇ ਬਾਹਰ ਪੀਲੀ ਅਤੇ ਸੰਤਰੀ ਰੰਗ ਦੀ ਟੇਪ ਨਾਲ ਵਾੜ ਕੀਤੀ ਹੋਈ ਸੀ ਤੇ ਘਰ ਸੀਲ ਕਰ ਦਿੱਤਾ ਗਿਆ ਸੀ। ਸਾਹਮਣੇ ਉਹੀ ਛੋਟੀ ਜਿਹੀ ਪੋਰਚ, ਜਿੱਥੇ 60-62 ਵਰ੍ਹਿਆਂ ਦੀ ਔਰਤ ਨਿੱਕੇ ਜਿਹੇ ਬੱਚੇ ਨੂੰ ਕੁੱਛੜ ਚੁੱਕੀ ਦਿਸ ਜਾਂਦੀ ਸੀ। ਕਦੀ ਕਦੀ ਆਉਂਦਿਆਂ ਜਾਂਦਿਆਂ, ਗੱਡੀ ਵਿਚੋਂ ਸਮਾਨ ਲਾਹੁੰਦਿਆਂ ਜਾਂ ਬੱਚੇ ਦੀ ਸੀਟ ਲਾਹੁੰਦਿਆਂ, ਚੜ੍ਹਾਉਂਦਿਆ ਨਜ਼ਰਾਂ ਮਿਲ ਜਾਂਦੀਆਂ, ਪਰ ਕਦੀ ਦੁਆ ਸਲਾਮ ਨਹੀਂ ਸੀ ਹੋਈ। ਬੰਦੇ ਨੂੰ ਤੇ ਮੈਂ ਕਦੀ ਦੇਖਿਆ ਹੀ ਨਹੀਂ ਸੀ।

ਬੰਦ ਦਰਵਾਜਿਆਂ ਪਿੱਛੇ ਕੀ ਵਾਪਰਦਾ, ਕੋਈ ਕਿਵੇਂ ਜਾਣ ਸਕਦਾ ਹੈ? ਖਾਸ ਕਰਕੇ ਇਸ ਯੁੱਗ ਵਿਚ, ਜਿੱਥੇ ਹਰ ਇੱਕ ਦੀ ਆਪਣੀ ਪ੍ਰਾਈਵੇਸੀ ਹੈ।

ਮਨ ਭਰ ਆਇਆ, ਚੇਤਾ ਕੋਈ ਤੀਹ-ਪੈਂਤੀ ਵਰ੍ਹੇ ਪਿੱਛੇ ਚਲਾ ਗਿਆ। ਗਰਮੀਆਂ ਦੇ ਦਿਨ ਸਨ। ਅੱਤ ਦੀ ਗਰਮੀ ਸੀ ਉਨ੍ਹੀਂ ਦਿਨੀਂ। ਕੋਈ ਏ. ਸੀ. ਵਗੈਰਾ ਨਹੀਂ ਸਨ ਹੁੰਦੇ। ਸਭ ਦੀਆਂ ਮੰਜੀਆਂ ਕੋਠੇ ਚੜ੍ਹਾਈਆਂ ਜਾਂਦੀਆਂ। ਬਿਸਤਰੇ, ਪੱਖੇ ਆਦਿ ਛੱਤਾਂ 'ਤੇ ਚੜ੍ਹਾਉਣੇ ਸ਼ੁਰੂ ਹੋ ਜਾਂਦੇ। ਸ਼ਾਮ ਨੂੰ ਛੱਤਾਂ 'ਤੇ ਰੌਣਕਾਂ ਹੋ ਜਾਂਦੀਆਂ।

ਇੱਕ ਵਾਰ ਰਾਤੀਂ ਗਿਆਰਾਂ ਕੁ ਵਜੇ ਸਾਡੇ ਘਰ ਤੋਂ ਥੋੜ੍ਹਾ ਹਟਵੇਂ ਮਕਾਨ ਵਿਚ ਚੀਕ ਚਿਹਾੜਾ ਪੈ ਗਿਆ। ਤਾਈ ਰਾਮ ਕੌਰ ਉਚੀ ਉਚੀ ਰੋ ਰਹੀ ਸੀ ਤੇ ਛੱਤ 'ਤੇ ਨਾਮਾ ਅੰਕਲ ਸ਼ਾਇਦ ਆਪਣੀ ਘਰ ਵਾਲੀ ਸੀਤੋ ਨੂੰ ਕੁੱਟ ਰਿਹਾ ਸੀ। ਉਸ ਘਰ ਦੇ ਬਨੇਰੇ ਕਾਫੀ ਉਚੇ ਸਨ, ਸਾਨੂੰ ਆਪਣੀ ਛੱਤ ਤੋਂ ਕੁਝ ਨਜ਼ਰ ਨਹੀਂ ਸੀ ਆ ਰਿਹਾ।

ਮੇਰੀ ਮਾਸੀ ਤੇ ਮਾਂ ਬਹੁਤ ਦੁਖੀ ਸਨ ਕਿ ਕਿਵੇਂ ਪਤਾ ਲੱਗੇ ਕਿ ਗਵਾਂਢੀਆਂ ਦੇ ਕੀ ਹੋ ਰਿਹਾ ਹੈ? ਤੇ ਕਿਵੇਂ ਗਰੀਬ ਔਰਤ ਨੂੰ ਬਚਾਇਆ ਜਾਵੇ? ਮਾਸੀ ਆਪਣੀ ਕੋਠੀ ਦੀ ਛੱਤ ਤੋਂ ਉਚੀ ਹੋ ਹੋ ਵੇਖਣ ਦੀ ਕੋਸ਼ਿਸ਼ ਕਰ ਰਹੀ ਸੀ ਤੇ ਨਾਲੇ ਡਿੱਗਣੋਂ ਡਰ ਵੀ ਰਹੀ ਸੀ। ਉਧਰ ਉਨ੍ਹਾਂ ਦਾ ਦਰਵਾਜਾ ਵੀ ਅੰਦਰੋਂ ਬੰਦ ਸੀ, ਜਿਸ ਕਾਰਨ ਕੋਈ ਅੰਦਰ ਜਾ ਕੇ ਮਦਦ ਵੀ ਨਹੀਂ ਸੀ ਕਰ ਸਕਦਾ।

ਥੋੜ੍ਹਾ ਗਹੁ ਨਾਲ ਦੇਖਣ 'ਤੇ ਪਤਾ ਲੱਗਾ ਕਿ ਨਾਮਾ ਅੰਕਲ ਸੀਤੋ ਦੀ ਹਿੱਕ 'ਤੇ ਚੜ੍ਹਿਆ ਬੈਠਾ ਸੀ। ਹੋਰ ਬਹੁਤਾ ਨਾ ਦਿਸਿਆ। ਅਸੀਂ ਉਦੋਂ ਨਿਆਣੇ ਸਾਂ, ਕੋਈ ਗੱਲ ਸਮਝ ਨਾ ਲੱਗੀ। ਬਸ ਡਰ ਨਾਲ 'ਕੱਠੇ ਹੋਏ ਬੈਠੇ ਸਾਂ। ਮੇਰੀ ਵੱਡੀ ਮਾਸੀ ਨੇ ਕੋਠੇ ਤੋਂ ਹੀ ਨਾਮੇ ਅੰਕਲ ਨੂੰ ਉਚੀ ਉਚੀ ਫਿਟਕਾਰਨਾ ਸ਼ੁਰੂ ਕਰ ਦਿੱਤਾ ਤੇ ਉਹ ਵੀ ਅੱਗੋਂ ਗਾਲ੍ਹਾਂ ਕੱਢਣ ਲੱਗ ਪਿਆ। ਐਨਾ ਰੌਲਾ ਸੁਣ ਹੇਠੋਂ ਮੇਰੇ ਮਾਸੜ ਜੀ ਉਪਰ ਆਏ ਤੇ ਮਾਸੀ ਨੂੰ ਗੁੱਸੇ ਹੁੰਦੇ ਥੱਲੇ ਲੈ ਗਏ ਕਿ ਐਵੇਂ ਲੋਕਾਂ ਦੇ ਘਰੀਂ ਦਖਲ ਦਿੰਦੀ ਫਿਰਦੀ ਹੈ।

ਸਵੇਰੇ ਪਤਾ ਲੱਗਾ ਕਿ ਸੀਤੋ ਦੀ ਗਲਾ ਘੁੱਟਣ ਨਾਲ ਮੌਤ ਹੋ ਗਈ, ਤੇ ਮੇਰੀ ਮਾਸੀ ਕਈ ਦਿਨ ਉਦਾਸ ਤੇ ਪ੍ਰੇਸ਼ਾਨ ਰਹੀ ਕਿ ਉਹ ਕੁਝ ਨਾ ਕਰ ਸਕੀ। ਜੇ ਭਲਾ ਉਹ ਉਨ੍ਹਾਂ ਦੇ ਘਰ ਧੱਕੇ ਨਾਲ ਚਲੀ ਜਾਂਦੀ ਤਾਂ ਪਤਾ ਲੱਗ ਜਾਣਾ ਸੀ ਕਿ ਉਥੇ ਕੀ ਹੋ ਰਿਹਾ ਹੈ, ਸੀਤੋ ਦੀ ਜਾਨ ਬਚ ਜਾਂਦੀ। ਪੁਲਿਸ ਨਾਮੇ ਅੰਕਲ ਨੂੰ ਲੈ ਗਈ, ਨਿਆਣੇ ਕਈ ਦਿਨ ਵਿਲਕਦੇ ਰਹੇ। ਫਿਰ ਪਤਾ ਨਹੀਂ ਕੀ ਬਣਿਆ, ਕੁਛ ਯਾਦ ਨਹੀਂ।

ਪਤਾ ਹੀ ਨਾ ਲੱਗਾ ਯਾਦਾਂ ਵਿਚ ਗਵਾਚਿਆਂ ਰਾਤ ਪੈ ਗਈ। ਕਾਹਲੀ ਕਾਹਲੀ ਰੋਟੀ ਤਿਆਰ ਕੀਤੀ ਅਤੇ ਰਸੋਈ ਸਾਂਭ ਕਮਰੇ ਵਿਚ ਜਾ ਪਈ। ਨੀਂਦ ਫਿਰ ਵੀ ਨਾ ਆਈ।

ਬਾਰਾਂ ਵੱਜ ਗਏ। ਮੈਂ ਫਿਕਰਮੰਦ ਹੋ ਗਈ, ਰੀਤ ਅਜੇ ਘਰ ਨਹੀਂ ਆਈ। ਕਹਿੰਦੀ ਸੀ, ਅੱਜ ਆਫਿਸ ਵਾਲਿਆਂ ਦੀ ਕ੍ਰਿਸਮਸ ਪਾਰਟੀ ਹੈ। ਪਾਰਟੀ ਲਈ ਕੱਪੜੇ ਵੀ ਪਰਸ ਵਿਚ ਪਾ ਕੇ ਲੈ ਗਈ ਸੀ। ਕੱਪੜੇ ਵੀ ਅੱਜਕਲ ਕੀ ਹਨ, ਛੋਟੀ ਜਿਹੀ ਗੋਡਿਆਂ ਤੋਂ ਉਚੀ ਡ੍ਰੈਸ। ਮੈਂ ਕਿਹਾ ਵੀ ਸੀ, "ਬੇਟੇ ਇੰਨੀ ਛੋਟੀ?"

"ਯੂ ਡੋਂਟ ਹੈਵ ਫੈਸ਼ਨ ਸੈਂਸ ਮਾਮ। ਪਾਰਟੀ ਡ੍ਰੈਸ ਐਡੀ ਹੀ ਹੁੰਦੀ ਹੈ।" ਆਖ ਜਿਵੇਂ ਹੱਸੀ, ਲੱਗਾ ਮੇਰਾ ਮਖੌਲ ਉਡਾ ਰਹੀ ਹੋਵੇ।

ਮੈਂ ਚੁੱਪ ਕਰਕੇ ਬੈਠ ਗਈ, ਹੋਰ ਕਰ ਵੀ ਕੀ ਸਕਦੀ ਸਾਂ? ਅਸੀਂ ਸਿਰਫ ਛਟਪਟਾ ਹੀ ਸਕਦੇ ਹਾਂ, ਇਸ ਸਦੀ ਦੇ ਬੱਚਿਆਂ ਦਾ ਵਿਰੋਧ ਨਹੀਂ ਕਰ ਸਕਦੇ। 'ਸੋਚ ਦਾ ਫਰਕ' ਇਹੋ ਜੁਮਲਾ ਹੀ ਸੁਣਨ ਨੂੰ ਮਿਲਦਾ ਹੈ। ਖੈਰ! ਸਮੇਂ ਦੇ ਨਾਲ ਨਾਲ ਮੇਰਾ ਫਿਕਰ ਵੀ ਵੱਧਦਾ ਜਾ ਰਿਹਾ ਸੀ। ਨੀਂਦ ਨਹੀਂ ਸੀ ਆ ਰਹੀ। ਦੂਜੇ ਕਮਰੇ ਵਿਚ ਪਿਆ ਪਾਲ (ਮੇਰਾ ਪਤੀ) ਦੋ ਪੈਗ ਲਾ ਕੇ ਘੁਰਾੜੇ ਮਾਰ ਰਿਹਾ ਸੀ-ਸਭ ਕਾਸੇ ਤੋਂ ਬੇਫਿਕਰ। ਉਸ ਨੂੰ ਵੀ ਪ੍ਰਾਈਵੇਸੀ ਚਾਹੀਦੀ ਹੈ। ਸ਼ਾਇਦ ਸਿਰਫ ਵੀਕ ਐਂਡ 'ਤੇ ਹੀ ਸਾਡਾ ਕਮਰਾ ਸਾਂਝਾ ਹੁੰਦਾ ਹੈ, ਬਾਕੀ ਦਿਨ...। ਚਲੋ ਛੱਡੋ ਇਹ ਮੈਂ ਕੀ ਕਹਿਣ ਲੱਗੀ ਸਾਂ।



ਪਤਾ ਨਹੀਂ ਕਦੋਂ ਅੱਖ ਲੱਗ ਗਈ। ਥੋੜ੍ਹੀ ਕੁ ਦੇਰ ਬਾਅਦ ਮੇਨ ਦਰਵਾਜੇ ਦੇ ਖੁਲ੍ਹਣ ਦੀ ਅਵਾਜ਼ ਆਈ, ਮੈਂ ਘੇਸਲ ਮਾਰ ਕੇ ਪਈ ਰਹੀ। ਫਿਰ ਜ਼ੋਰ ਦੀ ਕੋਈ ਖੜਾਕ ਹੋਇਆ। ਜਿਵੇਂ ਕੋਈ ਡਿੱਗ ਪਿਆ ਹੋਵੇ। ਮੈਥੋਂ ਰਿਹਾ ਨਾ ਗਿਆ, ਉਥੇ ਪਈ ਨੇ ਉਚੀ ਅਵਾਜ਼ 'ਚ ਪੁੱਛਿਆ, "ਕੀ ਹੋਇਆ? ਆਰ ਯੂ ਆਲਰਾਈਟ?"

ਅੱਗੋਂ ਜ਼ੋਰ ਦੀ ਅਵਾਜ਼ ਆਈ, "ਹਅਅਟ - ਵਾਹਟ?"

ਅੱਗੋਂ ਕੁਛ ਹੋਰ ਪੁੱਛਣ ਦੀ ਮੇਰੀ ਹਿੰਮਤ ਨਾ ਹੋਈ, ਪਰ ਲੱਗਾ, ਰੀਤ ਜ਼ਰੂਰ ਡਿੱਗੀ ਹੈ। ਮਨ ਦੇ ਘੋੜੇ ਦੌੜਨ ਲੱਗੇ। ਪਾਰਟੀ 'ਤੇ ਗਈ ਸੀ, ਜ਼ਰੂਰ ਪੀ ਕੇ ਆਈ ਹੋਊ। ਸਭ ਕੁੜੀਆਂ ਹੀ ਪੀਂਦੀਆਂ ਅੱਜ ਕਲ। ਜਿਵੇਂ ਨਵੀ ਕਹਿੰਦੀ ਹੈ, "ਇੱਟਸ ਕਲਚਰ ਮਾਮ, ਨੱਥਿੰਗ ਰੌਂਗ ਇਨ ਇਟ। ਯੂ ਆਰ ਲੱਕੀ, ਆਈ ਡੋਂਟ ਲਾਈਕ ਡ੍ਰਿੰਕਸ।" ਤੇ ਅੱਗੋਂ ਹੱਸ ਪੈਂਦੀ ਹੈ, ਜਿਵੇਂ ਮੇਰੇ 'ਤੇ ਕੋਈ ਅਹਿਸਾਨ ਕਰ ਰਹੀ ਹੋਵੇ।

ਮੇਰਾ ਮਨ ਹੋਰ ਡਰ ਗਿਆ। ਪੀ ਕੇ ਆਈ ਹੈ। ਡਿੱਗ ਵੀ ਪਈ ਹੈ ਤੇ ਹਾਇ ਰੱਬਾ! ਕਾਰ ਵੀ ਚਲਾ ਕੇ ਆਈ ਹੈ। ਜੇ ਡ੍ਰਿੰਕ ਤੇ ਡਰਾਈਵ ਦਾ ਕੇਸ ਬਣ ਜਾਂਦਾ? ਕਿੱਥੇ ਮੂੰਹ ਦਿਖਾਊਂ ਕਿ ਬੱਚਿਆਂ ਨੂੰ ਆਹ ਸੰਸਕਾਰ ਦਿੱਤੇ ਹਨ? ਡਰ ਲੱਗਣ ਲੱਗਾ-ਕੁਝ ਕੁੜੀ ਦੀ ਸੁੱਖ ਸਾਂਦ ਦਾ, ਤੇ ਬਾਹਲਾ ਲੋਕਾਂ ਦਾ।

ਉਠ ਕੇ ਬੈਡ 'ਤੇ ਬਹਿ ਗਈ। ਥੱਲੇ ਦੀ ਬਿੜਕ ਲੈਣ ਲੱਗੀ। ਘੜੀ 'ਤੇ ਪੌਣੇ ਚਾਰ ਵੱਜੇ ਨੇ। ਹਾਏ ਰੱਬਾ! ਸਾਰੀ ਰਾਤ ਬਾਹਰ। ਭੈੜੇ ਭੈੜੇ ਖਿਆਲ ਆਉਣ ਲੱਗੇ। ਪਤਾ ਨਹੀਂ ਬੱਚਿਆਂ ਨੂੰ ਕੀ ਹੋ ਗਿਆ, ਅੱਜ ਕਲ। ਹਰ ਵਕਤ ਡਰ ਜਿਹਾ ਲੱਗਾ ਰਹਿੰਦਾ। ਕਲ ਰੀਤ ਦੀ ਭੂਆ ਦਾ ਵੀ ਫੋਨ ਆਇਆ ਸੀ, ਦੱਸਦੀ ਸੀ ਕਿ ਉਸ ਦਾ ਬੇਟਾ ਆਵਦੀ ਗਰਲ ਫਰੈਂਡ (ਤਾਮਿਆ) ਨਾਲ ਵੈਕੇਸ਼ਨ 'ਤੇ ਗਿਆ ਹੈ। "ਵਿਆਹ ਤੋਂ ਪਹਿਲਾਂ ਵੈਕੇਸ਼ਨ, ਦੋਹਾਂ ਦੀ ਇੱਕਠਿਆਂ!"

ਅੱਗੋਂ ਭੂਆ ਹੱਸ ਪਈ, "ਕਿੱਥੇ ਰਹਿਨੀ ਐਂ ਪ੍ਰੀਤ ਤੂੰ, ਅੱਜ ਕਲ ਸਭ ਚਲਦਾ। ਨਾਲੇ ਕਿੱਥੇ ਕਿੱਥੇ ਰਾਖੀ ਕਰ'ਲਾਂਗੇ ਬੱਚਿਆਂ ਦੀ?"

ਮੈਂ ਹੋਰ ਡਰ ਗਈ।

ਥੱਲਿਓਂ ਰੀਤ ਦੇ ਪੈਰਾਂ ਦੀ ਅਵਾਜ਼ ਆ ਰਹੀ ਸੀ। ਪਾਣੀ ਪੀਣ ਦੀ, ਸੂਜ਼ ਲਾਹ ਕੇ ਰੱਖਣ ਦੀ। ਰੋਜ਼ ਨਾਲੋਂ ਵੱਧ ਖੜਕਾ ਹੋ ਰਿਹਾ ਸੀ ਜਾਂ ਮੇਰਾ ਵਹਿਮ ਸੀ! ਮੈਨੂੰ ਇੰਜ ਨਹੀਂ ਸੋਚਣਾ ਚਾਹੀਦਾ। ਸਿਆਣੀ ਕੁੜੀ ਹੈ, ਉਸ ਪੀਤੀ ਨਹੀਂ ਹੋਣੀ, ਪਰ ਮਨ 'ਚ ਉਠਦੇ ਤਰ੍ਹਾਂ ਤਰ੍ਹਾਂ ਦੇ ਖਿਆਲਾਂ ਦਾ ਕੀ?

ਜਦੋਂ ਉਸ ਦੀ ਪੌੜੀਆਂ ਚੜ੍ਹਨ ਦੀ ਅਵਾਜ਼ ਆਈ, ਮੈਂ ਕਮਰੇ 'ਚੋਂ ਹੀ ਅਵਾਜ਼ ਮਾਰੀ, "ਰੀਤ ਇਧਰ ਆਈਂ।"

ਉਸ ਦੀ ਖਿੱਝੀ ਜਿਹੀ ਅਵਾਜ਼ ਆਈ, "ਵਾਏ?" ਤੇ ਧੜ ਧੜ ਕਰਦੀ ਹੋਈ ਆਈ, ਆਉਂਦਿਆਂ ਹੀ ਗੁੱਸੇ ਨਾਲ ਬੋਲੀ, "ਯੂ ਵਾਂਟ ਟੂ ਇਨਟੈਰੋਗੇਟ ਮੀ?...ਓ ਕੇ, ਆਸਕ ਵੱਟ ਯੂ ਵਾਂਟ?" ਤਾਂ ਆਕੜ ਹੀ ਪਈ।

ਮੇਰੀ ਜ਼ੁਬਾਨ ਸੁੱਕ ਗਈ। ਡਰ ਨਾਲ ਨਹੀਂ, ਗੁੱਸੇ ਨਾਲ ਤੇ ਅਪਮਾਨ ਨਾਲ। "ਇਹ ਕੋਈ ਟਾਈਮ ਹੈ, ਘਰ ਆਉਣ ਦਾ?" ਮੈਂ ਪੁੱਛਿਆ।

"ਸੋ, ਵੱਟ ਆਈ ਟੋਲਡ ਯੂ, ਐਲ ਬੀ ਲੇਟ?"

"ਹਾਂ, ਪਰ ਐਨਾ ਲੇਟ ਤੇ ਆਹ ਤੂੰ ਡ੍ਰਿੰਕ ਕੀਤੀ ਹੈ?"

"ਸੋ ਵਾਹਟ, ਆਈ ਹੈਡ ਸਮ ਵਾਈਨ, ਕਪਲ ਆਫ ਆਵਰਜ਼ ਅਗੋ।" ਉਹ ਬੇਪਰਵਾਹੀ 'ਚ ਬੋਲੀ।

ਮੈਨੂੰ ਕੁਛ ਹੋਰ ਨਹੀਂ ਸੁਝਿਆ, "ਤੂੰ ਡਿੱਗੀ ਸੀ ਦਰਵਾਜੇ ਕੋਲ?"

ਉਹ ਹੋਰ ਗੜ੍ਹਕ ਕੇ ਬੋਲੀ, "ਸੀ ਮਾਮ, ਆਈ ਡੋਂਟ ਲਾਈਕ ਦਿਸ ਥਿੰਗ ਅਬਾਊਟ ਯੂ...ਆਪੇ ਹੀ ਗੈੱਸ ਕਰੀ ਜਾਣਗੇ। ਉਹ ਮੇਰਾ ਬੈਗ ਡਿੱਗਿਆ ਸੀ। ਇੱਕ ਗੱਲ ਸੁਣੋ...।" ਉਸ ਜਿਵੇਂ ਫੈਸਲਾਕੁਨ ਅਵਾਜ਼ ਵਿਚ ਆਖਿਆ, "ਪਲੀਜ਼ ਡੋਂਟ ਕਾਲ ਮੀ ਇਨ ਯੁਅਰ ਰੂਮ ਲਾਈਕ ਦਿਸ ਟੂ ਇਨਟੈਰੋਗੇਟ ਮੀ। ਐਮ ਨਾਟ ਏ ਕਿਡ! ਮੈਨੂੰ ਸਭ ਪਤਾ ਹੈ, ਕੀ ਠੀਕ, ਕੀ ਗਲਤ। ਮੈਨੂੰ ਸਿਖਾਉਣ ਦੀ ਕੋਸ਼ਿਸ਼ ਨਾ ਕਰਿਆ ਕਰੋ। ਮੇਰੀ ਮਰਜੀ, ਜਦੋਂ ਮਰਜੀ ਆਵਾਂ, ਓ ਕੇ।" ਮੈਨੂੰ ਜਿਵੇਂ ਡਾਂਟ ਕੇ ਚਲੀ ਗਈ।

ਮੇਰਾ ਜੀ ਉਚੀ ਉਚੀ ਰੋਣ ਨੂੰ ਕੀਤਾ, ਪਰ ਅੰਦਰ ਹੀ ਡੱਕ ਲਿਆ। ਦਿਨ ਚੜ੍ਹਨ ਵਾਲਾ ਹੈ ਤੇ ਨਾਲ ਦੇ ਕਮਰਿਆਂ ਵਿਚ ਬਾਕੀ ਜੀਅ ਵੀ ਸੁੱਤੇ ਹਨ, ਉਹ ਵੀ ਲੜਨਗੇ ਕਿ ਮੈਨੂੰ ਹੀ ਸ਼ਿਸ਼ਟਾਚਾਰ ਨਹੀਂ।

ਸਵੇਰੇ ਥੱਲੇ ਆ ਕੇ ਚਾਹ ਬਣਾਈ ਤੇ ਕੱਪ 'ਚ ਪਾ ਕੇ ਬੈਠੀ ਸੋਚਣ ਲੱਗੀ, 'ਜਦੋਂ ਰੀਤ ਹੇਠਾਂ ਆਊ, ਕਹਾਂਗੀ ਤੂੰ ਰਾਤ ਨੂੰ ਮਿਸਬਿਹੇਵ ਕੀਤਾ ਹੈ। ਥੋੜ੍ਹਾ ਗੁੱਸਾ ਦਿਖਾਵਾਂਗੀ। ਸ਼ਾਇਦ ਆਪੇ ਹੀ ਮਾਫੀ ਮੰਗ ਲਵੇ।' ਅਜੇ ਸੋਚ ਹੀ ਰਹੀ ਸਾਂ, ਉਪਰੋਂ ਸ੍ਰੀਮਾਨ ਜੀ ਦਾ ਸੁਨੇਹਾ ਆ ਗਿਆ, "ਮੇਰੀ ਚਾਹ ਕਮਰੇ ਵਿਚ ਹੀ ਦੇ ਦਿਉ। ਅੱਜ ਕਲਾਇੰਟ ਨਾਲ ਬ੍ਰੇਕਫਾਸਟ ਹੈ, ਸੋ ਤਿਆਰ ਹੋ ਰਿਹਾ ਹਾਂ।"

ਮੈਂ ਕਿਚਨ ਵਿਚ ਖੜ੍ਹੀ ਸਾਂ ਕਿ ਰੀਤ ਪੌੜੀਆਂ ਉਤਰ ਸਿੱਧੀ ਕਿਚਨ ਵਿਚ ਆ ਗਈ ਤੇ ਬੋਲੀ, "ਲੁਕ ਮਾਮ, ਆਈ ਐਮ ਥਿੰਕਿੰਗ ਟੂ ਮੂਵ ਆਊਟ। ਆਈ ਡੋਂਟ ਵਾਂਟ ਦਿਸ ਕਿਚ ਕਿਚ ਐਵਰੀ ਡੇ, ਆਈ ਵਾਂਟ ਟੂ ਲਿਵ ਮਾਈ ਲਾਈਫ।"

ਮੈਂ ਚੁੱਪ, ਜਿਵੇਂ ਸਿਰ ਸੌ ਘੜਾ ਪਾਣੀ ਪੈ ਗਿਆ ਹੋਵੇ। ਉਸ ਗੱਲ ਅੱਗੇ ਤੋਰੀ, "ਹਾਊ ਕੈਨ ਯੂ ਡੂ ਦਿਸ ਵਿਦ ਮੀ? ਸਾਰਾ ਦਿਨ ਸਵਾਲ-ਜਵਾਬ। ਪਹਿਲਾਂ ਤੁਹਾਨੂੰ ਦੱਸੋ, ਕਿੱਥੇ ਜਾ ਰਹੇ ਹਾਂ, ਕਿਉਂ ਜਾ ਰਹੇ ਹਾਂ? ਜੇ ਲੇਟ ਹੋ ਗਏ ਤੇ ਫਿਰ ਪ੍ਰੈਸ਼ਰ ਕਿ ਘਰ ਜਾ ਕਿ ਇਨਕਾਊਂਟਰ ਹੋਣਾ ਹੈ। ਨੋ ਮੋਰ ਮਾਮਾ।"

ਮੇਰਾ ਤਾਂ ਜਿਵੇਂ ਸਾਹ ਹੀ ਗਲ 'ਚ ਅੜ ਗਿਆ ਹੋਵੇ, ਘਬਰਾ ਜੋ ਗਈ ਸਾਂ। ਰੌਲਾ ਸੁਣ ਮਿਸਟਰ ਸਿੰਘ ਵੀ ਥੱਲੇ ਆ ਗਏ ਤੇ ਬੋਲਣ ਲੱਗੇ, "ਹਾਊ ਆਰ ਯੂ ਯੰਗ ਲੇਡੀ! ਦੇ ਆਰ ਗਰੋਅਨ ਅੱਪ ਨਾਓ, ਯੂ ਲੇਡੀ ਸਮਝਦੀ ਹੀ ਨਹੀਂ।"

"ਪਿਓਰ ਦੇਸੀ।" ਜਿਵੇਂ ਮਨ ਹੀ ਮਨ ਆਖ ਰਹੇ ਹੋਣ।

ਮੈਨੂੰ ਲੱਗਾ, ਜਿਵੇਂ ਮੈਂ ਕੋਈ ਜੋਕਰ ਹੋਵਾਂ ਜਾਂ ਮਹਾਂ ਮੂਰਖ। ਠੱਗੀ ਜਿਹੀ ਮਹਿਸੂਸ ਕਰਨ ਲੱਗੀ। ਫਿਰ ਮਸੋਸੇ ਜਿਹੇ ਮਨ ਨਾਲ ਅੱਖਾਂ ਚੰਗੀ ਤਰ੍ਹਾਂ ਧੋ ਲਈਆਂ ਤੇ ਕੰਮ 'ਤੇ ਜਾਣ ਲਈ ਤਿਆਰ ਹੋਣ ਲੱਗੀ।

—

ਅੱਜ ਰੀਤ ਬਹੁਤ ਉਦਾਸ ਸੀ। ਘਰ ਤਾਂ ਉਸ ਗੁੱਸੇ ਵਿਚ ਛੱਡ ਦਿੱਤਾ ਸੀ, ਪਰ ਹੁਣ ਸਮਝ ਨਹੀਂ ਸੀ ਆ ਰਹੀ ਕੇ ਕਿਧਰ ਨੂੰ ਜਾਵੇ। ਇੰਨੇ ਵੱਡੇ ਸ਼ਹਿਰ ਵਿਚ ਟਿਕਾਣਾ ਲੱਭਣਾ ਕਿਹੜਾ ਸੌਖਾ! ਲੱਖਾਂ ਦੀ ਗਿਣਤੀ ਵਿਚ ਦੇਸ਼-ਵਿਦੇਸ਼ ਦੇ ਵਿਦਿਆਰਥੀ, ਕਾਮੇ ਅਤੇ ਮੁਲਖ ਭਰ 'ਚੋਂ ਚੰਗੀਆਂ ਨੌਕਰੀਆਂ ਦੀ ਖੋਜ ਵਿਚ ਆਏ ਲੋਕਾਂ ਅਤੇ ਸੈਲਾਨੀਆਂ ਦੀ ਭੀੜ। ਸ਼ਹਿਰ ਜਿਵੇਂ ਕੁਰਬਲ-ਕੁਰਬਲ ਕਰ ਰਿਹਾ ਹੋਵੇ। ਰੰਗ ਬਿਰੰਗੀਆਂ ਪੁਸ਼ਾਕਾਂ, ਵੰਨ ਸੁਵੰਨੀਆਂ ਗੱਡੀਆਂ, ਮਨ ਭਾਉਂਦੀਆਂ ਖੁਸ਼ਬੂਆਂ ਤੇ ਚਕਾ ਚੌਂਧ ਨਾਲ ਭਰਿਆ ਇਹ ਸ਼ਹਿਰ ਵੇਖਣ ਨੂੰ ਸੋਹਣਾ ਤਾਂ ਬਹੁਤ ਲਗਦਾ ਹੈ, ਪਰ ਜਦੋਂ ਸਿਰ 'ਤੇ ਨਿੱਘ ਭਰਿਆ ਹੱਥ ਤੇ ਪਿਆਰਾ ਜਿਹਾ ਘਰ ਹੋਵੇ।

ਆਫਿਸ ਜਾਣ ਲੱਗੀ ਰੀਤ ਬੈਗ ਨਾਲ ਹੀ ਲੈ ਗਈ, ਕੰਮ 'ਤੇ ਵੀ ਉਸ ਦਾ ਜੀਅ ਨਾ ਲੱਗਾ, ਬਸ ਸ਼ਾਮ ਨੂੰ ਕੀ ਕਰਨਾ ਹੈ, ਕਿਧਰ ਜਾਣਾ ਹੈ? ਇਹੀ ਸੋਚ ਭਾਰੂ ਰਹੀ। ਡਾਊਨ ਟਾਊਨ ਦੀਆਂ ਉਚੀਆਂ ਇਮਾਰਤਾਂ ਵਿਚ ਇਕ ਇਮਾਰਤ ਹੈ, ਉਸ ਦੇ ਦਫਤਰ ਦੀ, 42ਵੀਂ ਮੰਜ਼ਿਲ 'ਤੇ। ਛੋਟੇ ਜਿਹੇ ਸੋਹਣੇ ਦਫਤਰ ਵਿਚ ਵਖੋ ਵਖਰੇ ਲੱਕੜ ਦੇ ਕੈਬਿਨ ਬਣੇ ਹੋਏ ਹਨ, ਇਕੋ ਛੱਤ ਹੇਠਾਂ। ਸਭ ਤੋਂ ਜੂਨੀਅਰ ਅਤੇ ਨਵੀਂ ਮੁਲਾਜ਼ਮ ਹੋਣ ਕਾਰਨ ਉਸ ਨੂੰ ਹਾਲੇ ਕੈਬਿਨ ਨਹੀਂ ਮਿਲਿਆ। ਉਸ ਦਾ ਡੈਸਕ ਬਾਹਰਲੀ ਸਟਰੀਟ ਵਲ ਖੁਲ੍ਹਦੀ ਵੱਡੀ ਸਾਰੀ ਵਿੰਡੋ ਦੇ ਨਾਲ ਲਗਵਾਂ ਹੈ, ਜਿਥੋਂ ਕਈ ਕਈ ਮੰਜ਼ਿਲੇ ਵੱਡੇ ਵੱਡੇ ਫੈਸ਼ਨ ਸਟੋਰ, ਰੈਸਟੋਰਾਂ ਤੇ ਹੋਟਲ ਦਿਸਦੇ ਹਨ। ਬਾਹਰੋਂ ਲੋਕ ਕਿੰਨੇ ਖੁਸ਼ ਲੱਗ ਰਹੇ ਹਨ, ਖੂਬਸੂਰਤ ਲਿਬਾਸਾਂ ਵਿਚ ਸਜੇ ਰੈਸਟੋਰਾਂ ਵਿਚੋਂ ਭਾਫਾਂ ਛੱਡਦੀਆਂ ਕਾਫੀ ਦੀਆਂ ਚੁਸਕੀਆਂ ਲੈਂਦੇ। ਅੱਜ ਕੁਝ ਵੀ ਮਨ ਨਹੀਂ ਵਰਚਾ ਰਿਹਾ। ਦਫਤਰ ਵਿਚ ਸਾਥੀ ਕਈ ਵਾਰ ਪੁੱਛ ਚੁਕੇ ਹਨ, "ਵੇਅਰ ਆਰ ਯੂ ਗੋਇੰਗ ਰੀਤ?" ਪਰ ਜਵਾਬ ਲਏ ਬਿਨਾ ਅਗਾਂਹ ਨੂੰ ਵੱਧ ਜਾਂਦੇ ਹਨ ਜਿਵੇਂ ਜਵਾਬ ਦੀ ਕੋਈ ਲੋੜ ਹੀ ਨਹੀਂ, ਉਨ੍ਹਾਂ ਤਾਂ ਜਿਵੇਂ ਮਹਿਜ ਰਸਮ ਲਈ ਹੀ ਸਵਾਲ ਪੁੱਛਿਆ ਹੋਵੇ।

(ਅਗਲੇ ਸਫੇ 'ਤੇ ਜਾਰੀ)

ਰਹਿ ਰਹਿ ਕੇ ਮਾਮ ਦੀ ਯਾਦ ਆਉਣ ਲੱਗੀ। ਸਵੇਰੇ ਸਵੇਰੇ ਚਾਹ ਬਣਾਉਂਦਿਆਂ, ਭੱਜ ਭੱਜ ਕੇ ਨਾਸ਼ਤੇ ਦੇ ਟਿਫਿਨ ਪੈਕ ਕਰਦਿਆਂ ਤੇ ਲੱਖਾਂ ਹਦਾਇਤਾਂ ਦਿੰਦਿਆਂ, ਜੋ ਉਹ ਅਕਸਰ ਅਣਸੁਣੀਆਂ ਕਰ ਦਿੰਦੀ, ਤੇ 'ਟਿਪੀਕਲ ਮਾਮ' ਕਹਿ ਕੇ ਉਨ੍ਹਾਂ ਦਾ ਮਜ਼ਾਕ ਬਣਾ ਦਿੰਦੀ। ਅੱਜ ਖਾਹ ਮਖਾਹ ਹੀ ਮਾਮ ਨਾਲ ਗੁੱਸਾ ਕਰ ਘਰ ਛੱਡ ਆਈ ਸੀ। ਹੁਣ ਜਾਵੇ ਕਿੱਥੇ? ਬੇਸਮੈਂਟ ਜਾਂ ਅਪਾਰਟਮੈਂਟ ਕਿਰਾਏ 'ਤੇ ਲੈਣ ਲਈ ਕਿੰਨੀ ਮਗਜ਼ ਖਪਾਈ ਕਰਨੀ ਪੈਂਦੀ ਹੈ। ਅਖਬਾਰ ਜਾਂ ਕਜ਼ੀਜ਼ੀ 'ਤੇ ਐਡਸ ਦੇਖੋ, ਘਰ ਵੇਖਣ ਜਾਓ, ਕਿਰਾਇਆ ਸੈਟ ਕਰੋ, ਐਡਵਾਂਸ ਦਿਓ, ਸਾਲ ਭਰ ਦੇ ਚੈਕ ਜਮਾ ਕਰਵਾਓ, ਲੀਗਲ ਡਾਕੂਮੈਂਟ ਤਿਆਰ ਕਰੋ।

"ਹਾਏ ਰੱਬਾ ਐਨਾ ਕੁਝ! ਮੈਂ ਘਰ ਛੱਡਣ ਲੱਗਿਆਂ ਕੁਝ ਸੋਚਿਆ ਕਿਉਂ ਨਾ? ਕਿੰਨੀ ਬੇਵਕੂਫ ਹਾਂ ਮੈਂ, ਬਸ ਇਕਦਮ ਹੀ ਘਰ ਛੱਡ ਦਿੱਤਾ। ਵੈਸੇ ਅੱਜ ਕੱਲ ਮਾਮ ਨੇ ਵੀ ਬਹੁਤ ਤੰਗ ਕਰ ਰਖਿਆ ਸੀ। ਆਹ ਨਹੀਂ ਕਰਨਾ, ਅਹੁ ਨਹੀਂ ਕਰਨਾ, ਕਿੱਥੇ ਗਈ ਸੀ? ਲੇਟ ਕਿਉਂ ਹੋ ਗਈ? ਡ੍ਰਿੰਕ ਤੇ ਨਹੀਂ ਕੀਤੀ? ਬਸ ਸਾਰਾ ਦਿਨ ਇੰਟੈਰੋਗੇਸ਼ਨ। ਜਿਵੇਂ ਮੈਂ ਕੋਈ ਕੈਦੀ ਹੋਵਾਂ। ਪੱਚੀ ਵਰ੍ਹਿਆਂ ਦੀ ਹੋ ਗਈ ਹਾਂ। ਜਾਬ ਵੀ ਕਰਦੀ ਹਾਂ। ਹਾਂ, ਹਾਲੇ ਬਾਹਲੇ ਪੈਸੇ ਨਹੀਂ ਮਿਲਦੇ, ਮਿਲ ਜਾਣਗੇ ਪਰ ਮੇਰੇ ਵੀ ਤੇ ਸ਼ੌਕ ਨੇ। ਬਸ ਐਵੇਂ ਹੀ ਵਾਧੂ ਪੁੱਛਗਿੱਛ। ਥੱਕ ਗਈ ਸਾਂ ਮੈਂ ਜਵਾਬ ਦੇ ਦੇ ਕੇ। ਬਸ ਅੱਜ ਗੁੱਸਾ ਆ ਗਿਆ ਤੇ ਬਹਿਸ ਹੋ ਗਈ...।" ਉਸ ਲੰਮਾ ਸਾਹ ਲਿਆ।

ਘੜੀ ਨੇ 4 ਵਜਾ ਦਿੱਤੇ ਸਨ। ਸਾਰੇ ਸਟਾਫ ਦਾ ਧਿਆਨ ਹੁਣ ਘੜੀਆਂ ਵੱਲ ਤੇ ਆਪੋ ਆਪਣੇ ਹਥਲੇ ਕੰਮ ਨਿਬੇੜਨ ਵੱਲ ਸੀ। ਰੀਤ ਵੀ ਕਾਗਜ਼ ਪੱਤਰ ਸਾਂਭਣ ਲੱਗੀ। ਕੰਪਿਊਟਰ ਵਿਚਲੀਆਂ ਖੁਲ੍ਹੀਆਂ ਫਾਈਲਾਂ ਇਕ ਇਕ ਕਰਕੇ ਬੰਦ ਕੀਤੀਆਂ। ਕਲਾਇੰਟਸ ਇਨਫਾਰਮੇਸ਼ਨ ਵਾਲੀ ਚਾਬੀ ਕੱਢੀ, ਬਾਸ ਦੇ ਡੈਸਕ ਵਿਚ ਰੱਖ ਕੇ ਲਾਕ ਕੀਤੀ ਤੇ ਆਪਣਾ ਹੈਂਡਬੈਗ ਚੁੱਕ ਐਲੀਵੇਟਰ ਵਲ ਹੋ ਤੁਰੀ। ਇਕ ਦੂਸਰੇ ਨੂੰ 'ਬਾਏ, ਸੀ ਯੂ ਟੂਮਾਰੋ' ਕਹਿੰਦੇ ਸਾਥੀ ਵੀ ਹੌਲੀ ਹੌਲੀ ਦਫਤਰ ਛੱਡ ਰਹੇ ਸਨ।

ਰੀਤ ਨੇ ਮਨ ਹੀ ਮਨ ਸੋਚ ਲਿਆ, ਅੱਜ ਲਿੱਲੀ ਨਾਲ ਰਹੇਗੀ, ਕੱਲ ਨੂੰ ਸੋਚਾਂਗੇ ਕੀ ਕਰਨਾ ਹੈ। ਸਬਵੇਅ ਦੀਆਂ ਪੌੜੀਆਂ ਉਤਰ ਉਸ ਨੇ ਟਰੇਨ ਫੜੀ। ਪੌਣੇ ਕੁ ਘੰਟੇ ਦੇ ਸਫਰ ਪਿਛੋਂ ਉਹ ਲਿੱਲੀ ਦੇ ਅਪਾਰਟਮੈਂਟ ਦੇ ਸਾਹਮਣੇ ਖੜੀ ਸੀ। ਛੋਟਾ ਜਿਹਾ ਅਪਾਰਟਮੈਂਟ, ਜਿਸ ਵਿਚ ਲਿੱਲੀ ਅਤੇ ਉਸ ਦੀ ਇਕ ਹੋਰ ਰੂਮ ਪਾਰਟਨਰ ਐਡਾ ਰਹਿੰਦੀ ਸੀ।

ਅਪਾਰਟਮੈਂਟ ਦਾ ਦਰਵਾਜਾ ਬੰਦ ਸੀ, ਉਸ ਲਿੱਲੀ ਨੂੰ ਫੋਨ ਲਾਇਆ। ਲਿੱਲੀ ਨੇ ਦੱਸਿਆ ਕੇ ਉਸ ਨੂੰ ਅੱਧਾ ਕੁ ਘੰਟਾ ਲਗ ਜਾਣਾ ਹੈ। ਉਹ ਡੋਰਬੈਲ ਵਜਾਵੇ, ਐਡਾ ਅੰਦਰ ਹੀ ਹੈ।

ਅੰਦਰ ਐਡਾ ਛੋਟੀ ਜਿਹੀ ਸ਼ਾਰਟਸ ਪਾਈ ਢਿੱਲ੍ਹੀ ਜਿਹੀ ਸ਼ਰਟ ਵਿਚ ਸਿਗਰਟ ਦੇ ਲੰਮੇ ਲੰਮੇ ਕਸ਼ ਖਿੱਚ ਰਹੀ ਸੀ। ਕਮਰਾ ਧੂੰਏ ਨਾਲ ਭਰਿਆ ਪਿਆ ਸੀ। ਕਿਚਨ ਦੀ ਸਿੰਕ ਵਿਚ ਕਿੰਨੇ ਹੀ ਜੂਠੇ ਭਾਂਡੇ ਡੰਪ ਕੀਤੇ ਪਏ ਸਨ। ਅਪਾਰਟਮੈਂਟ ਤੇ ਬਹੁਤ ਸੋਹਣਾ ਸੀ ਪਰ ਲਗਦਾ ਸੀ ਸਫਾਈ ਕਈ ਦਿਨਾਂ ਤੋਂ ਨਹੀਂ ਸੀ ਹੋਈ। ਫਰਸ਼ 'ਤੇ ਗੰਦੀਆਂ ਜੁਰਾਬਾਂ ਅਤੇ ਬੈਡ 'ਤੇ ਮੈਲੇ ਕੱਪੜੇ ਪਏ ਸਨ। ਕੱਪੜੇ ਪਰੇ ਕਰਦਿਆਂ ਰੀਤ ਨੇ ਬੈਡ 'ਤੇ ਬੈਠਣ ਦੀ ਥਾਂ ਬਣਾਈ। ਉਸ ਨੂੰ ਆਵਦਾ ਸਾਫ ਸੁਥਰਾ ਸਲੀਕੇ ਨਾਲ ਸਜਿਆ ਘਰ ਯਾਦ ਆਇਆ। ਘਰ ਦਾ ਨਿੱਘ, ਮਾਮ ਵਲੋਂ ਉਸ ਦੇ ਆਉਣ ਤੋਂ ਪਹਿਲਾਂ ਹੀ ਕਾਫੀ ਦੇ ਤਿਆਰ ਕੀਤੇ ਦੋ ਮਗ ਯਾਦ ਆਏ, ਜੋ ਮੰਮੀ ਬਣਾ ਕੇ ਰਖਦੀ ਸੀ ਕਿ ਉਹ ਉਸ ਨਾਲ ਹੀ ਬੈਠ ਕੇ ਪੀਏਗੀ, ਪਰ ਮੈਂ (ਰੀਤ) ਹਮੇਸ਼ਾ ਕਾਫੀ ਦਾ ਮਗ ਚੁੱਕ ਆਪਣੇ ਕਮਰੇ ਵਿਚ ਆ ਜਾਂਦੀ, ਕਦੀ ਪਿਛੇ ਮੁੜ ਕੇ ਨਹੀਂ ਸੀ ਦੇਖਿਆ ਕਿ ਮਾਮ ਦਾ ਮੂੰਹ ਕਿਵੇਂ ਢਿੱਲਾ ਜਿਹਾ ਹੋ ਜਾਂਦਾ ਸੀ।

ਕਮਰੇ ਵਿਚ ਸਾਫ ਸੁਥਰੇ ਬੈਡ, ਸਲੀਕੇ ਨਾਲ ਸਜਿਆ ਫਰਨੀਚਰ ਤੇ ਬੈਕਯਾਰਡ ਵਲ ਖੁਲ੍ਹਦੀ ਖਿੜਕੀ ਉਸ ਨੂੰ ਕਿੰਨੀ ਚੰਗੀ ਲਗਦੀ ਸੀ। ਉਹ ਵੀ ਕੀ ਕਰਦੀ, ਦਿਨ ਭਰ ਕੰਮ ਦੀ ਥਕਾਨ ਅਤੇ ਕੂਲੀਗਸ ਵਲੋਂ ਮਿਲਿਆ ਸਟ੍ਰੈਸ, ਰੋਜ ਦੀ ਵਰਕ ਫਾਈਲਾਂ ਤੇ ਟਾਈਮ ਸ਼ੀਟਾਂ ਭਰਦਿਆਂ ਕਿੰਨਾ ਥੱਕ ਜਾਂਦੀ ਸਾਂ। ਮਾਮ ਨੂੰ ਕੀ ਪਤਾ ਇਸ ਕਾਰਪੋਰੇਟ ਕਲਚਰ ਦਾ। ਕਿੰਨਾ ਪ੍ਰੈਸ਼ਰ ਹੈ, ਟਾਈਮ ਲਾਈਨਜ਼, ਰੋਜ ਦੇ ਟਾਰਗੈਟ ਮੀਟ ਕਰਨਾ। ਨਵੀਂ ਜਾਬ, ਵਰਕ ਲੋਡ ਤੇ ਹਰ ਵੇਲੇ ਅਜੀਬ ਜਿਹਾ ਦਬਾਓ। ਉਪਰੋਂ ਦੋਸਤਾਂ ਦਾ ਪ੍ਰੈਸ਼ਰ ਤੇ ਹੋਰ ਕਿੰਨਾ ਹੀ ਕੁਝ। ਪੇਰੈਂਟਸ ਨੂੰ ਲਗਦਾ, ਐਵੇਂ ਵਿਹਲੇ ਹੀ ਬਹਿ ਕੇ ਆ ਜਾਂਦੇ ਨੇ। ਸੋਹਣੇ ਦਫਤਰ ਤੇ ਆਹ ਸੋਹਣੀਆਂ ਡਰੈਸਾਂ ਪਾ ਜਿਵੇਂ ਅਸੀਂ ਤਾਂ ਫਨ ਹੀ ਕਰਦੇ ਹਾਂ ਸਾਰਾ ਦਿਨ। ਉਤੋਂ ਆਹ ਦੋ ਘੰਟਿਆਂ ਦੀ ਕਮਿਊਟਿੰਗ। ਹਾਂ ਸੱਚ ਮੇਰੀ ਕਾਰ ਤਾਂ ਗੋ ਸਟੇਸ਼ਨ 'ਤੇ ਹੀ ਖੜ੍ਹੀ ਹੈ। ਉਸ ਬਾਰੇ ਤੇ ਮੈਂ ਅਜੇ ਸੋਚਿਆ ਹੀ ਨਹੀਂ। ਚਲੋ ਕੱਲ ਦੇਖਾਂਗੇ।

ਅਜੇ ਸੋਚਾਂ ਵਿਚ ਹੀ ਸਾਂ ਕਿ ਲਿੱਲੀ ਵੀ ਖਟ ਖਟ ਕਰਦੀ ਆ ਗਈ। "ਹਾਏ ਰੀਤ, ਵਾਹਟ ਏ ਪਲੈਜ਼ੈਂਟ ਸਰਪ੍ਰਾਈਜ਼, ਯੂ ਆਰ ਸਟੇਇੰਗ ਵਿਦ ਮੀ ਟੂਡੇ।"

ਉਸ ਦੀ ਨਿਗ੍ਹਾ ਰੀਤ ਦੇ ਵੱਡੇ ਹੈਂਡ ਬੈਗ 'ਤੇ ਪਈ ਤਾਂ ਪੁੱਛਣ ਲੱਗੀ, "ਆਰ ਯੂ ਗੋਇੰਗ ਸਮ ਵੇਅਰ?"

"ਨੋ, ਆਈ ਲੈਫਟ ਦਾ ਹਾਊਸ।" ਰੀਤ ਨੇ ਜਿਵੇਂ ਲਿੱਲੀ ਦੀ ਉਤਸੁਕਤਾ ਜਗਾ ਦਿਤੀ।

"ਵਾਹਟ ਹੈਪਨਡ?"

"ਨਥਿੰਗ, ਆਈ ਡਿਸਾਈਡਿਡ ਟੂ ਮੂਵ ਆਊਟ।"

ਲਿੱਲੀ ਹੈਰਾਨ ਸੀ ਕਿ ਅਚਾਨਕ ਰੀਤ ਨੂੰ ਕੀ ਹੋ ਗਿਆ। ਕੱਲ ਪਾਰਟੀ ਪਿਛੋਂ ਰੀਤ ਉਸ ਦੇ ਵਾਰ ਵਾਰ ਕਹਿਣ 'ਤੇ ਵੀ ਉਸ ਕੋਲ ਨਹੀਂ ਸੀ ਰਹੀ, ਪਰ ਅੱਜ ਘਰ ਹੀ ਛੱਡ ਆਈ ਹੈ!

ਰੀਤ ਨੂੰ ਕੱਲ ਵਾਲੀਆਂ ਘਟਨਾਵਾਂ ਇਕ ਇਕ ਕਰਕੇ ਚੇਤੇ ਆਉਣ ਲੱਗੀਆਂ, ਕੱਲ ਸ਼ਾਮ ਜਦੋਂ ਪੰਜ ਵਜੇ ਕੰਮ ਛੱਡਿਆ। ਛੇ ਤੋਂ ਸੱਤ ਵਜੇ ਤਕ ਉਹ ਤੇ ਲਿੱਲੀ ਕਾਫੀ ਹਾਉਸ ਵਿਚ ਬੈਠੀਆਂ ਰਹੀਆਂ ਤੇ ਸੱਤ ਵਜੇ ਯੂਨੀਅਨ ਸਟੇਸ਼ਨ 'ਤੇ ਬਣੇ ਵਾਸ਼ਰੂਮ ਵਿਚ ਸ਼ਾਮ ਦੀ ਪਾਰਟੀ ਲਈ ਤਿਆਰ ਹੋਈਆਂ। ਪਾਰਟੀ ਰਾਤ ਅੱਠ ਵਜੇ ਸ਼ੁਰੂ ਹੋਣੀ ਸੀ ਤੇ ਘਰ ਵਾਪਸ ਜਾ ਕੇ ਆਉਣ ਨਾਲ ਬਹੁਤ ਸਮਾਂ ਖਰਾਬ ਹੋਣਾ ਸੀ ਅਤੇ ਥਕਾਵਟ ਵਾਧੂ ਦੀ ਹੋ ਜਾਣੀ ਸੀ। ਤਿਆਰ ਹੋ ਕੇ ਉਹ ਹੋਟਲ ਪਲਾਜ਼ਾ ਪਹੁੰਚੀਆਂ। ਅੱਠ ਵਜੇ ਤਕ ਪਾਰਟੀ ਵਿਚ ਕੋਈ ਵੀ ਨਹੀਂ ਸੀ ਆਇਆ। ਪਾਰਟੀ ਦਸ ਕੁ ਵਜੇ ਸ਼ੁਰੂ ਹੋਈ। ਸਾਰੇ ਮੈਨੇਜਰ ਤੇ ਪਾਰਟਨਰ ਗਿਆਰਾਂ ਕੁ ਵਜੇ ਡਿਨਰ ਕਰ ਕੇ ਚਲੇ ਗਏ, ਪਰ ਯੰਗ ਇੰਪਲਾਈ ਅਤੇ ਕੋ-ਅਪ ਵਾਲੇ ਮੁੰਡੇ-ਕੁੜੀਆਂ ਲਈ ਤਾਂ ਪਾਰਟੀ ਉਨ੍ਹਾਂ ਦੇ ਜਾਣ ਪਿਛੋਂ ਸ਼ੁਰੂ ਹੋਈ ਸੀ। ਹੱਸਦੇ ਖੇਡਦਿਆਂ, ਡਾਂਸ ਕਰਦਿਆਂ ਪਤਾ ਹੀ ਨਾ ਲੱਗਾ ਕਦੋਂ ਰਾਤ ਦਾ ਡੇਢ ਵੱਜ ਗਿਆ। ਮਾਮ ਦੀਆਂ ਦਸ ਕਾਲਾਂ ਮਿਸ ਹੋ ਚੁਕੀਆਂ ਸਨ। ਡਾਂਸ ਫਲੋਰ 'ਤੇ ਕੌਣ ਫੋਨ ਕੋਲ ਰਖਦਾ ਹੈ? ਮਾਮ ਸਮਝਦੀ ਹੀ ਨਹੀਂ। ਡੈਡ ਕਿੰਨੇ ਕੂਲ ਹਨ, ਮਾਮ ਉਹੀ ਦਕੀਆਨੂਸ। ਮੈਨੂੰ ਮਾਮ 'ਤੇ ਬਹੁਤ ਗੁੱਸਾ ਆਇਆ ਸੀ। ਜਦੋਂ ਵੀ ਫਨ ਕਰਦੇ ਹੋਵੋ, ਦੋਸਤਾਂ ਨਾਲ ਬਾਹਰ ਹੋਵੋ, ਮੈਸੇਜ 'ਤੇ ਮੈਸੇਜ, ਕਿਥੇ ਹੋ? ਕਦੋਂ ਆ ਰਹੇ ਹੋ? ਕੌਣ ਕੌਣ ਨਾਲ ਹੈ? ਤੰਗ ਹੀ ਕਰੀ ਜਾਣਗੇ। ਮੈਂ ਤੇ ਹੁਣ ਫੋਨ ਚੁੱਕਦੀ ਹੀ ਨਹੀਂ, ਪਰ ਮੈਸੇਜ ਕਰ ਕਰ ਕੇ ਬੈਡ ਫੀਲ ਕਰਵਾਉਂਦੇ ਰਹਿੰਦੇ ਨੇ, ਜਿਵੇਂ ਮੈਂ ਕੋਈ ਗੁਨਾਹ ਕਰ ਰਹੀ ਹੋਵਾਂ।

ਲਿੱਲੀ ਦੇ ਪੇਰੈਂਟਸ ਕਿੰਨੇ ਚੰਗੇ ਹਨ, ਕੁਝ ਨਹੀਂ ਕਹਿੰਦੇ। ਪਹਿਲਾਂ ਉਹ ਆਪਣੇ ਬੁਆਏ ਫਰੈਂਡ ਨਾਲ ਰਹਿੰਦੀ ਸੀ, ਜਦੋਂ ਦਾ ਬਰੇਕ-ਅਪ ਹੋਇਆ, ਆਹ ਨਵੀਂ ਰੂਮ ਮੇਟ ਐਡਾ ਮਿਲ ਗਈ।

ਰੀਤ ਬਿਲਕੁਲ ਭੁਲ ਗਈ ਕਿ ਲਿੱਲੀ ਉਸ ਨੂੰ ਕੁਝ ਪੁੱਛ ਰਹੀ ਹੈ। ਉਹ ਫਿਰ ਆਪਣੇ ਖਿਆਲਾਂ ਵਿਚ ਡੁੱਬ ਗਈ, "ਮਾਈ ਮਾਮ, ਸ਼ੀ ਡਜ਼ ਨਾਟ ਅੰਡਰਸਟੈਂਡ ਮੀ। ਸ਼ੀ ਇਜ਼ ਸੋ ਅਨੋਇੰਗ।"

ਲਿੱਲੀ ਖਿੜਖਿੜਾ ਕੇ ਹੱਸ ਪਈ, "ਦਿਸ ਇਜ਼ ਦਾ ਰੀਜ਼ਨ ਯੂ ਲੈਫਟ ਯੁਅਰ ਹਾਊਸ?" ਉਸ ਦਾ ਹਾਸਾ ਨਹੀਂ ਸੀ ਰੁਕ ਰਿਹਾ, "ਯੂ ਨੋ ਆਈ ਵਾਜ਼ ਜਸਟ ਏਟੀਨ, ਵੈਨ ਮਾਈ ਮਾਮ ਟੋਲਡ ਮੀ ਟੂ ਲੀਵ ਦਾ ਹਾਊਸ। ਬਿਕਾਜ਼ ਆਈ ਵਾਂਟਿਡ ਟੂ ਲਿਵ ਵਿਦ ਮਾਈ ਬੁਆਏ ਫਰੈਂਡ, ਬਟ ਇਟ'ਜ਼ ਵੈਰੀ ਹਾਰਡ, ਯੂ ਆਰ ਲੱਕੀ ਯੂ ਹੈਵ ਆ ਨਾਈਸ ਫੈਮਿਲੀ।" ਉਸ ਜਿਵੇਂ ਸਮਝਾਉਣਾ ਚਾਹਿਆ।

"ਨਹੀਂ, ਉਹ ਮੈਨੂੰ ਸਮਝਦੀ ਨਹੀਂ।" ਰੀਤ ਨੇ ਫਿਰ ਜ਼ੋਰ ਦੇ ਕੇ ਆਖਿਆ, "ਬੰਦਾ ਕੰਮ ਤੇ ਪੜ੍ਹਾਈ ਤੋਂ ਟੈਂਸ ਹੋਇਆ ਘਰ ਜਾਂਦਾ ਹੈ, ਪਰ ਮੇਰੀ ਮਾਮ ਬਸ ਸਵਾਲ 'ਤੇ ਸਵਾਲ ਪੁੱਛੀ ਜਾਂਦੀ ਹੈ। ਆਈ ਵਾਂਟ ਮਾਈ ਸਪੇਸ, ਨੋ ਪ੍ਰਾਈਵੇਸੀ ਦੇਅਰ।"

"ਓ ਕੇ, ਓ ਕੇ।" ਲਿੱਲੀ ਨੇ ਗੱਲ ਮੁਕਾਉਂਦਿਆਂ ਕਿਹਾ, "ਸੋ, ਵਟ'ਜ਼ ਯੁਅਰ ਪਲੈਨ ਨਾਓ?"

"ਮੈਂ ਵੀ ਅਪਾਰਟਮੈਂਟ ਕਿਰਾਏ 'ਤੇ ਲੈਣਾ ਹੈ।" ਰੀਤ ਨੇ ਜਿਵੇਂ ਫੈਸਲਾ ਸੁਣਾਇਆ।

"ਤੇਰੇ ਕੋਲ ਐਡਵਾਂਸ ਮਨੀ ਹੈ, ਤੇ ਰੂਮ ਮੇਟ?"

"ਰੂਮ ਮੇਟ ਕਿਸ ਲਈ?" ਰੀਤ ਨੇ ਪੁੱਛਿਆ

"ਯੂ ਕਾਂਟ ਅਫੋਰਡ ਅਲੋਨ। ਬਹੁਤ ਮਹਿੰਗਾ ਹੈ। ਲੀਜ਼ ਬਾਰੇ ਸੋਚਿਆ ਹੈ? ਨਾਲੇ ਇਕ ਮਹੀਨਾ ਤਾਂ ਲੱਗ ਹੀ ਜਾਏਗਾ, ਇਸ ਸਭ ਕਾਸੇ ਵਿਚ।"

"ਇਕ ਮਹੀਨਾ!" ਰੀਤ ਹੈਰਾਨ ਹੋ ਕੇ ਬੋਲੀ।

"ਹਾਂ, ਤੇ ਹੋਰ ਕੀ?"

"ਇਕ ਮਹੀਨੇ ਲਈ ਤੂੰ ਹੋਟਲ ਵਿਚ ਠਹਿਰ ਸਕਦੀ ਐਂ।" ਲਿੱਲੀ ਨੇ ਸਲਾਹ ਦਿੱਤੀ।

"ਹੋਟਲ?" ਹੋਟਲ ਸ਼ਬਦ ਸੁਣ ਰੀਤ ਕੁਝ ਸੋਚਣ ਲੱਗੀ, "ਮਾਮ ਨੂੰ ਚੰਗਾ ਨਹੀਂ ਲਗੇਗਾ। ਵੈਸੇ ਮਾਮ ਐਨੀ ਵੀ ਬੁਰੀ ਨਹੀਂ। ਬਸ ਥੋੜਾ ਪ੍ਰੇਸ਼ਾਨ ਕਰਦੀ ਹੈ। ਕਦੇ ਕਦੇ ਸ਼ੱਕ ਕਰਦੀ ਹੈ। ਐਵੇਂ ਹੀ ਵਾਧੂ ਸਵਾਲ ਜਿਹੇ ਕਰ ਕਰ ਕੇ ਤੰਗ ਕਰਦੀ ਹੈ, ਪਰ ਬੁਰੀ-ਨਹੀਂ ਬੁਰੀ ਤਾਂ ਬਿਲਕੁਲ ਨਹੀਂ। ਕਾਸ਼ ਥੋੜੀ ਸਮਝਦਾਰ ਹੋ ਜਾਏ।" ਸੋਚ ਉਹ ਮਨ ਹੀ ਮਨ ਹੱਸ ਪਈ।

ਮਾਮ ਬਾਰੇ ਸੋਚਦਿਆਂ ਧਿਆਨ ਫਿਰ ਕੱਲ ਦੀ ਪਾਰਟੀ ਵੱਲ ਚਲਾ ਗਿਆ। ਜਦੋਂ ਰਾਤ ਦੇ ਡੇਢ ਕੁ ਵਜੇ ਪਾਰਟੀ ਖਤਮ ਹੋਈ ਤੇ ਆਫਿਸ ਦਾ ਭਾਰਾ ਬੈਗ, ਜਿਸ ਵਿਚ ਉਸ ਦਾ ਵਰਕ ਲੈਪਟਾਪ, ਐਕਸਟਰਾ ਸਕਰੀਨ, ਦਿਨ ਵਾਲੇ ਕਪੜਿਆਂ ਨਾਲ ਤੁੰਨਿਆ ਹੈਂਡਬੈਗ। ਲਗਭਗ 15 ਪੌਂਡ ਭਾਰਾ ਹੋਵੇਗਾ ਉਸ ਦਾ ਬੈਗ, ਕਿਵੇਂ ਮੋਢੇ 'ਤੇ ਚੁੱਕੀ ਪਲਾਜ਼ਾ ਹੋਟਲ ਤੋਂ ਬਾਹਰ ਆਈ ਸੀ। ਲਿੱਲੀ ਨੇ ਤਾਂ ਆਵਦੇ ਇਕ ਕੁਲੀਗ ਕੋਲੋਂ ਲਿਫਟ ਲੈ ਲਈ ਸੀ, ਪਰ ਰੀਤ ਦਾ ਦਿਲ ਨਾ ਕੀਤਾ ਕਿ ਉਹ ਅੱਧੀ ਰਾਤ ਕਿਸੇ ਕੋਲੋਂ ਇੰਜ ਲਿਫਟ ਲਵੇ। ਨਾਲੇ ਮਾਮ ਨੂੰ ਵੀ ਚੰਗਾ ਨਹੀਂ ਸੀ ਲਗਣਾ ਕੇ ਉਹ ਕਿਸੇ ਨਾਲ ਇੰਜ ਕਾਰ ਵਿਚ ਆਈ ਹੈ। ਉਸ ਊਬਰ ਲਈ ਕਈ ਵਾਰ ਕਾਲ ਕੀਤੀ, ਪਰ ਡਾਊਨ ਟਾਊਨ ਤੋਂ ਕੈਲਡੇਨ ਜਾਣ ਲਈ ਕੋਈ ਤਿਆਰ ਨਹੀਂ ਸੀ, ਰਾਤ ਦੇ ਦੋ ਵਜੇ। ਮਾਮ ਨੂੰ ਕੀ ਪਤਾ, ਕਿੰਨਾ ਸਟਰੈਸ ਹੁੰਦਾ ਹੈ, ਉਸ ਵੇਲੇ ਆਪਣੀਆਂ ਮੁਸ਼ਕਿਲਾਂ ਨਾਲ ਜੂਝਦਿਆਂ ਅਤੇ ਘਰ ਜਾ ਕੇ ਜਵਾਬ ਤਲਬੀ ਲਈ। ਭਾਰਾ ਬੈਗ ਚੁਕੀ ਉਹ ਯੂਨੀਅਨ ਸਟੇਸ਼ਨ ਪਹੁੰਚੀ। ਮੋਢਾ ਟੁੱਟਣ ਵਾਲਾ ਹੋ ਗਿਆ ਸੀ। ਪਾਰਟੀ ਵਿਚ ਪੀਤਾ ਵਾਈਨ ਦਾ ਗਲਾਸ ਤਾਂ ਕਦੋਂ ਦਾ ਉਤਰ ਚੁਕਾ ਸੀ। ਤਿੰਨ ਵਜੇ ਦੇ ਕਰੀਬ ਉਹ ਗੋ ਬਸ ਸਟਾਪ ਤੋਂ ਆਪਣੀ ਗੱਡੀ ਕੱਢ ਜਦੋਂ ਘਰ ਪਹੁੰਚੀ ਤਾਂ ਤੜਕੇ ਸਾਢੇ ਤਿੰਨ ਵੱਜ ਚੁਕੇ ਸਨ। ਠੰਡ ਤੇ ਥਕਾਨ ਨਾਲ ਉਸ ਦਾ ਬੁਰਾ ਹਾਲ ਸੀ। ਦਰਵਾਜਾ ਖੋਲ੍ਹਦਿਆਂ ਹੀ ਜਦੋਂ ਘਰ ਅੰਦਰ ਵੜੀ ਤਾਂ ਮੋਢੇ 'ਤੇ ਲੱਦਿਆ ਭਾਰਾ ਬੈਗ ਉਸ ਥੱਲੇ ਸੁੱਟ ਦਿੱਤਾ। ਜਿਸ ਦੇ ਖੜਕੇ ਤੋਂ ਮਾਮ ਨੇ ਪਤਾ ਨਹੀਂ ਕੀ ਕੀ ਸੀਨ ਸਿਰਜ ਲਏ ਤੇ ਆਪਣੇ ਹੀ ਕਿਆਸ ਲਾ ਲਾ ਪ੍ਰੇਸ਼ਾਨ ਹੁੰਦੀ ਰਹੀ। ਮੈਂ ਤਾਂ ਪਹਿਲਾਂ ਹੀ ਖਿੱਝੀ ਪਈ ਸਾਂ ਤੇ ਮਾਮ ਉਪਰੋਂ ਹੀ 'ਰੀਤ ਰੀਤ' ਆਖ 'ਵਾਜਾਂ ਮਾਰੀ ਜਾਣ, ਜਿਵੇਂ ਪਹਿਲਾਂ ਉਥੇ ਹਾਜ਼ਰੀ ਭਰਨੀ ਜਰੂਰੀ ਹੋਵੇ।

ਰੀਤ ਇਕੋ ਪਲ ਵਿਚ ਹੀ ਕਿੰਨਾ ਕੁਝ ਸੋਚ ਗਈ। ਗੁੱਸਾ ਤੇ ਪਹਿਲਾਂ ਦਾ ਹੀ ਬਹੁਤ ਸੀ, ਪਰ ਮਾਮ ਦੇ ਇੰਟੈਰੋਗੇਟ ਕਰਨ 'ਤੇ ਸਭ ਕੁਝ ਉਨ੍ਹਾਂ 'ਤੇ ਨਿਕਲ ਗਿਆ। ਨਾਲੇ ਇਹ ਕਿਹੜਾ ਪਹਿਲੀ ਵਾਰੀ ਸੀ, ਉਹ ਹਮੇਸ਼ਾ ਹੀ ਇੰਜ ਕਰਦੇ ਹਨ। ਸਾਡੀ ਕਿਸੇ ਗੱਲ 'ਤੇ ਯਕੀਨ ਹੀ ਨਹੀਂ ਕਰਦੇ। ਅੱਜ ਮੈਨੂੰ ਗੁੱਸਾ ਆ ਗਿਆ ਤੇ ਮੈਂ ਵੀ ਬਹੁਤ ਕੁਝ ਸੁਣਾ ਦਿੱਤਾ। ਰੀਤ ਨੂੰ ਜਿਵੇਂ ਕੁਝ ਪਛਤਾਵਾ ਜਿਹਾ ਵੀ ਸੀ।

ਸਵੇਰੇ ਵੀ ਮੈਨੂੰ ਪਤਾ ਸੀ, ਮਾਮ ਕੁਝ ਵੱਡਾ ਸੀਨ ਕ੍ਰੀਏਟ ਕਰਨਗੇ, ਸੋ ਮੈਂ ਉਨ੍ਹਾਂ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਘਰ ਛੱਡਣ ਦਾ ਐਲਾਨ ਕਰ ਦਿੱਤਾ। 'ਇਟਸ ਨਾਟ ਜਸਟ ਟੂਡੇ, ਐਵਰੀ ਡੇ ਦੀ ਸੇਮ ਸਟੋਰੀ।' ਰੀਤ ਬੁੜ ਬੁੜਾ ਰਹੀ ਸੀ, ਪਰ ਘਰ ਛੱਡਣਾ ਵੀ ਕਿਹੜਾ ਸੌਖਾ ਹੈ। ਐਨੇ ਖਰਚੇ ਤੇ ਕੰਮ, ਸਫਾਈ, ਭਾਂਡੇ-ਨਾ ਬਾਬਾ ਨਾ, ਮੈਂ ਨਹੀਂ ਕਰ ਸਕਦੀ।

'ਹੁਣ ਕੀ ਕਰਾਂ?' ਰੀਤ ਨੇ ਜਿਵੇਂ ਆਪਣੇ ਆਪ ਨੂੰ ਸਵਾਲ ਕੀਤਾ।

ਸਵੇਰ ਦਾ ਫੋਨ ਵੀ ਬੰਦ ਕਰ ਰਖਿਆ ਸੀ। ਉਸ ਦਾ ਜੀਅ ਕੀਤਾ ਕਿ ਮਾਮ ਨਾਲ ਗੱਲ ਕਰੇ, ਮਾਮ ਦੇ ਹੱਥ ਦੀ ਗਰਮ ਗਰਮ ਚਾਹ ਮਿਲ ਜਾਵੇ। ਉਸ ਨੂੰ ਆਪਣੇ ਘਰ ਮਾਮ, ਡੈਡ ਤੇ ਨਵੀ ਦੀ ਯਾਦ ਆਉਣ ਲੱਗੀ। ਉਸ ਨੇ ਫੋਨ ਦਾ ਸਵਿਚ ਆਨ ਕੀਤਾ। ਕਿੰਨੇ ਹੀ ਮੈਸੇਜ, ਵਾਇਸ ਮੇਲ ਰਿਕਾਰਡ ਹੋਏ ਪਏ ਸਨ। ਮਾਮ ਵਾਰ ਵਾਰ ਉਸ ਨੂੰ ਘਰ ਆਉਣ ਦੀ ਤਾਕੀਦ ਕਰ ਰਹੀ ਸੀ। ਉਸ ਨੇ ਝੱਟ ਹੀ ਸਾਰੇ ਮੈਸੇਜ ਪੜ੍ਹ ਲਏ। ਰਾਤ ਦੇ ਨੌਂ ਵੱਜ ਚੁਕੇ ਸਨ। ਉਸ ਮਾਮ ਨੂੰ ਕਾਲ ਕੀਤੀ। ਉਧਰੋਂ ਘਬਰਾਈ ਤੇ ਫਿਕਰ ਭਰੀ ਹੈਲੋ ਦੀ ਅਵਾਜ਼ ਆਈ।

"ਆਈ ਐਮ ਸਾਰੀ ਮਾਮ।" ਰੀਤ ਦੀ ਭਿੱਜੀ ਜਿਹੀ ਅਵਾਜ਼ ਸੀ। "ਐਮ ਕਮਿੰਗ ਹੋਮ।" ਉਸ ਡਾਢੇ ਮੋਹ ਨਾਲ ਕਿਹਾ।

# ਬੋਲਣ ਵਾਲੀ ਖੋਪੜੀ

**ਅਫਰੀਕਨ ਲੋਕ ਕਥਾ**

ਇਕ ਵਾਰ ਇਕ ਸ਼ਿਕਾਰੀ ਜੰਗਲ ਵਿਚ ਘੁੰਮ ਰਿਹਾ ਸੀ। ਅਚਾਨਕ ਉਸ ਨੂੰ ਠੋਕਰ ਲੱਗੀ। ਉਹਨੇ ਦੇਖਿਆ, ਕਿਸੇ ਆਦਮੀ ਦੀ ਖੋਪੜੀ ਰਾਹ ਵਿਚ ਪਈ ਸੀ। ਅਚਾਨਕ ਉਸ ਦੇ ਮੂੰਹੋਂ ਨਿਕਲਿਆ, "ਓ ਤੂੰ ਇਥੇ ਕਿਵੇਂ ਆ ਗਈ?"

"ਆਪਣੀ ਜੀਭ ਕਰਕੇ।" ਖੋਪੜੀ ਵਿਚੋਂ ਆਵਾਜ਼ ਆਈ।

ਸ਼ਿਕਾਰੀ ਹੈਰਾਨ ਹੋ ਗਿਆ। ਉਹਨੂੰ ਆਪਣੇ ਕੰਨਾਂ 'ਤੇ ਯਕੀਨ ਨਾ ਆਇਆ ਕਿ ਇਹ ਆਵਾਜ਼ ਖੋਪੜੀ ਵਿਚੋਂ ਹੀ ਹੈ।

"ਕੀ ਕਿਹਾ?" ਅਜ਼ਮਾਉਣ ਲਈ ਉਹਨੇ ਮੁੜ ਪੁੱਛਿਆ।

"ਮੇਰੇ ਮਾਲਕ ਦੇ ਢਿੱਡ ਵਿਚ ਕੋਈ ਗੱਲ ਨਹੀਂ ਸੀ ਰਹਿੰਦੀ। ਹਰ ਗੱਲ ਅੱਗੇ ਕਰ ਦਿੰਦਾ ਸੀ।" ਖੋਪੜੀ ਨੇ ਜਵਾਬ ਦਿਤਾ।

ਸ਼ਿਕਾਰੀ ਨੂੰ ਥੋੜਾ ਜਿਹਾ ਡਰ ਲੱਗਾ। ਉਹਨੇ ਕਦੇ ਕਿਸੇ ਖੋਪੜੀ ਨੂੰ ਬੋਲਦਿਆਂ ਨਹੀਂ ਸੀ ਸੁਣਿਆ। ਉਹ ਕਾਹਲੀ ਕਾਹਲੀ ਆਪਣੇ ਪਿੰਡ ਵਾਪਸ ਆ ਗਿਆ। ਉਹਨੇ ਸਭ ਨੂੰ ਇਹ ਗੱਲ ਦੱਸੀ, ਪਰ ਕਿਸੇ ਨੂੰ ਯਕੀਨ ਨਾ ਆਇਆ। ਚਲਦੀ ਚਲਦੀ ਗੱਲ ਰਾਜੇ ਤਕ ਪਹੁੰਚ ਗਈ। ਰਾਜੇ ਨੇ ਉਸ ਨੂੰ ਬੁਲਾ ਕੇ ਸਖਤ ਚਿਤਾਵਨੀ ਦਿਤੀ, "ਪਿੰਡ ਵਿਚ ਅਫਵਾਹਾਂ ਫੈਲਾਉਣਾ ਜ਼ੁਰਮ ਹੈ!"

"ਪਰ ਇਹ ਝੂਠ ਨਹੀਂ ਰਾਜਾ ਸਾਹਿਬ।" ਸ਼ਿਕਾਰੀ ਨੇ ਕਿਹਾ।

ਨਾਲ ਬੈਠੇ ਮੰਤਰੀਆਂ ਨੇ ਭੀ ਸ਼ਿਕਾਰੀ ਨੂੰ ਚੁੱਪ ਰਹਿਣ ਲਈ ਕਿਹਾ, ਪਰ ਉਹ ਇਸ ਗੱਲ 'ਤੇ ਅੜਿਆ ਰਿਹਾ।

"ਕੀ ਤੂੰ ਆਪਣਾ ਮੂੰਹ ਬੰਦ ਰੱਖ ਸਕਦਾ ਏਂ!" ਰਾਜੇ ਨੇ ਗੁੱਸੇ ਵਿਚ ਕਿਹਾ।

"ਰਾਜਾ ਸਾਹਿਬ, ਮੈਂ ਕੋਈ ਗਲਤ ਗੱਲ ਨਹੀਂ ਕਹਿ ਰਿਹਾਂ, ਤੁਸੀਂ ਖੁਦ ਜਾ ਕੇ ਅਜ਼ਮਾ ਸਕਦੇ ਹੋ।"

"ਜੇ ਤੇਰੀ ਖਬਰ ਗਲਤ ਨਿਕਲੀ, ਤਾਂ ਤੇਰਾ ਸਿਰ ਵੱਢ ਕੇ ਉਸੇ ਖੋਪੜੀ ਕੋਲ ਸੁੱਟ ਦਿਤਾ ਜਾਵੇਗਾ।"

"ਜੀ ਮੈਨੂੰ ਮਨਜ਼ੂਰ ਹੈ।" ਸ਼ਿਕਾਰੀ ਨੇ ਜਵਾਬ ਦਿਤਾ।

ਰਾਜੇ ਨੇ ਆਪਣੇ ਸਿਪਾਹੀ ਉਸ ਨਾਲ ਭੇਜ ਦਿਤੇ। ਸ਼ਿਕਾਰੀ ਉਨ੍ਹਾਂ ਨੂੰ ਉਸ ਖੋਪੜੀ ਪਾਸ ਲੈ ਗਿਆ, ਤੇ ਖੋਪੜੀ ਨੂੰ ਕਿਹਾ, "ਤੂੰ ਇਥੇ ਕਿਵੇਂ ਆ ਗਈ?"

ਖੋਪੜੀ ਚੁੱਪ ਰਹੀ। ਸ਼ਿਕਾਰੀ ਨੇ ਬਹੁਤ ਸਵਾਲ ਕੀਤੇ, ਬਹੁਤ ਮਿੰਨਤਾਂ ਵੀ ਕੀਤੀਆਂ, ਪਰ ਖੋਪੜੀ ਨੇ ਕੋਈ ਜਵਾਬ ਨਾ ਦਿਤਾ। ਸਵੇਰ ਤੋਂ ਸ਼ਾਮ ਪੈ ਗਈ। ਸਿਪਾਹੀਆਂ ਦੇ ਵਾਪਸ ਮੁੜਨ ਦਾ ਸਮਾਂ ਹੋ ਗਿਆ। ਸਿਪਾਹੀਆਂ ਨੇ ਉਸ ਸ਼ਿਕਾਰੀ ਦਾ ਸਿਰ ਵੱਢ ਕੇ ਉਸੇ ਖੋਪੜੀ ਪਾਸ ਸੁੱਟ ਦਿਤਾ ਤੇ ਬਾਕੀ ਹਿੱਸਾ ਰਾਜੇ ਪਾਸ ਸਬੂਤ ਵਜੋਂ ਲੈ ਗਏ।

ਸਮਾਂ ਲੰਘਿਆ। ਉਹਦੇ ਸਿਰ ਦਾ ਮਾਸ ਸੜ ਸੁੱਕ ਗਿਆ ਤੇ ਕੇਵਲ ਖੋਪੜੀ ਹੀ ਰਹਿ ਗਈ। ਹੁਣ ਦੋਨੋਂ ਖੋਪੜੀਆਂ ਨਾਲ ਨਾਲ ਪਈਆਂ ਸਨ।

ਇਕ ਦਿਨ ਇਕ ਹੋਰ ਸ਼ਿਕਾਰੀ ਉਸ ਰਸਤੇ ਲੰਘਿਆ। ਦੋ ਖੋਪੜੀਆਂ ਨੂੰ ਨਾਲ ਨਾਲ ਪਿਆਂ ਦੇਖ ਕੇ ਉਹਦੇ ਮੂੰਹੋਂ ਨਿਕਲਿਆ, "ਤੁਸੀਂ ਇਥੇ ਰਾਹ ਵਿਚ ਕਿਉਂ ਪਈਆਂ ਹੋ?"

"ਆਪਣੀ ਜ਼ੁਬਾਨ ਦਾ ਕੰਟਰੋਲ ਗੁਆਉਣ ਕਰਕੇ।" ਪਹਿਲੀ ਖੋਪੜੀ ਨੇ ਜਵਾਬ ਦਿਤਾ।

"ਜਦ ਤਕ ਤੈਥੋਂ ਕੋਈ ਪੁੱਛੇ ਨਾ, ਤਦ ਤਕ ਇਸ ਘਟਨਾ ਬਾਰੇ ਕਿਸੇ ਨੂੰ ਨਾ ਦੱਸੀਂ।" ਸ਼ਿਕਾਰੀ ਦੀ ਖੋਪੜੀ ਨੇ ਨਸੀਹਤ ਦਿਤੀ।

"ਪਰ ਇਹ ਸਵਾਲ ਮੈਨੂੰ ਕੋਈ ਪੁੱਛੇਗਾ ਹੀ ਕਿਉਂ?" ਸ਼ਿਕਾਰੀ ਨੇ ਮੁਸਕਰਾਉਂਦਿਆਂ ਜਵਾਬ ਦਿਤਾ।

*-ਜੇ. ਬੀ. ਸਿੰਘ, ਕੈਂਟ, ਵਾਸ਼ਿੰਗਟਨ*
*ਫੋਨ: 253-508-9805*

# ਅੱਜ ਦਾ ਸਿੱਖ

ਦਸ਼ਮੇਸ਼ ਪਿਤਾ ਜੀ ਬਾਜਾਂ ਵਾਲੇ ਸਤਿਗੁਰ
ਲੋਕ ਕਹਿੰਦੇ ਤੇਰਾ ਮੈਂ ਸਿੰਘ ਹਾਂ ਸਰਦਾਰ ਹਾਂ।
ਮੈਂ ਰੱਜ ਕੇ ਹਾਂ ਕਪਟੀ ਤੇ ਰੱਜ ਕੇ ਫਰੇਬੀ
ਤੈਨੂੰ ਧੋਖਾ ਦੇਣ ਵਿਚ ਮੈਂ ਬੜਾ ਹੁਸ਼ਿਆਰ ਹਾਂ।

ਕਦੀ ਮੈਂ ਅਨੰਦਪੁਰ ਵਿਚ ਲਿਖਦਾਂ ਬੇਦਾਵਾ
ਤੇ ਕਦੀ ਮੈਂ ਖਲੋਂਦਾ ਵਿਚ ਪਹਿਲੀ ਕਤਾਰ ਹਾਂ।
ਜਿਉਂ ਛੱਪੜੀ ਦੇ ਕੰਢੇ ਬਗਲਾ ਧਿਆਨ ਲਾਉਂਦਾ
ਮੈਂ ਓਸੇ ਤਰ੍ਹਾਂ ਇਸ ਕਲਾ ਵਿਚ ਮਾਹਰ ਹਾਂ।

ਇਕ ਬਾਬੇ ਦੇ ਡੇਰੇ ਤੋਂ ਅੰਮ੍ਰਿਤ ਵੀ ਛਕਿਐ
ਤੇ ਹਰ ਵੇਲੇ ਪਾਉਂਦਾ ਮੈਂ ਪੰਜੇ ਕੱਕਾਰ ਹਾਂ।
ਮੂੰਹ ਵਿਚੋਂ ਮਿੱਠੜੇ ਮੈਂ ਬੋਲਦਾ ਸ਼ਬਦ ਹਾਂ
ਅੱਖੀਆਂ 'ਚ ਬਲਦੇ ਮੈਂ ਰੱਖਦਾ ਅੰਗਿਆਰ ਹਾਂ।

ਸਦਾ ਮੁਣ ਮੁਣ ਕਰਦਾ ਮੈਂ ਮੀਣਾ ਮਸੰਦ ਹਾਂ
ਸੰਗਤ ਸਮਝੇ ਗੁਰੂ ਤੋਂ ਮੈਂ ਜਾਂਦਾ ਬਲਿਹਾਰ ਹਾਂ।
ਗੋਲਕ 'ਚੋਂ ਨਿਤ ਹੀ ਮੈਂ ਮਾਇਆ ਹਾਂ ਕੱਢਦਾ
ਬੁਰੇ ਕੰਮ ਕਰਨ ਲਈ ਡਾਢਾ ਅਵਾਜਾਰ ਹਾਂ।

ਮੈਂ ਚਿੱਟਾ ਤੇ ਚਰਸਾਂ, ਸ਼ਰਾਬਾਂ ਵੀ ਵੰਡ ਕੇ
ਗਰੀਬਾਂ 'ਤੇ ਕਰਦਾ ਨਵੇਂ ਅੱਤਿਆਚਾਰ ਹਾਂ।
ਮੈਂ ਵੱਡਿਆਂ ਵੱਡਿਆਂ ਨੂੰ ਵੀ ਖੂੰਜੇ ਲਾਇਆ
ਪਰ ਚੌਧਰ ਲਈ ਭਗਵੇ ਦਾ ਮੈਂ ਪਾਣੀਹਾਰ ਹਾਂ।

ਮੇਰੇ ਰਾਜ ਵਿਚ ਗੁੰਡਾ ਗਰਦੀ ਹੈ ਹਰ ਥਾਂ
ਜੋ ਸਿਖਰਾਂ 'ਤੇ ਹੋ ਰਿਹੈ ਮੈਂ ਉਹ ਭ੍ਰਿਸ਼ਟਾਚਾਰ ਹਾਂ।
ਮੈਂ ਤੈਥੋਂ ਨਹੀਂ ਡਰਦਾ ਤੇ ਕੌਮ ਤੋਂ ਕੀਹ ਡਰਨੈਂ
ਮੈਂ ਖੀਸੇ ਵਿਚ ਪਾ ਕੇ ਰੱਖਦਾ ਜਥੇਦਾਰ ਹਾਂ।

ਮੈਂ ਦੁਨੀਆਂ ਦੇ ਮਾੜੇ ਕੰਮ ਸਾਰੇ ਹੀ ਕਰਦਾ
ਮੈਂ ਝੂਠ ਨਹੀਂ ਬੋਲਦਾ ਤੇ ਕਰਦਾ ਸਵੀਕਾਰ ਹਾਂ।
ਮੈਂ ਚੰਦੂ ਤੇ ਗੰਗੂ ਨੂੰ ਪਿਛੇ ਛੱਡ ਦਿੱਤਾ ਏ
ਮੈਂ ਇਕੱਲਾ ਹੀ ਦੋਹਾਂ ਤੋਂ ਵੱਡਾ ਗੱਦਾਰ ਹਾਂ।

ਮੈਂ ਭਾਵੇਂ ਕਿਸੇ ਵੀ ਮੁਲਕ ਵਿਚ ਹਾਂ ਰਹਿੰਦਾ
ਤੇਰੇ ਘਰ ਦੀ ਚੌਧਰ ਦਾ ਮੈਂ ਦਾਅਵੇਦਾਰ ਹਾਂ।
ਮੈਂ ਸੇਵਾ ਨਿਮਰਤਾ ਹਲੀਮੀ ਨਹੀਂ ਲੈਣੀ
ਮੈਂ ਅੰਦਰੋਂ ਸ਼ੈਤਾਨ ਹਾਂ ਤੇ ਡਾਢਾ ਮੱਕਾਰ ਹਾਂ।

ਤੇਰੇ ਅੱਗੇ ਡਿੱਗ ਕੇ ਡੰਡਉਤ ਵੀ ਹਾਂ ਕਰਦਾ
ਲੋਕਾਂ ਸਾਹਵੇਂ ਤੇਰਾ ਮੈਂ ਕਰਦਾ ਸਤਿਕਾਰ ਹਾਂ।
ਜੋ ਕੰਮ ਸੀ ਤੂੰ ਵਰਜੇ ਮੈਂ ਸਾਰੇ ਹਾਂ ਕਰਦਾ
ਪਰ ਗੁਰਦੁਆਰੇ ਜਾਂਦਾ ਮੈਂ ਹਰ ਐਤਵਾਰ ਹਾਂ।

ਗੁਰੂ ਘਰ ਵਿਚ ਚੌਧਰ ਦਾ ਗੜ੍ਹਕਾ ਹੈ ਮੇਰਾ
ਤੇ ਹਰ ਵੇਲੇ ਲੜਨ ਨੂੰ ਮੈਂ ਰਹਿੰਦਾ ਤਿਆਰ ਹਾਂ।
ਜਦੋਂ ਵੀ ਦੋ ਧੜਿਆਂ 'ਚ ਹੁੰਦੀ ਲੜਾਈ
ਸਭ ਤੋਂ ਪਹਿਲਾਂ ਕਿਸੇ ਦੀ ਮੈਂ ਲਾਹੁੰਦਾ ਦਸਤਾਰ ਹਾਂ।

ਹੈ ਦੁਨੀਆਂ ਸਮਝਦੀ ਮੈਂ ਧਰਮੀ ਬਹੁਤ ਹਾਂ
ਮੈਂ ਧਰਮੀ ਨਹੀਂ ਧਰਮ ਦਾ ਠੇਕੇਦਾਰ ਹਾਂ।
ਮੈਂ ਕਿਉਂ ਡਰਾਂ ਮੈਨੂੰ ਡਰ ਨਹੀਂ ਕਿਸੇ ਦਾ
ਮੈਂ ਹਉਮੈ ਦੇ ਘੋੜੇ 'ਤੇ ਰਹਿੰਦਾ ਅਸਵਾਰ ਹਾਂ।

ਲੋਕਾਂ ਨੂੰ ਕੀ ਪਤੈ ਪਰ ਤੂੰ ਤਾਂ ਹੈਂ ਜਾਣਦਾ
ਮੈਂ ਰੱਜ ਕੇ ਹਾਂ ਪਾਪੀ ਵੱਡਾ ਗੁਨਹਗਾਰ ਹਾਂ।

'ਸੁਰਜੀਤ' ਭਾਵੇਂ ਨਿਤ ਪਈ ਰੌਲਾ ਹੈ ਪਾਉਂਦੀ
ਪਰ ਮੈਂ ਕਿਉਂ ਮੁੜਾਂ ਮੈਂ ਕੋਈ ਤੇਰਾ ਤਲਬਗਾਰ ਹਾਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਪੱਤਰਕਾਰੀ ਦੇ ਇਹ ਦਿਨ ਵੀ ਸਨ

# ਜਦੋਂ ਮੇਰੇ ਘਰਦਿਆਂ ਨੂੰ ਲੱਗਾ, ਮੈਂ ਹੜ੍ਹ 'ਚ ਰੁੜ੍ਹ ਗਿਆ ਹਾਂ!


ਅੰਦਰ-ਖਾਤੇ



ਐਸ. ਅਸ਼ੋਕ ਭੌਰਾ

ਜਿਹੜੇ ਲੋਕ ਜ਼ਿੰਦਗੀ ਨੂੰ ਲਿਫਟ ਸਮਝ ਰਹੇ ਨੇ, ਉਹ ਭੁਲੇਖੇ 'ਚ ਨੇ। ਸੱਚ ਇਹ ਹੈ ਕਿ ਜ਼ਿੰਦਗੀ ਅਣਗਿਣਤ ਪੌੜੀਆਂ ਦੀ ਮੰਜ਼ਿਲ ਹੈ, ਜਿਹਦੇ 'ਤੇ ਚੜ੍ਹਦਿਆਂ ਹਰ ਕੋਈ ਆਪਣੇ ਆਪ ਨੂੰ ਮਹਿਸੂਸ ਕਰਦਾ ਹੀ ਰਿਹਾ ਹੈ। ਯੁੱਗ ਮੁਕੰਮਲ ਤੌਰ 'ਤੇ ਇੰਟਰਨੈਟ ਦਾ ਹੈ। ਜੋ ਇਸ ਯੁੱਗ 'ਚ ਪੱਤਰਕਾਰੀ ਕਰ ਰਹੇ ਹਨ, ਜਿਨ੍ਹਾਂ ਨੇ ਇਸ ਯੁੱਗ 'ਚ ਪੱਤਰਕਾਰੀ ਕੀਤੀ ਤੇ ਸਿੱਖੀ ਹੈ, ਉਨ੍ਹਾਂ ਲਈ ਸ਼ਾਇਦ ਇਹ ਗੱਲਾਂ ਬੇਹੱਦ ਹਾਸੋਹੀਣੀਆਂ ਹੋਣ ਕਿਉਂਕਿ ਇਹ ਯੁੱਗ ਇਸ ਗੱਲ ਨੂੰ ਸਵੀਕਾਰ ਨਹੀਂ ਕਰਦਾ ਕਿ ਹੁੰਦਾ ਕਦੇ ਏਦਾਂ ਵੀ ਰਿਹਾ ਹੋਵੇਗਾ! ਜਦੋਂ ਬੱਦਲ ਭਾਰੇ ਹੋਣ ਤਾਂ ਸਭ ਨੂੰ ਪਤਾ ਹੁੰਦਾ ਹੈ ਕਿ ਇਨ੍ਹਾਂ ਦਾ ਰੰਗ ਕਾਲਾ ਹੋਵੇਗਾ ਤੇ ਰੱਜ ਕੇ ਵਰ੍ਹਨਗੇ। ਪੱਤਰਕਾਰੀ ਇਸ ਵੇਲੇ ਵਿਗਿਆਨ ਨੇ ਭਾਰੀ ਨਹੀਂ, ਹਲਕੀ ਕਰ ਦਿੱਤੀ ਹੈ।

ਗੱਲ ਅੱਸੀਵਿਆਂ ਦੀ ਹੈ। ਰੋਜ਼ਾਨਾ ਅਖਬਾਰਾਂ ਲਈ ਮੇਰੇ ਲਿਖਣ ਦਾ ਸਫਰ ਸ਼ੁਰੂ ਹੋ ਚੁਕਾ ਸੀ। ਅਚਾਨਕ ਜਦੋਂ 1984 ਵਿਚ ਡਾ. ਸਾਧੂ ਸਿੰਘ ਹਮਦਰਦ ਦੇ ਅਕਾਲ ਚਲਾਣੇ ਤੋਂ ਬਾਅਦ ਭਾਜੀ ਬਰਜਿੰਦਰ ਸਿੰਘ ਨੇ 'ਅਜੀਤ' ਅਖਬਾਰ ਦਾ ਕਾਰਜ ਭਾਰ ਸੰਭਾਲਿਆ ਤਾਂ ਉਨ੍ਹਾਂ ਮੈਨੂੰ ਇਕ ਖਤ ਲਿਖਿਆ ਕਿ ਕਿਸੇ ਕੰਮ ਵਾਲੇ ਦਿਨ ਬਾਅਦ ਦੁਪਹਿਰ ਮੈਨੂੰ ਜਲੰਧਰ ਦਫਤਰ ਆ ਕੇ ਮਿਲਣਾ। ਚਿੱਠੀ ਮਿਲਦੇ ਸਾਰ ਹੀ ਮੈਂ ਦੂਜੇ ਦਿਨ ਚਲਾ ਗਿਆ ਤੇ ਬੰਗਾ ਸ਼ਹਿਰ ਤੋਂ ਮੈਨੂੰ 'ਅਜੀਤ' ਲਈ ਪੱਤਰ ਪ੍ਰੇਰਕ ਨਿਯੁਕਤ ਕਰ ਦਿੱਤਾ ਗਿਆ। ਇਹ ਉਹ ਹੀ ਦਿਨ ਸਨ, ਜਦੋਂ ਪੱਤਰਕਾਰੀ ਦੀ ਕਦਰ, ਆਓ ਭਗਤ ਤੇ ਸਤਿਕਾਰ ਗਲ ਗਲ ਤੀਕ ਸੀ। ਖਬਰਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਬਹੁਤੀਆਂ ਖਬਰਾਂ ਡਾਕ ਰਾਹੀਂ ਭੇਜੀਆਂ ਜਾਂਦੀਆਂ ਸਨ। ਫਿਰ ਆਮ ਵਾਂਗ ਮੈਂ ਵੀ ਰੋਡਵੇਜ਼ ਦੇ ਇਕ ਕੰਡਕਟਰ ਤੇ ਡਰਾਈਵਰ ਨਾਲ ਸੰਪਰਕ ਕਰ ਲਿਆ। ਲਿਫਾਫਾ ਹੱਥ ਫੜਾਉਣਾ ਤੇ ਉਹ ਲਿਫਾਫਾ ਜਲੰਧਰ ਦੇ ਬੱਸ ਅੱਡੇ 'ਤੇ 'ਅਜੀਤ' ਅਖਬਾਰ ਦੇ ਲੈਟਰ ਬਾਕਸ ਵਿਚ ਪਾ ਦਿੰਦੇ। ਉਦੋਂ ਹੋਰਨਾਂ ਅਖਬਾਰਾਂ ਦੇ ਵੀ ਲੈਟਰ ਬਾਕਸ ਉਥੇ ਲੱਗੇ ਹੁੰਦੇ ਸਨ, ਜਿਨ੍ਹਾਂ 'ਚੋਂ ਅਖਬਾਰ ਦੇ ਦਫਤਰ ਦਾ ਕੋਈ ਕਰਮਚਾਰੀ ਦੋ ਤਿੰਨ ਵਾਰ ਡਾਕ ਕੱਢ ਕੇ ਲੈ ਜਾਂਦਾ। ਜ਼ਰੂਰੀ ਖਬਰਾਂ ਜਾਂ ਤਾਂ ਟੈਲੀਗ੍ਰਾਫ ਜ਼ਰੀਏ ਭੇਜੀਆਂ ਜਾਂਦੀਆਂ ਜਾਂ ਨਿੱਜੀ ਤੌਰ 'ਤੇ ਦਫਤਰ ਜਾ ਕੇ। ਉਦੋਂ ਈਮੇਲ ਜਿਹੇ ਸੰਚਾਰ ਸਾਧਨਾਂ ਬਾਰੇ ਕਿਸੇ ਨੇ ਸੁਪਨੇ 'ਚ ਵੀ ਨਹੀਂ ਸੀ ਸੋਚਿਆ। ਇਹ ਵੀ ਜ਼ਿਕਰਯੋਗ ਹੈ ਕਿ ਅਖਬਾਰ ਕੁਝ ਗਿਣਵੇਂ ਚੁਣਵੇਂ ਪੱਤਰ ਪ੍ਰੇਰਕਾਂ ਨੂੰ ਹੀ ਟੈਲੀਗ੍ਰਾਫ ਅਥਾਰਿਟੀ ਦਿੰਦਾ ਸੀ। ਜਿਹਦੇ ਕੋਲ ਇਹ ਸਹੂਲਤ ਹੁੰਦੀ, ਉਹ ਆਪਣੇ ਆਪ ਨੂੰ ਮੁਕੰਮਲ ਪੱਤਰਕਾਰ ਸਮਝਣ ਲੱਗ ਪੈਂਦਾ।



Telephones : 75961-62-63
Telex No. : 385-265 AJIT IN
Grams : 'AJIT' Jalandhar

Members : A. B. C. & I. E. N. S.

ਰੋਜ਼ਾਨਾ ਅਜੀਤ ਜਲੰਧਰ

THE DAILY ਪੰਜਾਬੀ Ajit PUNJABI

Nehru Garden Road, JALANDHAR-144001.

ਪੱਤਰ ਨੰ:-6485/88 9.3.88

ਐਸ. ਅਸ਼ੋਕ ਭੌਰਾ
ਪਿੰਡ ਤੇ ਡਾਕਖਾਨਾ ਭੌਰਾ
(ਜਲੰਧਰ)

ਸ੍ਰੀ ਮਾਨ ਜੀ,

ਆਪ ਜੀ ਨੂੰ ਪਹਿਲੀ ਮਾਰਚ-1988 ਤੋਂ 'ਅਜੀਤ' ਲਈ

*ਪੱਤਰ ਪ੍ਰੇਰਕ ਵਾਲਾ 'ਅਜੀਤ' ਦਾ ਉਹ ਅਧਿਕਾਰ ਪੱਤਰ ਜਿਹਦੇ ਨਾਲ ਮੈਂ ਪਹਿਲਾਂ ਬੰਗਿਆਂ ਤੋਂ ਫਿਰ ਗੜ੍ਹਸ਼ੰਕਰ ਤੋਂ ਵੀ ਪੱਤਰ ਪ੍ਰੇਰਕ ਸੀ*

ਟੈਲੀਗ੍ਰਾਫ ਅਥਾਰਿਟੀ ਕੀ ਸੀ? ਇਹ ਭਾਰਤ ਦਾ ਡਾਕ ਤੇ ਤਾਰ ਸੰਚਾਰ ਵਿਭਾਗ। ਇਕ ਅਥਾਰਿਟੀ ਜਾਰੀ ਕਰਦਾ ਸੀ ਕਿ ਤੁਸੀਂ ਨੇੜੇ ਦੇ ਡਾਕਖਾਨੇ ਵਿਚ ਜਾ ਕੇ ਅਖਬਾਰ ਨੂੰ ਟੈਲੀਗ੍ਰਾਮ ਰਾਹੀਂ ਜ਼ਰੂਰੀ ਖਬਰ ਭੇਜ ਸਕਦੇ ਹੋ। ਉਦੋਂ ਇਹ ਅਥਾਰਿਟੀ ਡਾਕ ਤੇ ਤਾਰ ਸੰਚਾਰ ਵਿਭਾਗ ਦੇ ਉਤਰੀ ਜ਼ੋਨ ਦੇ ਦਫਤਰ ਅੰਬਾਲਾ ਤੋਂ ਜਾਰੀ ਕੀਤੀ ਜਾਂਦੀ ਸੀ। ਇੰਨਾ ਚਾਅ ਸੀ ਕਿ ਮੈਂ ਇਸ ਅਥਾਰਿਟੀ ਲੈਟਰ ਨੂੰ ਫਰੇਮ ਵਿਚ ਜੜਾ ਕੇ ਰੱਖਿਆ। ਇਸ ਦੀ ਮਹਾਨਤਾ ਪੰਜਾਬ ਸਰਕਾਰ ਵਲੋਂ ਜਾਰੀ ਪੱਤਰਕਾਰਾਂ ਦੀ ਮਾਨਤਾ ਤੋਂ ਵੀ ਵੱਡੀ ਸਮਝੀ ਜਾਂਦੀ ਸੀ। ਮੈਂ ਇਸ ਦੀ ਵਰਤੋਂ ਉਨ੍ਹਾਂ ਦਿਨਾਂ ਵਿਚ ਪੰਜਾਬ ਦੇ ਹਾਲਾਤ ਨਾਲ ਸਬੰਧਿਤ ਵਾਰਦਾਤਾਂ ਲਈ ਵੀ ਕਰਦਾ ਸਾਂ।

ਜਦੋਂ ਸਤੰਬਰ 1988 ਵਿਚ ਪੰਜਾਬ 'ਚ ਹੜ੍ਹ ਆਏ ਤਾਂ ਹੋਇਆ ਇਹ ਕਿ ਸਾਡੇ ਪਿੰਡ ਭੌਰਾ 'ਚ ਛੱਪੜ 'ਚ ਤੈਰਦੀ ਹੋਈ ਇਕ ਲਾਸ਼ ਮਿਲੀ। ਮੇਰੇ ਕੋਲ ਕੈਮਰੇ ਦੀ ਸਹੂਲਤ ਨਹੀਂ ਸੀ ਤੇ ਇਹ ਮੁਫਤ ਵਰਗੀਆਂ ਸੇਵਾਵਾਂ ਮੈਨੂੰ ਬੰਗਾ ਸ਼ਹਿਰ ਤੋਂ ਦਲੀਪ ਸਟੂਡੀਓ ਪ੍ਰਦਾਨ ਕਰਦਾ ਰਿਹਾ। ਉਸ ਨੂੰ ਸਿਰਫ ਏਨਾ ਹੀ ਚਾਅ ਹੁੰਦਾ ਸੀ ਕਿ ਦਲੀਪ ਸਟੂਡੀਓ ਦਾ ਨਾਂ ਖਬਰ ਨਾਲ ਛਪੇਗਾ ਅਤੇ ਕਾਰੋਬਾਰ 'ਚ ਵਾਧਾ ਹੋਵੇਗਾ। ਪਹਿਲਾਂ ਮੈਂ ਸਾਈਕਲ 'ਤੇ ਬੰਗਾ ਪਹੁੰਚਿਆ, ਰਸਤੇ 'ਚ ਦੋ ਤਿੰਨ ਵਾਰ ਸਾਈਕਲ ਮੋਢਿਆਂ 'ਤੇ ਚੁੱਕਿਆ, ਪੈਂਟ ਪਜਾਮਾ ਚੁੱਕਣ ਦੀ ਲੋੜ ਈ ਨਹੀਂ ਸੀ ਕਿਉਂਕਿ ਪਾਣੀ ਹੀ ਲੱਕ ਤੋਂ ਉਤੇ ਉਤੇ ਸੀ। ਦਲੀਪ ਨੇ ਮੈਨੂੰ ਨਾਂਹ ਵੀ ਕੀਤੀ ਕਿ ਮੇਰੇ ਲਈ ਇਹ ਔਖਾ ਹੈ, ਕਿਉਂਕਿ ਉਸ ਦੀ ਸੱਜੀ ਲੱਤ ਵੀ ਛੋਟੀ ਸੀ, ਉਹ ਲੰਗੜਾ ਕੇ ਤੁਰਦਾ ਸੀ, ਇਸੇ ਕਰਕੇ ਉਹਦੇ ਕੋਲ ਸਾਈਕਲ ਵੀ ਲੇਡੀ ਹੁੰਦਾ ਸੀ।

ਖੈਰ! ਮੇਰੇ ਜ਼ੋਰ ਪਾਉਣ 'ਤੇ ਉਹ ਮੇਰੇ ਨਾਲ ਕੈਮਰਾ ਚੁੱਕ ਕੇ ਪਿੰਡ ਭੌਰੇ ਨੂੰ ਚੱਲ ਪਿਆ। ਕਿਸੇ ਤਰ੍ਹਾਂ ਪਿੰਡ ਪਹੁੰਚੇ, ਦਲੀਪ ਕੁਮਾਰ ਨੇ ਦੋ ਤਸਵੀਰਾਂ ਖਿੱਚੀਆਂ, ਮੈਂ ਖਬਰ ਬਣਾਈ ਅਤੇ ਹੱਥ ਦਸਤੀ ਲੈ ਕੇ ਦੋਵੇਂ ਲੱਕ ਲੱਕ ਚੜ੍ਹੇ ਪਾਣੀ 'ਚੋਂ ਹੁੰਦੇ ਹੋਏ ਫਿਰ ਬੰਗਾ ਪਹੁੰਚੇ। ਦਲੀਪ ਨੇ ਦੋ ਫੋਟੋਆਂ ਧੋ ਕੇ, ਸੁਕਾ ਕੇ ਮੈਨੂੰ ਦੇ ਦਿੱਤੀਆਂ। ਭਾਵੇਂ ਮੇਰੇ ਕੋਲ ਟੈਲੀਗ੍ਰਾਮ ਅਥਾਰਿਟੀ ਤਾਂ ਸੀ, ਪਰ ਸੰਚਾਰ ਸਾਧਨ ਸਾਰੇ ਹੜ੍ਹ ਕਾਰਨ ਬੰਦ ਹੋ ਚੁਕੇ ਸਨ ਤੇ ਉਂਜ ਵੀ ਫੋਟੋ ਟੈਲੀਗ੍ਰਾਮ ਜ਼ਰੀਏ ਨਹੀਂ ਸੀ ਭੇਜੀ ਜਾ ਸਕਦੀ। ਸੋ, ਜਲੰਧਰ ਜਾਣ ਦਾ ਮਨ ਬਣਾਇਆ। ਬੱਸ ਫੜ ਕੇ ਜਲੰਧਰ, ਤੇ ਗੋਡੇ ਗੋਡੇ ਪਾਣੀ 'ਚ ਰਿਕਸ਼ੇ 'ਚ ਬੈਠ ਕੇ ਇਹ ਖਬਰ ਲੈ ਕੇ 'ਅਜੀਤ' ਅਖਬਾਰ ਦੇ ਦਫਤਰ ਪਹੁੰਚ ਗਿਆ। ਉਦੋਂ ਅਜਿਹੀਆਂ ਖਬਰਾਂ ਅੱਜ ਦੀਆਂ ਰਾਜਨੀਤਕ ਘਟਨਾਵਾਂ ਤੋਂ ਵੀ ਅਹਿਮ ਸਮਝੀਆਂ ਜਾਂਦੀਆਂ ਸਨ।

ਮਨ 'ਚ ਉਤਸੁਕਤਾ ਸੀ ਕਿ ਇਹ ਖਬਰ ਅਗਲੇ ਦਿਨ ਕਿੱਦਾਂ ਛਪੇਗੀ, ਕਿੱਦਾਂ ਦੀ ਲੱਗੇਗੀ, ਮੇਰਾ ਨਾਂ ਛਪੇਗਾ ਤੇ ਲੋਕਾਂ 'ਚ ਚਰਚਾ ਹੋਵੇਗੀ। ਇਸੇ ਚਾਅ 'ਚ ਹੜ੍ਹਾਂ ਵੱਲ ਧਿਆਨ ਹੀ ਨਹੀਂ ਜਾ ਰਿਹਾ ਸੀ। ਦਫਤਰ ਤੋਂ ਪਤਾ ਲੱਗਾ ਕਿ ਭਾਖੜਾ ਡੈਮ ਦੇ ਫਲੱਡ ਗੇਟ ਹੋਰ ਖੋਲ੍ਹ ਦਿੱਤੇ ਗਏ ਹਨ। ਵਾਪਸੀ 'ਤੇ ਬਹੁਤ ਔਖਾ ਹੋ ਕੇ ਬੱਸ ਸਟੈਂਡ ਪਹੁੰਚਿਆ। ਪੰਜਾਬ ਰੋਡਵੇਜ਼, ਨਵਾਂਸ਼ਹਿਰ ਦੀ ਇਕ ਬੱਸ ਨਵਾਂਸ਼ਹਿਰ ਤੱਕ ਜਾਣ ਲਈ ਤਿਆਰ-ਬਰ-ਤਿਆਰ ਖੜ੍ਹੀ ਸੀ, ਪਰ ਕੰਡਕਟਰ ਟਿਕਟਾਂ ਨਹੀਂ ਸੀ ਕੱਟ ਰਿਹਾ। ਉਹ ਸਵਾਰੀਆਂ ਨੂੰ ਕਈ ਵਾਰ ਆਖਦਾ ਕਿ ਸ਼ਾਇਦ ਬੱਸ ਨਾ ਜਾਵੇ ਕਿਉਂਕਿ ਜਲੰਧਰ ਦਾ ਬੱਸ ਅੱਡਾ ਵੀ ਲਗਭਗ ਪਾਣੀ 'ਚ ਡੁੱਬਿਆ ਹੋਇਆ ਸੀ, ਪਰ ਕੰਡਕਟਰ ਦੇ ਰੋਕਣ ਦੇ ਬਾਵਜੂਦ ਡਰਾਈਵਰ ਨੇ ਬੱਸ ਤੋਰ ਲਈ। ਰਾਮਾ ਮੰਡੀ ਤੱਕ ਕਿਤੇ ਕਿਤੇ ਪਾਣੀ ਬੱਸ ਦੇ ਟਾਇਰਾਂ ਤੋਂ ਉਪਰ ਤੱਕ ਆਉਂਦਾ ਸੀ। ਅੰਦਰ ਪਾਣੀ ਪੈ ਰਿਹਾ ਸੀ ਤੇ ਵੀਹ ਕੁ ਸਵਾਰੀਆਂ, ਏਦਾਂ ਲੱਗਦਾ ਸੀ ਕਿ ਇਨ੍ਹਾਂ ਦੀ ਵੀ ਮੇਰੇ ਵਰਗੀ ਕੋਈ ਖਾਸ ਹੀ 'ਮਜਬੂਰੀ' ਹੋਵੇਗੀ, ਨਹੀਂ ਤਾਂ ਲੋਕੀਂ ਤਾਂ ਘਰਾਂ ਦੀਆਂ ਛੱਤਾਂ 'ਤੇ ਚੜ੍ਹੇ ਹੋਏ ਸਨ।

ਖੈਰ! ਜੂੰ ਦੀ ਚਾਲੇ ਜਦੋਂ ਚਹੇੜੂ ਵਾਲੇ ਪੁਲ 'ਤੇ ਬੱਸ ਪਹੁੰਚੀ ਤਾਂ ਵੱਡਾ ਜਾਮ ਸੀ। ਕਿਉਂਕਿ ਪਾਣੀ 'ਚ ਅੱਗੇ ਦੋ ਤਿੰਨ ਬੱਸਾਂ ਫਸਣ ਕਾਰਨ ਕੁਝ ਵੀ ਲੰਘ ਨਹੀਂ ਸੀ ਰਿਹਾ। ਤੇ ਸੱਜੇ ਪਾਸੇ ਖੇਤਾਂ 'ਚ ਕੁਝ ਲੋਕ ਦਰਖਤਾਂ 'ਤੇ ਚੜ੍ਹੇ ਹੋਏ ਸਨ, ਜੋ ਪਾਣੀ 'ਚ ਰੁੜ੍ਹਨ ਤੋਂ ਬਚਣ ਲਈ ਸ਼ਾਇਦ ਏਦਾਂ ਕਰ ਰਹੇ ਸਨ। ਫੌਜ ਦੀਆਂ ਗੱਡੀਆਂ ਏਹ ਸਾਰਾ ਕੁਝ ਵੇਖ ਰਹੀਆਂ ਸਨ, ਪ੍ਰਸ਼ਾਸਨ ਹਰਕਤ 'ਚ ਸੀ ਕਿ ਇਨ੍ਹਾਂ ਨੂੰ ਕਿਵੇਂ ਬਚਾਇਆ ਜਾਵੇ? ਮੈਨੂੰ ਕਈ ਵਾਰ ਲੱਗਦਾ ਹੈ ਕਿ ਇਸ ਖਬਰ ਨਾਲ ਮੈਂ ਕਿਹੜਾ ਮਹਾਂਭਾਰਤ ਜਿੱਤਣਾ ਚਾਹੁੰਦਾ ਸੀ, ਜਿਸ ਨੇ ਮੇਰੇ ਦੋਵੇਂ ਹੱਥ ਮੌਤ ਦੀ ਮੋਰੀ 'ਚ ਪਾ ਦਿੱਤੇ ਸਨ? ਮੈਨੂੰ ਲੱਗਣ ਲੱਗ ਪਿਆ ਸੀ ਕਿ ਸ਼ਾਇਦ ਇਹ ਖਬਰ ਮੈਂ ਸਵੇਰ ਨੂੰ ਛਪੀ ਹੋਈ ਵੇਖ ਨਹੀਂ ਸਕਾਂਗਾ। ਸੰਚਾਰ ਸਾਧਨ ਨਾ ਹੋਣ ਕਾਰਨ ਜਿੰਨੇ ਕੁ ਲੋਕ ਪੁਲ 'ਤੇ 'ਕੱਠੇ ਹੋਏ ਸਨ, ਉਹ ਚਰਚਾ ਕਰ ਰਹੇ ਸਨ ਕਿ ਅੱਗੇ ਦੋ ਬੱਸਾਂ ਰੁੜ ਗਈਆਂ ਨੇ, ਫਗਵਾੜੇ 'ਚ ਕਿਸੇ ਵੀ ਪਾਸੇ ਤੋਂ ਦਾਖਲ ਨਹੀਂ ਹੋਇਆ ਜਾ ਸਕਦਾ।

ਪਾਣੀ ਚੜ੍ਹਦਾ ਹੀ ਜਾ ਰਿਹਾ ਸੀ। ਏਦਾਂ ਲੱਗਦਾ ਸੀ ਕਿ ਅਸੀਂ ਵੀ ਸਾਰੇ ਰੁੜ੍ਹ ਜਾਵਾਂਗੇ। ਮਨ 'ਚ ਇਹ ਵੀ ਖਿਆਲ ਆ ਰਿਹਾ ਸੀ ਕਿ ਪੱਤਰਕਾਰੀ ਦਾ ਪੰਗਾ ਕਿਉਂ ਲੈ ਲਿਆ? ਮੈਂ ਤੇ ਇੰਜੀਨੀਅਰਿੰਗ ਕੀਤੀ ਹੋਈ ਸੀ। ਮਨ ਮੂਰਖ ਇਹ ਵੀ ਕਹਿਣ ਲੱਗਾ, ਜੇ ਖਬਰ ਰਾਤ ਨੂੰ ਛਪ ਵੀ ਜਾਵੇ ਤਾਂ ਅਖਬਾਰਾਂ ਕਿਹੜਾ ਹਵਾਈ ਜਹਾਜ ਨਾਲ ਵੰਡਣੀਆਂ ਸੀ, ਜੇ ਅਖਬਾਰ ਵਾਲੀ ਗੱਡੀ ਹੀ ਨਾ ਇਲਾਕੇ 'ਚ ਪਹੁੰਚੀ ਤਾਂ ਜਾਨ 'ਤੇ ਖੇਡ ਕੇ ਛਪਾਈ ਖਬਰ ਦਾ ਕੀ ਫਾਇਦਾ? ਮਨ ਏਨਾ ਉਦਾਸ ਤੇ ਚਿੰਤਾਤੁਰ ਹੋ ਰਿਹਾ ਸੀ, ਕਿਹੜੇ ਪੰਗੇ 'ਚ ਫਸ ਗਿਆਂ ਕਿ ਮੌਤ ਸਿਰ ਨੂੰ ਚੜ੍ਹ ਆਈ ਆ?

ਮੈਨੂੰ ਯਾਦ ਆ ਰਿਹਾ ਸੀ ਕਿ ਇਕ ਵਾਰ ਇਕ ਵਜ਼ੀਰ ਸਾਹੋ ਸਾਹੀ ਹੋਇਆ ਬਾਦਸ਼ਾਹ ਕੋਲ ਗਿਆ ਤੇ ਉਹਨੂੰ ਕਹਿੰਦਾ, "ਆਪਣਾ ਸਭ ਤੋਂ ਤੇਜ਼ ਵਤਨੀ ਘੋੜਾ ਮੈਨੂੰ ਦਿਓ।" ਬਾਦਸ਼ਾਹ ਨੇ ਪੁੱਛਿਆ, "ਗੱਲ ਕੀ ਹੈ, ਤੂੰ ਏਨਾ ਡਰਿਆ ਹੋਇਆ ਕਿਉਂ ਆਂ?" ਆਂਹਦਾ, "ਜੀ ਪੁੱਛੋ ਨਾ। ਰਸਤੇ 'ਚ ਜਮਦੂਤ ਖੜ੍ਹਾ ਸੀ, ਉਹ ਮੈਨੂੰ ਆਂਹਦਾ, ਅੱਜ ਤਾਂ ਮੈ ਤੈਨੂੰ ਮਿਲਣਾ ਸੀ, ਮੈਂ ਉਸ ਤੋਂ ਬਚਣ ਲਈ ਉਸ ਤੋਂ ਦੂਰ ਭੱਜਣਾ ਚਾਹੁੰਦਾ ਹਾਂ।" ਬਾਦਸ਼ਾਹ ਨੇ ਘੋੜਾ ਦੇ ਦਿੱਤਾ ਤੇ ਉਹ ਰਾਤੋ ਰਾਤ ਦੂਜੇ ਸ਼ਹਿਰ ਬਗਦਾਦ ਤੋਂ ਬਸਰਾ ਪਹੁੰਚ ਗਿਆ। ਸ਼ਾਮ ਨੂੰ ਬਾਦਸ਼ਾਹ ਉਸੇ ਰਸਤੇ ਨਿਕਲਿਆ। ਜਮਦੂਤ ਉਥੇ ਖੜ੍ਹਾ ਸੀ। ਬਾਦਸ਼ਾਹ ਨੇ ਉਸ ਨੂੰ ਪੁੱਛਿਆ, "ਤੂੰ ਮੇਰੇ ਵਜ਼ੀਰ ਨੂੰ ਕਿਉਂ ਡਰਾਇਆ?" ਜਮਦੂਤ ਕਹਿਣ ਲੱਗਾ, "ਮਹਾਰਾਜ ਮੈਂ ਤਾਂ ਉਸ ਨੂੰ ਸਿਰਫ ਏਨਾ ਕਿਹਾ ਸੀ ਕਿ ਤੂੰ ਬਗਦਾਦ 'ਚ ਤੁਰਿਆਂ ਫਿਰਦਾਂ ਮੈਂ ਤਾਂ ਤੈਨੂੰ ਬਸਰੇ ਮਿਲਣਾ ਸੀ।" ਬਾਦਸ਼ਾਹ ਨੇ ਮੱਥੇ 'ਤੇ ਹੱਥ ਮਾਰਿਆ ਕਿ ਗਿਆ ਮੇਰਾ ਵਜ਼ੀਰ। ਮੈਨੂੰ ਵੀ ਏਦਾਂ ਲੱਗਣ ਲੱਗ ਪਿਆ ਸੀ ਕਿ ਮੈਂ ਪਿੰਡ ਛੱਡ ਕੇ ਜਲੰਧਰ ਆ ਗਿਆ ਹਾਂ ਤੇ ਜਮਦੂਤ ਨੇ ਮੈਨੂੰ ਚਹੇੜੂ ਵਾਲੇ ਪੁਲ 'ਤੇ ਟੱਕਰਨਾ ਸੀ।

ਰੱਬ ਸਬੱਬੀਂ ਤਿੰਨ ਚਾਰ ਘੰਟੇ ਪਿਛੋਂ ਬੱਸਾਂ ਤੁਰ ਪਈਆਂ। ਅੱਧੇ ਘੰਟੇ ਦਾ ਸਫਰ ਦੋ ਘੰਟੇ 'ਚ ਮੁੱਕਿਆ। ਬੱਸ ਕਈ ਥਾਂ ਰੁੜ੍ਹਨ ਤੋਂ ਬਚੀ। ਜਦੋਂ ਬੰਗਾ ਬੱਸ ਅੱਡਾ 'ਤੇ ਉਤਰਿਆ ਤਾਂ ਏਦਾਂ ਲੱਗਦਾ ਸੀ ਜਿੱਦਾਂ ਕਿਸੇ ਸਮੁੰਦਰੀ ਟਾਪੂ 'ਤੇ ਉਤਰ ਆਇਆ ਹੋਵਾਂ। ਬੰਗਿਆਂ ਨੂੰ ਜਾਣ ਵਾਲਿਆਂ ਨੂੰ ਪਤਾ ਕਿ ਬੱਸ ਅੱਡੇ ਤੋਂ ਬਾਹਰ ਇਕ ਲੱਖਪੁਰੀ ਮਾਰਕੀਟ ਹੈ। ਉਹਦੇ 'ਚ ਇਕ ਕਮਰੇ ਤੋਂ ਇਕ ਆੜ੍ਹਤੀਆ ਪਿਆਜ ਦੀਆਂ ਬੋਰੀਆਂ ਚੁਕਾ ਰਿਹਾ ਸੀ। ਰਾਤ ਦੇ ਨੌਂ ਵਜੇ ਪਿੰਡ ਨੂੰ ਜਾਣ ਦਾ ਕੋਈ ਸਾਧਨ ਨਹੀਂ ਸੀ। ਅੱਧਾ ਕਿਲੋਮੀਟਰ ਤੱਕ ਦਲੀਪ ਦੇ ਘਰ ਵੀ ਪਹੁੰਚ ਨਹੀਂ ਸੀ ਸਕਦਾ। ਮੈਂ ਉਸ ਆੜ੍ਹਤੀਏ ਨੂੰ ਕਿਹਾ, ਭਰਾਵਾ ਮੇਰਾ ਕੋਈ ਹੀਲਾ ਕਰ। ਉਹ ਘਰ ਲੈਜਾਣ ਨੂੰ ਤਾਂ ਨਾ ਮੰਨਿਆ ਪਰ ਕਹਿੰਦਾ ਕਿ ਇਨ੍ਹਾਂ ਬੋਰੀਆਂ 'ਤੇ ਰਾਤ ਕੱਟ ਲੈ ਸਵੇਰ ਨੂੰ ਚਲਾ ਜਾਵੀਂ। ਢਿੱਡ ਭੁੱਖਾ, ਪਾਣੀ ਦੀ ਬੂੰਦ ਪੀਣ ਨੂੰ ਨਾ ਮਿਲੇ। ਪਰ ਮੈਂ ਸ਼ਟਰ ਸੁੱਟ ਕੇ ਅੰਦਰ ਬੈਠ ਗਿਆ। ਮਾੜੀ ਕਿਸਮਤ ਕਿ ਸ਼ਟਰ ਬੰਦ ਹੋਣ ਨਾਲ ਪਿਆਜ ਦਾ ਮੁਸ਼ਕ ਐਨਾ ਚੜ੍ਹਿਆ ਕਿ ਮੈਨੂੰ ਸਾਹ ਨਾ ਆਵੇ, ਜੇ ਸ਼ਟਰ ਚੁੱਕਾਂ ਤਾਂ ਠੰਡ ਬਹੁਤ ਲੱਗੇ। ਮੇਰੇ ਤੇ ਕਹਾਵਤ ਇੰਨ ਬਿੰਨ ਲਾਗੂ ਹੁੰਦੀ ਸੀ ਕਿ 'ਅੱਗੇ ਟੋਇਆ ਪਿੱਛੇ ਖਾਈ।' ਮੈਂ ਤੜਕੇ ਜਿਹੇ ਸ਼ਟਰ ਸੁੱਟ ਹੀ ਲਿਆ, ਮਨ 'ਚ ਇਹ ਧਾਰ ਕੇ ਕਿ ਹੜ੍ਹ ਦੇ ਪਾਣੀ ਤੋਂ ਤਾਂ ਬਚ ਗਿਆ ਸੀ, ਹੁਣ ਸਾਹ ਘੁੱਟਣ ਨਾਲ ਮਰਾਂਗਾਂ।

ਖੈਰ! ਰੱਬ ਬਹੁੜਿਆ, ਔਖੇ ਸੌਖੇ ਸਾਹ ਲੈਂਦਿਆਂ ਦਿਨ ਚੜ੍ਹ ਹੀ ਗਿਆ। ਸਵੇਰੇ ਗਿਣਵੇਂ ਚੁਣਵੇਂ ਬੰਦੇ ਮਿਲਣ ਲੱਗੇ। ਕੋਈ ਕਹੇ, ਪਈ ਮਾਹਲ ਗਹਿਲਾਂ ਕੋਲ ਚਿੱਟੀ ਬੇਈਂ 'ਤੇ ਏਨਾ ਪਾਣੀ ਐ, ਬਈ ਸੱਤ ਅੱਠ ਲਾਸ਼ਾਂ ਤਰਦੀਆਂ ਫਿਰਦੀਆਂ। ਕੋਈ ਕਹੇ, ਨੌਰੇ ਵੱਲ ਦੀ ਬਿਲਕੁਲ ਨਾ ਜਾਈਂ ਉਥੇ ਬੰਦਿਆਂ ਨਾਲੋਂ ਪਸੂ ਵੱਧ ਤਰਦੇ ਜਾਂਦੇ ਦਿਸਦੇ ਆ। ਮੈਨੂੰ ਪਤਾ ਸੀ ਕਿ ਮੇਰੇ ਘਰਦਿਆਂ ਦਾ ਸਾਹ ਸੁਕਿਆ ਹੋਵੇਗਾ, ਕਿਉਂਕਿ ਨਾ ਕੋਈ ਟੈਲੀਫੋਨ, ਨਾ ਕੋਈ ਹੋਰ ਸਾਧਨ, ਤੇ ਮਾਂ ਦਾ ਉਹ ਰੋਕਣ ਵਾਲਾ ਸਵਾਲ ਕਿ 'ਪੁੱਤ ਨਾ ਜਾ, ਹੜ੍ਹ ਆਇਆ ਹੋਇਆ, ਕਿਤੇ ਜਿਉਂਦਿਆਂ ਦੀਆਂ ਖਬਰਾਂ ਲਾ ਲਈਂ, ਮੋਇਆਂ ਦੀਆਂ ਰਹਿਣ ਦੇ।' ਪਰ ਬਿਪਤਾ 'ਚ ਜਦੋਂ ਬੰਦੇ ਨੇ ਆਪ ਹੀ ਪੈਰ ਫਸਾਏ ਹੋਣ ਤਾਂ ਕੱਢੇ ਕੌਣ? ਸੋਲਾਂ ਸਤਾਰਾਂ ਘੰਟਿਆਂ ਦਾ ਭੁੱਖਾ ਤੇ ਤ੍ਰਿਹਾਇਆ ਪੈਦਲ ਹੀ ਪਿੰਡ ਨੂੰ ਤੁਰ ਪਿਆ। ਤੁਰ ਇਸ ਕਰਕੇ ਪਿਆ ਕਿ ਸਾਡੇ ਪਿੰਡ ਦਾ ਜਿਗਰੇ ਵਾਲਾ ਬੰਦਾ ਮੈਨੂੰ ਟੱਕਰ ਪਿਆ ਸੀ, ਜੋ ਹਸਪਤਾਲ ਕਿਸੇ ਦੀ ਬਿਮਾਰ ਦੀ ਖਬਰ ਲੈਣ ਰਾਤ ਦਾ ਆਇਆ ਹੋਇਆ ਸੀ। ਚੌਵੀਂ ਘੰਟਿਆਂ ਬਾਅਦ ਜਦੋਂ ਘਰ ਪਹੁੰਚਿਆ ਤਾਂ ਮਾਂ ਦਾ ਰੋ ਰੋ ਬੁਰਾ ਹਾਲ ਸੀ, ਤੇ ਸਾਰੇ ਆਸ ਮੁਕਾ ਕੇ ਬੈਠੇ ਸਨ ਕਿ ਸਾਡਾ ਮੁੰਡਾ ਹੜ੍ਹ 'ਚ ਰੁੜ੍ਹ ਗਿਆ। ਦੋ ਚਾਰ ਬੰਦੇ ਮਾਂ ਨੂੰ ਦਿਲਬਰੀ ਦੇ ਰਹੇ ਸਨ ਕਿ ਇਹਨੂੰ ਕਹੋ ਬੰਦਿਆਂ ਵਾਲਾ ਕੰਮ ਕਰੇ, ਇਹ ਕਿਹੜੀਆਂ ਖਬਰਾਂ ਖੁਬਰਾਂ ਦੇ ਯੱਬ 'ਚ ਫਸਿਆ ਹੋਇਆ ਐ, ਇਹਦੀ ਕਿਤੇ ਆਪਣੀ ਖਬਰ ਈ ਨਾ ਬਣ'ਜੇ।





*ਅਜੀਤ ਦੇ ਪਹਿਲੇ ਪੰਨੇ 'ਤੇ ਛਪੀ ਉਹ ਖਬਰ, ਜਿਸ ਨੇ ਮੈਨੂੰ ਯੱਬ 'ਚ ਪਾਇਆ ਸੀ।*

ਕਮਾਲ ਇਹ ਸੀ ਕਿ ਸਾਡੇ ਪਿੰਡ ਇਕ ਡੇਰਾ ਆ, ਜਿੱਥੋਂ ਕੋਈ ਗੁਆਂਢੀ ਪਿੰਡ ਦਾ ਬੰਦਾ ਹੜ੍ਹ 'ਚ ਭੁੱਕੀ ਲੈਣ ਆਇਆ ਰੁੜ੍ਹ ਕੇ ਮਰ ਗਿਆ, ਪਰ ਮੈਂ ਮਰਦਾ ਮਰਦਾ ਬਚ ਗਿਆ।

ਕਿਸੇ ਤਰ੍ਹਾਂ ਅਖਬਾਰ ਮੰਗਵਾਈ ਤਾਂ ਵੇਖਿਆ ਕਿ ਖਬਰ 'ਅਜੀਤ' ਦੇ ਪਹਿਲੇ ਪੰਨੇ 'ਤੇ ਛਪ ਗਈ ਸੀ।

ਭਲਿਆਂ ਵੇਲਿਆਂ 'ਚ ਸਿਨਮਾ ਖਿੜਕੀ 'ਤੇ ਕਈ ਫਿਲਮਾਂ ਦੀਆਂ ਬਲੈਕ ਟਿਕਟਾਂ ਵਿਕਦੀਆਂ ਸਨ, ਦਲਾਲ ਘੁੰਮਦੇ ਹੁੰਦੇ ਸਨ ਤੇ ਕਈ ਬੰਦੇ ਪੂਰੇ ਰੇਟ ਵਾਲੀ ਲਾਈਨ 'ਚ ਲੱਗ ਕੇ ਟਿਕਟ ਤਾਂ ਲੈ ਲੈਂਦੇ ਸਨ, ਪਰ ਕੀਮਤੀ ਝੱਗਾ ਪੜਵਾ ਲੈਂਦੇ ਸਨ। ਮੈਨੂੰ ਲੱਗਦਾ ਸੀ ਕਿ ਮੈਂ ਪੈਂਟ ਤੇ ਝੱਗਾ-ਦੋਵੇਂ ਪੜਵਾ ਲਏ ਸਨ।

ਮੈਨੂੰ ਇਹ ਦੁਖਾਂਤ ਜਦੋਂ ਕਦੇ ਵੀ ਯਾਦ ਆਉਂਦਾ ਹੈ ਤਾਂ ਸੁੰਗੜ ਵੀ ਜਾਂਦਾ ਹਾਂ, ਨੱਕ ਵੀ ਬੰਦ ਕਰਦਾ ਹਾਂ, ਹੱਸ ਵੀ ਲੈਂਦਾ ਹਾਂ ਤੇ ਇਹ ਵੀ ਸੋਚਦਾ ਹਾਂ ਕਿ ਪੱਤਰਕਾਰੀ ਦੇ ਇਹ ਵੀ ਦਿਨ ਸਨ ਕਦੇ।

## ਸੰਪਾਦਕ ਦੀ ਡਾਕ

### 'ਰਹਣੁ ਕੀ ਥਾਓ'

11 ਮਈ ਦੇ 'ਪੰਜਾਬ ਟਾਈਮਜ਼' ਵਿਚ ਸੁਖਪਾਲ ਨੇ 'ਰਹਣੁ ਕੀ ਥਾਓ' ਵਿਚ ਸਾਧਾਰਨ ਗੱਲਬਾਤ ਰਾਹੀਂ ਮਨੁੱਖੀ ਜੀਵਨ ਦੀਆਂ ਸਹੀ ਕਦਰਾਂ ਕੀਮਤਾਂ ਦੀ ਬਹੁਤ ਹੀ ਸੁੰਦਰ ਰੂਪ ਰੇਖਾ ਉਲੀਕੀ ਹੈ। ਕਿੰਨੀ ਸੱਚੀ ਗੱਲ ਹੈ ਕਿ 'ਜ਼ਿੰਦਗੀ ਵਿਚ ਸਾਮਾਨ ਨਹੀਂ, ਸਮਰਥਾ ਪੈਦਾ ਕਰਨਾ' ਹੀ ਮਾਅਨੇ ਰਖਦਾ ਹੈ। 'ਗਲਤ ਫੈਸਲੇ ਹੁੰਦੇ ਨੇ, ਬੰਦਾ ਨਹੀਂ। ਜਿਉਣਾ ਜ਼ਿੰਦਗੀ ਨੂੰ ਹੁੰਦਾ ਏ, ਗਲਤੀਆਂ ਨੂੰ ਨਹੀਂ।' ਇਸ ਕਥਨ ਵਿਚ ਕਿੰਨੀ ਸਾਦਗੀ ਹੈ ਕਿ ਮੈਂ ਕੋਈ 'ਵਲੀ-ਔਲੀਆ ਨਹੀਂ ਕਿ ਡਰ ਨਾ ਲਗਦਾ' ਪਰ ਮਨੁੱਖਤਾ ਵਿਚ ਅਤੁਟ ਵਿਸ਼ਵਾਸ ਵੀ ਸੀ ਇਸੇ ਲਈ 'ਬੇ-ਉਮੀਦੀ ਸਾਹਵੇਂ ਉਮੀਦ ਨੂੰ ਚੁਣਿਆ।' 'ਭੈ-ਹੀਣ ਬੰਦਾ ਹੀ ਜ਼ਿੰਦਗੀ ਮਾਣ ਸਕਦਾ ਹੈ।' ਨਿਰਭੈਤਾ ਨੂੰ ਰੱਬੀ ਗੁਣ ਦਾ ਦਰਜਾ ਹਾਸਲ ਹੈ। ਇਹ ਲੇਖ ਪਰਿਵਾਰਕ ਖੁਸ਼ੀ ਲਈ ਬਜੁਰਗਾਂ ਦੀ ਸੋਚ ਅਤੇ ਭਾਵਨਾਵਾਂ ਦੇ ਆਦਰ ਤੇ ਉਨ੍ਹਾਂ ਦੀਆਂ ਲੋੜਾਂ ਵਲ ਧਿਆਨ ਦੇਣ ਦਾ ਸੰਦੇਸ਼ ਦਿੰਦਾ ਹੈ, ਜਿਸ 'ਤੇ ਅਜੋਕੇ ਖਪਤਕਾਰੀ ਯੁਗ 'ਚ ਗੌਰ ਕਰਨ ਦੀ ਲੋੜ ਹੈ।

*-ਹਾਕਮ ਸਿੰਘ*
*ਫੋਨ: 916-682-3317*


# ਪਹਿਲੇ ਪੰਗਤ ਪਾਛੈ ਸੰਗਤ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਸਮੂਹਕ ਤੌਰ 'ਤੇ ਭੋਜਨ ਛਕਣ ਲਈ ਬੈਠਣ ਵਾਸਤੇ ਲਾਈ ਕਤਾਰ ਨੂੰ ਪੰਗਤ ਆਖਦੇ ਹਨ। ਸਿੱਖ ਜਗਤ ਵਿਚ ਸੰਗਤ ਦੇ ਨਾਲ ਨਾਲ ਪੰਗਤ ਪ੍ਰਮੁਖ ਸੰਸਥਾ ਹੈ, ਜਿਸ ਲਈ ਸੰਗਤ-ਪੰਗਤ ਸ਼ਬਦ ਜੁੱਟ ਵਰਤਿਆ ਜਾਂਦਾ ਹੈ। ਇਹ ਗੁਰੂ ਕੇ ਲੰਗਰ ਨਾਲ ਜੁੜੀ ਹੋਈ ਪ੍ਰਥਾ ਹੈ। ਰਵਾਇਤ ਹੈ ਕਿ ਇਸ ਦਾ ਅਰੰਭ ਜਾਤੀ ਵਿਤਕਰਾ ਦੂਰ ਕਰਨ ਲਈ ਹੋਇਆ ਸੀ ਅਤੇ ਗੁਰੂ ਅਮਰ ਦਾਸ ਨੇ ਇਸ ਨੂੰ ਗੁਰੂ ਦਰਬਾਰ ਵਿਚ ਹਰ ਇਨਸਾਨ ਲਈ ਲਾਜ਼ਮੀ ਕੀਤਾ ਸੀ। 'ਗੁਰ ਪ੍ਰਤਾਪ ਸੂਰਜ' ਗ੍ਰੰਥ ਅਨੁਸਾਰ ਅਕਬਰ ਬਾਦਸ਼ਾਹ ਵੀ ਗੁਰੂ ਅਮਰ ਦਾਸ ਦੇ ਦਰਸ਼ਨਾਂ ਲਈ ਗੋਇੰਦਵਾਲ ਆਇਆ ਤਾਂ ਉਸ ਨੇ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਸੀ।



ਲੰਗਰ ਕਤਾਰ ਵਿਚ ਬੈਠ ਕੇ ਛਕਣ ਦੀ ਰੀਤ ਕਾਰਨ ਪੰਗਤ ਸ਼ਬਦ ਇਕ ਤਰ੍ਹਾਂ ਨਾਲ ਲੰਗਰ ਦਾ ਵੀ ਸੂਚਕ ਬਣ ਗਿਆ। ਕੁਝ ਹਿੰਦੂ ਭਾਈਚਾਰਿਆਂ ਜਿਵੇਂ ਕਾਇਸਥ ਵਲੋਂ 'ਸੰਗਤ-ਪੰਗਤ' ਸ਼ਬਦ-ਜੁੱਟ ਨੂੰ ਇਕੱਠੇ ਮਿਲ ਬੈਠਣ ਅਤੇ ਭੋਜ ਕਰਨ ਦੇ ਅਰਥਾਂ ਵਿਚ ਵੀ ਲਿਆ ਜਾਣ ਲੱਗਾ ਹੈ, ਇਥੋਂ ਤੱਕ ਕਿ ਰਾਜਸੀ ਪਾਰਟੀਆਂ ਸੰਗਤ ਵਿਚ ਪੰਗਤ ਕਰਨ ਲੱਗ ਪਈਆਂ ਹਨ। ਖਬਰ ਦੀ ਇਕ ਟੂਕ ਪੇਸ਼ ਹੈ, 'ਅਭੀ ਤਕ ਦਿੱਗ ਵਿਜੇ ਸਿੰਘ ਪ੍ਰਦੇਸ਼ ਕੇ 51 ਮੇਂ ਸੇ 35 ਜ਼ਿਲੋਂ ਮੇਂ ਸੰਗਤ ਮੇਂ ਪੰਗਤ ਕਰ ਚੁਕੇ ਹੈਂ।' ਦਿਲਚਸਪ ਗੱਲ ਹੈ ਕਿ ਇਸ ਉਕਤੀ ਨੂੰ ਕਿਤੇ 'ਸੰਗਤ ਮੇਂ ਪੰਗਤ' ਅਤੇ ਕਿਤੇ 'ਪੰਗਤ ਮੇਂ ਸੰਗਤ' ਕਰਕੇ ਕਿਹਾ ਜਾਣ ਲੱਗਾ ਹੈ!

ਕਿਸੇ ਧਰਮ ਵਿਚ ਮਲੂਮ ਹੁੰਦੀਆਂ ਨਵੀਆਂ ਸੰਸਥਾਵਾਂ ਦੀਆਂ ਜੜ੍ਹਾਂ ਸਾਂਝੇ ਸਮਾਜਕ-ਧਾਰਮਿਕ ਜੀਵਨ ਦੇ ਪਿਛੋਕੜ 'ਚੋਂ ਲੱਭੀਆਂ ਜਾ ਸਕਦੀਆਂ ਹਨ। ਹਿੰਦੂ ਧਰਮ ਵਿਚ ਕੁਲੀਨ ਬ੍ਰਾਹਮਣਾਂ ਦੀ ਇਕ ਸ਼੍ਰੇਣੀ ਨੂੰ ਪੰਕਤੀ ਵਿਸ਼ੇਸ਼ ਤੌਰ 'ਤੇ ਪੰਕਤੀਪਾਵਨ ਵੀ ਕਿਹਾ ਜਾਂਦਾ ਹੈ, ਕਿਉਂਕਿ ਸਮਝਿਆ ਜਾਂਦਾ ਹੈ ਕਿ ਕਿਸੇ ਸਮੂਹਕ ਭੋਜ ਵਿਚ ਇਨ੍ਹਾਂ ਦੀ ਸ਼ਮੂਲੀਅਤ ਨਾਲ ਹੀ ਸਾਰਾ ਭੋਜ ਪਵਿੱਤਰ ਹੋ ਜਾਂਦਾ ਹੈ। ਸਿੱਖ ਪਰਿਵਾਰਾਂ ਵਿਚ ਵੀ ਬ੍ਰਾਹਮਣਾਂ ਦੀ ਰੀਸੇ ਪੰਜ ਸਿੱਖ ਬਿਠਾਲਣ ਦੀ ਰੀਤ ਹੈ, ਸ਼ਾਇਦ ਹਿੰਦੂ ਪਰਿਵਾਰਾਂ ਵਿਚ ਵੀ ਹੋਵੇ। ਕਹਿਣ ਦਾ ਭਾਵ ਹੈ ਕਿ ਸਿੱਖ ਧਰਮ ਵਿਚ ਸੰਗਤ-ਪੰਗਤ ਨੂੰ ਪਵਿੱਤਰ ਜਾਣਨ ਦੀਆਂ ਜੜ੍ਹਾਂ ਹਿੰਦੂ ਧਰਮ ਵਿਚ ਪ੍ਰਚਲਿਤ ਉਪਰੋਕਤ ਰੀਤ ਹੈ, ਭਾਵੇਂ ਸਿੱਖੀ ਨੇ ਇਸ ਨੂੰ ਸੰਗਤ ਨਾਲ ਜੋੜ ਕੇ ਹੋਰ ਮੋੜਾ ਦਿੱਤਾ। ਇਥੇ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਹਿੰਦੂ ਆਚਾਰ ਅਨੁਸਾਰ ਪਤਿਤ ਆਦਿ ਵਿਅਕਤੀ ਦੇ ਨਾਲ ਇੱਕ ਪੰਕਤੀ ਵਿਚ ਬੈਠ ਕੇ ਭੋਜਨ ਛਕਣ ਤੋਂ ਮਨਾਹੀ ਹੈ। ਇਸ ਨੂੰ ਪੰਕਤੀਭੇਦ ਕਿਹਾ ਜਾਂਦਾ ਹੈ।

ਪੰਗਤ ਵਿਚ ਵਿਚਰਨਾ ਅਸਲ ਵਿਚ ਜ਼ਾਬਤੇ ਦਾ ਵੀ ਧੁਰਾ ਹੈ। ਫੌਜਾਂ ਪੰਗਤ ਬਣਾ ਕੇ ਪਰੇਡ ਕਰਦੀਆਂ ਅਤੇ ਲੜਾਈ ਲੜਦੀਆਂ ਹਨ। ਸੈਨਾ ਦੇ ਸਬੰਧ ਵਿਚ ਅੰਗਰੇਜ਼ੀ ਉਕਤੀ 'ਰੈਂਕ ਐਂਡ ਫਾਈਲ' ਵਿਚ ਫਾਈਲ ਦਾ ਭਾਵ ਕਤਾਰ ਹੀ ਹੈ, ਜੋ ਅੰਤਿਮ ਤੌਰ 'ਤੇ ਇਸ ਦੇ ਧਾਗੇ ਵਾਲੇ ਅਰਥਾਂ ਤੋਂ ਵਿਕਸਿਤ ਹੋਇਆ। ਮੁਢਲੇ ਤੌਰ 'ਤੇ ਦਫਤਰੀ ਫਾਈਲ ਕਾਗਜ਼ਾਂ ਦਾ ਉਹ ਪੁਲੰਦਾ ਹੈ, ਜੋ ਧਾਗੇ ਨਾਲ ਨੱਥੀ ਕੀਤਾ ਹੋਵੇ। ਆਮ ਰੇਖਾ ਜਾਂ ਕਤਾਰ ਦੇ ਅਰਥਾਂ ਵਿਚ ਪੰਗਤ ਦਾ ਹੀ ਇਕ ਹੋਰ ਰੁਪਾਂਤਰ ਪੰਗਤੀ ਸ਼ਬਦ ਵਰਤਿਆ ਜਾਂਦਾ ਹੈ। ਕਵਿਤਾ ਦੀ ਇਕ ਸਤਰ ਨੂੰ ਵੀ ਪੰਗਤੀ ਕਿਹਾ ਜਾਂਦਾ ਹੈ। ਕਹਿਣਾ ਹੋਵੇਗਾ ਕਿ ਇਸ ਅਰਥ ਵਿਚ ਵੀ ਇਹ ਸ਼ਬਦ ਬਹੁਤਾ ਗੁਰਬਾਣੀ ਦੀ ਸਤਰ ਲਈ ਵਰਤਿਆ ਜਾਂਦਾ ਹੈ। ਉਂਜ ਪੰਕਤੀ ਇਕ ਵਰਣਕ ਛੰਦ ਦਾ ਵੀ ਨਾਂ ਹੈ, ਜਿਸ ਦੇ ਹਰ ਚਰਣ ਵਿਚ ਪੰਜ ਅੱਖਰ ਅਤੇ ਅਖੀਰ ਵਿਚ ਦੋ ਗੁਰੂ ਹੁੰਦੇ ਹਨ।

ਪੰਗਤ ਜਾਂ ਪੰਗਤੀ ਸ਼ਬਦ ਦਾ ਸੰਸਕ੍ਰਿਤ ਰੂਪ ਪੰਕਤਿ ਹੈ। ਇਸ ਦੇ ਦੋ ਰੁਪਾਂਤਰ ਵਿਕਸਿਤ ਹੋਏ: 'ਇ' ਰਾਹੀਂ ਪ੍ਰਗਟ ਕੀਤੀ ਜਾਂਦੀ ਧੁਨੀ 'ਈ' ਵਿਚ ਵਟੀ ਤਾਂ ਪੰਕਤੀ ਸਾਹਮਣੇ ਆਈ ਤੇ ਇਸ ਦੇ ਅਲੋਪ ਹੋਣ ਨਾਲ ਪੰਕਤ ਪਰ ਇਹ ਪੰਜਾਬੀ ਵਿਚ ਨਹੀਂ ਵਰਤਿਆ ਮਿਲਦਾ। ਸਾਹਿਤਕ ਪੰਜਾਬੀ ਵਿਚ ਪੰਕਤੀ ਸ਼ਬਦ ਚਲਦਾ ਹੈ, ਪਰ ਬਹੁਤਾ ਇਸ ਦੇ ਵਿਉਤਪਤ ਰੂਪ ਪੰਗਤ ਜਾਂ ਪੰਗਤੀ ਹੀ ਪ੍ਰਚਲਿਤ ਹਨ। ਪੰਕਤਿ ਦੇ ਪਾਲੀ ਪ੍ਰਾਕ੍ਰਿਤ ਰੂਪ ਪਾਤੀ ਜਾਂ ਪਾਂਤੀ ਵੀ ਹਨ। ਸਮੂਹਕ ਭੋਜਨ ਲਈ ਹਿੰਦੀ ਵਿਚ ਪੰਗਤ ਜਾਂ ਪਾਂਤ ਸ਼ਬਦ ਚਲਦੇ ਹਨ। ਜਾਤ-ਪਾਤ ਵਿਚਲਾ ਪਾਤ/ਪਾਤੀ ਸ਼ਬਦ ਪਾਂਤ/ਪਾਂਤੀ ਦੇ ਹੀ ਰੁਪਾਂਤਰ ਹਨ, ਕਿਉਂਕਿ ਪਾਂਤ ਸ਼ਬਦ ਜਾਤਾਂ ਦੇ ਪ੍ਰਸੰਗ ਵਿਚ ਸ਼੍ਰੇਣੀ ਜਾਂ ਦਰਜੇ ਦੇ ਅਰਥਾਂ ਵਿਚ ਆਉਂਦਾ ਹੈ ਜਿਵੇਂ ਬ੍ਰਾਹਮਣਾਂ ਜਾਂ ਯਾਦਵਾਂ ਦੀ ਪਾਂਤ। ਇਸ ਨੂੰ ਅਸੀਂ ਗੋਤ ਜਾਂ ਕੁਲ ਵੀ ਕਹਿ ਸਕਦੇ ਹਾਂ, 'ਤਾ ਕੈ ਜਾਤਿ ਨ ਪਾਤਿ ਨਾਮ ਲੀਨ॥' (ਗੁਰੂ ਨਾਨਕ ਦੇਵ); 'ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ॥' (ਗੁਰੂ ਰਾਮ ਦਾਸ); 'ਕਹਾ ਕਰਉ ਜਾਤੀ ਕਹ ਕਰਉ ਪਾਤੀ॥' (ਭਗਤ ਨਾਮਦੇਵ); 'ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ॥' (ਭਗਤ ਰਵਿਦਾਸ)। ਹਿੰਦੀ ਤੋਂ ਇਲਾਵਾ ਕੁਝ ਹੋਰ ਭਾਰਤੀ ਭਾਸ਼ਾਵਾਂ ਵਿਚ ਪੰਕਤਿ ਤੋਂ ਪੰਕਤ, ਪੰਤੀ, ਪਾਂਤੀ, ਪੰਡੀ ਆਦਿ ਜਿਹੇ ਸ਼ਬਦ ਵੀ ਪ੍ਰਗਟ ਹੋਏ ਹਨ।

'ਪੰਜਾਬ ਵਿਚਲਾ ਪੰਜ' ਵਾਲੇ ਲੇਖ ਵਿਚ ਪੰਜ ਸ਼ਬਦ ਨੂੰ ਪੰਚ ਦਾ ਸਜਾਤੀ ਦੱਸਿਆ ਗਿਆ ਸੀ। ਪੰਕਤੀ ਅਤੇ ਫਿਰ ਪੰਗਤ/ਪੰਕਤੀ ਆਦਿ ਸ਼ਬਦ ਵੀ ਇਸ ਪੰਚ ਤੋਂ ਹੀ ਨਿਕਲੇ ਹਨ। ਦੱਸਿਆ ਜਾ ਚੁਕਾ ਹੈ, ਪੰਚ ਸ਼ਬਦ ਭਾਵੇਂ ਬਹੁਤਾ ਕਰਕੇ ਪੰਜ ਦੇ ਅਰਥਾਂ ਵਿਚ ਹੀ ਵਰਤੀਂਦਾ ਹੈ, ਪਰ ਮੂਲ ਰੂਪ ਵਿਚ ਇਹ ਸਮੂਹਵਾਚੀ ਸ਼ਬਦ ਹੈ। ਪੰਚ ਆਦਿ ਸ਼ਬਦਾਂ ਦਾ ਭਾਰੋਪੀ ਮੂਲ 'Penkwe' ਕਲਪਿਆ ਗਿਆ ਹੈ, ਜਿਸ ਵਿਚ ਪੰਜ ਦੇ ਭਾਵ ਹਨ। ਅੰਗਰੇਜ਼ੀ Five ਇਸੇ ਦਾ ਵਿਕਸਿਤ ਰੂਪ ਹੈ। ਪੁਰਾਣੀ ਅੰਗਰੇਜ਼ੀ ਵਿਚ ਇਸ ਦਾ ਰੂਪ ਸੀ, Fif ਜੋ ਅੱਗੇ ਪ੍ਰਾਕ-ਜਰਮੈਨਿਕ 'Fimfe' ਤੋਂ ਵਿਉਤਪਤ ਹੋਇਆ। ਹੋਰ ਜਰਮੈਨਿਕ ਭਾਸ਼ਾਵਾਂ ਵਿਚ ਇਸੇ ਤੋਂ ਪੰਜ ਦੇ ਅਰਥਾਂ ਵਾਲੇ ਸ਼ਬਦ ਆਪੋ ਆਪਣੀ ਭਾਸ਼ਾ ਵਿਚ ਵੱਖ ਵੱਖ ਰੂਪ ਧਾਰ ਕੇ ਆਏ। ਕੁਝ ਮਿਸਾਲਾਂ ਲੈਂਦੇ ਹਾਂ: ਜਰਮਨ Funf, ਡੱਚ Vijf, ਗੌਥਿਕ Fimf; ਸਵੀਡਿਸ਼, ਡੈਨਿਸ਼ ਅਤੇ ਨਾਰਵੇਜੀਅਨ Fem. ਇਨ੍ਹਾਂ ਸ਼ਬਦਾਂ ਵਿਚ ਅਨੁਨਾਸਿਕਤਾ ਉਡ ਗਈ, ਜੋ ਨਿਯਮਿਤ ਵਰਤਾਰਾ ਹੈ, ਮਿਸਾਲ ਵਜੋਂ ਭਾਰੋਪੀ ਮੂਲ Dent ਤੋਂ Tooth ਉਤਪੰਨ ਹੋਇਆ ਅਤੇ Ghans (ਹੰਸ) ਤੋਂ Goose.

ਅੰਗਰੇਜ਼ੀ ਦੇ ਕੁਝ ਹੋਰ ਜਾਣੇ-ਪਛਾਣੇ ਸ਼ਬਦ ਇਸ ਮੂਲ ਨਾਲ ਜੋੜ ਕੇ ਦੇਖਦੇ ਹਾਂ। ਵਿਦਵਾਨਾਂ ਅਨੁਸਾਰ ਮੁਮਕਿਨ ਹੈ ਕਿ ਉਂਗਲ ਦੇ ਅਰਥਾਂ ਵਾਲਾ ਫਿੰਗਰ ਅਤੇ ਮੁੱਕੇ ਦੇ ਅਰਥਾਂ ਵਾਲਾ Fist ਸ਼ਬਦ ਇਸੇ ਮੂਲ ਨਾਲ ਜੁੜੇ ਹੋਏ ਹੋਣ। ਠੋਸਣਾ ਦੇ ਅਰਥਾਂ ਵਾਲੇ Foist ਸ਼ਬਦ ਦਾ ਮੂਲ ਵੀ ਇਹੋ ਜਾਪਦਾ ਹੈ, ਅਰਥਾਤ ਪੰਜ ਉਂਗਲਾਂ ਵਾਲਾ ਮੁੱਕਾ ਜੜਨਾ। ਹੋਰ ਜਰਮੈਨਿਕ ਭਾਸ਼ਾਵਾਂ ਵਿਚ ਵੀ ਇਹ ਸ਼ਬਦ ਕੁਝ ਬਦਲਵੇਂ ਉਚਾਰਣਾਂ ਸਹਿਤ ਮਿਲਦੇ ਹਨ। ਵਿਚਾਰ ਅਧੀਨ ਭਾਰੋਪੀ ਮੂਲ ਨੇ ਗਰੀਕ ਵਿਚ Penta ਦਾ ਰੂਪ ਧਾਰਿਆ, ਜੋ ਆਮ ਤੌਰ 'ਤੇ ਪੰਜ ਦੇ ਅਰਥਾਂ ਵਿਚ ਇਕ ਅਗੇਤਰ ਵਜੋਂ ਆਉਂਦਾ ਹੈ ਜਿਵੇਂ Pentagon ਪੰਜਭੁਜ ਜਾਂ ਪੰਜਕੋਣ; ਵਾਸ਼ਿੰਗਟਨ ਵਿਖੇ ਅਮਰੀਕੀ ਰਖਿਆ ਵਿਭਾਗ ਦੇ ਹੈਡਕੁਆਰਟਰ ਨੂੰ ਪੈਂਟਾਗੋਨ ਇਸ ਲਈ ਆਖਦੇ ਹਨ ਕਿਉਂਕਿ ਇਸ ਦੀ ਮੁੱਖ ਇਮਾਰਤ ਦੀ ਸ਼ਕਲ ਪੰਜ ਭੁਜੀ ਹੈ; Pentameter ਕਵਿਤਾ ਦੀ ਪੰਜ ਚਰਨਾਂ ਵਾਲੀ ਸਤਰ; Pentad, ਪਾਂਜਾ; Pentacle ਪੰਜ-ਭੁਜੀ ਤਵੀਤ; Pompeii ਇਕ ਰੋਮਨ ਸ਼ਹਿਰ, ਜਿਸ ਦੇ ਪੰਜ ਜਿਲੇ ਸਨ; Punch ਇੱਕ ਪੀਣ ਵਾਲਾ ਪਦਾਰਥ, ਜੋ ਮੁਢਲੇ ਤੌਰ 'ਤੇ ਪੰਜ ਸਮੱਗਰੀਆਂ (ਸ਼ਰਾਬ, ਪਾਣੀ, ਨਿੰਬੂ ਰਸ, ਸ਼ੱਕਰ ਅਤੇ ਮਸਾਲੇ) ਤੋਂ ਬਣਦਾ ਸੀ। ਮੰਨਿਆ ਜਾਂਦਾ ਹੈ ਕਿ ਇਹ ਭਾਰਤ ਦੀ ਦੇਣ ਹੈ ਅਤੇ ਪੰਚ (ਪੰਜ) ਸ਼ਬਦ ਦਾ ਹੀ ਅੰਗਰੇਜ਼ੀ ਰੁਪਾਂਤਰ ਹੈ। ਵਿਦਵਾਨਾਂ ਦਾ ਮੱਤ ਹੈ ਕਿ ਸਤਾਰਵੀਂ ਸਦੀ ਦੇ ਅਰੰਭ ਵਿਚ ਕੰਪਨੀ ਰਾਜ ਸਮੇਂ ਇਹ ਪੰਚ ਭਾਰਤ ਤੋਂ ਯੂਰਪ ਵੱਲ ਲਿਜਾਇਆ ਜਾਂਦਾ ਸੀ। ਇਕ ਵਿਦਵਾਨ ਨੇ ਇਸ ਵਿਚ ਚਾਰ ਪਦਾਰਥ ਹੀ ਦੱਸੇ ਹਨ, ਉਸ ਨੇ ਮਸਾਲੇ ਨੂੰ ਨਹੀਂ ਗਿਣਿਆ। ਹੈ ਨਾ ਗੰਗਾਜਲੀ ਵਿਚ ਸ਼ਰਾਬ! ਟਾਕਰਾ ਕਰੋ ਪੰਜੀਰੀ ਅਤੇ ਪੰਚਾਮ੍ਰਿਤ ਨਾਲ.

ਉਤਰੀ ਭਾਰਤ ਵਿਚ ਘੋੜਿਆਂ ਨੂੰ ਦਿੱਤੇ ਜਾਣ ਵਾਲੇ ਇਕ ਨੁਸਖੇ ਨੂੰ ਬਤੀਸੀ ਆਖਦੇ ਹਨ, ਕਿਉਂਕਿ ਇਸ ਵਿਚ ਬੱਤੀ ਪਦਾਰਥ ਹੁੰਦੇ ਹਨ। ਹੋਰ ਔਸ਼ਧੀ ਹੈ, ਤ੍ਰਿਫਲਾ। ਸਾਵਧਾਨ ਕਰ ਦੇਈਏ ਕਿ ਮੁੱਕਾ, ਘਸੁੰਨ ਅਤੇ ਠੋਕਣ, ਛੇਕ ਕਰਨ ਦੇ ਅਰਥਾਂ ਵਾਲੇ ਇੱਕ ਹੋਰ ਅੰਗਰੇਜ਼ੀ ਸ਼ਬਦ Punch ਇਥੇ ਥਾਂ ਸਿਰ ਨਹੀਂ ਹੈ, ਅਰਥਾਤ ਇਹ ਸਬੱਬੀ ਧੁਨੀ-ਸਮਾਨਤਾ ਤੇ ਕੁਝ ਕੁਝ ਅਰਥ-ਸਮਾਨਤਾ ਪ੍ਰਤੀਤ ਹੁੰਦੀ ਹੈ। ਇਹ ਲਾਤੀਨੀ Pungere ਤੋਂ ਵਿਉਤਪਤ ਹੋਇਆ, ਜਿਸ ਵਿਚ ਚੋਭਣ ਦੇ ਭਾਵ ਹਨ। ਪੰਕਚਰ ਸ਼ਬਦ ਇਸੇ ਦਾ ਇੱਕ ਰੁਪਾਂਤਰ ਹੈ।



ਲਾਤੀਨੀ ਵਲੋਂ ਅੰਗਰੇਜ਼ੀ ਵਿਚ ਆਏ ਕੁਝ ਸ਼ਬਦ ਦੇਖੀਏ। ਲਾਤੀਨੀ ਵਿਚ ਪੰਜ ਲਈ Quint ਸ਼ਬਦ ਵਰਤਿਆ ਜਾਂਦਾ ਹੈ, ਅਰਥਾਤ ਇਥੇ ਭਾਰੋਪੀ ਮੂਲ ਦੀ 'ਪ' ਧੁਨੀ 'ਕ' ਵਿਚ ਵਟ ਗਈ। ਅੰਗਰੇਜ਼ੀ Quint ਦਾ ਅਰਥ ਹੈ, ਟੈਕਸ ਵਜੋਂ ਕਮਾਈ ਦਾ ਪੰਜਵਾਂ ਹਿੱਸਾ। ਦਸਵੰਧ ਦੀ ਤਰਜ਼ 'ਤੇ ਅਸੀਂ ਇਸ ਨੂੰ ਪਚਵੰਧ ਕਹਿ ਸਕਦੇ ਹਾਂ। ਅੱਜ ਕਲ੍ਹ ਪੰਜ ਦੇ ਸਮੂਹ ਪੰਜੀ, ਪਾਂਜਾ, ਪੰਜੋਕਤੀ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਪ੍ਰਾਚੀਨ ਗਰੀਕ ਫਿਲਾਸਫੀ ਦਾ ਇੱਕ ਅਹਿਮ ਪਦ ਹੈ, Quintessence ਜਿਸ ਨੂੰ 'ਸ਼ੁਧ ਤਤਵ' ਵਜੋਂ ਅਨੁਵਾਦਿਆ ਜਾ ਸਕਦਾ ਹੈ ਅਰਥਾਤ ਅਜਿਹਾ ਤੱਤ ਜਿਸ ਤੋਂ ਆਕਾਸ਼ੀ ਪਿੰਡ ਬਣੇ ਹਨ। ਇਸ ਦਾ ਸ਼ਾਬਦਿਕ ਅਰਥ ਹੈ, 'ਪੰਜਵਾਂ ਤੱਤ।' ਇਹ ਬਣਿਆ ਹੈ, ਮਧਕਾਲੀ ਲਾਤੀਨੀ Quinta Essentia ਤੋਂ। ਇਸ ਵਿਚ Quinta ਤਾਂ ਪੰਜ ਦਾ ਅਰਥਾਵਾਂ ਹੀ ਹੈ, Essentia ਸ਼ਬਦ ਦਾ ਅਰਥ ਹੈ-ਹੋਂਦ, ਅਸਤਿਤਵ, ਤੱਤਵ। ਅਸਲ ਵਿਚ ਇਹ ਸੰਸਕ੍ਰਿਤ ਵਲੋਂ ਅਸਤਿਤਵ ਦਾ ਸਜਾਤੀ ਹੈ। ਗਰੀਕ ਫਿਲਾਸਫੀ ਵਿਚ ਪਹਿਲਾਂ ਚਾਰ ਤੱਤ ਯਾਨਿ ਪਾਣੀ, ਹਵਾ, ਅੱਗ, ਧਰਤੀ ਹੀ ਮੰਨੇ ਗਏ ਸਨ। ਬਾਅਦ ਵਿਚ ਅਰਸਤੂ ਨੇ ਆਕਾਸ਼ ਨੂੰ ਪੰਜਵੇਂ ਤੱਤ ਵਜੋਂ ਜੋੜਿਆ। ਅੱਜ ਕਲ੍ਹ ਇਸ ਸ਼ਬਦ ਨੂੰ ਆਦਰਸ਼; ਮਰਮ, ਸਾਰ, ਤੱਤ ਦੇ ਅਰਥਾਂ ਵਜੋਂ ਲਿਆ ਜਾਂਦਾ ਹੈ। ਧਿਆਨ ਦਿਓ, ਕਿਵੇਂ ਇਥੇ ਇਸ ਸ਼ਬਦ ਦਾ ਅਰਥ 'ਪੰਜਵੇਂ ਤੱਤ' ਤੋਂ ਹਿੱਲ ਹੋ ਕੇ ਕੇਵਲ ਤੱਤ ਹੀ ਰਹਿ ਗਿਆ। Quintillion ਬਰਤਾਨੀਆ ਵਿਚ ਮਿਲੀਅਨ ਦੀ ਪੰਜਵੀਂ ਸ਼ਕਤੀ ਅਰਥਾਤ ਏਕੇ ਅੱਗੇ ਤੀਹ ਸਿਫਰੇ ਲੱਗ ਕੇ ਬਣੀ ਸੰਖਿਆ ਹੁੰਦੀ ਹੈ। ਪਰ ਅਮਰੀਕੀ ਹਰ ਗੱਲੇ ਆਪਣੀ ਵੱਖਰੀ ਡੱਫਲੀ ਵਜਾਉਂਦੇ ਹਨ। ਇਥੇ ਏਕੇ ਅੱਗੇ ਅਠਾਰਾਂ ਸਿਫਰੇ ਲੱਗ ਕੇ ਬਣੀ ਸੰਖਿਆ ਕਵਿੰਟਿਲੀਅਨ ਕਹਾਉਂਦੀ ਹੈ। Quinquennial ਨੂੰ ਪੰਜਾਬੀ ਵਿਚ ਪੰਜ-ਵਰਸ਼ੀ ਜਾਂ ਪੰਜ-ਸਾਲਾ ਕਿਹਾ ਜਾ ਸਕਦਾ ਹੈ।

ਪੰਚ ਦੇ ਅਰਥਾਂ ਵਿਚ ਫਾਰਸੀ ਵਲੋਂ ਆਏ ਸਜਾਤੀ ਸ਼ਬਦ ਪੰਜ ਦਾ ਜ਼ਿਕਰ ਅਸੀਂ ਕਰ ਆਏ ਹਾਂ। ਇਥੇ 'ਸ਼ਸ਼ੋਪੰਜ ਵਿਚ ਪੈਣਾ' ਮੁਹਾਵਰੇ ਦੀ ਵਿਆਖਿਆ ਲੋੜੀਂਦੀ ਹੈ। ਸ਼ਸ਼ੋਪੰਜ (ਸ਼ਸ਼-ਓ-ਪੰਜ) ਫਾਰਸੀ ਦਾ ਜੁੱਟ-ਸ਼ਬਦ ਹੈ, ਜਿਵੇਂ ਸਾਡਾ ਉਨੀ-ਇੱਕੀ। ਇਸ ਦਾ ਸ਼ਾਬਦਿਕ ਅਰਥ ਹੈ, ਛੇ (ਸ਼ਸ਼) ਪੰਜ। ਸੋ 'ਸ਼ਸ਼ੋਪੰਜ ਵਿਚ ਪੈਣਾ' ਦਾ ਸਿੱਧਾ ਅਰਥ ਹੋਇਆ, ਛੇ-ਪੰਜ ਵਿਚ ਪੈਣਾ ਅਰਥਾਤ ਦੁਬਿਧਾ ਜਾਂ ਜੱਕੋ ਤੱਕੇ ਵਿਚ ਪੈਣਾ।

## ਮਿਨੀ ਕਹਾਣੀਆਂ

### ਬਿਸਕੁਟ

ਵਾਰ-ਵਾਰ ਕਹਿਣ 'ਤੇ ਕਲਰਕ ਨੇ ਡਰਾਇੰਗ ਮਾਸਟਰ ਦਰਸ਼ਨ ਸਿੰਘ ਦਾ ਏਰੀਅਰ ਦਾ ਬਿਲ ਬਣਾ ਤਾਂ ਦਿੱਤਾ ਪਰ ਖਜਾਨੇ ਭੇਜਣ ਵੇਲੇ ਬਦਨੀਅਤ ਨਾਲ ਬਾਕੀ ਅਧਿਆਪਕਾਂ ਦੇ ਬਿਲਾਂ ਨਾਲ ਨਾ ਭੇਜਿਆ। ਬਾਕੀ ਅਧਿਆਪਕਾਂ ਦੇ ਬਿਲਾਂ ਦਾ ਭੁਗਤਾਨ ਹੋ ਗਿਆ ਪਰ ਦਰਸ਼ਨ ਸਿੰਘ ਦਾ ਨਾ ਹੋਇਆ। ਕਈ ਮਹੀਨਿਆਂ ਪਿਛੋਂ ਬਾਬੂ ਉਸ ਨੂੰ ਕਹਿਣ ਲੱਗਾ, "ਖਜਾਨਿਓਂ ਫੋਨ ਆਇਆ, ਪੈਸੇ ਕਢਾਉਣੇ ਨੇ।"

"ਕਢਾਉਣੇ ਹੀ ਨੇ, ਦੱਸੋ।" ਦਰਸ਼ਨ ਸਿੰਘ ਨੇ ਕਿਹਾ।

"ਮੈਂ ਪਤਾ ਕਰ ਕੇ ਦੱਸਦਾਂ।"

ਥੋੜੀ ਦੇਰ ਬਾਅਦ ਫੋਨ ਕਰਨ ਪਿਛੋਂ, "ਪੰਜ ਹਜ਼ਾਰ ਕਹਿੰਦਾ।"

"ਰਹਿਣ ਦਿਓ, ਆਪਾਂ ਨੂੰ ਕਿਹੜਾ ਕੋਈ ਲੋੜ ਏ।" ਦਰਸ਼ਨ ਸਿੰਘ ਦਾ ਜਵਾਬ ਸੀ।

ਦੂਜੇ ਦਿਨ ਬਾਬੂ ਦਸ ਕੁ ਵਜੇ ਦਰਸ਼ਨ ਸਿੰਘ ਸਿੰਘ ਕੋਲ ਆ ਕੇ ਕਹਿਣ ਲੱਗਾ, "ਅੱਜ ਪੈਸੇ ਪੈ ਜਾਣਗੇ।"

ਦਰਸ਼ਨ ਸਿੰਘ ਸਾਰੀ ਚਾਲ ਸਮਝ ਗਿਆ ਕਿ ਪੈਸੇ ਤਾਂ ਆਪਣੇ ਆਪ ਰੁਟੀਨ 'ਚ ਪੈਣੇ ਹੀ ਸਨ। ਬਾਰਾਂ ਕੁ ਵਜੇ ਦਰਸ਼ਨ ਸਿੰਘ ਨੂੰ ਪੈਸੇ ਪੈਣ ਦਾ ਮੈਸੇਜ ਆ ਗਿਆ। ਦਰਸ਼ਨ ਸਿੰਘ ਨੇ ਫਿਰ ਵੀ ਆਪਣੇ ਸਾਥੀ ਦੇ ਮੂੰਹ-ਮਲਾਜੇ ਲਈ ਕਈ ਦਿਨਾਂ ਬਾਅਦ ਵੈਸੇ ਹੀ ਖਜਾਨੇ ਵਾਲੇ ਲਈ ਚਾਹ ਪਾਣੀ ਦਾ ਪੁੱਛ ਲਿਆ। ਅੱਗੋਂ ਕਲਰਕ ਬੋਲਿਆ, "ਚਲੋ ਪੰਦਰਾਂ ਸੌ ਰੁਪਏ ਦੇ ਦਿਓ।"

ਦਰਸ਼ਨ ਸਿੰਘ ਨੇ ਪੈਸੇ ਦੇ ਦਿੱਤੇ। ਉਹ ਸੋਚ ਰਿਹਾ ਸੀ ਕਿ ਕਲਰਕ ਦੀ ਜ਼ਮੀਰ ਕਿਹੋ ਜਿਹੀ ਹੈ, ਜੋ ਦਾਨ ਪੁੰਨ ਦੀਆਂ ਵਾਹਵਾ ਗੱਲਾਂ ਕਰਦਾ ਰਹਿੰਦਾ, ਪਰ ਆਹ ਕੀ? ਬਾਬੂ ਨੇ ਆਪਣੇ ਦਫਤਰ ਵਿਚ ਕਈ ਕਿਸਮ ਦੇ ਬਿਸਕੁਟ ਰੱਖੇ ਹੋਏ ਸਨ, ਜੋ ਉਹ ਹਰ ਇਕ ਨੂੰ ਖਾਣ ਨੂੰ ਪੇਸ਼ ਕਰਦਾ, ਤੇ ਦਰਸ਼ਨ ਸਿੰਘ ਨੂੰ ਵੀ ਕਈ ਵਾਰ ਧੱਕੇ ਨਾਲ ਖੁਆਏ ਸਨ।

ਹੁਣ ਦਰਸ਼ਨ ਸਿੰਘ ਸੋਚ ਰਿਹਾ ਸੀ ਕਿ ਇਹ ਬਿਸਕੁਟ ਤਾਂ ਉਸ ਦੇ ਪੈਸਿਆਂ ਦੇ ਹੀ ਹਨ, ਇਨ੍ਹਾਂ ਪੈਸਿਆਂ ਨਾਲ ਤਾਂ ਕਈ ਮਹੀਨੇ ਬਿਸਕੁਟ ਨਹੀਂ ਮੁਕਣੇ।

-ਮੇਜਰ ਸਿੰਘ ਨਾਭਾ
ਫੋਨ: 91-94635-53962

### ਰੱਬ ਦੀ ਪੰਚਾਇਤ

"ਸਾਰੇ ਭਰਾ ਚੰਗੀ ਤਰ੍ਹਾਂ ਸੋਚ-ਵਿਚਾਰ ਲਓ, ਆਪਣੀ ਤਾਂ ਉਮਰ ਲੰਘ ਗਈ, ਜੁਆਕਾਂ ਦਾ ਅੱਗਾ ਨਾ ਮਾਰੋ। ਉਹ ਬੰਦੇ ਚੁਣੋ ਜਿਹੜੇ ਪਿੰਡ ਦਾ ਕੁਝ ਸੰਵਾਰਨ।" ਨਛੱਤਰ ਪਿੰਡ ਦੇ ਭਲੇ ਲਈ ਪੜ੍ਹੇ-ਲਿਖੇ ਤੇ ਅਗਾਂਹਵਧੂ ਲੋਕਾਂ ਦੀ ਪੰਚਾਇਤ ਬਣਾਉਣ ਲਈ ਜੋਰ ਦੇ ਰਿਹਾ ਸੀ। ਕਾਫੀ ਚਿਰ ਤੋਂ ਘੈਂਸ-ਘੈਂਸ ਹੋ ਰਹੀ ਸੀ, ਪਰ ਗੱਲ ਕਿਸੇ ਪਾਸੇ ਨਹੀਂ ਸੀ ਲੱਗ ਰਹੀ।

"ਦੇਖੋ ਬਈ, ਜਿਵੇਂ ਅੱਗੇ ਹੁੰਦਾ ਆਇਆ ਜਾਂ ਪਿੰਡ ਦੀ ਰੀਤ ਹੈ, ਪੰਚਾਇਤ ਤਾਂ ਬਾਬਾ ਜੀ ਦੀ ਰਾਏ ਨਾਲ ਹੀ ਬਣੂ। ਉਹ ਸਾਡੇ ਲਈ ਕੋਈ ਆਮ ਇਨਸਾਨ ਨਹੀਂ, ਰੱਬ ਆ ਰੱਬ। ਬਾਬੇ ਨੇ ਲੱਖਾਂ ਰੁਪਏ ਲਾ ਕੇ ਸਮਾਧ ਅਤੇ ਸਿਵਿਆਂ ਦਾ ਮੂੰਹ ਮੱਥਾ ਸਵਾਰ ਦਿੱਤਾ। ਅਸੀਂ ਉਨ੍ਹਾਂ ਦੀ ਮਰਜੀ ਬਿਨਾ ਪੈਰ ਨਹੀਂ ਪੱਟ ਸਕਦੇ।" ਹਾਕਮ ਨੇ ਆਪਣੀ ਪਹਿਲਾਂ ਵਾਲੀ ਅੜੀ ਫੇਰ ਫੜ ਲਈ ਸੀ।

"ਪਿੰਡ ਦੇ ਸਕੂਲ ਦੀ ਹਾਲਤ ਬਦਤਰ ਹੋਈ ਪਈ ਹੈ, ਬਿਮਾਰਾਂ ਲਈ ਕੋਈ ਹਸਪਤਾਲ ਨਹੀਂ, ਗਲੀਆਂ ਵਿਚ ਚਿੱਕੜ ਵੱਜਿਆ ਰਹਿੰਦਾ, ਇਨ੍ਹਾਂ ਦਾ ਵੀ ਕੁਝ ਹੋਵੇ।" ਨਛੱਤਰ ਪਿੰਡ ਦੀ ਹਾਲਤ ਤੋਂ ਪੂਰਾ ਦੁਖੀ ਸੀ।

ਅਖੀਰ ਬਾਬੇ ਪੱਖੀ ਲੋਕਾਂ ਨੇ ਬਾਬੇ ਰਾਹੀਂ ਪੰਚਾਇਤ ਦੀ ਚੋਣ ਕਰਨ ਦੀ ਜਿੱਦ ਪੁਗਾ ਲਈ। ਬਾਬਾ ਜੀ ਦੇ ਆਉਣ 'ਤੇ ਹਾਰ ਉਨ੍ਹਾਂ ਅੱਗੇ ਰੱਖ ਦਿੱਤੇ ਗਏ। ਬਾਬੇ ਨੇ ਇਕੱਠ ਵੱਲ ਨਿਗਾਹ ਮਾਰੀ ਤੇ ਹਾਰ ਲੈ ਕੇ ਖੜ੍ਹਾ ਹੋ ਗਿਆ। ਸਰਪੰਚੀ ਦਾ ਹਾਰ ਨਿੰਮੇ ਗਿੱਲ ਦੇ ਗਲ ਪਾ ਦਿੱਤਾ, ਜਿਸ ਤੋਂ ਆਪਣਾ ਮੂੰਹ ਨਹੀਂ ਸੀ ਧੋਤਾ ਜਾਂਦਾ, ਉਹ ਪਿੰਡ ਦਾ ਮੂੰਹ ਸਵਾਰੇਗਾ। ਮੈਂਬਰੀ ਲਈ ਚੁਗਲਾਂ ਦਾ ਨੇਕਾ, ਹਰਦੇਵ ਭੰਬੀਰੀ, ਚਰਨਾ ਕਬੂਤਰਾਂ ਵਾਲਾ ਆਦਿ ਲੋਕਾਂ ਦੀ ਚੋਣ ਹੋ ਗਈ। ਇਨ੍ਹਾਂ ਮਹਾਂਪੁਰਸ਼ਾਂ ਨੂੰ ਸਮਾਧ ਦੀ ਭੰਗ ਅਤੇ ਲੰਗਰ ਤੋਂ ਬਿਨਾ ਕਦੇ ਕੋਈ ਸੁਫਨਾ ਵੀ ਨਹੀਂ ਸੀ ਆਇਆ। ਬਾਬੇ ਨੇ ਅਸ਼ੀਰਵਾਦ ਲੈਣ ਅਤੇ ਜਲੇਬੀਆਂ ਦੇ ਲੰਗਰ ਲਈ ਸਾਰੇ ਪਿੰਡ ਨੂੰ ਸਮਾਧ 'ਤੇ ਸੱਦਾ ਦਿੱਤਾ ਅਤੇ ਆਪਣੀ ਵੱਡੀ ਸਾਰੀ ਗੱਡੀ ਵਿਚ ਬੈਠ ਕਿਸੇ ਜੇਤੂ ਜਰਨੈਲ ਵਾਂਗ ਚਲਦਾ ਬਣਿਆ। ਲੋਕ ਟਾਇਰ ਧੂੜ ਮੱਥੇ ਨੂੰ ਲਾ ਧੰਨ ਹੋ ਰਹੇ ਸਨ। ਲੋਕਾਂ ਦੀ ਭੀੜ ਧੂੜ ਉਡਾਉਂਦੀ ਡੇਰੇ ਵੱਲ ਚੱਲ ਭੱਜ ਤੁਰੀ ਸੀ। ਪਿੱਛੇ ਰਹਿ ਗਏ ਸਨ, ਨਛੱਤਰ ਜਿਹੇ ਦੋ-ਚਾਰ ਬੰਦੇ ਅਤੇ ਦਮ ਤੋੜਦੀ ਉਨ੍ਹਾਂ ਦੀ ਸੋਚ।

-ਗੁਰਮੀਤ ਸਿੰਘ ਮਰਾੜ੍ਹ
ਫੋਨ: 91-95014-00397

## ਪਰਦੇਸੀਆਂ ਦਾ ਸੱਚ

ਵਤਨੋਂ ਮਾਰ ਗਏ ਉਡਾਰੀ
ਸਾਨੂੰ ਆਪਣੇ ਪਰਦੇਸੀ ਕਹਿੰਦੇ।
ਕਰਮ ਭੂਮੀ ਹੈ ਇਹ ਅਸਾਡੀ
ਇੱਥੇ ਵਾਂਗ ਪਰਵਾਸੀਆਂ ਰਹਿੰਦੇ।
ਹੱਡ ਭੰਨਾਉਂਦੇ ਚੋਗਾ ਚੁਗਦੇ
ਪਰ ਯਾਦਾਂ ਤਾਜ਼ੀਆਂ ਰੱਖਦੇ।
ਦਿਲ ਕਰਦਾ ਮੁੜ ਆਈਏ
ਹਮ ਵਤਨ ਨਾ ਸਮਝਦੇ ਕੱਖ ਦੇ।
ਰਿਸ਼ਤੇ ਫਿੱਕੇ ਫਿੱਕੇ ਹੋ ਗਏ
ਹੁਣ ਨਿੱਘ ਨਾ ਦਿੰਦੀਆਂ ਬਾਹਵਾਂ।
ਸਾਰੇ ਪੈਸੇ ਨਾਲ ਨੇ ਤੁੱਲ ਗਏ
ਅੱਖਾਂ ਫੇਰੀਆਂ ਸਕੇ ਭਰਾਵਾਂ।
ਜਮੀਨ, ਮਕਾਨਾਂ ਦੇ ਨਿੱਤ ਝਗੜੇ
ਡਾਢਾ ਮਾਰ ਦਿੱਤਾ ਪੰਜਾਬ।
ਵਕੀਲ, ਜੱਜ ਅਮੀਰ ਹੋ ਗਏ
ਸਾਡੇ ਚਿਹਰੇ ਹੋਏ ਨੇ ਬੇਆਬ।
ਹਾਲ ਧੋਬੀ ਦੇ ਕੁੱਤੇ ਵਰਗਾ
ਘਰ ਦੇ ਰਹੇ ਨਾ ਘਾਟ ਦੇ।
ਤੱਕਦੇ ਜਦੋਂ ਪਿੱਛੇ ਵੱਲ ਨੂੰ
ਸੀਨੇ ਧੁਰ ਅੰਦਰੋਂ ਪਾਟ ਦੇ।

-ਸੇਵਾ ਸਿੰਘ ਨੂਰਪੁਰੀ

# ਕਿੰਗ ਆਫ ਫੁੱਟਬਾਲ-ਪੇਲੇ

ਪਿਛਲੇ ਦਿਨੀਂ ਖ਼ਬਰ ਪੜ੍ਹੀ ਕਿ ਪੈਰਿਸ ਦੇ ਇੱਕ ਹਸਪਤਾਲ ਵਿਚ ਪੇਲੇ ਕਿਸੇ ਬੀਮਾਰੀ ਕਾਰਨ ਦਾਖ਼ਲ ਹੈ ਤਾਂ ਮਨ ਬਹੁਤ ਦੁਖੀ ਹੋਇਆ, ਪਰ ਫਿਰ ਉਸ ਬਾਰੇ ਬ੍ਰਾਜ਼ੀਲ ਦੇ ਇੱਕ ਹਸਪਤਾਲ ਵਿਚ ਠੀਕ ਹੋਣ ਵਾਲੀ ਖ਼ਬਰ ਨੇ ਖ਼ੁਸ਼ੀ ਵੀ ਦਿੱਤੀ। ਇਨ੍ਹਾਂ ਗੱਲਾਂ ਕਰਕੇ ਉਸ ਦੀ ਜ਼ਿੰਦਗੀ 'ਤੇ ਨਜ਼ਰ ਮਾਰਨ ਅਤੇ ਚੇਤੇ ਕਰਨ ਨੂੰ ਦਿਲ ਕੀਤਾ।

ਪੇਲੇ ਦਾ ਜਨਮ 23 ਅਕਤੂਬਰ 1940 ਨੂੰ ਬ੍ਰਾਜ਼ੀਲ ਦੇ ਨਿੱਕੇ ਜਿਹੇ ਸ਼ਹਿਰ ਟਰੇਸ ਕੋਰਾਕੋ ਵਿਚ ਹੋਇਆ। ਉਸ ਦਾ ਅਸਲ ਨਾਂ ਐਡਸਨ ਅਰਾਂਟੇਸ ਡੋ ਨਸਾਈਮੈਂਟੋ ਸੀ। ਉਸ ਦੇ ਪਿਉ ਦਾ ਨਾਂ ਡੋਨਡੀਨਓ ਅਤੇ ਮਾਂ ਦਾ ਨਾਂ ਸੈਲੇਸਟਾ ਡੋਨਾ ਸੀ। ਉਹ ਬਹੁਤ ਹੀ ਗਰੀਬ ਪਰਿਵਾਰ ਵਿਚ ਪੈਦਾ ਹੋਇਆ। ਉਸ ਦੀ ਇੱਕ ਛੋਟੀ ਭੈਣ ਅਤੇ ਭਰਾ ਵੀ ਸਨ। ਉਸ ਦਾ ਪਿਉ ਇੱਕ ਵਧੀਆ ਫੁੱਟਬਾਲ ਖਿਡਾਰੀ ਸੀ, ਪਰ ਇਸ ਨਾਲ ਘਰ ਦਾ ਗੁਜ਼ਾਰਾ ਔਖਾ ਹੀ ਚਲਦਾ ਸੀ। ਜਦ ਉਸ ਦੇ ਪਿਉ ਦੇ ਸੱਟ ਲੱਗ ਗਈ ਤਾਂ ਹੋਰ ਵੀ ਮੁਸੀਬਤ ਖੜ੍ਹੀ ਹੋ ਗਈ

**ਪਰਦੀਪ ਠੱਕਰਵਾਲ, ਸੈਨ ਹੋਜ਼ੇ**
**ਫੋਨ: 408-540-4547**

ਅਤੇ ਉਸ ਨੇ ਫੁੱਟਬਾਲ ਖੇਡਣਾ ਛੱਡ ਦਿੱਤਾ।


1944 ਵਿਚ ਪੇਲੇ ਦੇ ਪਿਉ ਨੂੰ ਸਾਓ ਪਾਲੋ ਨੇੜੇ ਬੋਅਰੂ ਸ਼ਹਿਰ ਵਿਚ ਨੌਕਰੀ ਮਿਲ ਗਈ ਅਤੇ ਪਰਿਵਾਰ ਉਥੇ ਹੀ ਜਾ ਕੇ ਰਹਿਣ ਲੱਗਾ। ਇਸ ਨੌਕਰੀ ਨਾਲ ਵੀ ਘਰ ਦੀ ਹਾਲਤ ਵਧੀਆ ਨਾ ਹੋਈ, ਇਸ ਕਰਕੇ ਉਸ ਦੀ ਮਾਂ ਨੂੰ ਵੀ ਲੋਕਾਂ ਦੇ ਘਰਾਂ ਵਿਚ ਜਾ ਕੇ ਕੰਮ ਕਰਨਾ ਪਿਆ। ਪੇਲੇ ਵੀ ਲੋਕਾਂ ਦੇ ਘਰਾਂ, ਸਟੇਡੀਅਮ ਅਤੇ ਟਰੇਨ ਸਟੇਸ਼ਨ 'ਤੇ ਜਾ ਕੇ ਬੂਟ ਪਾਲਿਸ਼ ਕਰਦਾ।

ਪੇਲੇ ਨੇ ਅੱਠ ਸਾਲ ਦੀ ਉਮਰ ਵਿਚ ਸਕੂਲ ਜਾਣਾ ਸ਼ੁਰੂ ਕੀਤਾ, ਪਰ ਪੜ੍ਹਾਈ ਵਿਚ ਉਸ ਦਾ ਮਨ ਨਾ ਲੱਗਾ। ਉਹ ਸ਼ਰਾਰਤੀ ਸੀ ਅਤੇ ਹਮੇਸ਼ਾ ਟੀਚਰਾਂ ਕੋਲੋਂ ਕੁੱਟ ਖਾਂਦਾ। ਉਹ ਆਪਣੇ ਦੋਸਤਾਂ ਨਾਲ ਫੁੱਟਬਾਲ ਖੇਡਦਾ ਰਹਿੰਦਾ, ਭਾਵੇਂ ਉਸ ਦੀ ਮਾਂ ਨੂੰ ਇਹ ਪਸੰਦ ਨਹੀਂ ਸੀ। ਉਹ ਸੋਚਦੀ ਕਿ ਉਸ ਦੇ ਪਿਉ ਨੂੰ ਖੇਡ ਵਿਚ ਨਿਰਾਸ਼ ਹੀ ਹੋਣਾ ਪਿਆ, ਇਸ ਕਰਕੇ ਪੇਲੇ ਨੂੰ ਇਸ ਪਾਸੇ ਨਹੀਂ ਜਾਣਾ ਚਾਹੀਦਾ। ਪਰ ਪੇਲੇ ਨੇ ਆਪਣੇ ਦੋਸਤਾਂ ਨਾਲ ਗਲੀ ਵਿਚ ਫੁੱਟਬਾਲ ਖੇਡਣਾ ਜਾਰੀ ਰੱਖਿਆ। ਉਨ੍ਹਾਂ ਕੋਲ ਫੁੱਟਬਾਲ ਖਰੀਦਣ ਲਈ ਪੈਸੇ ਨਹੀਂ ਸਨ ਹੁੰਦੇ। ਉਹ ਪੁਰਾਣੀ ਜੁਰਾਬ ਵਿਚ ਕੱਪੜੇ ਪਾ ਕੇ ਉਸ ਦਾ ਫੁੱਟਬਾਲ ਬਣਾ ਲਿਆ ਕਰਦੇ। ਉਸ ਦੀ ਮਾਂ ਤੋਂ ਚੋਰੀ ਪੇਲੇ ਦਾ ਪਿਉ ਉਸ ਨੂੰ ਤਕਨੀਕ ਸਿਖਾਉਂਦਾ।

ਪੇਲੇ ਅਤੇ ਉਸ ਦੇ ਸਾਥੀਆਂ ਨੇ ਇੱਕ ਟੀਮ ਬਣਾਉਣ ਦੀ ਸੋਚੀ ਤਾਂ ਪੈਸਿਆਂ ਦੀ ਕਮੀ ਫਿਰ ਆਈ। ਉਨ੍ਹਾਂ ਨੇ ਇੱਕ ਰੇਲਵੇ ਦੀ ਬੋਗੀ ਵਿਚੋਂ ਮੂੰਗਫਲੀ ਚੋਰੀ ਕਰਕੇ ਉਸ ਨੂੰ ਭੁੰਨ ਕੇ ਸਿਨੇਮਾ ਘਰਾਂ ਅੱਗੇ ਵੇਚਿਆ। ਇਨ੍ਹਾਂ ਪੈਸਿਆਂ ਨਾਲ ਉਨ੍ਹਾਂ ਨੇ ਜਰਸੀਆਂ ਲਈਆਂ। ਉਹ ਨੰਗੇ ਪੈਰੀਂ ਖੇਡਦੇ। ਪੇਲੇ ਟੀਮ ਦਾ ਕਪਤਾਨ ਸੀ। ਕਈ ਵਾਰ ਉਨ੍ਹਾਂ ਨੇ ਖਿੜਕੀਆਂ ਦੇ ਸ਼ੀਸ਼ੇ ਵੀ ਤੋੜੇ। ਇਸੇ ਸਮੇਂ ਸਾਥੀ ਉਸ ਨੂੰ 'ਪੇਲੇ' ਦੇ ਨਾਂ ਨਾਲ ਬੁਲਾਉਣ ਲੱਗ ਪਏ। ਇਹ ਨਾਂ ਕਿਸ ਤਰ੍ਹਾਂ ਪਿਆ, ਇਸ ਬਾਰੇ ਕਈ ਤਰ੍ਹਾਂ ਦੇ ਵਿਚਾਰ ਹਨ।

1950 ਵਿਚ ਪੇਲੇ ਨੌਂ ਸਾਲ ਦਾ ਸੀ, ਜਦੋਂ ਫੀਫਾ ਵਰਲਡ ਕੱਪ ਬ੍ਰਾਜ਼ੀਲ ਵਿਚ ਹੋਇਆ। ਫਾਈਨਲ ਮੈਚ ਬ੍ਰਾਜ਼ੀਲ ਅਤੇ ਉਰੂਗਵੇ ਵਿਚਾਲੇ ਸੀ। ਬ੍ਰਾਜ਼ੀਲ ਦੇ ਲੋਕਾਂ ਨੂੰ ਪੂਰੀ ਉਮੀਦ ਸੀ ਕਿ ਇਸ ਵਾਰ ਅਸੀਂ ਇਹ ਕੱਪ ਜਿੱਤ ਲੈਣਾ ਹੈ। ਪੇਲੇ ਦਾ ਪਰਿਵਾਰ ਇਸ ਮੈਚ ਨੂੰ ਰੇਡੀਓ 'ਤੇ ਸੁਣ ਰਿਹਾ ਸੀ। ਬ੍ਰਾਜ਼ੀਲ ਇਹ ਮੈਚ ਹਾਰ ਗਿਆ ਅਤੇ ਚਾਰੇ ਪਾਸੇ ਨਿਰਾਸ਼ਾ ਤੇ ਖਾਮੋਸ਼ੀ ਛਾ ਗਈ। ਸਾਰਾ ਦੇਸ਼ ਉਦਾਸ ਸੀ। ਇਸ ਦਿਨ ਪਹਿਲੀ ਵਾਰ ਪੇਲੇ ਨੇ ਆਪਣੇ ਪਿਉ ਨੂੰ ਰੋਂਦੇ ਹੋਏ ਵੇਖਿਆ। ਉਸ ਨੇ ਉਸ ਨੂੰ ਦਿਲਾਸਾ ਦਿੱਤਾ ਅਤੇ ਕਿਹਾ ਕਿ ਇੱਕ ਦਿਨ ਮੈਂ ਬ੍ਰਾਜ਼ੀਲ ਲਈ ਕੱਪ ਜਿੱਤਾਂਗਾ, ਜੋ ਬਾਅਦ ਵਿਚ ਉਸ ਨੇ ਤਿੰਨ ਵਾਰ ਜਿੱਤਿਆ ਵੀ।

ਸ਼ਹਿਰ ਵਿਚ ਇੱਕ ਟੂਰਨਾਮੈਂਟ ਹੋਇਆ ਤਾਂ ਕਿਸੇ ਦਾਨੀ ਸੱਜਣ ਨੇ ਉਨ੍ਹਾਂ ਨੂੰ ਬੂਟ ਲੈ ਕੇ ਦਿੱਤੇ। ਪੇਲੇ ਆਪਣੀ ਟੀਮ ਦਾ ਕੈਪਟਨ ਸੀ। ਉਨ੍ਹਾਂ ਨੇ ਇਹ ਟੂਰਨਾਮੈਂਟ ਜਿੱਤ ਲਿਆ ਅਤੇ ਪੇਲੇ ਇਸ ਦਾ ਬੈਸਟ ਸਕੋਰਰ ਬਣਿਆ। ਉਸ ਦਾ ਨਾਂ ਸ਼ਹਿਰ ਵਿਚ ਮਸ਼ਹੂਰ ਹੋ ਗਿਆ। 1954 ਵਿਚ ਉਹ ਸ਼ਹਿਰ ਦੀ ਹੀ ਬਕਿਨੀਉ ਕਲੱਬ ਲਈ ਖੇਡਣ ਲੱਗ ਪਿਆ, ਜੋ ਉਸ ਨੂੰ ਥੋੜੇ ਪੈਸੇ ਵੀ ਦੇਣ ਲੱਗ ਪਏ। ਉਸ ਦਾ ਕੋਚ ਵਾਲਡਮਰ ਸੀ, ਜੋ 1934 ਵਿਚ ਬ੍ਰਾਜ਼ੀਲ ਲਈ ਵਰਲਡ ਕੱਪ ਖੇਡ ਚੁਕਾ ਸੀ। ਸੋ, ਕੋਚ ਦੀ ਨਿਗਰਾਨੀ ਵਿਚ ਉਸ ਨੇ ਆਪਣੀ ਖੇਡ ਤਕਨੀਕ ਨੂੰ ਸੁਧਾਰਿਆ ਅਤੇ ਸ਼ਹਿਰ ਦਾ ਉਭਰਦਾ ਖਿਡਾਰੀ ਬਣ ਗਿਆ। ਉਸ ਨੂੰ ਨਿਰਾਸ਼ਾ ਹੋਈ, ਜਦ ਉਸ ਦਾ ਕੋਚ ਛੱਡ ਕੇ ਕਿਸੇ ਹੋਰ ਵੱਡੀ ਕਲੱਬ ਵਿਚ ਚਲਾ ਗਿਆ। ਉਸ ਦੇ ਤਿੰਨ ਸਾਥੀ ਵੀ ਕਿਸੇ ਹੋਰ ਕਲੱਬ ਲਈ ਖੇਡਣ ਲੱਗ ਪਏ। ਪੇਲੇ ਨੂੰ ਵੀ ਵੱਡੀਆਂ ਕਲੱਬਾਂ ਵਲੋਂ ਬੁਲਾਇਆ ਗਿਆ, ਪਰ ਉਸ ਦੇ ਮਾਪੇ ਉਸ ਨੂੰ ਵੱਡੇ ਸ਼ਹਿਰ ਵਿਚ ਇਕੱਲੇ ਨੂੰ ਨਹੀਂ ਸਨ ਭੇਜਣਾ ਚਾਹੁੰਦੇ।



ਇੱਕ ਦਿਨ ਪੇਲੇ ਦਾ ਪੁਰਾਣਾ ਕੋਚ ਵਲਡਮਰ ਉਸ ਦੇ ਮਾਪਿਆਂ ਨੂੰ ਮਿਲ ਕੇ, ਉਨ੍ਹਾਂ ਦੀ ਸਹਿਮਤੀ ਨਾਲ ਉਸ ਨੂੰ ਸੰਤੋਜ਼ ਕਲੱਬ ਲਈ ਟਰਾਈ-ਆਊਟ ਲਈ ਲੈ ਗਿਆ। ਕਲੱਬ ਦੇ ਕੋਚ ਉਸ ਦੀ ਖੇਡ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਉਸ ਨੂੰ ਟੀਮ ਵਿਚ ਸ਼ਾਮਿਲ ਕਰ ਲਿਆ। ਸੰਤੋਜ਼ ਵਿਚ ਖੇਡਣ ਵਾਲੇ ਕਈ ਮਸ਼ਹੂਰ ਖਿਡਾਰੀ ਸਨ ਅਤੇ ਉਨ੍ਹਾਂ ਦੇ ਕੋਚ ਦਾ ਨਾਂ ਲੂਲਾ ਸੀ। ਪੇਲੇ ਨੇ 15 ਸਾਲ ਦੀ ਉਮਰ ਵਿਚ ਹੀ 20 ਸਾਲ ਵਾਲੀ ਟੀਮ ਲਈ ਖੇਡਣਾ ਸ਼ੁਰੂ ਕੀਤਾ। ਉਸ ਦੀ ਖੇਡ ਤੋਂ ਕੋਚ ਇੰਨਾ ਪ੍ਰਭਾਵਿਤ ਹੋਇਆ ਕਿ ਪੇਲੇ ਨੂੰ ਸੀਨੀਅਰ ਟੀਮ ਵਿਚ ਸ਼ਾਮਿਲ ਕਰ ਲਿਆ।

ਪੇਲੇ ਨੇ 7 ਸਤੰਬਰ 1956 ਨੂੰ ਆਪਣੀ ਜ਼ਿੰਦਗੀ ਦਾ ਪਹਿਲਾ ਪੇਸ਼ੇਵਰ ਮੈਚ ਖੇਡਿਆ ਅਤੇ ਉਸ ਵਲੋਂ ਕੀਤੇ ਕੁੱਲ 1281 ਗੋਲਾਂ ਦਾ ਪਹਿਲਾ ਗੋਲ ਵੀ ਇਸੇ ਦਿਨ ਕੀਤਾ। ਸੋਲਾਂ ਸਾਲ ਦੀ ਉਮਰੇ ਉਹ ਪਹਿਲੀ ਵਾਰ ਬ੍ਰਾਜ਼ੀਲ ਦੀ ਟੀਮ ਲਈ ਖੇਡਿਆ ਅਤੇ ਅਰਜਨਟਾਈਨਾ ਵਿਰੁਧ ਗੋਲ ਕੀਤਾ। ਇਹ ਮੈਚ ਮਸ਼ਹੂਰ ਮਾਰਾਕਾਨਾ ਸਟੇਡੀਅਮ ਵਿਚ ਹੋਇਆ ਅਤੇ ਇਸ ਪਿਛੋਂ ਪੇਲੇ ਦੇ ਨਾਂ ਦੀ ਚਰਚਾ ਘਰ-ਘਰ ਹੋਣ ਲੱਗੀ।

1958 ਵਿਚ ਫੀਫਾ ਵਰਲਡ ਕੱਪ ਸਵੀਡਨ ਵਿਚ ਹੋਣਾ ਸੀ ਅਤੇ ਬ੍ਰਾਜ਼ੀਲ ਦੀ ਟੀਮ ਲਈ ਉਸ ਨੂੰ ਸ਼ਾਮਿਲ ਕੀਤਾ ਗਿਆ। ਉਹ ਸਿਰਫ 17 ਸਾਲ ਦਾ ਸੀ। ਭਾਵੇਂ ਜਾਣ ਤੋਂ ਪਹਿਲਾਂ ਉਸ ਦੇ ਸੱਟ ਲੱਗ ਗਈ ਸੀ, ਫਿਰ ਵੀ ਉਸ ਨੂੰ ਟੀਮ ਵਿਚ ਹੀ ਰੱਖਿਆ ਗਿਆ। ਇਹ ਪਹਿਲੀ ਵਾਰ ਸੀ, ਜਦੋਂ ਉਸ ਨੇ ਹਵਾਈ ਜਹਾਜ਼ ਵਿਚ ਸਫਰ ਕੀਤਾ, ਬਾਅਦ ਵਿਚ ਸਾਰੀ ਜ਼ਿੰਦਗੀ ਉਹ ਜਹਾਜ਼ਾਂ ਦੇ ਸਫਰ ਦਾ ਅਨੰਦ ਮਾਣਦਾ ਰਿਹਾ। ਸੱਟ ਲਗਣ ਕਰਕੇ ਉਹ ਪਹਿਲੇ ਦੋ ਮੈਚ ਖੇਡ ਨਾ ਸਕਿਆ। ਸੈਮੀ ਫਾਈਨਲ ਵਿਚ ਬ੍ਰਾਜ਼ੀਲ ਦਾ ਮੁਕਾਬਲਾ ਫਰਾਂਸ ਦੀ ਤਕੜੀ ਟੀਮ ਨਾਲ ਸੀ। ਉਨ੍ਹਾਂ ਦੇ 'ਜਸਟ ਫਾਊਂਟੇਨ' ਨਾਂ ਦੇ ਖਿਡਾਰੀ ਨੇ ਇਸ ਟੂਰਨਾਮੈਂਟ ਵਿਚ 13 ਗੋਲ ਕੀਤੇ, ਜੋ ਅੱਜ ਵੀ (ਇੱਕ ਵਰਲਡ ਕੱਪ ਵਿਚ) ਰਿਕਾਰਡ ਹੈ। ਬ੍ਰਾਜ਼ੀਲ ਨੇ ਇਹ ਮੈਚ 5-2 ਦੇ ਅੰਕ ਨਾਲ ਜਿੱਤ ਲਿਆ ਅਤੇ ਪੇਲੇ ਨੇ ਇਸ ਵਿਚ ਤਿੰਨ ਗੋਲ ਕਰਕੇ ਹੈਟ੍ਰਿਕ ਬਣਾਇਆ। 29 ਜੂਨ 1958 ਨੂੰ ਬ੍ਰਾਜ਼ੀਲ ਦਾ ਫਾਈਨਲ ਮੈਚ ਮੇਜ਼ਬਾਨ ਸਵੀਡਨ ਨਾਲ ਸੀ। ਬ੍ਰਾਜ਼ੀਲ ਇਸ ਮੈਚ ਨੂੰ 5-2 ਨਾਲ ਜਿੱਤ ਕੇ ਪਹਿਲੀ ਵਰਲਡ ਚੈਂਪੀਅਨ ਬਣ ਗਿਆ। ਪੇਲੇ ਫਾਈਨਲ ਵਿਚ ਗੋਲ ਕਰਨ ਵਾਲਾ ਪਹਿਲਾ 17 ਸਾਲਾ ਖਿਡਾਰੀ ਬਣਿਆ। ਉਸ ਨੇ ਇਸ ਟੂਰਨਾਮੈਂਟ ਵਿਚ ਕੁੱਲ ਛੇ ਗੋਲ ਕੀਤੇ।

ਜਦੋਂ ਪੇਲੇ ਵਰਲਡ ਕੱਪ ਜਿੱਤ ਕੇ ਵਾਪਸ ਆਇਆ ਤਾਂ ਸਾਰੇ ਪਾਸੇ ਉਸ ਦਾ ਸਨਮਾਨ ਕੀਤਾ ਗਿਆ। ਉਹ ਬ੍ਰਾਜ਼ੀਲ ਦਾ ਹੀਰੋ ਬਣ ਗਿਆ ਅਤੇ ਲੋਕ ਉਸ ਦੇ ਦੀਵਾਨੇ ਹੋ ਗਏ। ਉਸ ਨੇ ਆਪਣੀ ਕਲੱਬ ਸੰਤੋਜ਼ ਲਈ ਫਿਰ ਤੋਂ ਖੇਡਣਾ ਸ਼ੁਰੂ ਕੀਤਾ ਤਾਂ ਇੱਕ ਹੋਰ ਮੁਸੀਬਤ ਆਣ ਖੜ੍ਹੀ ਹੋਈ। ਪੇਲੇ ਹੁਣ 18 ਸਾਲ ਦਾ ਹੋ ਗਿਆ ਸੀ ਅਤੇ ਦੇਸ਼ ਦੇ ਕਾਨੂੰਨ ਮੁਤਾਬਕ ਹਰ 18 ਸਾਲ ਦੇ ਲੜਕੇ ਨੂੰ ਮਿਲਟਰੀ ਟਰੇਨਿੰਗ ਕਰਨੀ ਜ਼ਰੂਰੀ ਸੀ। ਪੇਲੇ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਮੈਂ ਵਰਲਡ ਕੱਪ ਜਿੱਤ ਕੇ ਦੇਸ਼ ਦੀ ਸੇਵਾ ਕਰ ਚੁਕਾ ਹਾਂ, ਪਰ ਉਸ ਦੀ ਇਹ ਦਲੀਲ ਨਾ ਮੰਨੀ ਗਈ। ਇਸ ਕਰਕੇ 1959 ਵਾਲਾ ਸਾਲ ਉਸ ਲਈ ਰੁਝਾਨ ਵਾਲਾ ਸੀ। ਉਹ ਮਿਲਟਰੀ ਦੀ ਟਰੇਨਿੰਗ ਦੇ ਨਾਲ-ਨਾਲ ਉਨ੍ਹਾਂ ਲਈ ਫੁੱਟਬਾਲ ਵੀ ਖੇਡਦਾ ਸੀ। ਇਸ ਦੇ ਨਾਲ ਸੰਤੋਜ਼ ਕਲੱਬ ਅਤੇ ਬ੍ਰਾਜ਼ੀਲ ਲਈ ਵੀ ਖੇਡਦਾ ਸੀ।

1962 ਦਾ ਵਰਲਡ ਕੱਪ ਚਿੱਲੀ ਵਿਚ ਹੋਣਾ ਸੀ ਅਤੇ ਇੱਕ ਵਾਰ ਫਿਰ ਬ੍ਰਾਜ਼ੀਲ ਦੀ ਟੀਮ ਵਰਲਡ ਕੱਪ ਜਿੱਤਣ ਦੀ ਦਾਅਵੇਦਾਰ ਸੀ। ਪੇਲੇ ਦੀ ਬਦਕਿਸਮਤੀ ਕਿ ਗਰੁਪ ਸਟੇਜ ਵਿਚ ਹੀ ਉਸ ਦੇ ਸੱਟ ਲੱਗ ਗਈ। ਵਿਰੋਧੀ ਟੀਮਾਂ ਦੇ ਖਿਡਾਰੀ ਉਸ ਤੋਂ ਡਰਦੇ ਸਨ, ਇਸ ਕਰਕੇ ਉਹ ਉਸ ਨੂੰ ਜ਼ਖਮੀ ਕਰਨ ਦਾ ਯਤਨ ਕਰਦੇ। ਇਸ ਟੂਰਨਾਮੈਂਟ ਵਿਚ ਪੇਲੇ ਸਿਰਫ ਇੱਕ ਹੀ ਗੋਲ ਕਰ ਸਕਿਆ, ਪਰ ਉਸ ਦੇ ਸਾਥੀ ਅਤੇ ਮਿੱਤਰ ਗਰਿਚਾਂ ਨੇ ਖ਼ੂਬਸੂਰਤ ਖੇਡ ਦਾ ਪ੍ਰਦਰਸ਼ਨ ਕਰਕੇ, ਬ੍ਰਾਜ਼ੀਲ ਨੂੰ ਫਿਰ ਚੈਂਪੀਅਨ ਬਣਾ ਦਿੱਤਾ। ਬ੍ਰਾਜ਼ੀਲ ਨੇ ਚੈਕੋਸਲੋਵਾਕੀਆ ਨੂੰ 3-1 ਦੇ ਫਰਕ ਨਾਲ ਜਿੱਤ ਲਿਆ। ਇਸ ਨਾਲ ਪੇਲੇ ਹੁਣ ਦੋ ਵਾਰ ਚੈਂਪੀਅਨ ਬਣ ਗਿਆ ਸੀ। ਉਹ ਆਪਣੀ ਕਲੱਬ ਸੰਤੋਜ਼ ਲਈ ਖੇਡਦਾ ਰਿਹਾ ਅਤੇ ਬਹੁਤ ਗੋਲ ਕਰਦਾ ਰਿਹਾ। ਯੂਰਪ ਦੀਆਂ ਕਲੱਬਾਂ ਦੀ ਦਿਲਚਸਪੀ ਉਸ ਨੂੰ ਖਰੀਦਣ ਲਈ ਵਧਣ ਲੱਗੀ। ਬ੍ਰਾਜ਼ੀਲ ਵਾਲੇ ਨਹੀਂ ਸਨ ਚਾਹੁੰਦੇ ਕਿ ਪੇਲੇ ਕਿਸੇ ਹੋਰ ਦੇਸ਼ ਵਿਚ ਜਾ ਕੇ ਖੇਡੇ। ਕਿਹਾ ਜਾਂਦਾ ਹੈ ਕਿ ਬ੍ਰਾਜ਼ੀਲ ਦੀ ਸਰਕਾਰ ਨੇ ਉਸ ਨੂੰ 'ਦੇਸ਼ ਦਾ ਨਾ ਵੇਚੇ ਜਾਣ ਵਾਲਾ ਖਜਾਨਾ' ਘੋਸ਼ਿਤ ਕਰ ਦਿੱਤਾ ਸੀ।

1966 ਵਿਚ ਪੇਲੇ ਨੇ ਆਪਣੀ ਗਰਲ ਫਰੈਂਡ ਰੋਜ਼ ਮੈਰੀ ਨਾਲ ਸ਼ਾਦੀ ਕਰ ਲਈ, ਜੋ ਗੋਰੀ ਨਸਲ ਦੀ ਸੀ। ਇਸ ਸਾਲ ਹੀ ਵਰਲਡ ਕੱਪ ਇੰਗਲੈਂਡ ਵਿਚ ਹੋਣਾ ਸੀ। ਪੇਲੇ ਟੀਮ ਦੀ ਚੋਣ ਤੋਂ ਖ਼ੁਸ਼ ਨਹੀਂ ਸੀ, ਕਿਉਂਕਿ ਪਿਛਲੇ ਕਈ ਜੇਤੂ ਖਿਡਾਰੀ ਟੀਮ ਵਿਚੋਂ ਬਾਹਰ ਕਰਕੇ ਡਿਕਟੇਟਰ ਸਰਕਾਰ ਨੇ ਨਵੇਂ ਖਿਡਾਰੀ ਸ਼ਾਮਿਲ ਕਰ ਲਏ ਸਨ। ਟੀਮ ਦਾ ਮਨੋਬਲ ਡਿੱਗਾ ਹੋਇਆ ਸੀ। ਪਹਿਲੇ ਹੀ ਮੈਚ ਵਿਚ ਬੁਲਗਾਰੀਆ ਸਿਰ ਪੇਲੇ ਨੇ ਗੋਲ ਕੀਤਾ ਅਤੇ ਮੈਚ ਵੀ ਜਿੱਤ ਲਿਆ, ਪਰ ਉਸ ਦੇ ਸੱਟ ਲੱਗ ਗਈ। ਪੁਰਤਗਾਲ ਨਾਲ ਮੈਚ ਵਿਚ ਉਸ ਨੂੰ ਵਾਰ-ਵਾਰ ਸੱਟਾਂ ਮਾਰ ਕੇ ਜ਼ਖਮੀ ਕੀਤਾ ਗਿਆ। ਉਸ ਸਮੇਂ ਰੈਫਰੀ ਅਤੇ ਨਿਯਮ ਸਖਤ ਨਾ ਹੋਣ ਕਰਕੇ ਪੇਲੇ ਨੂੰ ਬਹੁਤ ਵਾਰ ਸੱਟਾਂ ਮਾਰ ਕੇ ਧਰਤੀ 'ਤੇ ਸੁਟਿਆ ਗਿਆ। ਇੱਕ ਹੋਰ ਗੱਲ ਇਹ ਵੀ ਸੀ ਕਿ ਉਹ ਜ਼ਖਮੀ ਹੋਣ ਦੇ ਬਾਵਜੂਦ ਬਾਹਰ ਨਹੀਂ ਸੀ ਆ ਸਕਦਾ, ਕਿਉਂਕਿ ਉਸ ਸਮੇਂ ਖਿਡਾਰੀ ਬਦਲਣ ਦਾ ਨਿਯਮ ਲਾਗੂ ਨਹੀਂ ਸੀ ਹੋਇਆ। ਇਸ ਪਿਛੋਂ ਫੀਫਾ ਨੇ ਆਪਣੇ ਨਿਯਮਾਂ ਵਿਚ ਸੁਧਾਰ ਕਰਕੇ ਖੇਡ ਨੂੰ ਸੁਰੱਖਿਅਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਬ੍ਰਾਜ਼ੀਲ ਅਤੇ ਪੇਲੇ ਇਸ ਟੂਰਨਾਮੈਂਟ ਵਿਚੋਂ ਬਾਹਰ ਹੋ ਗਏ ਤੇ ਇੰਗਲੈਂਡ ਚੈਂਪੀਅਨ ਬਣ ਗਿਆ।

1970 ਵਿਚ ਵਰਲਡ ਕੱਪ ਮੈਕਸੀਕੋ ਵਿਚ ਹੋਣਾ ਸੀ ਅਤੇ ਬ੍ਰਾਜ਼ੀਲ 1966 ਦੀ ਨਮੋਸ਼ੀ ਪਿਛੋਂ ਇੱਕ ਵਾਰ ਫਿਰ ਤਿਆਰ ਸੀ। ਕਈ ਨਵੇਂ ਖਿਡਾਰੀਆਂ ਨਾਲ ਪੇਲੇ ਦੀ ਟੀਮ ਬਹੁਤ ਉਤਸ਼ਾਹਿਤ ਸੀ। ਪੇਲੇ ਦਾ ਪੁਰਾਣਾ ਸਾਥੀ ਅਤੇ ਦੋਸਤ 'ਮਾਰੀਓ ਜ਼ਗਾਲੋ' ਟੀਮ ਦਾ ਕੋਚ ਸੀ, ਜੋ ਉਸ ਨਾਲ 1958 ਅਤੇ 1962 ਵਿਚ ਕੱਪ ਜਿੱਤ ਚੁਕਾ ਸੀ। ਇਸ ਟੂਰਨਾਮੈਂਟ ਵਿਚ ਪੇਲੇ ਨੇ ਸਾਰੇ ਹੀ ਮੈਚ ਖੇਡੇ ਅਤੇ ਚਾਰ ਗੋਲ ਵੀ ਕੀਤੇ। ਬ੍ਰਾਜ਼ੀਲ ਨੇ ਫਾਈਨਲ ਵਿਚ ਇਟਲੀ 'ਤੇ 4-1 ਜਿੱਤ ਪ੍ਰਾਪਤ ਕਰਕੇ, ਇਸ ਕੱਪ ਨੂੰ ਤੀਜੀ ਵਾਰ ਜਿੱਤ ਲਿਆ। ਪੇਲੇ ਤਿੰਨ ਵਾਰ ਵਰਲਡ ਕੱਪ ਜਿੱਤਣ ਵਾਲਾ ਪਹਿਲਾ ਅਤੇ ਇੱਕੋ-ਇੱਕ ਖਿਡਾਰੀ ਬਣ ਗਿਆ, ਜੋ ਅੱਜ ਵੀ ਕਾਇਮ ਹੈ।

1970 ਦੇ ਵਰਲਡ ਕੱਪ ਪਿਛੋਂ ਪੇਲੇ ਨੇ ਬ੍ਰਾਜ਼ੀਲ ਦੀ ਟੀਮ ਤੋਂ ਤਿਆਗ ਲੈਣ ਲਈ ਆਪਣਾ ਮਨ ਬਣਾ ਲਿਆ ਸੀ। ਉਹ ਦੁਨੀਆਂ ਦਾ ਮਹਾਨ ਫੁੱਟਬਾਲਰ ਬਣ ਚੁਕਾ ਸੀ, ਤਿੰਨ ਵਾਰ ਵਰਲਡ ਕੱਪ ਦਾ ਚੈਂਪੀਅਨ ਸੀ। ਉਹ ਮੈਚ ਖੇਡ-ਖੇਡ ਕੇ ਥੋੜ੍ਹਾ ਥੱਕ ਵੀ ਗਿਆ ਸੀ। ਉਂਜ ਵੀ ਉਸ ਨੂੰ ਕੁਝ ਹੋਰ ਸਾਬਿਤ ਕਰਨ ਦੀ ਲੋੜ ਨਹੀਂ ਸੀ। 18 ਜੁਲਾਈ 1971 ਨੂੰ ਉਸ ਨੇ ਬ੍ਰਾਜ਼ੀਲ ਲਈ ਆਪਣੀ ਜ਼ਿੰਦਗੀ ਦਾ ਆਖਰੀ ਮੈਚ ਯੂਗੋਸਲਾਵੀਆ ਨਾਲ ਖੇਡਿਆ। ਮਾਰਾਕਾਨਾ ਸਟੇਡੀਅਮ ਵਿਚ ਖੇਡੇ ਗਏ, ਇਸ ਮੈਚ ਨੂੰ ਅਤੇ ਆਪਣੇ ਮਹਿਬੂਬ ਫੁੱਟਬਾਲਰ ਨੂੰ ਵੇਖਣ ਲਈ 180,000 ਲੋਕਾਂ ਦਾ ਪਹੁੰਚਣਾ ਆਪਣੇ ਆਪ ਵਿਚ ਇੱਕ ਮਿਸਾਲ ਹੈ। ਉਦੋਂ ਉਹ ਸਿਰਫ ਤੀਹ ਸਾਲ ਦਾ ਸੀ। ਉਹ ਕੁਝ ਹੋਰ ਸਾਲ ਆਪਣੀ ਕਲੱਬ ਸੰਤੋਜ਼ ਲਈ ਖੇਡਿਆ ਅਤੇ ਕਈ ਜਿੱਤਾਂ ਪ੍ਰਾਪਤ ਕੀਤੀਆਂ। ਸੰਤੋਜ਼ ਨੇ ਪੇਲੇ ਨੂੰ ਅਮੀਰ ਬਣਾਇਆ ਅਤੇ ਆਪ ਵੀ ਉਸ ਦੇ ਨਾਂ 'ਤੇ ਬਹੁਤ ਪੈਸੇ ਕਮਾਏ। 2 ਅਕਤੂਬਰ 1974 ਨੂੰ ਉਸ ਨੇ ਆਪਣੀ ਪਿਆਰੀ ਕਲੱਬ ਸੰਤੋਜ਼ ਨੂੰ ਵੀ ਅਲਵਿਦਾ ਆਖ ਦਿੱਤੀ।

ਪੇਲੇ ਨੇ ਬ੍ਰਾਜ਼ੀਲ ਅਤੇ ਸੰਤੋਜ਼ ਤੋਂ ਤਾਂ ਅਲਵਿਦਾ ਲੈ ਲਈ ਸੀ, ਪਰ ਫੁੱਟਬਾਲ ਤੋਂ ਅਜੇ ਸਨਿਆਸ ਨਹੀਂ ਸੀ ਲਿਆ। 11 ਜੂਨ 1975 ਨੂੰ ਉਸ ਨੇ ਅਮਰੀਕਾ ਦੀ ਕਲੱਬ ਨਿਊ ਯਾਰਕ ਕਾਸਮੋਸ ਲਈ ਖੇਡਣਾ ਸ਼ੁਰੂ ਕੀਤਾ। ਇਹ ਫੈਸਲਾ ਖੇਡ ਦੇ ਨਾਲ-ਨਾਲ ਪੈਸਾ ਕਮਾਉਣ ਦਾ ਵੀ ਸੀ। ਇਸ ਕਲੱਬ ਨੇ ਦੁਨੀਆਂ ਭਰ ਵਿਚ ਪੇਲੇ ਦੇ ਨਾਂ 'ਤੇ ਮੈਚ ਖੇਡ ਕੇ ਪੈਸੇ ਕਮਾਏ। ਇਸੇ ਸਮੇਂ ਪੇਲੇ ਇੰਡੀਆ ਵੀ ਗਿਆ ਅਤੇ ਕਲਕੱਤੇ ਦੀ ਮੋਹਨ ਬਾਗਾਨ ਟੀਮ ਨਾਲ ਖੇਡਿਆ, ਪਰ ਹੁਣ ਪੇਲੇ ਪੂਰੀ ਤਰ੍ਹਾਂ ਨਾਲ ਥੱਕ ਗਿਆ ਸੀ। ਉਸ ਨੇ ਕਾਸਮੋਸ ਲਈ 111 ਮੈਚ ਖੇਡੇ ਤੇ 65 ਗੋਲ ਕੀਤੇ। ਉਸ ਨੇ ਆਪਣੀ ਜ਼ਿੰਦਗੀ ਦਾ ਆਖਰੀ ਪੇਸ਼ੇਵਰ ਮੈਚ 10 ਅਕਤੂਬਰ 1977 ਨੂੰ ਨਿਊ ਯਾਰਕ ਦੇ ਜੈਟਸ ਸਟੇਡੀਅਮ ਵਿਚ ਖੇਡਿਆ। ਉਸ ਸਮੇਂ 75,000 ਲੋਕ ਇਸ ਮਹਾਨ ਫੁੱਟਬਾਲਰ ਨੂੰ ਵਿਦਾਇਗੀ ਦੇਣ ਲਈ ਆਏ।

ਪੇਲੇ ਆਪਣੇ ਆਖਰੀ ਮੈਚ ਦਾ ਅੱਧਾ ਸਮਾਂ ਕਾਸਮੋਸ ਲਈ ਅਤੇ ਅੱਧਾ ਸਮਾਂ ਆਪਣੀ ਮਾਂ ਵਰਗੀ ਪਿਆਰੀ ਤੇ ਸਤਿਕਾਰੀ ਕਲੱਬ ਸੰਤੋਜ਼ ਲਈ ਖੇਡਿਆ। ਆਪਣੇ ਇਸ ਆਖਰੀ ਮੈਚ ਵਿਚ ਵੀ ਉਸ ਨੇ ਗੋਲ ਕੀਤਾ ਅਤੇ ਕਿੰਗ ਪੇਲੇ ਅਲਵਿਦਾ ਆਖ ਕੇ ਚਲਾ ਗਿਆ।

ਪੇਲੇ ਬਾਰੇ ਬਹੁਤ ਕਹਾਣੀਆਂ ਹਨ। ਉਸ ਬਾਰੇ ਫਿਲਮਾਂ ਵੀ ਬਣੀਆਂ ਅਤੇ ਕਿਤਾਬਾਂ ਵੀ ਲਿਖੀਆਂ ਗਈਆਂ, ਇਸ ਲਈ ਉਸ ਦੀਆਂ ਪ੍ਰਾਪਤੀਆਂ ਨੂੰ ਥੋੜ੍ਹੇ ਜਿਹੇ ਸ਼ਬਦਾਂ ਵਿਚ ਬਿਆਨ ਕਰਨਾ ਮੁਸ਼ਕਿਲ ਹੈ, ਪਰ ਕਈਆਂ ਦਾ ਜ਼ਿਕਰ ਕਰਨਾ ਜ਼ਰੂਰੀ ਬਣਦਾ ਹੈ। ਰੋਮ ਵਿਚ 11 ਦਸੰਬਰ 2000 ਨੂੰ ਪੇਲੇ ਅਤੇ ਮਾਰਾਡੋਨਾ ਨੂੰ 20ਵੀਂ ਸਦੀ ਦੇ ਮਹਾਨ ਫੁੱਟਬਾਲਰ ਐਲਾਨਿਆ ਗਿਆ। ਮਾਰਾਡੋਨਾ ਇੰਟਰਨੈਟ ਵੋਟਾਂ ਨਾਲ ਜੇਤੂ ਸੀ ਅਤੇ ਪੇਲੇ ਫੀਫਾ ਅਧਿਕਾਰੀ, ਪੱਤਰਕਾਰ ਅਤੇ ਕੋਚਾਂ ਰਾਹੀਂ ਜੇਤੂ ਐਲਾਨਿਆ ਗਿਆ ਸੀ। (ਇਹ ਗੱਲ ਸਾਫ ਹੈ ਕਿ ਪੇਲੇ ਦੇ ਸਮੇਂ ਟੈਲੀਵਿਜ਼ਨ ਨਾਂਮਾਤਰ ਹੀ ਸਨ) ਇਸ ਸਾਲ ਹੀ ਇੰਟਰਨੈਸ਼ਨਲ ਓਲੰਪਿਕ ਕਮੇਟੀ ਨੇ ਪੇਲੇ ਨੂੰ ਸਦੀ ਦਾ ਮਹਾਨ ਅਥਲੀਟ ਐਲਾਨਿਆ। (ਭਾਵੇਂ ਪੇਸ਼ੇਵਰ ਖਿਡਾਰੀ ਹੋਣ ਕਰਕੇ ਓਲੰਪਿਕ ਵਿਚ ਉਸ ਨੇ ਕਦੀ ਵੀ ਹਿੱਸਾ ਨਹੀਂ ਲਿਆ)। ਉਸ ਨੇ ਆਪਣੀ ਪੇਸ਼ੇਵਰ ਖਿਡਾਰੀ ਦੀ ਜ਼ਿੰਦਗੀ ਵਿਚ 1363 ਮੈਚ ਖੇਡ ਕੇ 1281 ਗੋਲ ਕੀਤੇ, ਜੋ ਅੱਜ ਦੇ ਮਸ਼ਹੂਰ ਫੁੱਟਬਾਲਰ ਰੋਨਾਲਡੋ ਅਤੇ ਮੈਸੀ ਦੋਨਾਂ ਤੋਂ ਵੱਧ ਹਨ। ਉਹ ਇੱਕੋ-ਇੱਕ ਖਿਡਾਰੀ ਹੈ, ਜੋ ਤਿੰਨ ਵਾਰ ਫੀਫਾ ਵਰਲਡ ਕੱਪ ਜਿਤਿਆ। ਉਸ ਨੇ ਵਰਲਡ ਕੱਪ ਵਿਚ ਕੁੱਲ ਬਾਰਾਂ ਗੋਲ ਕੀਤੇ।

27 ਸਤੰਬਰ 1977 ਨੂੰ ਯੂ. ਐਨ. ਓ. ਨੇ ਉਸ ਨੂੰ ਸਿਟੀਜ਼ਨ ਆਫ ਦਾ ਵਰਲਡ ਐਲਾਨਿਆ। ਉਹ ਪੋਪ ਜੌਨ ਪਾਲ ਛੇਵੇਂ, ਇੰਗਲੈਂਡ ਦੀ ਰਾਣੀ ਅਤੇ ਨੈਲਸਨ ਮੰਡੇਲਾ ਨੂੰ ਮਿਲਿਆ। ਅਮਰੀਕਾ ਦੇ ਪ੍ਰੈਜ਼ੀਡੈਂਟ ਰੀਗਨ ਨੇ ਵ੍ਹਾਈਟ ਹਾਊਸ ਵਿਚ ਉਸ ਦੀ ਜਾਣ-ਪਛਾਣ ਇਸ ਤਰ੍ਹਾਂ ਕਰਾਈ ਸੀ, "ਮੈਂ ਅਮਰੀਕਾ ਦਾ ਪ੍ਰੈਜ਼ੀਡੈਂਟ ਰੋਨਾਲਡ ਰੀਗਨ ਹਾਂ, ਪਰ ਸਾਰੇ ਜਾਣਦੇ ਹਨ ਇਹ ਪੇਲੇ ਹੈ।" ਉਹ ਨਾਈਜੀਰੀਆ ਖੇਡਣ ਲਈ ਗਿਆ ਤਾਂ ਘਰੇਲੂ ਚਲਦੀ ਜੰਗ ਨੂੰ 48 ਘੰਟੇ ਲਈ ਬੰਦ ਕਰ ਦਿੱਤਾ ਗਿਆ ਤਾਂ ਜੋ ਲੋਕ ਪੇਲੇ ਨੂੰ ਵੇਖ ਲੈਣ। ਇਸ ਤਰ੍ਹਾਂ ਦੀਆਂ ਅਨੇਕਾਂ ਕਹਾਣੀਆਂ ਹਨ, ਜੋ ਉਸ ਪ੍ਰਤੀ ਲੋਕਾਂ ਦਾ ਸਤਿਕਾਰ ਜਾਹਰ ਕਰਦੀਆਂ ਹਨ। ਪੇਲੇ ਦੇ ਚਰਿਤਰ ਬਾਰੇ ਉਸ ਦਾ ਅਕਸ ਵਧੀਆ ਨਹੀਂ ਰਿਹਾ। ਉਸ ਨੇ ਤਿੰਨ ਵਾਰ ਸ਼ਾਦੀ ਕੀਤੀ ਅਤੇ ਉਸ ਦੇ ਸੱਤ ਬੱਚੇ ਹਨ ਅਤੇ ਇਨ੍ਹਾਂ ਵਿਚੋਂ ਦੋ ਨਾਜਾਇਜ਼ ਸਬੰਧਾਂ ਨਾਲ ਹਨ। ਇਨ੍ਹਾਂ ਵਿਚੋਂ ਇੱਕ ਕੁੜੀ ਉਸ ਦੇ ਘਰ ਕੰਮ ਕਰਨ ਵਾਲੀ ਨੌਕਰਾਣੀ ਤੋਂ ਵੀ ਹੈ। ਆਪਣੀ ਨਿੱਜੀ ਜ਼ਿੰਦਗੀ ਬਾਰੇ ਪੇਲੇ ਨੇ ਆਪਣੀ ਆਟੋਬਾਇਓਗਰਾਫੀ ਵਿਚ ਵੀ ਜ਼ਿਕਰ ਕੀਤਾ ਹੈ।



ਪੇਲੇ ਦੀ ਨਿੱਜੀ ਜ਼ਿੰਦਗੀ ਨੂੰ ਇੱਕ ਪਾਸੇ ਕਰਕੇ ਵੇਖੀਏ ਤਾਂ ਫੁੱਟਬਾਲਰ ਦੇ ਤੌਰ 'ਤੇ ਉਸ ਦੀ ਮਹਾਨਤਾ ਸਿਖਰਾਂ 'ਤੇ ਹੈ। ਉਸ ਨੇ ਸੰਨ 1977 ਵਿਚ ਇਸ ਖੇਡ ਤੋਂ ਸਨਿਆਸ ਲੈ ਲਿਆ ਸੀ, ਪਰ ਉਸ ਦੀ ਲੋਕ-ਪ੍ਰਿਅਤਾ ਅਜੇ ਵੀ ਕਾਇਮ ਹੈ। ਫੀਫਾ ਦੇ ਨਾਲ ਖੇਡ ਸੰਸਾਰ ਵੀ ਉਸ ਦਾ ਸਤਿਕਾਰ ਕਰਦਾ ਹੈ। ਜੇ ਕਿੰਗ ਪੇਲੇ, ਕਿੰਗ ਆਫ ਸੌਕਰ, ਕਿੰਗ ਆਫ ਫੁੱਟਬਾਲ ਅਤੇ ਕਾਲਾ-ਮੋਤੀ ਬਾਰੇ ਗੱਲ ਹੋਵੇ ਤਾਂ ਸਭ ਨੂੰ ਪਤਾ ਹੈ ਕਿ ਇਹ ਮਹਾਨ ਪੇਲੇ ਦੇ ਹੀ ਸਨਮਾਨਿਤ ਸਤਿਕਾਰ ਵਾਲੇ ਨਾਂ ਹਨ, ਜਿਨ੍ਹਾਂ ਨੂੰ ਦੁਨੀਆਂ ਸਿਜਦਾ ਕਰਦੀ ਹੈ।

# 1857 ਦੇ ਗਦਰ ਦਾ ਪੰਜਾਬੀ ਨਾਇਕ ਅਹਿਮਦ ਖਾਂ ਖਰਲ

*1857 ਵਾਲਾ ਗਦਰ ਅੰਗਰੇਜ਼ਾਂ ਦੀ ਈਸਟ ਇੰਡੀਆ ਕੰਪਨੀ ਖਿਲਾਫ ਪਹਿਲੀ ਵੱਡੀ ਬਗਾਵਤ ਸੀ, ਜੋ 10 ਮਈ 1857 ਨੂੰ ਮੇਰਠ ਦੀ ਫੌਜੀ ਕੰਪਨੀ ਦੇ ਸਿਪਾਹੀਆਂ ਵਲੋਂ ਫੌਜ ਦੇ ਹੁਕਮ ਮੰਨਣ ਤੋਂ ਨਾਂਹ ਕਰਨ ਨਾਲ ਸ਼ੁਰੂ ਹੋਈ। ਇਸ ਬਗਾਵਤ ਦੌਰਾਨ 29 ਵਰ੍ਹਿਆਂ ਦੇ ਨੌਜਵਾਨ ਮੰਗਲ ਪਾਂਡੇ ਦਾ ਨਾਂ ਉਭਰ ਕੇ ਆਇਆ। ਇਸ ਤੋਂ ਪਹਿਲਾਂ ਵੀ ਭਾਵੇਂ ਕੁਝ ਥਾਈਂ ਅੰਗਰੇਜ਼ਾਂ ਨਾਲ ਦਸਤਪੰਜੇ ਦੀਆਂ ਵਿਕੋਲਿਤਰੀਆਂ ਖਬਰਾਂ ਆਈਆਂ ਪਰ ਇਸ ਬਗਾਵਤ ਨੇ ਹਿੰਦੋਸਤਾਨੀ ਆਵਾਮ 'ਤੇ ਵੱਡ ਅਸਰ ਪਾਇਆ ਅਤੇ ਇਹ ਗੱਲ ਲੋਕ ਮਨਾਂ ਅੰਦਰ ਡੂੰਘੀ ਉਤਰ ਗਈ ਕਿ ਤਾਕਤਵਰ ਅੰਗਰੇਜ਼ ਹਾਕਮਾਂ ਨੂੰ ਵੰਗਾਰਿਆ ਜਾ ਸਕਦਾ ਹੈ। ਇਸ ਗਦਰ ਦੀ ਗੂੰਜ ਪੰਜਾਬ ਵਿਚ ਵੀ ਸੁਣਾਈ ਦਿੱਤੀ। ਰੋਪੜ ਵਿਚ ਮਿਹਰ ਸਿੰਘ ਦੀ ਅਗਵਾਈ ਹੇਠ ਹੋਈ ਬਗਾਵਤ ਵਿਚ ਮੁਗਲ-ਖਾਲਸਾ ਸਰਕਾਰ ਦੀ ਸਥਾਪਨਾ ਕੀਤੀ ਗਈ। ਜੈਤੋ ਵਿਚ ਸ਼ਾਮ ਦਾਸ ਦੀ ਅਗਵਾਈ ਵਿਚ ਬਗਾਵਤ ਹੋਈ ਪਰ ਸਭ ਤੋਂ ਵੱਡੀ ਬਗਾਵਤ ਅਹਿਮਦ ਖਾਂ ਖਰਲ ਦੀ ਅਗਵਾਈ ਵਿਚ ਸਾਂਦਲ ਬਾਰ ਵਿਚ ਹੋਈ।*

ਪੰਜਾਬ ਦੀਆਂ ਵੱਖ-ਵੱਖ ਬਾਰਾਂ, ਅਣਵੰਡੇ ਪੰਜਾਬ ਦੇ ਉਹ ਪੱਛਮੀ ਇਲਾਕੇ ਸਨ ਜਿਥੇ ਪਿਛਲੀਆਂ ਸਦੀਆਂ ਵਿਚ ਵਾਹੀ-ਬੀਜੀ ਨਹੀਂ ਹੁੰਦੀ ਸੀ। ਇਥੋਂ ਦੇ ਵਾਸੀ ਦੁੱਧ ਦੇਣ ਵਾਲੇ ਪਸ਼ੂ ਮੱਝਾਂ, ਗਊਆਂ ਤੇ ਭੇਡਾਂ ਬੱਕਰੀਆਂ ਪਾਲਦੇ ਸਨ। ਦੁੱਧ ਅਤੇ ਘੀ ਆਮ ਹੋਣ ਕਰਕੇ ਗੱਭਰੂ ਸਜੀਲੇ ਅਤੇ ਅਣਖੀਲੇ ਹੁੰਦੇ ਸਨ। 'ਲੋਕ ਤਵਾਰੀਖ' ਦਾ ਲੇਖਕ ਜਿਹੜੀਆਂ ਬਾਰਾਂ ਦਾ ਜ਼ਿਕਰ ਕਰਦਾ ਹੈ, ਉਨ੍ਹਾਂ ਵਿਚ ਸਾਂਦਲ ਦੀ ਬਾਰ, ਕੇਰਾਨਾ ਦੀ ਬਾਰ, ਗੰਜੀ ਬਾਰ, ਨੀਲੀ ਬਾਰ, ਬਿਆਸ ਬਾਰ, ਰਾਵੀ ਬਾਰ, ਜੰਗਲ ਬਾਰ, ਖਜ਼ਾਨਾ ਬਾਰ, ਦੁੱਲੇ ਦੀ ਬਾਰ ਅਤੇ ਮਾਨਾਂ ਦੀ ਬਾਰ ਸ਼ਾਮਲ ਹਨ। ਇਨ੍ਹਾਂ ਬਾਰਾਂ ਵਿਚ ਹੀ ਸਾਂਦਲ ਦੀ ਬਾਰ ਆਉਂਦੀ ਹੈ ਜਿਥੋਂ ਦੇ ਖਰਲਾਂ, ਗੋਗੇਰਿਆਂ ਅਤੇ ਸਿਆਲਾਂ ਨੇ ਰਲ ਕੇ 1857 ਦੀ ਆਜ਼ਾਦੀ ਦੀ ਲੜਾਈ ਵਿਚ,



ਨੂਰ ਮੁਹੰਮਦ ਨੂਰ
ਫੋਨ: +91-98555-51359

ਰਾਏ ਅਹਿਮਦ ਖਾਂ ਖਰਲ ਦੀ ਕਮਾਨ ਹੇਠ ਅੰਗਰੇਜ਼ ਫੌਜਾਂ ਨਾਲ ਟੱਕਰ ਲਈ।

ਕਈ ਵਿਦਵਾਨ ਉਸ ਇਲਾਕੇ ਜਿਸ ਵਿਚ ਰਾਏ ਅਹਿਮਦ ਖਾਂ ਖਰਲ ਨੇ ਆਜ਼ਾਦੀ ਦੀ ਲੜਾਈ ਲੜੀ, ਨੂੰ ਨੀਲੀ ਬਾਰ ਦਾ ਇਲਾਕਾ ਆਖਦੇ ਹਨ ਪਰ ਨਵੀਆਂ ਖੋਜਾਂ ਅਨੁਸਾਰ, ਵਿਦਵਾਨ ਇਹ ਸਿੱਧ ਕਰਨ ਵਿਚ ਕਾਮਯਾਬ ਹੋ ਗਏ ਹਨ ਕਿ ਇਹ ਲੜਾਈ ਨੀਲੀ ਬਾਰ ਨਹੀਂ ਸਗੋਂ ਸਾਂਦਲ ਬਾਰ ਵਿਚ ਲੜੀ ਗਈ ਸੀ। ਸਾਂਦਲ ਬਾਰ ਦੀ ਜੂਹ ਦਾ ਜ਼ਿਕਰ ਕਰਦਿਆਂ 'ਪੰਜਾਬੀ ਲੋਕ ਧਾਰਾ' ਦਾ ਲੇਖਕ ਵਣਜਾਰਾ ਬੇਦੀ ਲਿਖਦਾ ਹੈ ਕਿ ਸਾਂਦਲ ਬਾਰ ਦੀ ਜੂਹ ਵਿਚ ਰਾਵੀ ਤੇ ਝਨਾਂ ਦਾ ਉਹ ਵਿਚਕਾਰਲਾ ਇਲਾਕਾ ਆਉਂਦਾ ਹੈ ਜਿਸ ਵਿਚ ਸ਼ੇਖੂਪੁਰਾ, ਮਿੰਟਗੁਮਰੀ, ਝੰਗ ਅਤੇ ਲਾਇਲਪੁਰ ਦੇ ਜ਼ਿਲ੍ਹੇ ਸ਼ਾਮਲ ਹਨ।

ਹਿੰਦੁਸਤਾਨ ਵਿਚ ਆਜ਼ਾਦੀ ਦੀ ਲੜਾਈ ਦਾ ਮੁੱਢ ਭਾਵੇਂ ਮੇਰਠ ਤੋਂ ਬੱਝਿਆ ਪਰ ਅਜੋਕੇ ਪੱਛਮੀ ਪੰਜਾਬ ਵਿਚ ਇਸ ਦਾ ਮੁੱਢ ਉਦੋਂ ਬੱਝਿਆ ਜਦੋਂ 6 ਜੁਲਾਈ 1857 ਨੂੰ ਸਾਂਦਲ ਦੀ ਬਾਰ ਦਾ ਜੋਇਆ ਕਬੀਲਾ ਅੰਗਰੇਜ਼ਾਂ ਨੂੰ ਮਾਮਲਾ ਦੇਣ ਤੋਂ ਇਨਕਾਰੀ



ਅਹਿਮਦ ਖਾਂ ਖਰਲ ਦੇ ਘਰ ਦਾ ਮੁੱਖ ਦਰਵਾਜਾ।

ਹੋ ਗਿਆ ਅਤੇ ਛੋਟੇ ਮੋਟੇ ਹਥਿਆਰਾਂ ਨਾਲ ਅੰਗਰੇਜ਼ੀ ਫੌਜ ਦੇ ਸਾਹਮਣੇ ਡਟ ਗਿਆ। ਅੰਗਰੇਜ਼ ਸਰਕਾਰ ਨੇ ਸਖਤੀ ਦਾ ਪ੍ਰਗਟਾਵਾ ਕਰਦਿਆਂ ਜੋਇਆ ਕਬੀਲੇ ਦੇ ਬਹੁਤ ਸਾਰੇ ਆਦਮੀਆਂ ਨੂੰ ਕਤਲ ਕਰ ਦਿੱਤਾ ਅਤੇ ਬਾਕੀਆਂ ਨੂੰ ਔਰਤਾਂ ਤੇ ਬੱਚਿਆਂ ਸਮੇਤ ਜੇਲ੍ਹ ਵਿਚ ਬੰਦ ਕਰ ਦਿੱਤਾ। ਉਨ੍ਹਾਂ ਦੇ ਘਰਾਂ ਨੂੰ ਤਬਾਹ ਕਰ ਦਿੱਤਾ ਅਤੇ ਫ਼ਸਲਾਂ ਉਜਾੜ ਦਿੱਤੀਆਂ।

ਜਦੋਂ ਇਸ ਕਬੀਲੇ ਦੇ ਅਣਖੀਲੇ ਯੋਧਿਆਂ ਨੇ ਪੰਜਾਬ ਦੇ ਰਾਠਾਂ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਦਾ ਤੌਕ ਗਲੋਂ ਲਾਹ ਕੇ ਆਜ਼ਾਦੀ ਦੀ ਪ੍ਰਾਪਤੀ ਲਈ ਵੰਗਾਰਿਆ ਤਾਂ ਅੱਸੀ ਸਾਲ ਦੀ ਉਮਰ ਦੇ ਰਾਏ ਅਹਿਮਦ ਖਾਂ ਖਰਲ ਗੋਗੀਰਾ ਨੇ ਉਨ੍ਹਾਂ ਦੀ ਵੰਗਾਰ ਉਤੇ ਫੁੱਲ ਚੜ੍ਹਾਉਂਦਿਆਂ ਆਸ-ਪਾਸ ਦੇ ਕਬੀਲਿਆਂ ਨੂੰ ਇਕੱਠਾ ਕਰਕੇ ਗੋਗੀਰਾ ਜੇਲ੍ਹ ਉਤੇ ਧਾਵਾ ਬੋਲ ਦਿੱਤਾ।

'ਜੰਗੇ ਆਜ਼ਾਦੀ ਕੇ ਮੁਸਲਿਮ ਮਸ਼ਾਹੀਰ' ਦਾ ਲੇਖਕ ਲਿਖਦਾ ਹੈ, "ਅਹਿਮਦ ਖਾਂ ਖਰਲ ਉਪੇਰਾ ਕਬੀਲੇ ਦਾ ਸਰਦਾਰ ਸੀ। ਉਸ ਨੇ ਰਾਵੀ ਤੋਂ ਸਤਲੁਜ ਤੱਕ ਦੇ ਸਾਰੇ ਵੱਡੇ ਵੱਡੇ ਕਬੀਲੇ ਅੰਗਰੇਜ਼ਾਂ ਖਿਲਾਫ ਆਪਣੇ ਨਾਲ ਰਲਾ ਲਏ ਜਿਨ੍ਹਾਂ ਵਿਚ ਫ਼ਤਿਆਣਾ ਅਤੇ ਕਾਠੀਆ ਕਬੀਲੇ ਮੁੱਖ



ਅਹਿਮਦ ਖਾਂ ਖਰਲ

ਸਨ। 26 ਜੁਲਾਈ 1857 ਨੂੰ ਅਹਿਮਦ ਖਾਂ ਖਰਲ ਨੇ ਗੋਗੀਰਾ ਜੇਲ੍ਹ ਵਿਚ ਹੰਗਾਮਾ ਕਰਵਾ ਦਿੱਤਾ। ਕੈਦੀ ਅਜੇ ਜੇਲ੍ਹ ਤੋੜ ਕੇ ਬਾਹਰ ਨਿਕਲ ਹੀ ਰਹੇ ਸਨ ਕਿ ਅੰਗਰੇਜ਼ ਫ਼ੌਜ ਨੇ ਉਥੇ ਪਹੁੰਚ ਕੇ ਨਿਹੱਥੇ ਕੈਦੀਆਂ ਉਤੇ ਗੋਲੀ ਚਲਾ ਦਿੱਤੀ। ਇਸ ਗੋਲੀਬਾਰੀ ਵਿਚ ਚਾਲੀ ਦੇ ਕਰੀਬ ਕੈਦੀ ਮਾਰੇ ਗਏ, ਕੁਝ ਜ਼ਖਮੀ ਹੋ ਕੇ ਫੜੇ ਗਏ ਅਤੇ ਬਾਕੀ ਭੱਜ ਕੇ ਜੰਗਲ ਵਿਚ ਜਾ ਛੁਪੇ।"

ਅਹਿਮਦ ਖਾਂ ਖਰਲ ਦਾ ਜਨਮ 1776 ਵਿਚ ਪਿੰਡ ਚਾਮਰਾ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਰਾਏ ਨੱਥੂ ਖਾਂ ਖਰਲ ਸੀ ਜਿਹੜੇ ਖਰਲ ਕਬੀਲੇ ਦੇ ਸਰਦਾਰ ਸਨ। ਪਿਤਾ ਦੀ ਮੌਤ ਤੋਂ ਬਾਅਦ ਉਹ ਖਰਲ ਕਬੀਲੇ ਦੇ ਸਰਦਾਰ ਬਣੇ। ਜਦੋਂ ਉਨ੍ਹਾਂ ਨੇ ਜੋਇਆ ਕਬੀਲੇ ਦੇ ਜੁਝਾਰੂਆਂ ਦੀ ਹਮਾਇਤ ਵਿਚ ਜੇਲ੍ਹ ਦੀਆਂ ਕੰਧਾਂ ਢਾਹ ਕੇ ਕੈਦੀਆਂ ਨੂੰ ਆਜ਼ਾਦ ਕਰਵਾ ਲਿਆ ਤਾਂ ਅੰਗਰੇਜ਼ ਸਰਕਾਰ ਚਿੜ ਗਈ ਅਤੇ ਉਸ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਬੰਦ ਕਰ ਦਿੱਤਾ ਪਰ ਉਸ ਦੇ ਜੋਟੀਦਾਰ ਮੁਰਾਦ ਫਤਿਆਣਾ ਨੇ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਅੰਗਰੇਜ਼ਾਂ ਖਿਲਾਫ ਇਕੱਠਾ ਕਰਕੇ ਲੜਾਈ ਦਾ ਬਿਗਲ ਵਜਾ ਦਿੱਤਾ। ਲੋਕਾਂ ਦੇ ਰੋਹ ਨੂੰ ਦੇਖਦਿਆਂ ਅੰਗਰੇਜ਼ਾਂ ਨੇ ਅਹਿਮਦ ਖਾਂ ਖਰਲ ਨੂੰ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ।

1857 ਦੀ ਆਜ਼ਾਦੀ ਦੀ ਲੜਾਈ ਸਮੇਂ ਇਸ ਇਲਾਕੇ ਦਾ ਅਸਿਸਟੈਂਟ ਕਮਿਸ਼ਨਰ ਮਿਸਟਰ ਬਰਕਲੇ ਸੀ। ਉਸ ਨੇ ਅਹਿਮਦ ਖਾਂ ਖਰਲ ਨੂੰ ਅੰਗਰੇਜ਼ ਪੱਖੀ ਬਣਾਉਣ ਲਈ ਉਸ ਨਾਲ ਦੋਸਤੀ ਗੰਢਣ ਦੀਆਂ ਸਕੀਮਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਉਸ ਨੇ ਸਾਂਦਲ ਬਾਰ ਦੇ ਸਾਰੇ ਕਬੀਲਿਆਂ ਦਾ ਇਕੱਠ ਕੀਤਾ ਜਿਸ ਵਿਚ ਖਰਲ ਵੀ ਸ਼ਾਮਲ ਸੀ। ਲੇਖਕ ਅਤੇ ਖੋਜਕਾਰ ਸ਼ਾਰਿਬ ਅਨਸਾਰੀ ਆਪਣੀ ਰਚਨਾ 'ਕੰਨੀ ਬੂੰਦੇ' ਵਿਚ ਲਿਖਦੇ ਹਨ- ਕਿਹਾ ਜਾਂਦਾ ਹੈ ਕਿ ਜਦੋਂ ਕਮਿਸ਼ਨਰ ਬਰਕਲੇ ਨੇ ਰਾਏ ਅਹਿਮਦ ਖਾਂ ਖਰਲ ਨਾਲ ਦੋਸਤੀ ਗੰਢਣ ਦੇ ਬਹਾਨੇ ਉਸ ਤੋਂ ਉਸ ਦੀ ਘੋੜੀ ਮੰਗੀ ਤਾਂ ਅੱਗਿਓਂ ਜਵਾਬ ਮਿਲਿਆ:

"ਭੋਇੰ, ਰੰਨਾਂ, ਘੋੜੀਆਂ ਕਿਸੇ ਲਿਖ ਨਾ ਦਿੱਤੀਆਂ।"

ਉਪਰੋਕਤ ਪੰਕਤੀ ਦੀ ਵਿਆਖਿਆ ਕਰਦਿਆਂ ਖੋਜਕਾਰ ਮੁਹੰਮਦ ਆਸਿਫ਼ ਲਿਖਦੇ ਹਨ ਕਿ ਇਹ ਸਤਰ ਅਹਿਮਦ ਖਾਂ ਖਰਲ ਦੀ ਤਾਰੀਫ਼ ਵਿਚ ਲਿਖੇ ਢੋਲੇ ਦੀ ਪੰਕਤੀ ਹੈ ਜਿਸ ਦਾ ਸ਼ਾਇਰ ਮੀਰਦਾਦ ਮਰੂਆਣਾ ਹੈ ਜਿਹੜਾ ਹੜੱਪਾ ਦੇ ਨੇੜੇ ਰਹਿੰਦਾ ਸੀ ਅਤੇ ਅਹਿਮਦ ਖਾਂ ਖਰਲ ਦਾ ਸਮਕਾਲੀ ਸੀ। ਸ਼ਾਰਿਬ ਅਨਸਾਰੀ 'ਕੰਨੀ ਬੂੰਦੇ' ਵਿਚ ਲਿਖਦੇ ਹਨ: "ਸਾਂਦਲ ਬਾਰ ਦੇ ਲੋਕ ਅੰਗਰੇਜ਼ ਅਸਿਸਟੈਂਟ ਕਮਿਸ਼ਨਰ ਬਰਕਲੇ ਨੂੰ ਨਫ਼ਰਤ ਵਜੋਂ ਬਰਕਲੀ ਆਖਦੇ ਹਨ।" ਉਪਰੋਕਤ ਲਿਖਤਾਂ ਤੋਂ ਸਾਫ਼ ਜ਼ਾਹਰ ਹੈ ਕਿ ਲੋਕ ਅਹਿਮਦ ਖਾਂ ਖਰਲ ਨੂੰ ਕਿੰਨਾ ਚਾਹੁੰਦੇ ਸਨ।

ਸਾਂਦਲ ਦੀ ਬਾਰ ਦੇ ਕਬੀਲਿਆਂ ਜਿਨ੍ਹਾਂ ਵਿਚ ਕਾਠੀਏ, ਵੱਟੂ, ਬਘੇਲੇ, ਫ਼ਤਿਆਣੇ, ਅਤੇ ਖਰਲ ਸ਼ਾਮਲ ਸਨ, ਨੇ ਭਰਵਾਂ ਇਕੱਠ ਕਰਕੇ ਅੰਗਰੇਜ਼ਾਂ ਨਾਲ ਸਿੱਝਣ ਲਈ ਅਹਿਮਦ ਖਾਂ ਖਰਲ ਨੂੰ ਆਪਣਾ ਸਰਦਾਰ ਚੁਣ ਲਿਆ ਅਤੇ ਮਾਲੀਆ ਇਕੱਠਾ ਕਰਨ ਆਏ ਅੰਗਰੇਜ਼ ਅਫਸਰਾਂ ਨੂੰ ਸਾਫ਼ ਆਖ ਦਿੱਤਾ ਕਿ ਭੋਇੰ ਸਾਡੀ ਏ ਅਤੇ ਅਸੀਂ ਅੰਗਰੇਜ਼ਾਂ ਤੋਂ ਨਹੀਂ ਲਈ। ਮਾਲੀਆ ਤਾਂ ਅਸੀਂ ਉਦੋਂ ਨਹੀਂ ਦਿੱਤਾ ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ। ਕਬੀਲਿਆਂ ਦੇ ਏਕੇ ਦੀ ਖਬਰ ਗੱਦਾਰਾਂ ਤੱਕ ਵੀ ਅੱਪੜ ਗਈ ਅਤੇ ਸਰਫਰਾਜ਼ ਅਹਿਮਦ ਨਾਂ ਦਾ ਗੱਦਾਰ ਰਾਤ ਦੇ ਗਿਆਰਾਂ ਵਜੇ ਕਮਿਸ਼ਨਰ ਬਰਕਲੇ ਦੀ ਕੋਠੀ ਪਹੁੰਚ ਗਿਆ। ਸਵੇਰ ਹੁੰਦਿਆਂ ਹੀ ਅੰਗਰੇਜ਼ ਪੁਲਿਸ ਨੇ ਕਸ਼ੋਕਰੀ 'ਤੇ ਛਾਪਾ ਮਾਰਿਆ ਗਿਆ ਪਰ ਅਹਿਮਦ ਖਾਂ ਖਰਲ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਿਆ।

ਕਬੀਲਿਆਂ ਨੂੰ ਲਾਮਬੰਦ ਕਰਨ ਤੋਂ ਬਾਅਦ ਅਹਿਮਦ ਖਾਂ ਖਰਲ ਨੇ ਗੋਗੀਰਾ ਜ਼ਿਲ੍ਹਾ ਸਾਹੀਵਾਲ ਤੋਂ ਅੰਗਰੇਜ਼ਾਂ ਖਿਲਾਫ ਆਜ਼ਾਦੀ ਦੀ ਲੜਾਈ ਸ਼ੁਰੂ ਕਰ ਦਿੱਤੀ ਅਤੇ ਮੁਲਤਾਨ ਤੋਂ ਲਾਹੌਰ ਜਾਣ ਵਾਲੀ ਸਰਕਾਰੀ ਡਾਕ ਰੋਕ ਲਈ। ਉਸ ਨੇ ਆਪਣੀ ਇਸ ਛੋਟੀ ਜਿੰਨੀ ਫ਼ੌਜ ਨਾਲ ਗੋਗੀਰਾ ਤੋਂ ਝੁਮਰੇ ਵੱਲ ਚਾਲੇ ਪਾ ਦਿੱਤੇ। ਰਾਵੀ ਦੇ ਨੇੜੇ ਅਹਿਮਦ ਖਾਂ ਖਰਲ ਦੇ ਸਿਪਾਹੀਆਂ ਦੀ ਅੰਗਰੇਜ਼ੀ ਫ਼ੌਜ ਨਾਲ ਪਹਿਲੀ ਟੱਕਰ ਹੋਈ। ਅੰਗਰੇਜ਼ ਕਮਾਂਡਰ ਬਰਕਲੇ ਚਾਹੁੰਦਾ ਸੀ ਕਿ ਰਾਵੀ ਪਾਰ ਕਰਨ ਤੋਂ ਪਹਿਲਾਂ ਹੀ ਅਹਿਮਦ ਖਾਂ ਖਰਲ ਨੂੰ ਗ੍ਰਿਫਤਾਰ ਕਰ ਲਿਆ ਜਾਵੇ ਪਰ ਉਹ ਅਜਿਹਾ ਨਾ ਕਰ ਸਕਿਆ। ਦਰਿਆ ਪਾਰ ਕਰਨ ਤੋਂ ਬਾਅਦ ਆਪਣੇ ਇਲਾਕੇ ਵਿਚ ਪਹੁੰਚਦਿਆਂ ਹੀ ਅਹਿਮਦ ਖਾਂ ਖਰਲ ਨੇ ਐਲਾਨ ਕਰ ਦਿੱਤਾ ਕਿ ਉਹ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਦਾ ਵਫਾਦਾਰ ਸਿਪਾਹੀ ਹੈ ਅਤੇ ਅੰਗਰੇਜ਼ਾਂ ਨੂੰ ਮੁਲਕ ਵਿਚੋਂ ਬਾਹਰ ਕੱਢਣਾ ਚਾਹੁੰਦਾ ਹੈ। ਉਸ ਦੇ ਐਲਾਨ ਕਰਦਿਆਂ ਹੀ ਸਾਰਾ ਇਲਾਕਾ ਉਸ ਦੇ ਨਾਲ ਉਠ ਖਲੋਇਆ। 'ਜੰਗੇ ਆਜ਼ਾਦੀ ਕੇ ਮੁਸਲਿਮ ਮਸ਼ਾਹੀਰ' ਦਾ ਲੇਖਕ ਲਿਖਦਾ ਹੈ:

"ਅੰਗਰੇਜ਼ ਸਰਕਾਰ ਨੇ ਬਰਕਲੇ ਦੀ ਸਹਾਇਤਾ ਲਈ ਕਪਤਾਨ ਅਲਫੈਂਟਸ ਨੂੰ ਹੋਰ ਫ਼ੌਜ ਦੇ ਕੇ ਭੇਜਿਆ ਜਿਸ ਦੇ ਸਿਪਾਹੀਆਂ ਵਿਚ ਬਹੁਤੀ ਗਿਣਤੀ ਪੰਜਾਬੀ ਫ਼ੌਜੀਆਂ ਦੀ ਸੀ। ਨਵਾਬ ਸਾਦਿਕ ਅਲੀ ਖਾਂ ਨੇ ਵੀ ਆਪਣੀ ਦਸ ਹਜ਼ਾਰ ਫੌਜ ਨਾਲ ਅੰਗਰੇਜ਼ਾਂ ਦੀ ਸਹਾਇਤਾ ਕੀਤੀ। ਜਦੋਂ ਅਹਿਮਦ ਖਾਂ ਖਰਲ ਅਤੇ ਉਸ ਦੇ ਸਾਥੀਆਂ ਨੇ ਹੌਸਲਾ ਨਾ ਛੱਡਿਆ ਤਾਂ ਅੰਗਰੇਜ਼ਾਂ ਨੇ ਝੁਮਰਾ ਨਾਂ ਦੇ ਕਸਬੇ ਨੂੰ ਅੱਗ ਲਾ ਦਿੱਤੀ ਅਤੇ ਆਪਣੇ ਮੁਖਬਰਾਂ ਰਾਹੀ ਅਫਵਾਹ ਫੈਲਾ ਦਿੱਤੀ ਕਿ ਇਹ ਅੱਗ ਅਹਿਮਦ ਖਾਂ ਖਰਲ ਨੇ ਲਗਵਾਈ ਹੈ। ਅੱਗ ਤੋਂ ਭੜਕੇ ਝੁਮਰਾ ਦੇ ਖਰਲਾਂ ਨੇ ਅੰਗਰੇਜ਼ਾਂ ਦੇ ਹਿੰਦੁਸਤਾਨੀ ਪਿੱਠੂਆਂ ਦੀਆਂ ਗੱਲਾਂ ਵਿਚ ਆ ਕੇ ਅਹਿਮਦ ਖਾਂ ਖਰਲ ਦਾ ਸਾਥ ਛੱਡ ਦਿੱਤਾ। ਹੁਣ ਅਹਿਮਦ ਖਾਂ ਨੇ ਵੱਟੂ ਅਤੇ ਸਾਰੰਗ ਕਬੀਲਿਆਂ ਦੇ ਲੋਕਾਂ ਨੂੰ ਨਾਲ ਲੈ ਕੇ ਕਸ਼ਕੋਰੀ ਦੇ ਜੰਗਲ ਵਿਚ ਡੇਰੇ ਲਾ ਲਏ ਅਤੇ ਛਾਪਾਮਾਰ ਲੜਾਈ ਸ਼ੁਰੂ ਕਰ ਦਿੱਤੀ।"



ਅਹਿਮਦ ਖਾਂ ਖਰਲ ਦੇ ਘਰ ਅੰਦਰਲਾ ਖੂਹ।

ਅਹਿਮਦ ਖਾਂ ਖਰਲ ਦੀਆਂ ਛਾਪਾਮਾਰ ਲੜਾਈਆਂ ਤੋਂ ਤੰਗ ਆਏ ਅੰਗਰੇਜ਼ਾਂ ਨੇ ਹਿੰਦੁਸਤਾਨ ਦੇ ਹੋਰ ਇਲਾਕਿਆਂ ਤੋਂ ਫੌਜ ਇਕੱਠੀ ਕਰਕੇ 21 ਜਨਵਰੀ 1858 ਨੂੰ ਜੰਗਲ ਨੂੰ ਚਾਰੇ ਪਾਸਿਆਂ ਤੋਂ ਘੇਰਾ ਪਾ ਲਿਆ। ਜੰਗਲ ਵਿਚ ਜਿਹੜੀਆਂ ਝੜਪਾਂ ਹੋਈਆਂ, ਉਸ ਵਿਚ ਅਹਿਮਦ ਖਾਂ ਦੇ ਸਿਪਾਹੀਆਂ ਨੇ ਅੰਗਰੇਜ਼ ਫੌਜ ਦੇ ਕਈ ਅਫ਼ਸਰਾਂ ਨੂੰ ਮਾਰ ਮੁਕਾਇਆ। ਸ਼ਾਮ ਦੇ ਸਮੇਂ ਅੰਗਰੇਜ਼ੀ ਫ਼ੌਜ ਜੰਗਲ ਵਿਚੋਂ ਬਾਹਰ ਨਿਕਲ ਕੇ ਇਕ ਨਾਲੇ ਉਤੇ ਇਕੱਠੀ ਹੋ ਗਈ। ਅਗਲੀ ਸਵੇਰ ਅੰਗਰੇਜ਼ੀ ਫੌਜ ਨੇ ਪੂਰੇ ਜ਼ੋਰ ਨਾਲ ਚਾਰੇ ਪਾਸਿਓਂ ਜੰਗਲ ਉਤੇ ਹਮਲਾ ਕਰ ਦਿੱਤਾ। ਘਮਸਾਨ ਦੀ ਲੜਾਈ ਵਿਚ ਅਹਿਮਦ ਖਾਂ ਖਰਲ, ਉਸ ਦਾ ਭਤੀਜਾ ਮੁਰਾਦ ਅਤੇ ਸਾਰੰਗ ਸ਼ਹੀਦ ਹੋ ਗਏ। ਅੱਖੀਂ ਦੇਖਣ ਵਾਲਿਆਂ ਨਾਲ ਗੱਲ ਕਰਨ ਤੋਂ ਬਾਅਦ ਸ਼ਾਰਿਬ ਅਨਸਾਰੀ ਲਿਖਦਾ ਹੈ ਕਿ ਜਦੋਂ ਜ਼ਖਮੀ ਅਹਿਮਦ ਖਾਂ ਦਾ ਸਿਰ ਕੱਟਣ ਲਈ ਇਕ ਅੰਗਰੇਜ਼ ਅਫ਼ਸਰ ਅੱਗੇ ਵਧਿਆ ਤਾਂ ਉਸ ਨੇ ਤਲਵਾਰ ਦੇ ਇਕੋ ਵਾਰ ਨਾਲ ਅੰਗਰੇਜ਼ ਅਫਸਰ ਨੂੰ ਮਾਰ ਮੁਕਾਇਆ।

ਸੰਦਲ ਦੀ ਬਾਰ ਦਾ ਇਕ ਹੋਰ ਲੇਖਕ ਅਹਿਮਦ ਖਾਂ ਖਰਲ ਦੀ ਮੌਤ ਬਾਰੇ ਲਿਖਦਾ ਹੈ ਕਿ ਅਸਰ ਦੀ ਨਮਾਜ਼ ਦੇ ਸਮੇਂ ਜਦੋਂ ਅਹਿਮਦ ਖਾਂ ਖਰਲ, ਉਸ ਦਾ ਭਤੀਜਾ ਮੁਰਾਦ ਅਤੇ ਹੋਰ ਸਾਥੀ ਜੰਗਲ ਵਿਚ ਨਮਾਜ਼ ਪੜ੍ਹ ਰਹੇ ਸਨ ਤਾਂ ਅੰਗਰੇਜ਼ ਫ਼ੌਜ ਦੀ ਟੁਕੜੀ ਉਧਰ ਆ ਪਹੁੰਚੀ ਅਤੇ ਨਮਾਜ਼ ਪੜ੍ਹ ਰਹੇ ਅਹਿਮਦ ਖਾਂ ਖਰਲ ਉਤੇ ਅੰਗਰੇਜ਼ ਸਿਪਾਹੀ ਗੁਲਾਬ ਰਾਏ ਬੇਦੀ ਨੇ ਗੋਲੀ ਚਲਾ ਦਿੱਤੀ ਜਿਸ ਨਾਲ ਉਹ ਮੌਕੇ 'ਤੇ ਹੀ ਸ਼ਹੀਦ ਹੋ ਗਿਆ ਅਤੇ ਇਕ ਅੰਗਰੇਜ਼ ਅਫ਼ਸਰ ਨੇ ਅੱਗੇ ਵਧ ਕੇ ਉਸ ਦਾ ਸਿਰ ਕੱਟ ਲਿਆ। ਕਿਹਾ ਜਾਂਦਾ ਹੈ ਕਿ ਇਹ ਸਿਰ ਰਾਤ ਦੇ ਸਮੇਂ ਘੜੇ ਵਿਚ ਬੰਦ ਕਰਕੇ ਕੋਤਵਾਲੀ ਦੇ ਅੰਦਰ ਰੱਖ ਦਿੱਤਾ ਜਾਂਦਾ ਅਤੇ ਦਿਨ ਵੇਲੇ ਕੋਤਵਾਲੀ ਦੇ ਦਰਵਾਜ਼ੇ ਉਤੇ ਟੰਗ ਦਿੱਤਾ ਜਾਂਦਾ। ਰਾਤ ਦੇ ਹਨੇਰੇ ਵਿਚ ਜਦੋਂ ਝਾਵਰ ਦੇ ਇਕ ਸਿਪਾਹੀ ਦੀ ਡਿਊਟੀ ਆਈ ਤਾਂ ਉਹ ਸਿਰ ਲੈ ਕੇ ਭੱਜ ਗਿਆ ਅਤੇ ਅਹਿਮਦ ਖਾਂ ਖਰਲ ਦੀ ਕਬਰ ਲੱਭ ਕੇ ਉਸ ਵਿਚ ਦਫਨਾਉਣ ਤੋਂ ਬਾਅਦ ਡਿਊਟੀ 'ਤੇ ਆ ਹਾਜ਼ਰ ਹੋਇਆ।

ਅਹਿਮਦ ਖਾਂ ਦੀ ਸ਼ਹੀਦੀ ਤੋਂ ਬਾਅਦ ਉਸ ਦੇ ਸਾਥੀ ਅੰਗਰੇਜ਼ ਫ਼ੌਜ ਉਤੇ ਛਾਪਾਮਾਰ ਹਮਲੇ ਕਰਦੇ ਰਹੇ। ਉਹ ਜੰਗਲ ਵਿਚੋਂ ਬਾਹਰ ਨਿਕਲਦੇ ਅਤੇ ਅੰਗਰੇਜ਼ ਫੌਜ 'ਤੇ ਹਮਲਾ ਕਰਕੇ ਅੰਦਰ ਛੁਪ ਜਾਂਦੇ। ਅਜਿਹੇ ਹੀ ਇਕ ਹਮਲੇ ਵਿਚ ਕਮਿਸ਼ਨਰ ਬਰਕਲੇ ਵੀ ਮਾਰਿਆ ਗਿਆ ਅਤੇ ਉਸ ਦੀ ਥਾਂ ਕਰਨਲ ਪੀਟਰ ਨੇ ਲੈ ਲਈ। ਮੁਜਾਹਿਦਾਂ ਨੇ ਜੰਗਲ ਵਿਚੋਂ ਬਾਹਰ ਨਿਕਲ ਕੇ ਹੜੱਪਾ ਅਤੇ ਚੀਚਾ ਵਤਨੀ ਉਤੇ ਵੀ ਕੁਝ ਦਿਨ ਕਬਜ਼ਾ ਕਰੀ ਰੱਖਿਆ। ਅੰਗਰੇਜ਼ਾਂ ਨੇ ਲਾਹੌਰ, ਮੁਲਤਾਨ ਅਤੇ ਗੁਰਦਾਸਪੁਰ ਤੋਂ ਹੋਰ ਫੌਜ ਮੰਗਵਾ ਲਈ। ਕਿਲ੍ਹਾ ਝੱਲੀ ਦੇ ਸਥਾਨ 'ਤੇ ਦੋਵਾਂ ਫੌਜਾਂ ਵਿਚਕਾਰ ਲੜਾਈ ਹੋਈ ਜਿਸ ਵਿਚ ਅੰਗਰੇਜ਼ਾਂ ਦਾ ਪਾਸਾ ਭਾਰੀ ਰਿਹਾ ਅਤੇ ਉਨ੍ਹਾਂ ਨੇ ਇਕ-ਇਕ ਕਰਕੇ ਆਜ਼ਾਦੀ ਘੁਲਾਟੀਆਂ ਦੇ ਅਧੀਨ ਹੋਏ ਸਥਾਨਾਂ ਉਤੇ ਕਬਜ਼ਾ ਕਰ ਲਿਆ। ਬਹੁਤ ਸਾਰੇ ਆਜ਼ਾਦੀ ਘੁਲਾਟੀਏ ਮਾਰੇ ਗਏ ਅਤੇ ਕੁਝ ਜੰਗਲਾਂ ਵਿਚ ਲੁਕ ਗਏ।

ਜਿੱਤ ਦੀ ਖੁਸ਼ੀ ਵਿਚ ਹੰਕਾਰੀ ਅੰਗਰੇਜ਼ ਅਫਸਰ ਕਰਨਲ ਪੀਟਨ ਪਿੰਡ-ਪਿੰਡ ਜਾ ਕੇ ਕਚਹਿਰੀਆਂ ਲਾ ਕੇ ਆਜ਼ਾਦੀ ਘੁਲਾਟੀਆਂ ਨੂੰ ਫ਼ਾਂਸੀ ਉਤੇ ਟੰਗਦਾ ਰਿਹਾ ਅਤੇ ਗੱਦਾਰਾਂ ਵਿਚ ਇਨਾਮ ਤੇ ਮੁਰੱਬੇ ਵੰਡਦਾ ਰਿਹਾ।



ਗੋਗੇਰਾ ਕਬਰਿਸਤਾਨ ਵਿਚ ਅਹਿਮਦ ਖਾਂ ਖਰਲ ਦਾ ਮਕਬਰਾ।


# US Business Brokers Inc.
## American Financing Group LLC

101 W 22nd St, Suite 111, Lombard, IL 60148
23280 Pacific Highway South, Suite 307, Kent, WA 98032

## Financing - Loans

ਬਿਜਨਸ ਵੇਚਣ/ਖਰੀਦਣ ਤੇ ਫਾਇਨਾਂਸ ਕਰਵਾਉਣ ਲਈ

- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...









Contact us for any Financing Need Nationwide.

- FAST APPROVAL
- QUICK CLOSINGS • SBA 504 & 7A
- CONVENTIONAL LOANS
- HOTELS, MOTELS
- GAS STATIONS, TRUCK STOPS
- INDUSTRIAL CLIENT
- SUBWAY, DUNKIN DONUTS
- LIQUOR STORES, C-STORES, CAR WASH

*Contact us Buy or Sell business*

**AJ Sandhu (MBA)**
*Managing Broker/Realtor/Consultant*
*Licensed in IL, IN, WA*
**916-995-0783 (Cell)**
**425-529-6283 (Cell)**
*630-206-2467 (Fax)*
www.ubbchicago.com
aj@ubbchicago.com



ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

1480 N. State Road 1, Cambridge City, IN 47327

ਕੈਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ

## ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ

**ਫੋਨ: 317-750-1900**



# Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

**One of the Fastest Growing City in America and Best School System...**



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



**We do all type of Home and Commercial Loan. Same day loan approval...**